ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਰਾਜਨੀਤਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Sunday, 13 July, 2025) ਪਟਿਆਲਾ ਐਤਵਾਰ, 13 ਜੁਲਾਈ, 2025, 29 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 192 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਘੱਗਰ 'ਚ 3 ਫੁੱਟ ਵਧਿਆ ਪਾਣੀ ਦਾ ਪੱਧਰ

ਚੰਡੀਗੜ੍ਹ, 12 ਜੁਲਾਈ (ਚੜ੍ਹਦੀਕਲਾ ਬਿਊਰੋ) : ਹਿਮਾਚਲ 'ਚ ਲਗਾਤਾਰ ਮੀਂਹ ਪੈਣ ਕਾਰਨ ਘੱਗਰ ਦਰਿਆ ਦਾ ਪਾਣੀ ਵਧ ਰਿਹਾ। ਘੱਗਰ ਦਰਿਆ ਦੇ ਪਾਣੀ ਦਾ ਪੱਧਰ ਇੱਕ ਵਾਰ ਫਿਰ ਲੋਕਾਂ ਦੀ ਚਿੰਤਾ ਵਧਾ ਰਿਹਾ ਹੈ। ਖਨੌਰੀ 'ਚ ਸਵੇਰੇ 8 ਵਜੇ ਘੱਗਰ ਦਰਿਆ ਦੇ ਪਾਣੀ ਦਾ ਪੱਧਰ 737.7 ਫੁੱਟ ਦੇ ਨਿਸ਼ਾਨ 'ਤੇ ਪਹੁੰਚ ਗਿਆ। ਪਿਛਲੇ 12 ਘੰਟਿਆਂ 'ਚ ਪਾਣੀ ਦਾ ਪੱਧਰ 3 ਫੁੱਟ ਵਧ ਗਿਆ ਹੈ। ਪ੍ਰਸ਼ਾਸਨ ਵੱਲੋਂ ਹਰ ਘੰਟੇ ਘੱਗਰ ਦੇ ਵੱਧ ਰਹੇ ਪਾਣੀ ਦੇ ਉੱਪਰ ਨਜ਼ਰ ਰੱਖੀ ਜਾ ਰਹੀ ਹੈ।

## ਭਾਰਤੀ ਕਾਨੂੰਨੀ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ: ਚੀਫ਼ ਜਸਟਿਸ

ਚੜ੍ਹਦੀਕਲਾ ਬਿਊਰੋ

================



ਹੈਦਰਾਬਾਦ,12 ਜੁਲਾਈ : ਭਾਰਤ ਦੇ ਚੀਫ ਜਸਟਿਸ ਬੀ.ਆਰ. ਗਵਈ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਭਾਰਤੀ ਕਾਨੂੰਨੀ ਪ੍ਰਣਾਲੀ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਅਤੇ ਇਸ ਨੂੰ ਠੀਕ ਕਰਨਾ ਅਤਿ ਜਰੂਰੀ ਹੈ।

ਨਲਸਰ ਯੂਨੀਵਰਸਿਟੀ ਆਫ਼ ਲਾਅ ਹੈਦਰਾਬਾਦ ਵਿੱਚ ਕਨਵੋਕੇਸ਼ਨ ਭਾਸ਼ਣ ਦਿੰਦੇ ਹੋਏ ਜਸਟਿਸ ਗਵਈ ਨੇ ਵਿਦਿਆਰਥੀਆਂ ਨੂੰ ਮਾਪਿਆਂ ਤੇ ਦਬਾਅ ਪਾਉਣ ਦੀ ਬਜਾਏ ਸਕਾਲਰਸ਼ਿਪ 'ਤੇ ਪੜ੍ਹਾਈ ਲਈ ਵਿਦੇਸ਼ ਜਾਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ, "ਭਾਵੇਂ ਮੈਂ ਇਹ ਸਿੱਟਾ ਕੱਢਦਾ ਹਾਂ ਕਿ ਸਾਡੀ ਕਾਨੂੰਨੀ ਪ੍ਰਣਾਲੀ ਨੂੰ ਠੀਕ ਕਰਨ ਦੀ ਬਹੁਤ ਲੋੜ ਹੈ, ਮੈਂ ਆਸ਼ਾਵਾਦੀ ਹਾਂ ਕਿ ਮੇਰੇ ਸਾਥੀ ਨਾਗਰਿਕ ਚੁਣੌਤੀਆਂ ਦਾ ਸਾਹਮਣਾ ਕਰਨਗੇ।" ਚੀਫ ਜਸਟਿਸ ਨੇ ਕਿਹਾ, "ਸਾਡਾ ਦੇਸ਼ ਅਤੇ ਕਾਨੂੰਨੀ ਪ੍ਰਣਾਲੀ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਮੁਕੱਦਮਿਆਂ ਵਿੱਚ ਦੇਰੀ ਕਈ ਵਾਰ ਦਹਾਕਿਆਂ ਤੱਕ ਜਾ ਸਕਦੀ ਹੈ। ਅਸੀਂ ਅਜਿਹੇ ਮਾਮਲੇ ਦੇਖੇ ਹਨ ਜਿੱਥੇ ਕੋਈ ਵਿਅਕਤੀ ਇੱਕ ਅੰਡਰਟਰਾਇਲ ਵਜੋਂ ਜੇਲ੍ਹ ਵਿੱਚ ਕਈ ਸਾਲ ਬਿਤਾਉਣ ਤੋਂ ਬਾਅਦ ਬੇਕਸੂਰ ਪਾਇਆ ਗਿਆ ਹੈ। ਸਾਡੀ ਸਭ ਤੋਂ ਵਧੀਆ ਪ੍ਰਤਿਭਾ ਸਾਨੂੰ ਉਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦੀ ਹੈ ਜਿਨ੍ਹਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ।" ਇਸ ਮੌਕੇ ਜਸਟਿਸ ਗਵਈ ਨੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਸ਼ਕਤੀ ਲਈ ਨਹੀਂ, ਸਗੋਂ ਇਮਾਨਦਾਰੀ ਲਈ ਸਲਾਹਕਾਰਾਂ ਦੀ ਭਾਲ ਕਰਨ। (ਬਾਕੀ ਸਫਾ 2 'ਤੇ)

## 'ਇੱਕ ਦੇਸ਼ ਇੱਕ ਚੋਣ'

### ਸਾਬਕਾ ਚੀਫ਼ ਜਸਟਿਸ ਖੇਹਰ ਤੇ ਚੰਦਰਚੂੜ ਸੰਸਦੀ ਕਮੇਟੀ ਅੱਗੇ ਪੇਸ਼ ਹੋਏ

ਨਵੀਂ ਦਿੱਲੀ, 12 ਜੁਲਾਈ (ਚੜ੍ਹਦੀਕਲਾ ਬਿਊਰੋ) : ਭਾਰਤ ਦੇ ਸਾਬਕਾ ਚੀਫ਼ ਜਸਟਿਸ ਜੇ.ਐਸ. ਖੇਹਰ ਅਤੇ ਡੀ.ਵਾਈ. ਚੰਦਰਚੂੜ ਨੇ ਸ਼ੁਕਰਵਾਰ ਨੂੰ ਸੰਸਦੀ ਕਮੇਟੀ ਨਾਲ ਗੱਲਬਾਤ ਕੀਤੀ। ਸੂਤਰਾਂ ਨੇ ਦਸਿਆ ਕਿ ਦੋਹਾਂ ਕਾਨੂੰਨ ਸ਼ਾਸਤਰੀਆਂ ਦਾ ਵਿਚਾਰ ਹੈ ਕਿ 'ਇਕ ਰਾਸ਼ਟਰ ਇਕ ਚੋਣ' ਦੀ ਧਾਰਨਾ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੀ ਉਲੰਘਣਾ ਨਹੀਂ ਹੈ ਪਰ ਉਨ੍ਹਾਂ ਨੇ ਪ੍ਰਸਤਾਵਿਤ ਕਾਨੂੰਨ ਵਿਚ ਚੋਣ ਕਮਿਸ਼ਨ ਨੂੰ ਦਿਤੀ ਗਈ ਸ਼ਕਤੀ ਦੀ ਹੱਦ ਉਤੇ ਸਵਾਲ ਚੁਕੇ ਹਨ। ਉਨ੍ਹਾਂ ਨੇ ਦੇਸ਼ ਵਿਚ ਲੋਕਤੰਤਰ ਦੀ ਸੰਸਦੀ (ਬਾਕੀ ਸਫਾ 2 'ਤੇ)

## ਬਿਕਰਮ ਸਿੰਘ ਮਜੀਠੀਆ ਬੈਰਕ ਬਦਲਣ ਦੀ ਮੰਗ ਲੈ ਕੇ ਹਾਈਕੋਰਟ ਪੁੱਜੇ

ਚੰਡੀਗੜ੍ਹ, 12 ਜੁਲਾਈ (ਚੜ੍ਹਦੀਕਲਾ ਬਿਊਰੋ) : ਬਿਕਰਮ ਸਿੰਘ ਮਜੀਠੀਆ ਵੱਲੋਂ ਹਾਈਕੋਰਟ ਦਾ ਰੁਖ਼ ਕੀਤਾ ਹੈ। ਉਨ੍ਹਾਂ ਵੱਲੋਂ ਬੈਰਕ ਬਦਲਣ ਨੂੰ ਲੈ ਕੇ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਹੈ। ਮਜੀਠੀਆ ਨੇ ਬੈਰਕ ਬਦਲਣ ਦੀ ਮੰਗ ਕੀਤੀ ਹੈ। ਦੱਸ ਦੇਈਏ ਕਿ ਬਿਕਰਮ ਸਿੰਘ ਮਜੀਠੀਆ ਨਾਭਾ ਜੇਲ੍ਹ ਵਿਚ ਬੰਦ ਹਨ। ਮਜੀਠੀਆ ਦੇ ਵਕੀਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਜਿਸ ਬੈਰਕ ਵਿਚ ਉਹ ਬੰਦ ਹਨ, ਉਥੇ 9 ਬੰਦੇ ਹੋਰ ਹਨ ਤੇ ਨਾਭਾ ਜੇਲ੍ਹ 'ਚ ਸਾਰੇ ਗੈਂਗਸਟਰ ਹਨ। ਹੋਰ ਜਾਣਕਾਰੀ ਦਿੰਦਿਆਂ ਵਕੀਲ ਨੇ ਦੱਸਿਆ ਕਿ ਨਾਭਾ ਜੇਲ੍ਹ ਵਿਚ ਮਜੀਠੀਆ ਨੂੰ ਓਰੇਂਜ ਕੈਟਾਗਰੀ ਵਿਚ ਰੱਖਿਆ ਗਿਆ ਹੈ ਜਿਸ ਤਹਿਤ ਸੁਰੱਖਿਆ ਦਿੱਤੀ ਜਾਂਦੀ ਹੈ ਕਿਉਂਕਿ ਮਜੀਠੀਆ ਨੂੰ ਅੰਦਰ ਖਤਰਾ ਹੋ ਸਕਦਾ ਹੈ ਪਰ ਮਜੀਠੀਆ ਦੀ ਬੈਰਕ ਵਿਚ 9 ਵਿਅਕਤੀ ਹੋਰ ਸ਼ਿਫਟ ਕੀਤੇ ਗਏ ਹਨ। ਇਸ 'ਤੇ ਵਕੀਲ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਵਕੀਲ ਨੇ ਕਿਹਾ ਕਿ ਮਜੀਠੀਆ ਨੂੰ ਵੱਖਰੀ ਬੈਰਕ ਦਿੱਤੀ ਜਾਵੇ ਤੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਲਈ ਮਜੀਠੀਆ ਵੱਲੋਂ ਕੋਰਟ ਦਾ ਰੁਖ਼ ਕਰਕੇ ਸਕਿਓਰਿਟੀ ਦੇ ਤੌਰ 'ਤੇ ਵੱਖਰੀ ਬੈਰਕ ਦੀ ਮੰਗ ਕੀਤੀ ਗਈ ਹੈ।

### ਪ੍ਰਧਾਨ ਮੰਤਰੀ ਨੇ 51 ਹਜ਼ਾਰ ਨੌਜਵਾਨਾਂ ਨੂੰ ਦਿੱਤੇ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ

## ਪਿਛਲੇ 11 ਸਾਲਾਂ ਦੌਰਾਨ ਦੇਸ਼ ਨੇ ਹਰ ਖੇਤਰ 'ਚ ਤਰੱਕੀ ਕੀਤੀ: ਮੋਦੀ

### 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਰੱਖਿਆ ਨਿਰਮਾਣ ਦੀ ਚਰਚਾ ਮਾਣ ਨਾਲ ਕੀਤੀ ਜਾ ਰਹੀ ਹੈ'

ਚੜ੍ਹਦੀਕਲਾ ਬਿਊਰੋ

================






ਨਵੀਂ ਦਿੱਲੀ, 12 ਜੁਲਾਈ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਜਨਤਕ ਤੇ ਨਿੱਜੀ ਖੇਤਰਾਂ 'ਚ ਨੌਕਰੀਆਂ ਪੈਦਾ ਕਰਨ ਲਈ ਆਪਣੀ ਸਰਕਾਰ ਦੀਆਂ ਯੋਜਨਾਵਾਂ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਦੇਸ਼ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ। 51,000 ਤੋਂ ਵੱਧ ਨਿਯੁਕਤੀ ਪੱਤਰ ਵੰਡਣ ਤੋਂ ਬਾਅਦ ਇੱਕ ਪ੍ਰੋਗਰਾਮ ਨੂੰ ਡਿਜੀਟਲ ਰੂਪ ਵਿੱਚ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀਆਂ ਗਰੀਬਾਂ ਲਈ ਚਾਰ ਕਰੋੜ ਤੋਂ ਵੱਧ ਘਰ ਬਣਾਉਣ, 10 ਕਰੋੜ ਤੋਂ ਵੱਧ ਨਵੇਂ ਐਲ.ਪੀ.ਜੀ. ਕੁਨੈਕਸ਼ਨ ਵੰਡਣ ਜਾਂ ਘਰਾਂ ਦੀਆਂ ਛੱਤਾਂ 'ਤੇ ਸੋਲਰ ਪੈਨਲ ਲਗਾਉਣ ਵਰਗੀਆਂ ਭਲਾਈ ਯੋਜਨਾਵਾਂ ਨੇ ਲੱਖਾਂ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ। ਪ੍ਰਧਾਨ ਮੰਤਰੀ ਨੇ ਪਿਛਲੇ 10 ਸਾਲਾਂ ਵਿੱਚ 25 ਕਰੋੜ ਤੋਂ ਵੱਧ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੇਕਰ ਰੁਜ਼ਗਾਰ ਤੇ ਆਮਦਨ ਦੇ ਸਰੋਤ ਨਾ ਹੁੰਦੇ ਤਾਂ ਇਹ ਸੰਭਵ ਨਹੀਂ ਹੁੰਦਾ।

ਉਨ੍ਹਾਂ ਕਿਹਾ ਕਿ ਇਨ੍ਹਾਂ ਗਰੀਬਾਂ ਦਾ ਜੀਵਨ ਪਹਿਲਾਂ ਬਹੁਤ ਮੁਸ਼ਕਲ ਸੀ ਅਤੇ ਉਹ ਮੌਤ ਤੋਂ ਡਰਦੇ ਸਨ ਪਰ ਹੁਣ ਉਹ ਇੰਨੇ ਸਸ਼ਕਤ ਹੋ ਗਏ ਹਨ ਕਿ ਉਨ੍ਹਾਂ ਨੇ ਗਰੀਬੀ ਨੂੰ ਹਰਾ ਦਿੱਤਾ ਹੈ। ਮੋਦੀ ਨੇ ਕਿਹਾ ਕਿ ਨਿਰਮਾਣ ਨੂੰ ਉਤਸ਼ਾਹਿਤ ਕਰਨ 'ਤੇ ਉਨ੍ਹਾਂ ਦੀ ਸਰਕਾਰ ਵੱਲੋਂ ਧਿਆਨ ਦੇਣਾ ਰੰਗ ਲਿਆਇਆ ਹੈ। ਮੋਦੀ ਨੇ ਕਿਹਾ ਕਿ 11 ਸਾਲਾਂ ਵਿੱਚ ਇਲੈਕਟ੍ਰਾਨਿਕ ਨਿਰਮਾਣ ਪੰਜ ਗੁਣਾ ਤੋਂ ਵੱਧ ਵਧਿਆ ਹੈ ਅਤੇ ਮੋਬਾਈਲ ਨਿਰਮਾਣ ਇਕਾਈਆਂ ਦੀ ਗਿਣਤੀ ਪਿਛਲੇ ਸਮੇਂ ਵਿੱਚ ਦੋ ਤੋਂ ਵੱਧ ਕੇ ਲਗਭਗ 300 ਹੋ ਗਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਰੱਖਿਆ ਨਿਰਮਾਣ ਦੀ ਚਰਚਾ ਮਾਣ ਨਾਲ ਕੀਤੀ ਜਾ ਰਹੀ ਹੈ, ਜੋ ਕਿ ਪਾਕਿਸਤਾਨ ਨਾਲ ਜੰਗ ਦੌਰਾਨ ਦਿਖਾਈ ਗਈ ਭਾਰਤ ਦੀ ਸਵਦੇਸ਼ੀ ਫੌਜੀ ਸਮਰੱਥਾ ਦਾ ਸਪੱਸ਼ਟ ਹਵਾਲਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਰੱਖਿਆ ਉਤਪਾਦਨ 1.25 ਲੱਖ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਆਪਣੇ ਹਾਲੀਆ ਪੰਜ ਦੇਸ਼ਾਂ ਦੇ ਦੌਰੇ ਦਾ ਹਵਾਲਾ ਦਿੰਦੇ ਹੋਏ, ਮੋਦੀ ਨੇ ਕਿਹਾ ਕਿ ਪੂਰੀ ਦੁਨੀਆਂ ਹੁਣ ਭਾਰਤ ਦੀ ਜਨਸੰਖਿਆ ਅਤੇ ਲੋਕਤੰਤਰ ਦੀ ਤਾਕਤ ਨੂੰ ਮਾਨਤਾ ਦੇ ਰਹੀ ਹੈ। (ਬਾਕੀ ਸਫਾ 2 'ਤੇ)

## ਡੀ.ਆਈ.ਜੀ. ਰੈਂਕ ਦੇ 8 ਅਧਿਕਾਰੀਆਂ ਦਾ ਤਬਾਦਲਾ

ਚੰਡੀਗੜ੍ਹ, 12 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਨੇ ਪ੍ਰਸ਼ਾਸਨਿਕ ਆਧਾਰ 'ਤੇ ਪੁਲਿਸ ਵਿਭਾਗ ਵਿਚ ਵੱਡਾ ਫੇਰਬਦਲ ਕਰਦੇ ਹੋਏ ਡੀ.ਆਈ.ਜੀ. ਰੈਂਕ ਦੇ 8 ਸੀਨੀਅਰ ਅਧਿਕਾਰੀਆਂ ਦਾ ਤਬਾਦਲਾ ਤੇ ਨਵੀਂ ਤਾਇਨਾਤੀ ਕੀਤੀ ਹੈ। ਗ੍ਰਹਿ ਵਿਭਾਗ ਵੱਲੋਂ ਜਾਰੀ ਹੁਕਮ ਮੁਤਾਬਕ ਇਹ ਤਬਾਦਲੇ ਤੁਰੰਤ ਪ੍ਰਭਾਵ ਨਾਲ ਲਾਗੂ ਮੰਨੇ ਜਾਣਗੇ। ਪੰਜਾਬ ਦੇ ਗਵਰਨਰ ਦੇ ਹੁਕਮਾਂ ਅਨੁਸਾਰ ਸੱਤ ਆਈ.ਪੀ.ਐੱਸ. ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ ਜਿਨ੍ਹਾਂ ਵਿਚ ਆਈ.ਪੀ.ਐੱਸ. ਅਧਿਕਾਰੀਆਂ ਜਗਦਲੇ ਨਿਲਾਂਬਰੀ ਵਿਜੈ, ਕੁਲਦੀਪ ਸਿੰਘ ਚਾਹਲ, ਸਤਿੰਦਰ ਸਿੰਘ, ਨਾਨਕ ਸਿੰਘ, ਗੁਰਮੀਤ ਸਿੰਘ ਚੌਹਾਨ, ਨਵੀਨ ਸੈਣੀ, ਧਰੁਵ ਦਹੀਆ ਤੇ ਡੀ ਸੁਦਾਰਵਿਜ਼ੀ ਸ਼ਾਮਲ ਹਨ। ਤਾਜ਼ਾ ਹੁਕਮਾਂ ਮੁਤਾਬਕ ਜਗਦਲੇ ਨਿਲਾਂਬਰੀ ਵਿਜੈ ਆਈ.ਪੀ.ਐੱਸ. ਨੂੰ ਡੀ.ਆਈ.ਜੀ. ਕਾਊਂਟਰ ਇੰਟੈਲੀਜੈਂਸ ਪੰਜਾਬ, ਐੱਸ.ਏ.ਐੱਸ. (ਬਾਕੀ ਸਫਾ 2 'ਤੇ)

### ਭ੍ਰਿਸ਼ਟਾਚਾਰ ਦੇ ਦੋਸ਼ 'ਚ ਗ੍ਰਿਫ਼ਤਾਰੀ ਦਾ ਮਾਮਲਾ

## ਗੁਰਦਾਸਪੁਰ ਪੁਲਿਸ ਸਾਂਝ ਕੇਂਦਰ ਦੀ ਇੰਚਾਰਜ ਇੰਦਰਬੀਰ ਕੌਰ ਦਾ 3 ਦਿਨਾਂ ਰਿਮਾਂਡ ਦਿੱਤਾ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 12 ਜੁਲਾਈ :ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗ੍ਰਿਫਤਾਰ ਗੁਰਦਾਸਪੁਰ ਪੁਲਿਸ ਸਾਂਝ ਕੇਂਦਰ ਦੀ ਇੰਚਾਰਜ ਇੰਸਪੈਕਟਰ ਦੀ ਅਦਾਲਤ 'ਚ ਹੋਈ ਪੇਸ਼ੀ 'ਤੇ ਪੁਲਿਸ ਨੂੰ 3 ਦਿਨਾਂ ਦਾ ਰਿਮਾਂਡ ਮਿਲਿਆ ਹੈ। ਅਦਾਲਤ ਨੇ ਇੰਸਪੈਕਟਰ ਇੰਦਰਬੀਰ ਕੌਰ ਨੂੰ ਤਿੰਨ ਦਿਨਾਂ ਦੇ ਰਿਮਾਂਡ 'ਤੇ ਭੇਜਿਆ ਹੈ। ਮਿਲੀ ਜਾਣਕਾਰੀ ਮੁਤਾਬਕ ਇੰਸਪੈਕਟਰ ਇੰਦਰਬੀਰ ਕੌਰ ਦੇ ਅਧੀਨ ਗੁਰਦਾਸਪੁਰ ਦੇ 13 ਪੁਲਿਸ ਸਾਂਝ ਕੇਂਦਰ ਆਉਂਦੇ ਸਨ। ਸਾਂਝ ਕੇਂਦਰ ਦੇ ਕਰਮਚਾਰੀਆਂ ਵੱਲੋਂ ਇੰਦਰਬੀਰ ਕੌਰ 'ਤੇ ਉਨ੍ਹਾਂ ਤੋਂ ਪੈਸੇ ਲੈਣ ਦੇ ਦੋਸ਼ ਲਗਾਏ ਗਏ ਸਨ। ਇਸ ਮਗਰੋਂ ਪੁਲਿਸ ਵੱਲੋਂ ਇੰਦਰਬੀਰ ਕੌਰ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਂਚ ਤੋਂ ਬਾਅਦ ਸਬੰਧਤ ਵਿਭਾਗ ਦੀ ਕਾਰਵਾਈ ਵਿੱਚ ਇੰਦਰਬੀਰ ਕੌਰ ਨੂੰ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇੰਦਰਬੀਰ ਕੌਰ ਵੱਲੋਂ ਪੈਸੇ ਦੀ ਮੰਗ ਅਤੇ ਕੀਤੇ ਲੈਣ-ਦੇਣ ਦੇ ਪੁਖਤਾ ਸਬੂਤ ਸਾਹਮਣੇ ਆ (ਬਾਕੀ ਸਫਾ 2 'ਤੇ)

## ਯੋਗੀ ਆਦਿੱਤਿਆਨਾਥ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਾਲ ਨੂੰ ਸਮਰਪਿਤ ਸੰਦੇਸ਼ ਯਾਤਰਾ 'ਚ ਲਿਆ ਹਿੱਸਾ

### ਔਰੰਗਜ਼ੇਬ ਤਿਲਕ ਅਤੇ ਜਨੇਊ ਨੂੰ ਮਿਟਾਉਣਾ ਚਾਹੁੰਦਾ ਸੀ, ਗੁਰੂ ਤੇਗ਼ ਬਹਾਦਰ ਜੀ ਨੇ ਦਿੱਤੀ ਚੁਣੌਤੀ, ਸੀਐਮ ਯੋਗੀ ਨੇ ਸੰਦੇਸ਼ ਯਾਤਰਾ 'ਤੇ ਬੋਲਿਆ

ਚੜ੍ਹਦੀਕਲਾ ਬਿਊਰੋ

================



ਲਖਨਊ, 12 ਜੁਲਾਈ :ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸ਼ਨੀਵਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸੰਦੇਸ਼ ਯਾਤਰਾ ਵਿੱਚ ਹਿੱਸਾ ਲਿਆ। ਇਹ ਯਾਤਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਦੇ 350ਵੇਂ ਸ਼ਹੀਦੀ ਸਾਲ ਨੂੰ ਸਮਰਪਿਤ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਯੋਗੀ ਨੇ ਲਖਨਊ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਲੋਕਾਂ ਨੂੰ ਸੰਬੋਧਨ ਕੀਤਾ। ਇੱਥੇ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਨੂੰ ਸਨਾਤਨ ਧਰਮ ਦੀ ਰੱਖਿਆ ਲਈ ਸਭ ਤੋਂ ਵੱਡੀ ਉਦਾਹਰਣ ਦੱਸਿਆ। '350 ਸਾਲ ਕੁਰਬਾਨੀ ਅਤੇ ਇਤਿਹਾਸ ਜ਼ਿੰਦਾ' ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਯੋਗੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਮਹਾਰਾਜ ਦੇ 350ਵੇਂ ਸ਼ਹੀਦੀ ਦਿਵਸ ਦਾ ਪਹਿਲਾ ਪ੍ਰੋਗਰਾਮ ਅੱਜ ਰਾਜਧਾਨੀ ਲਖਨਊ ਤੋਂ ਸ਼ੁਰੂ ਹੋ ਰਿਹਾ ਹੈ। ਇਹ ਯਾਤਰਾ ਦਿੱਲੀ ਦੇ ਇਤਿਹਾਸਕ ਗੁਰਦੁਆਰੇ ਵੱਲ ਰਵਾਨਾ ਹੋਵੇਗੀ। ਸੀਐਮ ਯੋਗੀ ਨੇ ਕਿਹਾ ਕਿ (ਬਾਕੀ ਸਫਾ 2 'ਤੇ)

## ਭਾਰਤ-ਕੈਨੇਡਾ ਦੇ ਸਬੰਧਾਂ 'ਚ ਸੁਧਾਰ ਦੀ ਆਸ, ਅਗਲੇ ਹਫ਼ਤੇ ਕਰਨਗੇ ਚਰਚਾ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ/ ਟੋਰਾਂਟੋ,12 ਜੁਲਾਈ : ਕੈਨੇਡਾ ਅਤੇ ਭਾਰਤ ਵਿਚਾਲੇ ਸਬੰਧ ਇਕ ਵਾਰ ਫਿਰ ਪਟੜੀ 'ਤੇ ਆਉਂਦੇ ਨਜ਼ਰ ਆ ਰਹੇ ਹਨ। ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਚੱਲ ਰਹੇ ਲੰਬੇ ਵਿਵਾਦ ਤੋਂ ਬਾਅਦ ਪਿਛਲੇ ਮਹੀਨੇ ਹੋਏ ਸਮਝੌਤੇ ਤੋਂ ਬਾਅਦ ਭਾਰਤ ਅਤੇ ਕੈਨੇਡਾ ਅਗਲੇ ਹਫ਼ਤੇ ਆਪਣੀ ਪਹਿਲੀ ਗੱਲਬਾਤ ਕਰਨ ਲਈ ਤਿਆਰ ਹਨ। ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਦੱਸਿਆ ਹੈ ਗੱਲਬਾਤ ਵਿੱਚ ਸੁਰੱਖਿਆ ਚਿੰਤਾਵਾਂ ਅਤੇ ਕੂਟਨੀਤਕ ਸਬੰਧਾਂ ਨੂੰ ਅਪਗ੍ਰੇਡ ਕਰਨ 'ਤੇ ਚਰਚਾ ਹੋਣ ਦੀ ਉਮੀਦ ਹੈ। ਦੋਵਾਂ ਪਾਸਿਆਂ ਦੇ ਲੋਕਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਕੈਨੇਡਾ ਦੇ ਸਹਾਇਕ ਡਿਪਟੀ ਮੰਤਰੀ (ਇੰਡੋ-ਪੈਸੀਫਿਕ) ਵੈਲਡਨ ਐਪ ਦੇ ਸੀਨੀਅਰ ਭਾਰਤੀ ਡਿਪਲੋਮੈਟਾਂ ਨਾਲ ਮੀਟਿੰਗ ਲਈ ਨਵੀਂ ਦਿੱਲੀ ਜਾਣ ਦੀ ਉਮੀਦ ਹੈ, ਜਿੱਥੇ ਉਹ ਸਬੰਧਾਂ ਨੂੰ ਮੁੜ ਨਿਰਮਾਣ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਅਤੇ ਦੋਵਾਂ ਦੇਸ਼ਾਂ ਦੇ ਮੁੱਦਿਆਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਉਪਾਅ 'ਤੇ ਚਰਚਾ ਕਰਨਗੇ। ਦੋਵਾਂ ਡਿਪਲੋਮੈਟਾਂ ਦੇ ਨਾਵਾਂ ਨੂੰ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਗਈ ਹੈ ਹਾਲਾਂਕਿ ਰਸਮੀ ਐਲਾਨ ਅਜੇ ਹੋਣਾ ਬਾਕੀ ਹੈ। (ਬਾਕੀ ਸਫਾ 2 'ਤੇ)

## ਕੋਚਿੰਗ ਸੱਭਿਆਚਾਰ ਕੌਮੀ ਸਿੱਖਿਆ ਨੀਤੀ ਦੇ ਉਦੇਸ਼ਾਂ ਨੂੰ ਹਾਸਲ ਕਰਨ 'ਚ ਰੁਕਾਵਟਾਂ ਪੈਦਾ ਕਰ ਰਿਹੈ: ਧਨਖੜ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 12 ਜੁਲਾਈ :ਭਾਰਤੀ ਸੂਚਨਾ ਤਕਨਾਲੋਜੀ ਸੰਸਥਾਨ, ਕੋਟਾ (ਆਈ.ਆਈ.ਆਈ.ਟੀ.) ਦੇ ਚੌਥੇ ਕਨਵੋਕੇਸ਼ਨ ਸਮਾਰੋਹ ਦੌਰਾਨ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਖ਼ਾਸ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਆਪਣੇ ਭਾਸ਼ਣ 'ਚ ਉਨ੍ਹਾਂ ਕਿਹਾ ਕਿ ਕੋਚਿੰਗ ਸੱਭਿਆਚਾਰ ਰਾਸ਼ਟਰੀ ਸਿੱਖਿਆ ਨੀਤੀ ਦੇ ਉਦੇਸ਼ਾਂ ਅਤੇ ਟੀਚਿਆਂ ਨੂੰ ਹਾਸਲ ਕਰਨ ਵਿੱਚ ਰੁਕਾਵਟਾਂ ਪੈਦਾ ਕਰ ਰਿਹਾ ਹੈ ਅਤੇ ਕੋਚਿੰਗ ਦੀ ਮੰਗ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਸੱਭਿਆਚਾਰ ਵਿਦਿਆਰਥੀਆਂ ਨੂੰ ਰੋਬੋਟਾਈਜ਼ ਕਰ ਰਿਹਾ ਹੈ ਜਿਸ ਨਾਲ ਬਹੁਤ ਸਾਰੀਆਂ ਮਨੋਵਿਗਿਆਨਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਉਪ ਰਾਸ਼ਟਰਪਤੀ ਨੇ ਸੰਸਥਾਵਾਂ ਲਈ ਮੀਡੀਆ ਵਿੱਚ ਪ੍ਰਚਾਰ ਮੁਹਿੰਮ ਅਤੇ ਉੱਚ ਅਦਾਇਗੀ ਵਾਲੇ ਇਸ਼ਤਿਹਾਰਾਂ ਦੇ ਪਿੱਛੇ ਦੇ ਤਰਕ 'ਤੇ ਵੀ ਸਵਾਲ ਉਠਾਇਆ ਤੇ ਪੁੱਛਿਆ, 'ਇਹ ਪੈਸਾ ਕਿੱਥੋਂ ਆ ਰਿਹਾ ਹੈ?' ਉਨ੍ਹਾਂ ਕੋਟਾ ਵਿੱਚ ਸੰਸਥਾਵਾਂ ਵਿੱਚ ਕੋਚਿੰਗ ਦੀ ਮੰਗ ਕਰਨ ਵਾਲੇ ਵਿਦਿਆਰਥੀਆਂ ਦੁਆਰਾ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ। ਧਨਖੜ ਨੇ ਕਿਹਾ,'ਜਿਨ੍ਹਾਂ ਵਿਦਿਆਰਥੀਆਂ ਨੇ ਜ਼ਿੰਦਗੀ ਦੀ ਲੜਾਈ ਵਿੱਚ ਹਾਰ ਮੰਨ ਲਈ, ਉਹ ਸ਼ਾਇਦ ਉਨ੍ਹਾਂ ਮੌਕਿਆਂ ਤੋਂ ਅਣਜਾਣ ਸਨ ਜੋ ਦੇਸ਼ ਵਿੱਚ ਉਨ੍ਹਾਂ ਲਈ ਸਪੇਸ ਸਾਇੰਸ ਤੇ ਸਾਈਬਰ ਸੁਰੱਖਿਆ ਸਮੇਤ ਵੱਖ-ਵੱਖ ਖੇਤਰਾਂ ਵਿੱਚ ਉਪਲਬਧ ਸਨ।' (ਬਾਕੀ ਸਫਾ 2 'ਤੇ)

## ਇਸਰੋ ਵੱਲੋਂ 'ਸਰਵਿਸ ਮਾਡਿਊਲ ਪ੍ਰੋਪਲਸ਼ਨ ਸਿਸਟਮ' ਸਫ਼ਲਤਾਪੂਰਵਕ ਵਿਕਸਿਤ

ਬੈਂਗਲੁਰੂ , 12 ਜੁਲਾਈ (ਚੜ੍ਹਦੀਕਲਾ ਬਿਊਰੋ) : ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਸ਼ਨੀਵਾਰ ਨੂੰ ਕਿਹਾ ਕਿ ਉਸ ਨੇ 'ਯੋਗਤਾ ਟੈਸਟ ਪ੍ਰੋਗਰਾਮ' (ਕੁਆਲੀਫਿਕੇਸ਼ਨ ਟੈਸਟ ਪ੍ਰੋਗਰਾਮ) ਪੂਰਾ ਕਰਨ ਦੇ ਨਾਲ ਹੀ ਗਗਨਯਾਨ ਮਿਸ਼ਨ ਲਈ 'ਸਰਵਿਸ ਮਾਡਿਊਲ ਪ੍ਰੋਪਲੇਸ਼ਨ ਸਿਸਟਮ' (ਐੱਸ.ਐੱਮ.ਪੀ.ਐੱਸ.) ਨੂੰ ਸਫ਼ਲਤਾਪੂਰਵਕ ਵਿਕਸਿਤ ਕਰ ਲਿਆ ਹੈ। ਐੱਸ.ਐੱਮ.ਪੀ.ਐੱਸ. ਦੇ ਏਕੀਕ੍ਰਿਤ ਪ੍ਰਦਰਸ਼ਨ ਨੂੰ ਪ੍ਰਮਾਣਿਤ ਕਰਨ ਲਈ 350 ਸਕਿੰਟ ਲਈ ਐੱਸ.ਐੱਮ.ਪੀ.ਐੱਸ. ਦਾ ਪੂਰਨ ਮਿਆਦ ਦਾ 'ਹੌਟ ਪ੍ਰੀਖਣ' ਆਯੋਜਿਤ ਕੀਤਾ ਗਿਆ। ਅਸਲ ਸਥਿਤੀ 'ਚ ਕੀਤਾ ਜਾਣ ਵਾਲਾ ਇਹ ਪ੍ਰੀਖਣ ਸ਼ੁੱਕਰਵਾਰ ਨੂੰ ਸਰਵਿਸਿਜ਼ ਮਾਡਿਊਲ ਆਧਾਰਤ ਮਿਸ਼ਨ ਅਬੌਰਟ ਦੇ 'ਫਲਾਈਟ ਆਫ਼-ਨੋਮੀਨਲ ਮਿਸ਼ਨ ਪ੍ਰੋਫਾਈਲ' ਲਈ ਕੀਤਾ ਗਿਆ। (ਬਾਕੀ ਸਫਾ 2 'ਤੇ)

## ਅਹਿਮਦਾਬਾਦ ਹਾਦਸਾ ਜਹਾਜ਼ ਦੇ ਦੋਵੇਂ ਇੰਜਣ ਫੇਲ੍ਹ ਹੋਣ ਕਾਰਨ ਵਾਪਰਿਆ: ਰਿਪੋਰਟ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 12 ਜੁਲਾਈ :ਅਹਿਮਦਾਬਾਦ ਪਲੇਨ ਹਾਦਸੇ ਦੇ ਇੱਕ ਮਹੀਨੇ ਬਾਅਦ ਸ਼ੁਰੂਆਤੀ ਜਾਂਚ ਰਿਪੋਰਟ ਆ ਗਈ ਹੈ। ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਨੇ 12 ਜੁਲਾਈ ਨੂੰ 15 ਪੰਨਿਆਂ ਦੀ ਰਿਪੋਰਟ ਜਨਤਕ ਕੀਤੀ। ਮੁੱਢਲੀ ਜਾਂਚ ਮੁਤਾਬਕ ਹਾਦਸਾ ਜਹਾਜ਼ ਦੇ ਦੋਵੇਂ ਇੰਜਣ ਬੰਦ ਹੋਣ ਕਾਰਨ ਹੋਇਆ। ਟੇਕਆਫ ਤੋਂ ਤੁਰੰਤ ਬਾਅਦ ਦੋਵੇਂ ਫਿਊਲ ਸਵਿੱਚ ਬੰਦ ਹੋ ਗਏ ਸਨ, ਇਸ ਕਾਰਨ ਦੋਵੇਂ ਇੰਜਣ ਬੰਦ ਹੋ ਗਏ।

ਇਸ ਦੌਰਾਨ ਕਾਕਪਿਟ ਰਿਕਾਰਡਿੰਗ ਤੋਂ ਪਤਾ ਲੱਗਾ ਕਿ ਇੱਕ ਪਾਇਲਟ ਨੇ ਦੂਜੇ ਨੂੰ ਪੁੱਛਿਆ ਸੀ, ਕੀ ਤੁਸੀਂ ਸਵਿੱਚ ਬੰਦ ਕਰ ਦਿੱਤਾ ਹੈ? ਦੂਜੇ ਨੇ ਜਵਾਬ ਦਿੱਤਾ, ਨਹੀਂ। ਦੱਸ ਦਈਏ ਕਿ 12 ਜੂਨ ਨੂੰ ਅਹਿਮਦਾਬਾਦ ਤੋਂ ਲੰਡਨ ਜਾਣ ਵਾਲੀ ਫਲਾਈਟ ਏ.ਆਈ.171 ਟੇਕਆਫ ਤੋਂ ਥੋੜ੍ਹੀ ਦੇਰ ਬਾਅਦ ਇੱਕ ਮੈਡੀਕਲ ਹੋਸਟਲ ਦੀ ਇਮਾਰਤ ਨਾਲ ਟਕਰਾ ਗਈ। ਇਸ ਵਿੱਚ 270 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ 241 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸ਼ਾਮਲ ਸਨ। ਇਸ ਹਾਦਸੇ ਵਿੱਚ ਸਿਰਫ਼ ਇੱਕ ਯਾਤਰੀ ਬਚਿਆ। ਰਿਪੋਰਟ ਮੁਤਾਬਕ ਹਾਦਸਾਗ੍ਰਸਤ ਜਹਾਜ਼ ਵਿੱਚ ਦੋਵੇਂ ਇੰਜਣਾਂ ਦੇ ਫਿਊਲ ਸਵਿੱਚ ਬੰਦ ਸਨ, ਜਿਸ ਤੋਂ ਬਾਅਦ ਪਾਇਲਟਾਂ ਨੇ ਇਸ ਨੂੰ ਚਾਲੂ ਕੀਤਾ ਅਤੇ ਦੋਵੇਂ ਇੰਜਣਾਂ ਨੂੰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਜਹਾਜ਼ ਬਹੁਤ ਘੱਟ ਉਚਾਈ 'ਤੇ ਸੀ, ਇਸ ਲਈ ਇੰਜਣਾਂ ਨੂੰ ਮੁੜ ਤਾਕਤ (ਬਾਕੀ ਸਫਾ 2 'ਤੇ)

## ਦਵਾਈਆਂ ਬਣਾਉਣ ਵਾਲੀਆਂ 4 ਕੰਪਨੀਆਂ ਦੇ ਲਾਇਸੈਂਸ ਰੱਦ

ਨਵੀਂ ਦਿੱਲੀ, 12 ਜੁਲਾਈ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ 'ਚ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਵਿਕਰੀ 'ਤੇ ਵੱਡੀ ਕਾਰਵਾਈ ਕਰਦੇ ਹੋਏ, ਰਾਜ ਸਰਕਾਰ ਨੇ 4 ਦਵਾਈ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਇਹ ਕੰਪਨੀਆਂ ਨਿਯਮਾਂ ਦੀ ਉਲੰਘਣਾ ਕਰ ਰਹੀਆਂ ਸਨ ਅਤੇ ਬਿਨਾਂ ਰਿਕਾਰਡ ਦੇ ਦਵਾਈਆਂ ਵੇਚ ਰਹੀਆਂ ਸਨ। ਇਹ ਜਾਣਕਾਰੀ ਸਟੇਟ ਡਰੱਗ ਕੰਟਰੋਲਰ ਲੋਟਿਕਾ ਖਜੂਰੀਆ ਨੇ ਦਿੱਤੀ। ਜਿਨ੍ਹਾਂ ਕੰਪਨੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ, ਉਨ੍ਹਾਂ ਵਿੱਚ ਹੈਲਥਵੇਜ਼ ਫਾਰਮਾ (ਰਾਜੌਰੀ), ਨਿਊਜੀਨ ਫਾਰਮਾਸਿਊਟੀਕਲ ਡਿਸਟ੍ਰੀਬਿਊਟਰਜ਼ ਐਂਡ ਐਨਟੀ ਟ੍ਰੇਡਰਜ਼ (ਬਾਰਾਮੂਲਾ), ਅਤੇ (ਬਾਕੀ ਸਫਾ 2 'ਤੇ)







### ਪੀ.ਸੀ.ਏ. ਦੀ ਨਵੀਂ ਬਣੀ ਟੀਮ ਵੱਲੋਂ ਮੁੱਖ ਮੰਤਰੀ ਨਾਲ ਮੁਲਾਕਾਤ

## ਮਾਨ ਵੱਲੋਂ ਸੂਬੇ 'ਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕ੍ਰਿਕਟ ਲੀਗ ਸ਼ੁਰੂ ਕਰਨ ਦੀ ਵਕਾਲਤ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 12 ਜੁਲਾਈ : ਸੂਬੇ ਵਿੱਚ ਜ਼ਮੀਨੀ ਪੱਧਰ 'ਤੇ ਵਿਸ਼ਵ-ਪੱਧਰੀ ਕ੍ਰਿਕਟ ਖਿਡਾਰੀਆਂ ਨੂੰ ਤਿਆਰ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕ੍ਰਿਕਟ ਲੀਗ ਸ਼ੁਰੂ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ।

ਅੱਜ ਸ਼ਾਮ ਆਪਣੀ ਸਰਕਾਰੀ ਰਿਹਾਇਸ਼ ਵਿਖੇ ਨਵੀਂ ਬਣੀ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਨਾਲ ਮੁਲਾਕਾਤ ਦੌਰਾਨ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਲੀਗ ਨੂੰ ਪਿੰਡ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਮੈਚ ਕਰਵਾਉਣੇ ਚਾਹੀਦੇ ਹਨ ਤਾਂ ਜੋ ਜ਼ਮੀਨੀ ਪੱਧਰ 'ਤੇ ਕ੍ਰਿਕਟ ਦੇ ਹੁਨਰ ਦੀ ਪਛਾਣ ਕਰਕੇ ਕ੍ਰਿਕਟ ਦੇ ਖਿਡਾਰੀਆਂ ਨੂੰ ਵੱਡੇ ਟੂਰਨਾਮੈਂਟਾਂ ਲਈ ਸ਼ਿਗਾਰਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਇਸ ਵੱਕਾਰੀ ਟੂਰਨਾਮੈਂਟ ਨੂੰ ਖੇਡਾਂ ਵਤਨ ਪੰਜਾਬ ਦੀਆਂ, ਜੋ ਸੂਬਾ ਸਰਕਾਰ ਵੱਲੋਂ ਹਰ ਸਾਲ ਉਭਰਦੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਢੁਕਵਾਂ ਮੰਚ ਪ੍ਰਦਾਨ ਕਰਦੀਆਂ ਹਨ, ਦੀ ਤਰਜ਼ 'ਤੇ ਉਲੀਕਿਆ (ਬਾਕੀ ਸਫਾ 2 'ਤੇ)

## ਚੰਡੀਗੜ੍ਹ-ਮਨਾਲੀ ਕੌਮੀ ਰਾਜ ਮਾਰਗ ਜ਼ਮੀਨ ਖਿਸਕਣ ਕਾਰਨ ਬੰਦ

ਸ਼ਿਮਲਾ, 12 ਜੁਲਾਈ (ਚੜ੍ਹਦੀਕਲਾ ਬਿਊਰੋ) : ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ ਮੰਡੀ ਜ਼ਿਲ੍ਹੇ ਦੇ ਪੰਡੋਹ ਡੈਮ ਨੇੜੇ ਕਾਂਚੀ ਮੋੜ 'ਤੇ ਜ਼ਮੀਨ ਖਿਸਕਣ ਕਾਰਨ ਵੱਡਾ ਨੁਕਸਾਨ ਹੋਇਆ ਹੈ। ਇਸ ਘਟਨਾ ਤੋਂ ਬਾਅਦ, ਚੰਡੀਗੜ੍ਹ-ਮਨਾਲੀ ਰਾਸ਼ਟਰੀ ਰਾਜਮਾਰਗ (NH-3) ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ। ਭਾਰੀ ਮਲਬਾ ਅਤੇ ਪਹਾੜੀ ਤੋਂ ਸੜਕ 'ਤੇ ਪੱਥਰ ਡਿੱਗਣ ਕਾਰਨ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ ਹੈ, ਜਿਸ ਕਾਰਨ ਸੜਕ ਦੇ ਦੋਵੇਂ ਪਾਸੇ ਲੰਮਾ ਜਾਮ ਲੱਗ ਗਿਆ ਹੈ। ਮੰਡੀ ਜ਼ਿਲ੍ਹਾ ਪ੍ਰਸ਼ਾਸਨ ਤੁਰੰਤ ਹਰਕਤ ਵਿੱਚ ਆਇਆ ਅਤੇ ਮਲਬਾ ਹਟਾਉਣ ਲਈ ਮਸ਼ੀਨਰੀ ਮੌਕੇ 'ਤੇ ਭੇਜੀ। ਮੰਡੀ ਐਸ.ਪੀ. ਸਾਕਸ਼ੀ ਵਰਮਾ ਨੇ ਦੱਸਿਆ ਕਿ ਰਾਹਤ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ, ਪਰ ਰਸਤੇ ਨੂੰ ਪੂਰੀ ਤਰ੍ਹਾਂ ਬਹਾਲ ਕਰਨ ਵਿੱਚ (ਬਾਕੀ ਸਫਾ 2 'ਤੇ)

# ਦਿੱਲੀ 'ਚ ਚਾਰ ਮੰਜ਼ਿਲਾ ਇਮਾਰਤ ਢਹਿਣ ਕਾਰਨ 2 ਮੌਤਾਂ, 8 ਜ਼ਖ਼ਮੀ



ਨਵੀਂ ਦਿੱਲੀ, 12 ਜੁਲਾਈ (ਚ.ਨ.ਸ.): ਉੱਤਰ-ਪੂਰਬੀ ਦਿੱਲੀ ਦੇ ਵੈਲਕਮ ਇਲਾਕੇ ਵਿੱਚ ਇੱਕ ਚਾਰ-ਮੰਜ਼ਿਲਾ ਇਮਾਰਤ ਢਹਿਣ ਕਾਰਨ ਦੋ ਵਿਅਕਤੀਆ ਦੀ ਮੌਤ ਹੋ ਗਈ ਅਤੇ ਇੱਕ ਸਾਲ ਦੇ ਬੱਚੇ ਸਮੇਤ ਅੱਠ ਲੋਕ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮਲਬੇ ਵਿੱਚ ਫਸੇ ਲੋਕਾਂ ਵਿੱਚ ਇੱਕ ਪਰਿਵਾਰ ਦੇ 10 ਮੈਂਬਰ ਸ਼ਾਮਲ ਹਨ, ਜੋ ਇਮਾਰਤ ਵਿੱਚ ਰਹਿੰਦੇ ਸਨ। ਦਿੱਲੀ ਫਾਇਰ ਸਰਵਿਸਿਜ਼ ਨੇ ਦੱਸਿਆ ਕਿ ਇੱਕ ਵਿਅਕਤੀ ਅਤੇ ਇੱਕ ਔਰਤ ਨੂੰ ਮਲਬੇ ਵਿੱਚੋਂ ਕੱਢਣ ਤੋਂ ਬਾਅਦ ਮ੍ਰਿਤਕ ਪਾਇਆ ਗਿਆ ਅਤੇ ਉਨ੍ਹਾਂ ਦੀਆਂ ਲਾਸ਼ਾਂ ਜੀਟੀਬੀ ਹਸਪਤਾਲ ਭੇਜ ਦਿੱਤੀਆਂ ਗਈਆਂ। ਅੱਠ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ ਹੈ, ਜਦੋਂ ਕਿ ਮਲਬੇ ਵਿੱਚ ਫਸੇ ਹੋਰ ਲੋਕਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਅਜੇ ਵੀ ਜਾਰੀ ਹਨ।

ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ, "ਸ਼ਨੀਵਾਰ ਸਵੇਰੇ ਲੱਗਭੱਗ 7:04 ਵਜੇ ਸਾਨੂੰ ਵੈਲਕਮ ਇਲਾਕੇ ਵਿਚ ਚਾਰ-ਮੰਜ਼ਿਲਾ ਇਮਾਰਤ ਢਹਿ ਜਾਣ ਬਾਰੇ ਸੂਚਨਾ ਮਿਲੀ। ਟੀਮ ਨੇ ਮੌਕੇ 'ਤੇ ਪਹੁੰਚ ਕੇ ਦੇਖਿਆ ਕਿ ਇਮਾਰਤ ਦੀਆਂ ਤਿੰਨ ਮਜਿਲਾਂ ਢਹਿ ਚੁੱਕੀਆਂ ਸਨ।" ਉਨ੍ਹਾਂ ਅੱਗੇ ਕਿਹਾ, ਹੁਣ ਤੱਕ, ਅੱਠ ਜ਼ਖ਼ਮੀ ਵਿਅਕਤੀਆਂ ਨੂੰ ਬਚਾਇਆ ਗਿਆ ਹੈ, ਜਿਨ੍ਹਾਂ ਵਿੱਚੋਂਸੱਤ ਨੂੰ ਜੇਪੀਸੀ ਹਸਪਤਾਲ ਅਤੇ ਇੱਕ ਨੂੰ ਜੀਟੀਬੀ ਹਸਪਤਾਲ ਵਿੱਚ ਇਲਾਜ ਲਈ ਭੇਜਿਆ ਗਿਆ ਹੈ।"

ਐਡੀਸ਼ਨਲ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਉੱਤਰ-ਪੂਰਬ) ਸੰਦੀਪ ਲਾਂਬਾ ਨੇ ਦੱਸਿਆ, ਇਮਾਰਤ ਦਾ ਮਾਲਕ ਮਤਲੂਬ ਆਪਣੇ ਪਰਿਵਾਰਕ ਮੈਂਬਰਾਂ ਨਾਲ ਇਮਾਰਤ ਵਿੱਚ ਹੀ ਰਹਿੰਦਾ ਹੈ। ਇਸ ਦੀ ਜ਼ਮੀਨੀ ਮੰਜ਼ਿਲ ਅਤੇ ਪਹਿਲੀ ਮੰਜ਼ਿਲ ਖਾਲੀ ਹਨ।" ਉਨ੍ਹਾਂ ਕਿਹਾ ਕਿ ਸਾਹਮਣੇ ਵਾਲੀ ਇਮਾਰਤ ਨੂੰ ਵੀ ਨੁਕਸਾਨ ਪਹੁੰਚਿਆ ਹੈ।

# 'ਮਰਾਠਾ ਮਿਲਟਰੀ ਲੈਂਡਸਕੇਪ' ਨੂੰ ਯੂਨੈਸਕੋ ਵੱਲੋਂ ਮਾਨਤਾ ਮਿਲਣ 'ਤੇ ਹਰ ਭਾਰਤੀ ਖ਼ੁਸ਼: ਮੋਦੀ



ਨਵੀਂ ਦਿੱਲੀ, 12 ਜੁਲਾਈ (ਚ.ਨ.ਸ.) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿੱਚਰਵਾਰ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ 'ਮਰਾਠਾ ਮਿਲਟਰੀ ਲੈਂਡਸਕੇਪ' ਦੇ ਸ਼ਿਲਾਲੇਖ ਦੇ ਆਉਣ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹਰ ਭਾਰਤੀ ਇਸ ਮਾਨਤਾ ਨਾਲ ਖੁਸ਼ ਹੈ। ਮਰਾਠਾ ਸ਼ਾਸਕਾਂ ਵੱਲੋਂ ਚਿਤਵੀ ਗਈ ਅਸਾਧਾਰਨ ਕਿਲਾਬੰਦੀ ਅਤੇ ਫੌਜੀ ਪ੍ਰਣਾਲੀ ਨੂੰ ਦਰਸਾਉਂਦੀ 'ਮਰਾਠਾ ਮਿਲਟਰੀ ਲੈਂਡਸਕੇਪ' ਨੂੰ ਸ਼ੁੱਕਰਵਾਰ ਨੂੰ ਇਸ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਅਜਿਹੀ ਮਾਨਤਾ ਪ੍ਰਾਪਤ ਕਰਨ ਵਾਲੀ ਭਾਰਤ ਦੀ 44ਵੀਂ ਇਤਿਹਾਸਕ ਤੇ ਵਿਰਾਸਤੀ ਜਾਇਦਾਦ ਹੈ। ਐਕਸ 'ਤੇ ਇੱਕ ਪੋਸਟ ਵਿੱਚ ਮੋਦੀ ਨੇ ਕਿਹਾ, ਜਦੋਂ ਅਸੀਂ ਸ਼ਾਨਦਾਰ ਮਰਾਠਾ ਸਾਮਰਾਜ ਦੀ ਗੱਲ ਕਰਦੇ ਹਾਂ, ਤਾਂ ਅਸੀਂ ਇਸਨੂੰ ਚੰਗੇ ਸ਼ਾਸਨ, ਫੌਜੀ ਤਾਕਤ, ਸੱਭਿਆਚਾਰਕ ਮਾਣ ਅਤੇ ਸਮਾਜਿਕ ਭਲਾਈ 'ਤੇ ਜ਼ੋਰ ਦੇਣ ਨਾਲ ਜੋੜਦੇ ਹਾਂ। ਮਹਾਨ ਸ਼ਾਸਕ ਸਾਨੂੰ ਕਿਸੇ ਵੀ ਬੇਇਨਸਾਫ਼ੀ ਅੱਗੇ ਨਾ ਝੁਕਣ ਲਈ ਪ੍ਰੇਰਿਤ ਕਰਦੇ ਹਨ।"

ਉਨ੍ਹਾਂ ਕਿਹਾ, "ਹਰ ਭਾਰਤੀ ਇਸ ਮਾਨਤਾ ਨਾਲ ਖੁਸ਼ ਹੈ। ਇਨ੍ਹਾਂ 'ਮਰਾਠਾ ਮਿਲਟਰੀ ਲੈਂਡਸਕੇਪ' ਵਿੱਚ 12 ਸ਼ਾਨਦਾਰ ਕਿਲ੍ਹੇ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 11 ਮਹਾਰਾਸ਼ਟਰ ਵਿੱਚ ਹਨ ਅਤੇ 1 ਤਾਮਿਲਨਾਡੂ ਵਿੱਚ ਹੈ।" ਮੋਦੀ ਨੇ ਸਾਰਿਆਂ ਨੂੰ ਇਨ੍ਹਾਂ ਕਿਲ੍ਹਿਆਂ ਦਾ ਦੌਰਾ ਕਰਨ ਅਤੇ ਮਰਾਠਾ ਸਾਮਰਾਜ ਦੇ ਅਮੀਰ ਇਤਿਹਾਸ ਬਾਰੇ ਜਾਣਨ ਦਾ ਸੱਦਾ ਦਿੱਤਾ।ਇਸ ਸਬੰਧੀ ਸੱਭਿਆਚਾਰ ਮੰਤਰਾਲੇ ਨੇ ਕਿਹਾ ਕਿ ਇਹ ਦੇਸ਼ ਦੀ ਸਥਾਈ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ ਅਤੇ ਇਹ ਭਾਰਤ ਦੀਆਂ ਇਮਾਰਤਸਾਜ਼ੀ ਪ੍ਰਤਿਭਾਵਾਂ, ਖੇਤਰੀ ਪਛਾਣ ਅਤੇ ਇਤਿਹਾਸਕ ਨਿਰੰਤਰਤਾ ਦੀਆਂ ਵਿਭਿੰਨ ਪਰੰਪਰਾਵਾਂ ਨੂੰ ਪ੍ਰਦਰਸ਼ਿਤ ਕਰਦਾ ਹੈ।

# ਧੋਖਾਧੜੀ ਵਾਲੇ ਚਲਾਨ ਜਾਰੀ ਕਰਨ ਵਾਲੀਆਂ 6 ਫ਼ਰਜ਼ੀ ਕੰਪਨੀਆਂ ਦਾ ਹੋਇਆ ਪਰਦਾਫ਼ਾਸ਼

## ਡੀ.ਜੀ.ਜੀ.ਆਈ. ਅਧਿਕਾਰੀਆਂ ਨੂੰ ਮਿਲੇ 48 ਕਰੋੜ ਰੁਪਏ ਦੇ ਜਾਅਲੀ ਆਈ.ਟੀ. ਦਾਅਵੇ




ਨਵੀਂ ਦਿੱਲੀ, 12 ਜੁਲਾਈ (ਚ.ਨ.ਸ.): ਜੀ.ਐੱਸ.ਟੀ. ਇੰਟੈਲੀਜੈਂਸ ਵਿੰਗ ਡੀ.ਜੀ.ਜੀ. ਆਈ. ਨੇ ਨਵੀਂ ਦਿੱਲੀ ਦੇ ਘੱਟੋ-ਘੱਟ 6 ਟਿਕਾਣਿਆਂ ਉੱਤੇ ਛਾਪੇਮਾਰੀ ਕੀਤੀ ਅਤੇ 266 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਚਲਾਨਾਂ ਅਤੇ ਫ਼ਰਜ਼ੀ (ਸ਼ੈੱਲ) ਕੰਪਨੀਆਂ ਤੋਂ 48 ਕਰੋੜ ਰੁਪਏ ਦੇ ਜਾਅਲੀ ਆਈ.ਟੀ. ਦਾਅਵੇ ਪਾਸ ਕਰਨ ਦਾ ਪਰਦਾਫਾਸ਼ ਕੀਤਾ। ਜੀ.ਐਸ.ਟੀ. ਇੰਟੈਲੀਜੈਂਸ ਡਾਇਰੈਕਟੋਰੇਟ ਜਨਰਲ, ਬੈਂਗਲੁਰੂ ਜ਼ੋਨਲ ਯੂਨਿਟ ਦੇ ਅਧਿਕਾਰੀਆਂ ਵੱਲੋਂ ਬੈਂਗਲੁਰੂ ਵਿਚ ਸ਼ੁਰੂ ਕੀਤੇ ਗਏ ਇਕ ਕੇਸ ਦੀ ਜਾਂਚ ਵਿਚ ਕਿਹਾ ਗਿਆ ਹੈ, ਕਿ ਚਾਰ ਕੰਪਨੀਆਂ, ਜਿਨ੍ਹਾਂ ਦੀ ਕੋਈ ਕਾਰੋਬਾਰੀ ਗਤੀਵਿਧੀ ਨਹੀਂ ਹੈ, ਨੇ ਸੈਂਕੜੇ ਕਰੋੜ ਰੁਪਏ ਦੀਆਂ ਚੀਜ਼ਾਂ ਅਤੇ ਸੇਵਾਵਾਂ ਪ੍ਰਾਪਤ ਕੀਤੀਆਂ ਹਨ। ਜੀ.ਐਸ.ਟੀ. ਇੰਟੈਲੀਜੈਂਸ ਡਾਇਰੈਕਟੋਰੇਟ ਜਨਰਲ, ਬੈਂਗਲੁਰੂ ਜ਼ੋਨਲ ਯੂਨਿਟ ਦੇ ਅਧਿਕਾਰੀਆਂ ਨੇ ਦਿੱਲੀ ਵਿਚ ਛੇ ਤੋਂ ਵੱਧ ਥਾਵਾਂ ਉੱਤੇ ਛਾਪੇਮਾਰੀ ਕੀਤੀ ਅਤੇ 266 ਕਰੋੜ ਰੁਪਏ ਤੋਂ ਵੱਧ ਦੇ ਧੋਖਾਧੜੀ ਵਾਲੇ ਚਲਾਨਾਂ ਦਾ ਪਰਦਾਫਾਸ਼ ਕੀਤਾ, ਜਿਸ ਵਿਚ ਸ਼ੈੱਲ ਕੰਪਨੀਆਂ ਤੋਂ 48 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਇਨਪੁਟ ਟੈਕਸ ਕ੍ਰੈਡਿਟ (ਆਈ.ਟੀ. ਦਾਅਵੇ) ਦਾ ਲਾਭ ਲੈਣਾ ਅਤੇ ਭੇਜਣਾ ਸ਼ਾਮਲ ਹੈ। ਜਾਂਚ ਤੋਂ ਸੰਕੇਤ ਮਿਲਦਾ ਹੈ ਕਿ ਸ਼ੁਰੂ 'ਚ, ਮੁੱਖ ਮਾਸਟਰਮਾਈਂਡ ਸੀ.ਏ./ ਕਾਨੂੰਨੀ ਆਡੀਟਰਾਂ 'ਚੋਂ ਇਕ ਸੀ, ਜੋ ਇਨ੍ਹਾਂ ਕੰਪਨੀਆਂ ਦੇ ਲੈਣ-ਦੇਣ ਦਾ ਪ੍ਰਬੰਧਨ ਕਰਦਾ ਸੀ। ਅੱਗੇ ਦੀ ਜਾਂਚ ਤੋਂ ਪਤਾ ਲੱਗਿਆ ਕਿ ਇਕਾਈਆਂ ਦੇ ਢਾਂਚੇ ਅਤੇ ਸ਼ੇਅਰਹੋਲਡਿੰਗ ਪੈਟਰਨ ਦੇ ਨਾਲ-ਨਾਲ ਇਸ ਵਿਚ ਤਬਦੀਲੀਆਂ ਦੇ ਨਾਲ, ਸੀ.ਏ./ਕਾਨੂੰਨੀ ਆਡੀਟਰ ਕਿਸੇ ਸਮੇਂ ਇਨ੍ਹਾਂ ਸ਼ੈੱਲ ਕੰਪਨੀਆਂ ਵਿਚੋਂ ਕੁੱਝ ਵਿਚ ਡਾਇਰੈਕਟਰ ਵਜੋਂ ਕੰਮ ਕਰ ਰਿਹਾ ਸੀ - ਸਪੱਸ਼ਟ ਤੌਰ ਉੱਤੇ ਛੇ ਸ਼ੈੱਲ ਕੰਪਨੀਆਂ ਦੀ ਉਤਪਤੀ ਦੇ ਪਿੱਛੇ ਲਿੰਕ ਸਥਾਪਤ ਕਰਦਾ ਸੀ।

# ਪਹਿਲੇ ਸਫ਼ੇ ਦੀ ਬਾਕੀ

### ਪਿਛਲੇ 11 ਸਾਲਾਂ ਦੌਰਾਨ ਦੇਸ਼ ਨੇ

ਉਨ੍ਹਾਂ ਕਿਹਾ ਕਿ ਭਾਰਤ ਦੇ ਨੌਜਵਾਨਾਂ ਦੀ ਤਾਕਤ ਇਸਦੀ ਸਭ ਤੋਂ ਵੱਡੀ ਪੂੰਜੀ ਹੈ ਅਤੇ ਦੇਸ਼ ਦੇ ਉੱਜਵਲ ਭਵਿੱਖ ਦੀ ਗਰੰਟੀ ਹੈ। ਸਰਕਾਰ ਦੇ ਨੌਕਰੀ ਮੇਲੇ ਤਹਿਤ ਨਿਯੁਕਤੀ ਪੱਤਰ ਵੰਡੇ ਗਏ। ਇੱਕ ਬਿਆਨ ਦੇ ਅਨੁਸਾਰ, ਨੌਕਰੀ ਮੇਲਾ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੀ ਭਾਗੀਦਾਰੀ ਲਈ ਅਰਥਪੂਰਨ ਮੌਕੇ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਨੌਕਰੀ ਮੇਲਿਆਂ ਵਿੱਚ ਹੁਣ ਤੱਕ 10 ਲੱਖ ਤੋਂ ਵੱਧ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ।

### ਭਾਰਤੀ ਕਾਨੂੰਨੀ ਪ੍ਰਣਾਲੀ ਵਿੱਚ

ਮੁੱਖ ਮੰਤਰੀ ਏ ਰੇਵੰਤ ਰੈਡੀ ਅਤੇ ਸੁਪਰੀਮ ਕੋਰਟ ਦੇ ਜੱਜ ਜਸਟਿਸ ਪੀਐਸ ਨਰਸਿਮਹਾ ਨੇ ਵੀ ਕਨਵੋਕੇਸ਼ਨ ਵਿੱਚ ਹਿੱਸਾ ਲਿਆ, ਜਦੋਂ ਕਿ ਤਿਲੰਗਾਨਾ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜਸਟਿਸ ਸੁਜੋਏ ਪਾਲ ਨੇ ਕਨਵੋਕੇਸ਼ਨ ਦੀ ਪ੍ਰਧਾਨਗੀ ਕੀਤੀ।

### ਸਾਬਕਾ ਚੀਫ਼ ਜਸਟਿਸ ਖੇਹਰ ਤੇ ਚੰਦਰਚੂੜ ਸੰਸਦੀ

ਪ੍ਰਣਾਲੀ ਦੀ ਯਾਤਰਾ ਉੱਤੇ ਚਾਨਣਾ ਪਾਉਂਦਿਆਂ ਕੁੱਝ ਸੁਝਾਅ ਵੀ ਦਿੱਤੇ ਹਨ। ਭਾਜਪਾ ਸੰਸਦ ਮੈਂਬਰ ਪੀ.ਪੀ. ਚੌਧਰੀ ਦੀ ਅਗਵਾਈ ਵਾਲੀ ਸੰਸਦ ਦੀ ਸੰਯੁਕਤ ਕਮੇਟੀ ਬਿਲ ਉੱਤੇ ਆਪਣੀ ਸਿਫਾਰਸ਼ ਤਿਆਰ ਕਰਦੇ ਸਮੇਂ ਕਾਨੂੰਨ ਮਾਹਰਾਂ ਅਤੇ ਕਾਨੂੰਨੀ ਮਾਹਰਾਂ ਨਾਲ ਗੱਲ ਕਰ ਰਹੀ ਹੈ। ਭਾਰਤ ਦੇ ਦੋ ਹੋਰ ਸਾਬਕਾ ਚੀਫ ਜਸਟਿਸ ਯੂ.ਯੂ. ਲਲਿਤ ਅਤੇ ਰੰਜਨ ਗੋਗੋਈ ਪਹਿਲਾਂ ਵੀ ਕਮੇਟੀ ਦੇ ਸਾਹਮਣੇ ਪੇਸ਼ ਹੋ ਚੁੱਕੇ ਹਨ। ਹਾਲਾਂਕਿ ਦੋਹਾਂ ਨੇ ਇਕੋ ਸਮੇਂ ਚੋਣਾਂ ਕਰਵਾਉਣ ਦੀ ਸੰਵਿਧਾਨਕਤਾ ਉੱਤੇ ਸਵਾਲ ਨਹੀਂ ਉਠਾਇਆ, ਪਰ ਉਨ੍ਹਾਂ ਨੇ ਬਿਲ ਦੇ ਕੁੱਝ ਪਹਿਲੂਆਂ ਉੱਤੇ ਸਵਾਲ ਚੁੱਕੇ ਹਨ ਅਤੇ ਸੁਝਾਅ ਦਿੱਤੇ ਹਨ।

### ਡੀ.ਆਈ.ਜੀ. ਰੈਂਕ ਦੇ 8 ਅਧਿਕਾਰੀਆਂ ਦਾ ਤਬਾਦਲਾ

ਨਗਰ, ਕੁਲਦੀਪ ਸਿੰਘ ਚਾਹਲ ਆਈ.ਪੀ.ਐੱਸ. ਨੂੰ ਡੀ.ਆਈ.ਜੀ. ਤਕਨੀਕੀ ਸਰਵਿਸ, ਪੰਜਾਬ, ਚੰਡੀਗੜ੍ਹ ਅਤੇ ਡੀ.ਆਈ.ਜੀ. ਪਟਿਆਲਾ ਰੇਂਜ ਦਾ ਵਾਧੂ ਚਾਰ ਸੌਂਪਿਆ ਹੈ। ਸਤਿੰਦਰ ਸਿੰਘ ਆਈ.ਪੀ.ਐੱਸ. ਨੂੰ ਡੀ.ਆਈ.ਜੀ. ਲੁਧਿਆਣਾ ਰੇਂਜ ਲਾਇਆ ਹੈ। ਡਾ. ਨਾਨਕ ਸਿੰਘ ਆਈ.ਪੀ.ਐੱਸ. ਨੂੰ ਡੀ.ਆਈ.ਜੀ. ਬਾਰਡਰ ਰੇਂਜ ਅੰਮ੍ਰਿਤਸਰ ਬਣਾਇਆ ਹੈ। ਇਨ੍ਹਾਂ ਤੋਂ ਇਲਾਵਾ ਗੁਰਮੀਤ ਸਿੰਘ ਚੌਹਾਨ ਆਈਪੀਐੱਸ ਨੂੰ ਡੀਆਈ.ਜੀ ਏਜੀ.ਟੀਐੱਫ, ਐੱਸਏਐੱਸ ਨਗਰ, ਨਵੀਨ ਸੈਣੀ ਆਈਪੀਐੱਸ ਨੂੰ ਡੀਆਈਜੀ ਕ੍ਰਾਈਮ, ਚੰਡੀਗੜ੍ਹ, ਧਰੁਵ ਦਹੀਆ ਆਈਪੀਐੱਸ ਨੂੰ ਏਆਈਜੀ ਕਾਊਂਟਰ ਇੰਟੈਲੀਜੈਂਸ, ਚੰਡੀਗੜ੍ਹ ਤੇ ਡੀ ਸੁਦਰਵਿਜ਼ੀ ਆਈਪੀਐੱਸ ਨੂੰ ਏਆਈਜੀ ਇੰਟਰਨਲ ਸਕਿਓਰਿਟੀ ਐੱਸਏਐੱਸ ਨਗਰ ਲਾਇਆ ਹੈ।

### ਗੁਰਦਾਸਪੁਰ ਪੁਲਿਸ ਸਾਂਝ ਕੇਂਦਰ

ਗਏ ਹਨ। ਹੋਰ ਜਾਂਚ ਜਾਰੀ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਸ ਭ੍ਰਿਸ਼ਟਾਚਾਰ ਦੇ ਜਾਲ ਵਿੱਚ ਹੋਰ ਕਰਮਚਾਰੀ ਸ਼ਾਮਲ ਹੋ ਸਕਦੇ ਹਨ, ਜਾਂ ਦਬਾਅ ਹੇਠ ਪੈਸੇ ਦੇਣ ਲਈ ਮਜਬੂਰ ਕੀਤੇ ਗਏ ਹੋ ਸਕਦੇ ਹਨ। ਪੁਲਿਸ ਸੂਤਰਾਂ ਮੁਤਾਬਕ ਆਉਣ ਵਾਲੇ ਦਿਨਾਂ ਵਿੱਚ ਹੋਰ ਕਰਮਚਾਰੀਆਂ ਦੇ ਬਿਆਨ ਦਰਜ ਕੀਤੇ ਜਾਣਗੇ ਅਤੇ ਲੋੜ ਪੈਣ 'ਤੇ ਕਾਰਵਾਈ ਦਾ ਦਾਇਰਾ ਵਧਾਇਆ ਜਾਵੇਗਾ। ਲੋਕਾਂ ਨੂੰ ਐਫਆਈਆਰ ਦੀ ਕਾਪੀ, ਕੈਰੇਕਟਰ ਸਰਟੀਫਿਕੇਟ, ਪੁਲਿਸ ਤਸਦੀਕ, ਪਾਸਪੋਰਟ ਰਿਪੋਰਟ ਵਰਗੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਪੁਲਿਸ ਸਾਂਝ ਕੇਂਦਰ ਬਣਾਇਆ ਗਿਆ ਹੈ। ਅਜਿਹੇ ਕੇਂਦਰ ਦੇ ਇੰਚਾਰਜ ਵੱਲੋਂ ਭ੍ਰਿਸ਼ਟਾਚਾਰ ਪੂਰੇ ਸਿਸਟਮ ਦੀ ਕਾਰਜਸ਼ੈਲੀ 'ਤੇ ਸਵਾਲ ਖੜ੍ਹੇ ਕਰਦਾ ਹੈ।

### ਯੋਗੀ ਆਦਿੱਤਿਆਨਾਥ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ

ਇਸ ਯਾਤਰਾ ਰਾਹੀਂ 350 ਸਾਲਾਂ ਦੀ ਕੁਰਬਾਨੀ ਅਤੇ ਇਤਿਹਾਸ ਨੂੰ ਜ਼ਿੰਦਾ ਰੂਪ ਦੇਣ ਦਾ ਕੰਮ ਕੀਤਾ ਜਾ ਰਿਹਾ ਹੈ। 'ਔਰੰਗਜ਼ੇਬ ਦਾ ਉਦੇਸ਼ ਤਿਲਕ ਅਤੇ ਜਨੇਊ ਨੂੰ ਖਤਮ ਕਰਨਾ ਸੀ' ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਸੀਐਮ ਯੋਗੀ ਨੇ ਕਿਹਾ ਕਿ ਉਹ ਸਮਾਂ ਕਿਹੋ ਜਿਹਾ ਹੁੰਦਾ ਜਦੋਂ ਔਰੰਗਜ਼ੇਬ ਵਰਗਾ ਜ਼ਾਲਮ ਅਤੇ ਵਹਿਸ਼ੀ ਸ਼ਾਸਕ ਹੁੰਦਾ ਸੀ। ਉਸ ਸਮੇਂ, ਅੱਤਿਆਚਾਰਾਂ ਦੀਆਂ ਖ਼ਬਰਾਂ ਇੱਕ ਜਗ੍ਹਾ ਤੋਂ ਨਹੀਂ ਬਲਕਿ ਹਰ ਜਗ੍ਹਾ ਤੋਂ ਮਿਲਦੀਆਂ ਸਨ। ਔਰੰਗਜ਼ੇਬ ਦਾ ਉਦੇਸ਼ ਤਿਲਕ ਅਤੇ ਜਨੇਊ ਨੂੰ ਖਤਮ ਕਰਨਾ ਸੀ। ਸਨਾਤਨ ਧਰਮ ਨੂੰ ਹਮੇਸ਼ਾ ਲਈ ਖਤਮ ਕਰ ਦਿਓ। ਗੁਰੂ ਤੇਗ ਬਹਾਦਰ ਮਹਾਰਾਜ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਔਰੰਗਜ਼ੇਬ ਦੁਆਰਾ ਚਲਾਈ ਗਈ ਇਸਲਾਮੀਕਰਨ ਦੀ ਵੱਡੀ ਮੁਹਿੰਮ ਨੂੰ ਚੁਣੌਤੀ ਦਿੱਤੀ ਸੀ। ਗੁਰੂ ਤੇਗ ਬਹਾਦਰ ਜੀ 'ਤੇ ਇਸਲਾਮ ਕਬੂਲ ਕਰਨ ਲਈ ਦਬਾਅ' ਸੀਐਮ ਯੋਗੀ ਨੇ ਕਿਹਾ ਕਿ ਔਰੰਗਜ਼ੇਬ ਨੇ ਡਰ, ਲਾਲਚ ਅਤੇ ਕਈ ਤਰ੍ਹਾਂ ਦੇ ਅੱਤਿਆਚਾਰਾਂ ਰਾਹੀਂ ਗੁਰੂ ਤੇਗ ਬਹਾਦਰ ਜੀ 'ਤੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ। ਪਰ ਉਹ ਕਦੇ ਵੀ ਆਪਣੇ ਰਸਤੇ ਤੋਂ ਪਿੱਛੇ ਨਹੀਂ ਹਟੇ। ਆਪਣੀ ਜਾਨ ਕੁਰਬਾਨ ਕਰਕੇ, ਉਨ੍ਹਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ। ਮੌਜੂਦਾ ਭਾਰਤ ਦੀ ਨੀਂਹ ਸ਼ਹਾਦਤ ਦੀ ਪਰੰਪਰਾ 'ਤੇ ਬਣੀ ਹੈ। ਸੀਐਮ ਯੋਗੀ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ, ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਵਜੋਂ ਉੱਭਰਿਆ ਹੈ। ਇਸਦੀ ਨੀਂਹ ਸ਼ਹਾਦਤ ਅਤੇ ਕੁਰਬਾਨੀ ਹੈ, ਜਿਸ ਵਿੱਚ ਚਾਰ ਸਾਹਿਬਜ਼ਾਦੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਤੋਂ ਨਹੀਂ ਝਿਜਕਦੇ। ਸੰਦੇਸ਼ ਯਾਤਰਾ ਸ਼ੀਸ਼ਗੰਜ ਗੁਰਦੁਆਰੇ ਪਹੁੰਚੇਗੀ। ਗੁਰੂ ਤੇਗ ਬਹਾਦਰ ਮਹਾਰਾਜ ਦੇ 350ਵੇਂ ਸ਼ਹੀਦੀ ਸਾਲ ਨੂੰ ਸਮਰਪਿਤ, ਸ਼੍ਰੀ ਤੇਗ ਬਹਾਦਰ ਸੰਦੇਸ਼ ਯਾਤਰਾ ਲਖਨਊ ਤੋਂ ਸ਼ੁਰੂ ਹੋਵੇਗੀ ਅਤੇ ਕਾਨਪੁਰ, ਇਟਾਵਾ, ਆਗਰਾ ਤੋਂ ਹੁੰਦੀ ਹੋਈ ਦਿੱਲੀ ਦੇ ਚਾਂਦਨੀ ਚੌਕ ਵਿਖੇ ਸਥਿਤ ਸ਼ੀਸ਼ਗੰਜ ਗੁਰਦੁਆਰੇ ਵਿਖੇ ਸਮਾਪਤ ਹੋਵੇਗੀ।

### ਦਵਾਈਆਂ ਬਣਾਉਣ ਵਾਲੀਆਂ

ਐਸੇਂਸ ਫਾਰਮਾਸਿਊਟੀਕਲ ਡਿਸਟ੍ਰੀਬਿਊਟਰਜ਼ (ਸ੍ਰੀਨਗਰ) ਸ਼ਾਮਲ ਹਨ। ਉਨ੍ਹਾਂ 'ਤੇ ਟੈਪੈਂਟਾਡੋਲ ਅਤੇ ਪ੍ਰੀਗਾਬਾਲਿਨ ਵਰਗੀਆਂ ਦਵਾਈਆਂ ਗੈਰ-ਕਾਨੂੰਨੀ ਤੌਰ 'ਤੇ ਵੇਚਣ ਦਾ ਦੋਸ਼ ਹੈ।

ਇਹ ਦਵਾਈਆਂ ਸਿਰਫ਼ ਡਾਕਟਰ ਦੀ ਸਲਾਹ 'ਤੇ ਦਿੱਤੀਆਂ ਜਾਂਦੀਆਂ ਹਨ, ਕਿਉਂਕਿ ਇਹ ਨਸ਼ਾ ਪੈਦਾ ਕਰ ਸਕਦੀਆਂ ਹਨ। ਜਾਂਚ ਵਿੱਚ ਪਾਇਆ ਗਿਆ ਕਿ ਇਹ ਕੰਪਨੀਆਂ ਗੁਪਤ ਤੌਰ 'ਤੇ ਬਾਹਰੋਂ ਇਨ੍ਹਾਂ ਦਵਾਈਆਂ ਨੂੰ ਆਯਾਤ ਕਰ ਰਹੀਆਂ ਸਨ ਅਤੇ ਬਿਨਾਂ ਕਿਸੇ ਰਜਿਸਟਰ ਜਾਂ ਰਿਕਾਰਡ ਦੇ ਵੇਚ ਰਹੀਆਂ ਸਨ।ਵਿਕਰੀ ਦਾ ਕੋਈ ਰਿਕਾਰਡ ਨਹੀਂ ਸੀ ਅਤੇ ਨਾ ਹੀ ਖਰੀਦ ਦਾ ਕੋਈ ਦਸਤਾਵੇਜ਼ ਸੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਦਵਾਈਆਂ ਗੈਰ-ਕਾਨੂੰਨੀ ਤੌਰ 'ਤੇ ਵੇਚੀਆਂ ਜਾ ਰਹੀਆਂ ਸਨ।

ਰਾਜ ਡਰੱਗ ਕੰਟਰੋਲ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਇਹ ਕਾਰਵਾਈ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਵੀ ਜੇਕਰ ਕੋਈ ਦਵਾਈ ਕੰਪਨੀ ਜਾਂ ਦੁਕਾਨਦਾਰ ਅਜਿਹੇ ਕੰਮ ਵਿੱਚ ਸ਼ਾਮਲ ਪਾਇਆ ਜਾਂਦਾ ਹੈ, ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਵਿਭਾਗ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਦੁਕਾਨ 'ਤੇ ਦਵਾਈਆਂ ਦੀ ਦੁਰਵਰਤੋਂ ਜਾਂ ਬਿਨਾਂ ਪਰਚੀ ਦੇ ਵਿਕਰੀ ਬਾਰੇ ਜਾਣਕਾਰੀ ਮਿਲਦੀ ਹੈ, ਤਾਂ ਤੁਰੰਤ ਵਿਭਾਗ ਦੀ ਹੈਲਪਲਾਈਨ 'ਤੇ ਸੂਚਿਤ ਕੀਤਾ ਜਾਵੇ, ਤਾਂ ਜੋ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ।

### ਕੋਚਿੰਗ ਸੱਭਿਆਚਾਰ ਕੌਮੀ ਸਿੱਖਿਆ ਨੀਤੀ ਦੇ ਉਦੇਸ਼ਾਂ ਨੂੰ

ਉਪ ਰਾਸ਼ਟਰਪਤੀ ਨੇ ਕੋਚਿੰਗ ਸੰਸਥਾਵਾਂ ਨੂੰ ਆਪਣੇ ਆਪ ਨੂੰ ਟੈਲੇਂਟ ਹੱਬ ਵਿੱਚ ਬਦਲਣ ਦਾ ਸੱਦਾ ਦਿੱਤਾ। ਇਸ ਮਗਰੋਂ ਰਾਜਸਥਾਨ ਦੇ ਰਾਜਪਾਲ ਹਰੀਭਾਊ ਬਗਾੜੇ ਨੇ ਪਾਸ ਹੋਣ ਵਾਲੇ ਗ੍ਰੈਜੂਏਟਾਂ ਨੂੰ ਵੀ ਸੰਬੋਧਨ ਕੀਤਾ। ਇਸ ਮੌਕੇ ਰਾਜ ਦੇ ਸਿੱਖਿਆ ਮੰਤਰੀ ਮਦਨ ਦਿਲਾਵਰ ਅਤੇ ਕਈ ਪਤਵੰਤੇ ਵੀ ਮੌਜੂਦ ਸਨ। ਸਮਾਰੋਹ ਦੌਰਾਨ ਉਪ ਰਾਸ਼ਟਰਪਤੀ ਨੇ ਵੱਖ-ਵੱਖ ਸਟ੍ਰੀਮਾਂ/ਕੋਰਸਾਂ ਵਿੱਚ ਟਾਪ ਕਰਨ ਵਾਲੇ ਵਿਦਿਆਰਥੀਆਂ ਨੂੰ ਗੋਲਡ ਮੈਡਲ ਪ੍ਰਦਾਨ ਕੀਤੇ।

### ਇਸਰੋ ਵੱਲੋਂ 'ਸਰਵਿਸ ਮਾਡਿਊਲ ਪ੍ਰੋਪਲਸ਼ਨ ਸਿਸਟਮ'

'ਫਲਾਈਟ ਆਫ-ਨੋਮੀਨਲ ਮਿਸ਼ਨ ਪ੍ਰੋਫਾਈਲ' ਦਾ ਸੰਬੰਧ ਕਿਸੇ ਜਹਾਜ਼ ਦੇ ਉਡਾਣ ਮਾਰਗ ਅਤੇ ਉਸ ਦੀਆਂ ਹੋਰ ਗਤੀਵਿਧੀਆਂ ਨਾਲ ਸੰਬੰਧਤ ਹੈ। ਗਗਨਯਾਨ ਮਿਸ਼ਨ ਭਾਰਤ ਦਾ ਪਹਿਲਾ ਮਨੁੱਖੀ ਪੁਲਾੜ ਉਡਾਣ ਮਿਸ਼ਨ ਹੈ। ਇਸਰੋ ਨੇ ਇਕ ਬਿਆਨ 'ਚ ਕਿਹਾ,"ਪ੍ਰੀਖਣ ਦੌਰਾਨ ਪ੍ਰੋਪਲਸ਼ਨ ਸਿਸਟਮ ਦਾ ਸਮੁੱਚਾ ਪ੍ਰਦਰਸ਼ਨ ਪ੍ਰੀ-ਟੈਸਟ ਭਵਿੱਖਬਾਣੀਆਂ ਅਨੁਸਾਰ ਆਮ ਸੀ।"

### ਅਹਿਮਦਾਬਾਦ ਹਾਦਸਾ ਜਹਾਜ਼ ਦੇ ਦੋਵੇਂ ਇੰਜਨ

ਪ੍ਰਾਪਤ ਕਰਨ ਦਾ ਸਮਾਂ ਨਹੀਂ ਮਿਲਿਆ ਅਤੇ ਜਹਾਜ਼ ਕ੍ਰੈਸ਼ ਹੋ ਗਿਆ। ਹਾਲਾਂਕਿ, ਇਹ ਖੁਲਾਸਾ ਨਹੀਂ ਹੋਇਆ ਹੈ ਕਿ ਫਿਊਲ ਸਵਿੱਚ ਕਿਵੇਂ ਬੰਦ ਹੋਏ ਸਨ। 15 ਪੰਨਿਆਂ ਦੀ ਰਿਪੋਰਟ ਮੁਤਾਬਕ ਉਡਾਣ ਭਰਨ ਤੋਂ ਲੈ ਕੇ ਹਾਦਸੇ ਤੱਕ ਦੀ ਪੂਰੀ ਉਡਾਣ ਸਿਰਫ 30 ਸਕਿੰਟ ਤੱਕ ਚੱਲੀ। ਹੁਣ ਤੱਕ ਰਿਪੋਰਟ ਵਿੱਚ ਬੋਇੰਗ 787-8 ਜਹਾਜ਼ ਅਤੇ ਜੀ.ਈ. ਜੀ.ਟੀ.ਐਨ.ਐਕਸ-12 ਇੰਜਣ ਸੰਬੰਧੀ ਕਿਸੇ ਵੀ ਆਪਰੇਟਰ ਲਈ ਕੋਈ ਚਿਤਾਵਨੀ ਜਾਂ ਕਾਰਵਾਈ ਦੀ ਸਿਫਾਰਿਸ਼ ਨਹੀਂ ਕੀਤੀ ਗਈ ਹੈ। ਨਾਲ ਹੀ ਰਿਪੋਰਟ ਵਿੱਚ ਮੌਸਮ, ਪੰਛੀਆਂ ਨਾਲ ਟਕਰਾਉਣ ਅਤੇ ਤੋੜ-ਫੋੜ ਵਰਗੇ ਕਿਸੇ ਕਾਰਨ ਦਾ ਕੋਈ ਜ਼ਿਕਰ ਨਹੀਂ ਹੈ। ਜਾਂਚ ਵਿੱਚ ਖੁਲਾਸਾ ਹੋਇਆ ਕਿ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋਵੇਂ ਇੰਜਣ ਉਡਾਣ ਭਰਨ ਤੋਂ ਕੁਝ ਸਕਿੰਟਾਂ ਬਾਅਦ ਹੀ ਹਵਾ ਵਿੱਚ ਬੰਦ ਹੋ ਗਏ- ਫਿਊਲ ਕੱਟਆਫ ਸਵਿੱਚ ਸਿਰਫ ਇੱਕ ਸਕਿੰਟ ਵਿੱਚ ਆਰ.ਯੂ.ਐਨ. (ਇੰਜਣ ਚਾਲੂ) ਤੋਂ ਕੱਟਆਫ਼ (ਇੰਜਣ ਬੰਦ) ਵਿੱਚ ਬਦਲ ਗਏ। ਇੰਜਣਾਂ ਨੂੰ ਫਿਊਲ ਮਿਲਣਾ ਬੰਦ ਹੋ ਗਿਆ ਸੀ। ਕਾਕਪਿਟ ਆਡੀਓ ਵੀ ਸਾਹਮਣੇ ਆਇਆ ਹੈ ਜਿਸ ਵਿੱਚ ਇੱਕ ਪਾਇਲਟ ਪੁੱਛਦਾ ਹੈ ਤੁਸੀਂ (ਇੰਜਣ) ਕਿਉਂ ਬੰਦ ਕੀਤੇ? ਦੂਜਾ ਜਵਾਬ ਦਿੰਦਾ ਹੈ, ਮੈਂ ਨਹੀਂ ਕੀਤਾ। ਪਾਇਲਟਾਂ ਨੇ ਇੰਜਣਾਂ ਨੂੰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕੀਤੀ। ਐਨ.1 ਜਾਂ ਇੰਜਣ 1 ਕੁਝ ਹੱਦ ਤੱਕ ਸ਼ੁਰੂ ਹੋ ਗਿਆ ਸੀ। ਪਰ ਇੰਜਣ 2 ਕ੍ਰੈਸ਼ ਹੋਣ ਤੋਂ ਪਹਿਲਾਂ ਸ਼ੁਰੂ ਨਹੀਂ ਹੋ ਸਕਿਆ। ਜਹਾਜ਼ ਸਿਰਫ਼ 32 ਸਕਿੰਟਾਂ ਲਈ ਹਵਾ ਵਿੱਚ ਸੀ। ਫਿਊਲ ਜਾਂਚ ਵਿੱਚ ਪਾਇਆ ਗਿਆ ਕਿ ਫਿਊਲ ਵਿੱਚ ਕੋਈ ਸਮੱਸਿਆ ਨਹੀਂ ਸੀ। ਥ੍ਰਸਟ ਲੀਵਰ ਪੂਰੀ ਤਰ੍ਹਾਂ ਟੁੱਟ ਗਏ ਸਨ। ਪਰ ਬਲੈਕ ਬਾਕਸ ਨੇ ਦਿਖਾਇਆ ਕਿ ਉਸ ਸਮੇਂ ਟੇਕਆਫ ਥ੍ਰਸਟ ਚਾਲੂ ਸੀ, ਜੋ ਕਿ ਡਿਸਕਨੈਕਟ ਹੋਣ ਦਾ ਸੰਕੇਤ ਦਿੰਦਾ ਹੈ। ਜਹਾਜ਼ ਦੇ ਇੰਜਣ ਦੀ ਸ਼ਕਤੀ ਥ੍ਰਸਟ ਲੀਵਰ ਰਾਹੀਂ ਕੰਟਰੋਲ ਕੀਤੀ ਜਾਂਦੀ ਹੈ। ਫਲੈਪ ਸੈਟਿੰਗ (5 ਡਿਗਰੀ) ਅਤੇ ਗੇਅਰ (ਡਾਊਨ) ਟੇਕਆਫ ਲਈ ਆਮ ਸਨ। ਪੰਛੀਆਂ ਨਾਲ ਟਕਰਾਉਣ ਦੀ ਕੋਈ ਸਮੱਸਿਆ ਨਹੀਂ ਸੀ। ਅਸਮਾਨ ਪੂਰੀ ਤਰ੍ਹਾਂ ਸਾਫ਼ ਸੀ। ਵਿਜ਼ੀਬਿਲਟੀ ਵੀ ਠੀਕ ਸੀ। ਤੂਫਾਨ ਵਰਗੀ ਕੋਈ ਸਥਿਤੀ ਨਹੀਂ ਸੀ। ਦੋਵੇਂ ਪਾਇਲਟ ਮੈਡੀਕਲੀ ਫਿੱਟ ਸਨ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਸੀ। ਪਾਇਲਟ ਇਨ ਕਮਾਂਡ ਕੋਲ 15 ਹਜ਼ਾਰ ਘੰਟੇ ਅਤੇ ਸਹਿ-ਪਾਇਲਟ ਕੋਲ 3400 ਘੰਟੇ ਉਡਾਣ ਦਾ ਤਜਰਬਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਇੱਕ ਮੁੱਢਲੀ ਜਾਂਚ ਹੈ, ਇਹ ਅਜੇ ਵੀ ਚੱਲ ਰਹੀ ਹੈ। ਇਸ ਸਮੇਂ, ਬੋਇੰਗ ਜਹਾਜ਼ ਕੰਪਨੀ ਜਾਂ ਇੰਜਣ ਨਿਰਮਾਤਾ ਜਨਰਲ ਇਲੈਕਟ੍ਰਿਕ (ਜੀ.ਈ.) ਨੂੰ ਕੋਈ ਸਲਾਹ ਜਾਰੀ ਨਹੀਂ ਕੀਤੀ ਜਾ ਰਹੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਿਵੇਂ ਹੀ ਇੰਜਣ ਬੰਦ ਹੁੰਦਾ ਹੈ, ਰਾਮ ਏਅਰ ਟਰਬਾਈਨ (ਆਰ.ਏ.ਟੀ.) ਖੁੱਲ੍ਹ ਜਾਂਦੀ ਹੈ। ਇਹ ਇੱਕ ਛੋਟਾ ਪ੍ਰੋਪੈਲਰ ਵਰਗਾ ਯੰਤਰ ਹੈ। ਇਹ ਹਵਾ ਦੀ ਰਫਤਾਰ ਨਾਲ ਘੁੰਮਦਾ ਹੈ ਅਤੇ ਬਿਜਲੀ ਅਤੇ ਹਾਈਡ੍ਰੌਲਿਕ ਪਾਵਰ ਪੈਦਾ ਕਰਦਾ ਹੈ। ਖਾਸ ਕਰਕੇ ਜਦੋਂ ਜਹਾਜ਼ ਦੀ ਮੁੱਖ ਸ਼ਕਤੀ ਕੱਟ ਜਾਂਦੀ ਹੈ, ਜਾਂ ਹਾਈਡ੍ਰੌਲਿਕ ਸਿਸਟਮ ਫੇਲ੍ਹ ਹੋ ਜਾਂਦਾ ਹੈ। ਆਰ.ਏ.ਟੀ. ਜਹਾਜ਼ ਨੂੰ ਘੱਟੋ-ਘੱਟ ਨੇਵੀਗੇਸ਼ਨ ਅਤੇ ਕੰਟਰੋਲ ਸਿਸਟਮ ਨੂੰ ਕੁਝ ਹੱਦ ਤੱਕ ਚਾਲੂ ਰੱਖਣ ਵਿੱਚ ਮਦਦ ਕਰਦਾ ਹੈ।

**ਫਲਾਈਟ ਨੂੰ ਕੈਪਟਨ ਨਹੀਂ, ਸਗੋਂ ਉਡਾ ਰਿਹਾ ਸੀ ਸਹਿ-ਪਾਇਲਟ** : ਏਅਰ ਇੰਡੀਆ ਫਲਾਈਟ ਏ.ਆਈ.171 ਦੇ ਭਿਆਨਕ ਹਾਦਸੇ ਦੀ ਸ਼ੁਰੂਆਤੀ 15 ਪੰਨਿਆਂ ਦੀ ਜਾਂਚ ਰਿਪੋਰਟ ਸ਼ਨੀਵਾਰ ਨੂੰ ਜਾਰੀ ਕੀਤੀ ਗਈ, ਜਿਸ ਨੇ 12 ਜੂਨ ਨੂੰ ਅਹਿਮਦਾਬਾਦ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਕੁਝ ਸਕਿੰਟਾਂ ਬਾਅਦ ਵਾਪਰੇ ਹਾਦਸੇ ਦੀ ਪਹਿਲੀ ਅਧਿਕਾਰਤ ਰੂਪ-ਰੇਖਾ ਦਿੱਤੀ। ਇਸ ਹਾਦਸੇ 'ਚ ਜਹਾਜ਼ 'ਚਸਵਾਰ 241 ਲੋਕਾਂ ਦੀ ਜਾਨ ਚਲੀ ਗਈ। ਬੋਇੰਗ 787 ਡ੍ਰੀਮਲਾਈਨਰ ਉਡਾਣ ਭਰਨ ਤੋਂ ਤੁਰੰਤ ਬਾਅਦ ਅਹਿਮਦਾਬਾਦ ਦੇ ਬੀਜੇ ਮੈਡੀਕਲ ਕਾਲਜ ਦੇ ਹੋਸਟਲ ਮੈੱਸ ਸਹੂਲਤ ਵਿੱਚ ਹਾਦਸਾਗ੍ਰਸਤ ਹੋ ਗਿਆ। ਰਿਪੋਰਟ ਵਿੱਚ ਇਹ ਮਹੱਤਵਪੂਰਨ ਤੱਥ ਸਾਹਮਣੇ ਆਇਆ ਹੈ ਕਿ ਹਾਦਸੇ ਦੇ ਸਮੇਂ ਸਹਿ-ਪਾਇਲਟ ਜਹਾਜ਼ ਉਡਾ ਰਿਹਾ ਸੀ, ਜਦੋਂ ਕਿ ਕੈਪਟਨ ਇੱਕ ਸੁਪਰਵਾਈਜ਼ਰ ਦੀ ਭੂਮਿਕਾ ਵਿੱਚ ਸੀ। ਇੱਕ ਜਹਾਜ਼ ਵਿੱਚ ਦੋ ਪਾਇਲਟ ਹਨ - ਇੱਕ ਪਾਇਲਟ ਉਡਾਣ ਦਾ ਕੰਟਰੋਲ (ਪਾਇਲਟ ਫਲਾਇੰਗ) ਵਿੱਚ ਹੈ, ਜਦੋਂ ਕਿ ਦੂਜਾ ਪਾਇਲਟ ਨਿਗਰਾਨੀ (ਪਾਇਲਟ ਨਿਗਰਾਨੀ) ਕਰਦਾ ਹੈ। ਇਸ ਮਾਮਲੇ ਵਿੱਚ 32 ਸਾਲਾ ਸਹਿ-ਪਾਇਲਟ ਨੂੰ ਟੇਕਆਫ ਤੇ ਸ਼ੁਰੂਆਤੀ ਚੜ੍ਹਾਈ ਦੌਰਾਨ ਜਹਾਜ਼ ਉਡਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਦੋਂ ਕਿ ਤਜਰਬੇਕਾਰ 56 ਸਾਲਾ ਕੈਪਟਨ ਨੇ ਸਿਸਟਮ ਅਤੇ ਰੇਡੀਓ ਸੰਚਾਰ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਸੰਭਾਲੀ। ਦੋਵੇਂ ਪਾਇਲਟ ਪੂਰੀ ਤਰ੍ਹਾਂ ਤੰਦਰੁਸਤ ਅਤੇ ਲਾਇਸੈਂਸਸ਼ੁਦਾ ਸਨ।

### ਮਾਨ ਵੱਲੋਂ ਸੂਬੇ 'ਚ ਸ਼ੇਰ-ਏ-ਪੰਜਾਬ ਮਹਾਰਾਜਾ

ਜਾਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਲਪਨਾ ਕੀਤੀ ਕਿ ਇਹ ਲੀਗ ਪੰਜਾਬ ਭਰ ਦੇ ਕ੍ਰਿਕਟਰਾਂ ਦੀ ਅੰਦਰੂਨੀ ਸਮਰੱਥਾ ਨੂੰ ਬਾਹਰ ਲਿਆਉਣ ਵਿੱਚ ਵੀ ਮਦਦ ਕਰੇਗੀ, ਜਿਸ ਨਾਲ ਇਸ ਖੇਡ ਨੂੰ ਵੱਡਾ ਹੁਲਾਰਾ ਮਿਲੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਖਿਡਾਰੀ ਜਿਵੇਂ ਕਿ ਹਰਭਜਨ ਸਿੰਘ (ਸੰਸਦ ਮੈਂਬਰ), ਸ਼ੁਭਮਨ ਗਿੱਲ, ਅਰਸ਼ਦੀਪ ਸਿੰਘ ਅਤੇ ਹੋਰ ਪਹਿਲਾਂ ਹੀ ਕ੍ਰਿਕਟ ਦੇ ਖੇਤਰ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਦੇਸ ਦਾ ਨਾਮ ਰੌਸ਼ਨ ਕਰ ਚੁੱਕੇ ਹਨ ਜਾਂ ਕਰ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਖਿਡਾਰੀਆਂ ਨੂੰ ਆਪਣੀਆਂ ਯੋਗਤਾਵਾਂ ਦਾ ਪ੍ਰਦਰਸ਼ਨ ਕਰਨ ਲਈ ਮਜ਼ਬੂਤ ਪਲੇਟਫਾਰਮ ਪ੍ਰਦਾਨ ਕੀਤਾ ਜਾਵੇ ਤਾਂ ਪੰਜਾਬ ਤੋਂ ਅਜਿਹੇ ਹੋਰ ਵੀ ਪ੍ਰਤਿਭਾਸ਼ਾਲੀ ਖਿਡਾਰੀ ਉੱਭਰ ਕੇ ਸਾਹਮਣੇ ਆਉਣਗੇ। ਭਗਵੰਤ ਸਿੰਘ ਮਾਨ ਨੇ ਨਵੀਂ ਚੁਣੀ ਗਈ ਪੀ.ਸੀ.ਏ. ਟੀਮ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਦੌਰਾਨ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਇਹ ਟੀਮ ਪੰਜਾਬ ਵਿੱਚ ਕ੍ਰਿਕਟ ਨੂੰ ਨਵੀਆਂ ਉਚਾਈਆਂ ਤੱਕ ਲੈ ਕੇ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਸੂਬਾ ਸਰਕਾਰ ਮੁੱਲਾਂਪੁਰ ਵਿੱਚ ਮੌਜੂਦਾ ਸਟੇਡੀਅਮ ਤੋਂ ਇਲਾਵਾ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਬਣਾਏਗੀ।

ਭਗਵੰਤ ਸਿੰਘ ਮਾਨ ਨੇ ਮਾਣ ਨਾਲ ਕਿਹਾ ਕਿ ਭਾਰਤੀ ਪੁਰਸ ਅਤੇ ਮਹਿਲਾ ਕ੍ਰਿਕਟ ਟੀਮਾਂ ਦੇ ਕਪਤਾਨ ਪੰਜਾਬ ਤੋਂ ਹਨ। ਉਨ੍ਹਾਂ ਨੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਅਤੇ ਅਥਲੈਟਿਕ ਹੁਨਰ ਨੂੰ ਉਤਸ਼ਾਹਿਤ ਕਰਕੇ ਪੰਜਾਬ ਨੂੰ ਖੇਡਾਂ ਵਿੱਚ ਮੋਹਰੀ ਸੂਬਾ ਬਣਾਉਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

ਇਸ ਦੌਰਾਨ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਜਿਨ੍ਹਾਂ ਵਿੱਚ ਪ੍ਰਧਾਨ ਅਮਰਜੀਤ ਮਹਿਤਾ, ਉਪ ਪ੍ਰਧਾਨ ਦੀਪਕ ਬਾਲੀ, ਸਕੱਤਰ ਕੁਲਵੰਤ ਸਿੰਘ ਵਿਧਾਇਕ ਅਤੇ ਹੋਰ ਸ਼ਾਮਲ ਸਨ, ਨੇ ਭਰੋਸਾ ਦਿੱਤਾ ਕਿ ਐਸੋਸੀਏਸ਼ਨ ਸੂਬੇ ਵਿੱਚ ਕ੍ਰਿਕਟ ਨੂੰ ਵਧੇਰੇ ਉਤਸ਼ਾਹਿਤ ਕਰਨ ਲਈ ਹਰ ਜ਼ਰੂਰੀ ਕਦਮ ਚੁੱਕੇਗੀ।

### ਚੰਡੀਗੜ੍ਹ-ਮਨਾਲੀ ਰਾਸ਼ਟਰੀ ਰਾਜ ਮਾਰਗ

ਸਮਾਂ ਲੱਗ ਸਕਦਾ ਹੈ। ਯਾਤਰੀਆਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਸ਼ਾਸਨ ਨੇ ਕਟੋਲਾ-ਕਮੰਡ ਰੂਟ ਰਾਹੀਂ ਯਾਤਰਾ ਕਰਨ ਦਾ ਸੁਝਾਅ ਦਿੱਤਾ ਹੈ। ਨਾਲ ਹੀ, ਇਸ ਬਾਰਿਸ਼ ਦੇ ਮੌਸਮ ਦੌਰਾਨ ਡਰਾਈਵਰਾਂ ਨੂੰ ਵਾਧੂ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ। ਇਸ ਵੇਲੇ ਸਥਾਨਕ ਪ੍ਰਸ਼ਾਸਨ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਮਲਬਾ ਹਟਾਉਣ ਦਾ ਕੰਮ ਲਗਾਤਾਰ ਜਾਰੀ ਹੈ। ਯਾਤਰੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਬੇਲੋੜੀ ਯਾਤਰਾ ਤੋਂ ਬਚਣ ਅਤੇ ਪ੍ਰਸ਼ਾਸਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ।

### ਭਾਰਤ-ਕੈਨੇਡਾ ਦੇ ਸਬੰਧਾਂ 'ਚ ਸੁਧਾਰ ਦੀ

ਇਹ ਐਲਾਨ ਅਗਸਤ ਦੇ ਅੰਤ ਤੱਕ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਭਾਰਤ ਅਤੇ ਕੈਨੇਡਾ ਦੇ ਦੁਵੱਲੇ ਸਬੰਧ ਉਦੋਂ ਟੁੱਟ ਗਏ, ਜਦੋਂ ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿੱਚ ਬਿਨਾਂ ਸਬੂਤਾਂ ਦੇ ਦੋਸ਼ ਲਗਾਇਆ ਕਿ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੈ। ਭਾਰਤ ਨੇ ਇਸ ਦੋਸ਼ ਨੂੰ 'ਬੇਤੁਕਾ' ਕਰਾਰ ਦਿੰਦੇ ਹੋਏ ਖਾਰਜ ਕਰ ਦਿੱਤਾ ਅਤੇ ਦੋਵਾਂ ਧਿਰਾਂ ਨੇ ਵਪਾਰ ਸੌਦੇ 'ਤੇ ਗੱਲਬਾਤ ਨੂੰ ਰੋਕ ਦਿੱਤਾ, ਕੂਟਨੀਤਕ ਸਬੰਧਾਂ ਨੂੰ ਘਟਾ ਦਿੱਤਾ ਅਤੇ ਇੱਕ ਦੂਜੇ ਦੇ ਦਰਜਨਾਂ ਡਿਪਲੋਮੈਟਾਂ ਨੂੰ ਕੱਢ ਦਿੱਤਾ। ਸਬੰਧਾਂ ਨੂੰ ਮੁੜ ਸਥਾਪਿਤ ਕਰਨ ਦਾ ਫੈਸਲਾ ਉਦੋਂ ਲਿਆ ਗਿਆ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਕੈਨੇਡੀਅਨ ਹਮਰੁਤਬਾ ਮਾਰਕ ਕਾਰਨੀ ਨਾਲ ਪਿਛਲੇ ਮਹੀਨੇ ਕੈਨੇਡੀਅਨ ਰੌਕੀਜ਼ ਦੇ ਇੱਕ ਰਿਜ਼ੋਰਟ, ਕਨਾਨਾਸਕਿਸ ਵਿੱਚ ਜੀ7 ਸੰਮੇਲਨ ਦੇ ਹਾਸ਼ੀਏ 'ਤੇ ਮੁਲਾਕਾਤ ਕੀਤੀ। ਦੋਵੇਂ ਨੇਤਾ ਸਬੰਧਾਂ ਵਿੱਚ ਸਥਿਰਤਾ ਬਹਾਲ ਕਰਨ ਲਈ 'ਕੈਲੀਬ੍ਰੇਟਡ ਅਤੇ ਰਚਨਾਤਮਕ' ਕਦਮਾਂ 'ਤੇ ਸਹਿਮਤ ਹੋਏ ਅਤੇ ਉਸ ਰੀਸੈਟ ਤੋਂ ਬਾਅਦ ਏਪ ਭਾਰਤ ਦੀ ਯਾਤਰਾ ਕਰਨ ਵਾਲੇ ਪਹਿਲੇ ਸੀਨੀਅਰ ਕੈਨੇਡੀਅਨ ਅਧਿਕਾਰੀ ਹੋਣਗੇ। ਉਨ੍ਹਾਂ ਦੇ ਮਲੇਸ਼ੀਆ ਵਿੱਚ ਆਸੀਆਨ ਨਾਲ ਸਬੰਧਤ ਮੀਟਿੰਗਾਂ ਤੋਂ ਬਾਅਦ ਵਧੀਕ ਸਕੱਤਰ (ਅਮਰੀਕਾ) ਕੇ ਨਾਗਰਾਜ ਨਾਇਡੂ ਨਾਲ ਗੱਲਬਾਤ ਲਈ ਭਾਰਤ ਜਾਣ ਦੀ ਉਮੀਦ ਹੈ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

## ਭਾਸ਼ਾਵਾਂ ਦੇ ਚੱਲ ਰਹੇ ਵਿਵਾਦ 'ਚ ਬੋਲੇ ਪਵਨ ਕਲਿਆਣ

# 'ਜੇਕਰ ਤੇਲਗੂ ਮਾਂ ਭਾਸ਼ਾ ਹੈ ਤਾਂ ਹਿੰਦੀ ਮਾਸੀ'

## 'ਦੱਖਣ ਦੀਆਂ ਫ਼ਿਲਮਾਂ ਨੂੰ ਹਿੰਦੀ ਵਿੱਚ ਡੱਬ ਕਰਕੇ ਬਹੁਤ ਸਾਰਾ ਪੈਸਾ ਕਮਾਇਆ ਜਾਂਦੈ, ਪਰ ਹਿੰਦੀ ਸਿੱਖਣ ਤੋਂ ਇਤਰਾਜ਼ ਹੁੰਦੈ'



ਨਵੀਂ ਦਿੱਲੀ, 12 ਜੁਲਾਈ (ਚ.ਨ.ਸ.) : ਆਂਧਰਾ ਪ੍ਰਦੇਸ਼ ਦੇ ਡਿਪਟੀ ਸੀਐਮ ਅਤੇ ਜਨਸੇਨਾ ਪਾਰਟੀ ਦੇ ਮੁਖੀ ਪਵਨ ਕਲਿਆਣ ਨੇ ਕਿਹਾ ਕਿ ਜੇਕਰ ਤੇਲਗੂ ਭਾਸ਼ਾ ਸਾਡੀ ਮਾਂ ਵਰਗੀ ਹੈ, ਤਾਂ ਹਿੰਦੀ ਸਾਡੀ ਮਾਸੀ ਵਰਗੀ ਹੈ। ਹਿੰਦੀ ਸਿੱਖਣ ਨਾਲ ਖੇਤਰੀ ਪਛਾਣ ਨੂੰ ਖ਼ਤਰਾ ਨਹੀਂ ਹੁੰਦਾ। ਇਹ ਭਾਰਤ ਨੂੰ ਇਕਜੁੱਟ ਕਰਦੀ ਹੈ। ਇਸ ਨੂੰ ਇੱਕ ਨਵੇਂ ਮੌਕੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਪਵਨ ਕਲਿਆਣ ਨੇ ਇਹ ਵੀ ਕਿਹਾ ਕਿ ਦੱਖਣ ਦੀਆਂ ਫ਼ਿਲਮਾਂ ਨੂੰ ਹਿੰਦੀ ਵਿੱਚ ਡੱਬ ਕਰਕੇ ਬਹੁਤ ਪੈਸਾ ਕਮਾਇਆ ਜਾਂਦਾ ਹੈ ਪਰ ਇਸ ਭਾਸ਼ਾ ਨੂੰ ਸਿੱਖਣ 'ਤੇ ਇਤਰਾਜ਼ ਹੈ। ਇਹ ਕਿਸ ਤਰ੍ਹਾਂ ਦਾ ਦੋਹਰਾ ਮਾਪਦੰਡ ਹੈ? ਪਵਨ ਕਲਿਆਣ ਸ਼ੁੱਕਰਵਾਰ ਨੂੰ ਹੈਦਰਾਬਾਦ ਵਿੱਚ ਸਰਕਾਰੀ ਭਾਸ਼ਾਵਾਂ ਵਿਭਾਗ ਦੇ ਦੱਖਣ ਸੰਵਾਦ ਗੋਲਡਨ ਜੁਬਲੀ ਸਮਾਰੋਹ ਵਿੱਚ ਬੋਲ ਰਹੇ ਸਨ। ਪਵਨ ਨੇ ਕਿਹਾ ਕਿ ਖੇਤਰੀ ਭਾਸ਼ਾਵਾਂ ਮਹੱਤਵਪੂਰਨ ਹਨ। ਪਰ ਹਿੰਦੀ ਭਾਰਤ ਦੇ ਵੱਖ-ਵੱਖ ਹਿੱਸਿਆਂ ਨੂੰ ਜੋੜਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਕੇਂਦਰੀ ਮੰਤਰੀ ਕਿਸ਼ਨ ਰੈਡੀ ਨੇ ਕਿਹਾ- ਹਿੰਦੀ ਦਾ ਵਿਰੋਧ ਰਾਜਨੀਤੀ ਤੋਂ ਪ੍ਰੇਰਿਤ ਹੈ।

ਇਸ ਪ੍ਰੋਗਰਾਮ ਵਿੱਚ ਕੇਂਦਰੀ ਮੰਤਰੀ ਜੀ ਕਿਸ਼ਨ ਰੈਡੀ ਨੇ ਵੀ ਹਿੱਸਾ ਲਿਆ। ਉਨ੍ਹਾਂ ਕਿਹਾ- ਜੋ ਲੋਕ ਹਿੰਦੀ ਦੇ ਵਿਰੁੱਧ ਬੋਲਦੇ ਹਨ ਅਤੇ ਹਿੰਦੀ ਦਾ ਵਿਰੋਧ ਕਰਦੇ ਹਨ, ਇਹ ਭਾਸ਼ਾ ਨਾਲ ਸਬੰਧਤ ਅੰਦੋਲਨ ਨਹੀਂ ਹੈ। ਇਹ ਭਾਸ਼ਾ ਨਾਲ ਸਬੰਧਤ ਕੋਈ ਅੰਦੋਲਨ ਨਹੀਂ ਹੈ। ਇਹ ਇੱਕ ਰਾਜਨੀਤਿਕ ਅੰਦੋਲਨ ਹੈ। ਇਹ ਵੋਟ ਬੈਂਕ ਦੀ ਰਾਜਨੀਤੀ ਹੈ।

## ਜੈਸ਼ੰਕਰ ਐਸ.ਸੀ.ਓ. ਦੀ ਮੀਟਿੰਗ ਲਈ ਅਗਲੇ ਹਫ਼ਤੇ ਜਾਣਗੇ ਚੀਨ

ਬੀਜਿੰਗ, 12 ਜੁਲਾਈ (ਚ.ਨ.ਸ.): ਬੀਜਿੰਗ : ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਗਲੇ ਹਫ਼ਤੇ ਚੀਨ ਦੇ ਸ਼ਹਿਰ ਤਿਆਨਜਿਨ ਵਿੱਚ ਐਸਸੀਓ ਬਲਾਕ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਚੀਨ ਦੀ ਯਾਤਰਾ ਕਰਨਗੇ, ਸ਼ਨੀਵਾਰ ਨੂੰ ਇੱਥੇ ਇੱਕ ਅਧਿਕਾਰਤ ਐਲਾਨ ਵਿੱਚ ਕਿਹਾ ਗਿਆ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੱਲੋਂ ਸ਼ਨੀਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਐਸਸੀਓ ਦੇ ਵਿਦੇਸ਼ ਮੰਤਰੀਆਂ ਦੀ ਪ੍ਰੀਸ਼ਦ ਦੀ ਮੀਟਿੰਗ 15 ਜੁਲਾਈ ਨੂੰ ਤਿਆਨਜਿਨ ਵਿੱਚ ਹੋਵੇਗੀ।

ਇਹ ਦੌਰਾ ਭਾਰਤ ਲਈ ਮਹੱਤਵਪੂਰਨ ਹੋਵੇਗਾ ਅਤੇ ਇਸ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੁਆਂਢੀ ਦੇਸ਼ ਦੇ ਦੌਰੇ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਉਮੀਦ ਹੈ। ਐਸਸੀਓ ਨੇਤਾਵਾਂ ਦਾ ਸੰਮੇਲਨ ਅਗਸਤ ਵਿੱਚ ਹੋਣ ਵਾਲਾ ਹੈ, ਹਾਲਾਂਕਿ, ਪ੍ਰਧਾਨ ਮੰਤਰੀ ਮੋਦੀ ਦੇ ਚੀਨ ਦੌਰੇ ਦੀ ਅਧਿਕਾਰਤ ਪੁਸ਼ਟੀ ਅਜੇ ਵੀ ਉਡੀਕੀ ਜਾ ਰਹੀ ਹੈ।ਬੁਲਾਰੇ ਨੇ ਦੱਸਿਆ ਕਿ ਐੱਸਸੀਓ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਇਲਾਵਾ, ਜੈਸ਼ੰਕਰ ਚੀਨ ਦਾ ਦੌਰਾ ਵੀ ਕਰਨਗੇ, ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ਚੀਨ ਦੀ ਕਮਿਊਨਿਸਟ ਪਾਰਟੀ ਦੇ ਰਾਜਨੀਤਿਕ ਬਿਊਰੋ ਦੇ ਮੈਂਬਰ ਅਤੇ ਵਿਦੇਸ਼ ਮੰਤਰੀ ਵਾਂਗ ਯੀ ਦੇ ਸੱਦੇ 'ਤੇ, ਐੱਸਸੀਓ ਦੇ ਹੋਰ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀ ਅਤੇ ਬਲਾਕ ਦੀਆਂ ਸਥਾਈ ਸੰਸਥਾਵਾਂ ਦੇ ਮੁਖੀ ਮੀਟਿੰਗ ਵਿੱਚ ਸ਼ਾਮਲ ਹੋਣਗੇ।

# ਦ੍ਰੌਪਦੀ ਮੁਰਮੂ ਨੇ ਦੇਖੀ ਫ਼ਿਲਮ 'ਤਨਵੀ ਦ ਗ੍ਰੇਟ'

## ਇਹ ਸਾਡੇ ਲਈ ਮਾਣ ਵਾਲੀ ਗੱਲ : ਅਨੁਪਮ ਖੇਰ



ਨਵੀਂ ਦਿੱਲੀ, 12 ਜੁਲਾਈ (ਚ.ਨ.ਸ.) : ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਅਤੇ ਫਿਲਮ ਨਿਰਮਾਤਾ ਅਨੁਪਮ ਖੇਰ ਨੇ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਫਿਲਮ 'ਤਨਵੀ ਦਿ ਗ੍ਰੇਟ' ਦੇਖੀ। ਸ਼ੁੱਕਰਵਾਰ ਨੂੰ ਰਾਸ਼ਟਰਪਤੀ ਭਵਨ ਵਿਖੇ ਫਿਲਮ 'ਤਨਵੀ ਦਿ ਗ੍ਰੇਟ' ਦੀ ਵਿਸ਼ੇਸ਼ ਸਕ੍ਰੀਨਿੰਗ ਰੱਖੀ ਗਈ ਸੀ। ਇਸ ਮੌਕੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੇ ਨਾਲ ਫਿਲਮ ਦੀ ਸਟਾਰ ਕਾਸਟ ਵੀ ਸ਼ਾਮਲ ਹੋਈ, ਜਿਸ ਵਿੱਚ ਅਨੁਪਮ ਖੇਰ, ਬੋਮਨ ਈਰਾਨੀ, ਕਰਨ ਟੈਕਰ ਅਤੇ ਸ਼ੁਭਾਂਗੀ ਸ਼ਾਮਲ ਸਨ। ਫਿਲਮ 'ਤਨਵੀ ਦਿ ਗ੍ਰੇਟ' ਦੇ ਨਿਰਦੇਸ਼ਨ ਤੋਂ ਇਲਾਵਾ, ਅਨੁਪਮ ਖੇਰ ਨੇ ਇਸ ਵਿੱਚ ਅਦਾਕਾਰੀ ਵੀ ਕੀਤੀ ਹੈ।ਅਨੁਪਮ ਖੇਰ ਨੇ ਆਪਣੇ ਇੰਸਟਾਗ੍ਰਾਮ 'ਤੇ ਵਿਸ਼ੇਸ਼ ਸਕ੍ਰੀਨਿੰਗ ਦੀਆਂ ਫੋਟੋਆਂ ਸਾਂਝੀਆਂ ਕੀਤੀਆਂ। ਇਸਦੀ ਕੈਪਸ਼ਨ ਵਿੱਚ, ਉਨ੍ਹਾਂ ਲਿਖਿਆ, ਇਹ ਸਾਡੇ ਲਈ ਮਾਣ ਦਾ ਸਭ ਤੋਂ ਵੱਡਾ ਪਲ ਸੀ ਕਿ ਦੇਸ਼ ਦੀ ਰਾਸ਼ਟਰਪਤੀ ਅਤੇ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਸੁਪਰੀਮ ਕਮਾਂਡਰ ਨੇ ਸਾਡੀ ਫਿਲਮ ਦੇਖੀ ਅਤੇ ਅੰਤ ਵਿੱਚ ਇਸਦੀ ਪ੍ਰਸ਼ੰਸਾ ਕੀਤੀ। ਇਹ ਇੱਕ ਸੁਪਨੇ ਦੇ ਸੱਚ ਹੋਣ ਵਰਗਾ ਸੀ। ਇੱਕ ਨਿਰਦੇਸ਼ਕ ਦੇ ਤੌਰ 'ਤੇ, ਦੇਸ਼ ਦੇ ਸਭ ਤੋਂ ਉੱਚੇ ਅਹੁਦੇ ਤੋਂ ਅਜਿਹਾ ਸਮਰਥਨ ਪ੍ਰਾਪਤ ਕਰਨਾ ਸੱਚਮੁੱਚ ਮੇਰੇ ਲਈ ਕੁਝ ਵੀ ਹੋ ਸਕਦਾ ਹੈ, ਵਾਲਾ ਪਲ ਹੈ। ਨਿਰਦੇਸ਼ਨ ਅਤੇ ਕਹਾਣੀ ਅਨੁਪਮ ਖੇਰ ਦੀ ਹੈ। ਇਸ ਫਿਲਮ ਦਾ ਨਿਰਮਾਣ ਅਨੁਪਮ ਖੇਰ ਸਟੂਡੀਓਜ਼ ਦੁਆਰਾ NFDC (ਨੈਸ਼ਨਲ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ) ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਇਹ ਫਿਲਮ 18 ਜੁਲਾਈ ਨੂੰ ਰਿਲੀਜ਼ ਹੋਵੇਗੀ।

# ਸੁਪਰੀਮ ਕੋਰਟ ਭਲਕੇ ਨੂੰ ਕੌਮੀ ਝੰਡੇ ਦੀ ਸਿਆਸੀ ਜਾਂ ਧਾਰਮਿਕ ਉਦੇਸ਼ਾਂ ਲਈ ਵਰਤੋਂ ਰੋਕਣ ਬਾਰੇ ਪਟੀਸ਼ਨ 'ਤੇ ਸੁਣਵਾਈ ਕਰੇਗੀ



ਨਵੀਂ ਦਿੱਲੀ, 12 ਜੁਲਾਈ (ਚ.ਨ.ਸ.) : ਇਕ ਪਟੀਸ਼ਨ ਵਿਚ ਸੁਪਰੀਮ ਕੋਰਟ ਨੂੰ ਕੇਂਦਰ ਅਤੇ ਚੋਣ ਕਮਿਸ਼ਨ ਨੂੰ ਪੱਖਪਾਤੀ ਜਾਂ ਧਾਰਮਿਕ ਉਦੇਸ਼ਾਂ ਲਈ ਕਿਸੇ ਵੀ ਸਿਆਸੀ ਪਾਰਟੀ ਜਾਂ ਧਾਰਮਿਕ ਸਮੂਹ ਨੂੰ ਕੌਮੀ ਝੰਡੇ ਦੀ ਵਰਤੋਂ ਕਰਨ ਤੋਂ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਸੁਪਰੀਮ ਕੋਰਟ ਵੱਲੋਂ 14 ਜੁਲਾਈ ਨੂੰ ਇਸ ਪਟੀਸ਼ਨ 'ਤੇ ਸੁਣਵਾਈ ਕੀਤੀ ਜਾਣੀ ਹੈ।

ਇਸ ਪਟੀਸ਼ਨ ਵਿੱਚ ਸਬੰਧਤ ਅਥਾਰਟੀਆਂ ਨੂੰ ਕੌਮੀ ਸਨਮਾਨ ਦੇ ਅਪਮਾਨ ਨੂੰ ਰੋਕਣ ਐਕਟ, 1971 ਅਤੇ ਭਾਰਤ ਦੇ ਝੰਡਾ ਕੋਡ 2002, ਦੇ ਪ੍ਰਬੰਧਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ, ਕਿ ਕੌਮੀ ਝੰਡੇ ਨਾਲ ਪੂਰੇ ਸਤਿਕਾਰ ਨਾਲ ਪੇਸ਼ ਆਇਆ ਜਾਵੇ।ਇਹ ਪਟੀਸ਼ਨ ਚੀਫ਼ ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇ ਵਿਨੋਦ ਚੰਦਰਨ ਅਤੇ ਐੱਨਵੀ ਅੰਜਾਰੀਆ ਦੇ ਬੈਂਚ ਅੱਗੇ ਸੁਣਵਾਈ ਲਈ ਆਵੇਗੀ।

ਪਟੀਸ਼ਨ ਵਿੱਚ ਕੀਤੀਆਂ ਗਈਆਂ ਬੇਨਤੀਆਂ ਵਿੱਚੋਂ ਇੱਕ ਵਿੱਚ ਕਿਹਾ ਗਿਆ ਹੈ,"ਪ੍ਰਤੀਵਾਦੀਆਂ, ਖਾਸ ਕਰਕੇ ਭਾਰਤ ਸਰਕਾਰ ਅਤੇ ਭਾਰਤ ਦੇ ਚੋਣ ਕਮਿਸ਼ਨ ਨੂੰ ਇੱਕ ਢੁਕਵਾਂ ਰਿੱਟ, ਆਦੇਸ਼ ਜਾਂ ਨਿਰਦੇਸ਼ ਜਾਰੀ ਕੀਤਾ ਜਾਵੇ ਤਾਂ ਜੋ ਕਿਸੇ ਵੀ ਸਿਆਸੀ ਪਾਰਟੀ ਜਾਂ ਧਾਰਮਿਕ ਸਮੂਹ ਨੂੰ ਪੱਖਪਾਤੀ ਜਾਂ ਧਾਰਮਿਕ ਉਦੇਸ਼ਾਂ ਲਈ ਰਾਸ਼ਟਰੀ ਝੰਡੇ ਦੀ ਵਰਤੋਂ ਕਰਨ ਤੋਂ ਰੋਕਣ ਲਈ ਤੁਰੰਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ, ਜਿਸ ਵਿੱਚ ਪਾਰਟੀ ਦੇ ਲੋਗੋ, ਧਾਰਮਿਕ ਚਿੰਨ੍ਹ ਜਾਂ ਲਿਖਤਾਂ ਨੂੰ ਰਾਸ਼ਟਰੀ ਝੰਡੇ 'ਤੇ ਲਗਾਉਣਾ ਸ਼ਾਮਲ ਹੈ, ਪਰ ਇਸ ਤੱਕ ਸੀਮਤ ਨਹੀਂ ਹੈ।"

# ਯੁੱਧ ਨਸ਼ਿਆਂ ਵਿਰੁੱਧ ਦਾ 133ਵਾਂ ਦਿਨ: 707 ਗ੍ਰਾਮ ਹੈਰੋਇਨ ਸਮੇਤ 120 ਨਸ਼ਾ ਤਸਕਰ ਕਾਬੂ

## 'ਡੀ-ਅਡਿਕਸ਼ਨ' ਹਿੱਸੇ ਵਜੋਂ 76 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਕੀਤਾ ਰਾਜ਼ੀ

ਚੰਡੀਗੜ੍ਹ, 12 ਜੁਲਾਈ, (ਚ.ਨ.ਸ.) :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ 'ਯੁੱਧ ਨਸ਼ਿਆਂ ਵਿਰੁੱਧ' ਨੂੰ 133ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 120 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 707 ਗ੍ਰਾਮ ਹੈਰੋਇਨ ਅਤੇ 16,300 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 133 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 21,660 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 85 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 428 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 77 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 472 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 76 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਕੇਂਦਰੀ ਰਾਜ ਮੰਤਰੀ ਕ੍ਰਿਸ਼ਨ ਪਾਲ ਗੁਰਜਰ ਵੱਲੋਂ ਕਪੂਰਥਲਾ ਕੋਚ ਫੈਕਟਰੀ ਵਿਖੇ ਰੋਜ਼ਗਾਰ ਮੇਲੇ 'ਚ ਸ਼ਿਰਕਤ

## ਪ੍ਰਧਾਨ ਮੰਤਰੀ ਨੇ ਵੀਡਿਓ ਕਾਨਫ਼ਰੰਸ ਰਾਹੀਂ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਦਿੱਤੀ ਵਧਾਈ




ਕਪੂਰਥਲਾ, 12 ਜੁਲਾਈ, (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਨਾਗਰਿਕ ਭਲਾਈ ਨੂੰ ਮਜ਼ਬੂਤ ਬਣਾਉਣ ਲਈ ਚਲਾਈ ਗਈ ਮੁਹਿੰਮ ਦੇ ਤਹਿਤ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 12 ਜੁਲਾਈ 2025 ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਰੋਜ਼ਗਾਰ ਮੇਲੇ ਦੀ ਰਾਸ਼ਟਰੀ ਪੱਧਰ 'ਤੇ ਸ਼ੁਰੂਆਤ ਕੀਤੀ ਗਈ। ਇਹ ਵੱਡਾ ਭਰਤੀ ਸਮਾਗਮ ਦੇਸ਼ ਦੇ 47 ਕੇਂਦਰਾਂ 'ਚ ਇੱਕੋ ਸਮੇਂ ਕੀਤਾ ਗਿਆ। ਗੌਰਤਲਬ ਹੈ ਕਿ ਇਸ ਸਮਾਗਮ ਦੌਰਾਨ ਕੇਂਦਰੀ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ ਚੁਣੇ 51,000 ਤੋਂ ਵੱਧ ਨਵੇਂ ਭਰਤੀ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ। ਜਿਸ ਵਿੱਚ ਰੇਲ ਕੋਚ ਫੈਕਟਰੀ, ਕਪੂਰਥਲਾ ਵੀ ਸ਼ਾਮਲ ਸੀ। ਰੇਲ ਕੋਚ ਫੈਕਟਰੀ, ਕਪੂਰਥਲਾ ਵਿਖੇ ਕੇਂਦਰੀ ਰਾਜ ਮੰਤਰੀ ਕ੍ਰਿਸ਼ਨਪਾਲ ਗੁਜਰ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਅਤੇ ਕੇਂਦਰ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿਚ ਚੁਣੇ ਗਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੀ ਵੰਡੇ ਗਏ। ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਜਰਨਲ ਮੈਨੇਜਰ ਐਸ.ਐਸ. ਮਿਸ਼ਰ ਵਲੋਂ ਮਾਨਯੋਗ ਕੇਂਦਰੀ ਮੰਤਰੀ ਦਾ ਸਵਾਗਤ ਕੀਤਾ ਗਿਆ।

ਇਸ ਸਮਾਗਮ ਦੌਰਾਨ ਕੇਂਦਰੀ ਰਾਜ ਮੰਤਰੀ ਕ੍ਰਿਸ਼ਨਪਾਲ ਗੁਜਰ ਵੱਲੋਂ ਨੌਜਵਾਨਾਂ ਨੂੰ ਸੰਬੋਧਿਤ ਹੁੰਦਿਆਂ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਰੋਜ਼ਗਾਰ ਮੇਲੇ ਦੇ ਜਰੀਏ ਹੁਣ ਤੱਕ 10 ਲੱਖਾਂ ਤੋਂ ਵੱਧ ਨਿਯੁਕਤੀ ਪੱਤਰ ਵੰਡੇ ਜਾ ਚੁੱਕੇ ਹਨ। ਇਸ ਮੌਕੇ ਕੇਂਦਰੀ ਰਾਜ ਮੰਤਰੀ ਕ੍ਰਿਸ਼ਨਪਾਲ ਗੁਜਰ ਵੱਲੋਂ ਰੇਲ ਕੋਚ ਫੈਕਟਰੀ, ਕਪੂਰਥਲਾ ਵਿੱਚ 64 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੀ ਸੌਂਪੇ ਗਏ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਰੋਜ਼ਗਾਰ ਮੇਲੇ ਦੌਰਾਨ ਵੱਖ ਵੱਖ ਵਿਭਾਗਾਂ ਵਿਚ ਨਿਯੁਕਤ ਹੋਏ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਅਤੇ ਇਹ ਰੋਜ਼ਗਾਰ ਮੇਲਾ ਆਉਣ ਵਾਲੇ ਸਮੇਂ ਵਿਚ ਇੱਕ ਉਤਪ੍ਰੇਰਕ ਦੇ ਰੂਪ ਵਿਚ ਕਾਰਜ ਕਰੇਗਾ।

ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਰੋਜ਼ਗਾਰ ਮੇਲੇ ਨੂੰ ਸੰਬੋਧਨ ਕੀਤਾ ਅਤੇ ਵੀਡੀਓ ਕਾਨਫਰੰਸਿੰਗ ਰਾਹੀਂ ਇਕੱਠ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅੱਜ ਭਾਰਤ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਇਨ੍ਹਾਂ ਨੌਜਵਾਨਾਂ ਲਈ ਨਵੀਆਂ ਜ਼ਿੰਮੇਵਾਰੀਆਂ ਦੀ ਸ਼ੁਰੂਆਤ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਆਪਣੀ ਸੇਵਾ ਸ਼ੁਰੂ ਕਰਨ 'ਤੇ ਵਧਾਈ ਦਿੱਤੀ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੱਖ-ਵੱਖ ਭੂਮਿਕਾਵਾਂ ਦੇ ਬਾਵਜੂਦ, ਉਨ੍ਹਾਂ ਦਾ ਸਾਂਝਾ ਟੀਚਾ ਰਾਸ਼ਟਰੀ ਸੇਵਾ ਹੈ, ਜੋ 'ਨਾਗਰਿਕ ਪਹਿਲਾਂ' ਦੇ ਸਿਧਾਂਤ ਦੁਆਰਾ ਨਿਰਦੇਸ਼ਤ ਹੈ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਆਈ ਗੋਟ (iGOT) ਪਲੇਟਫਾਰਮ 'ਤੇ ਜਾ ਕੇ ਆਪਣੇ ਆਪ ਨੂੰ ਲਗਾਤਾਰ ਅਪਗ੍ਰੇਡ ਕਰਦੇ ਰਹੋ। ਇੱਕ ਵਾਰ ਜਦੋਂ ਤੁਹਾਨੂੰ ਕੋਈ ਸਥਾਨ ਮਿਲ ਜਾਂਦਾ ਹੈ, ਤਾਂ ਚੁੱਪ ਨਾ ਬੈਠੋ, ਵੱਡੇ ਸੁਪਨੇ ਦੇਖੋ, ਬਹੁਤ ਦੂਰ ਜਾਣ ਬਾਰੇ ਸੋਚੋ, ਕੰਮ ਕਰਕੇ, ਨਵੀਆਂ ਚੀਜ਼ਾਂ ਸਿੱਖ ਕੇ, ਨਵੇਂ ਨਤੀਜੇ ਲਿਆ ਕੇ ਤਰੱਕੀ ਕਰੋ। ਤੁਹਾਡੀ ਤਰੱਕੀ ਵਿੱਚ ਦੇਸ਼ ਦਾ ਮਾਣ ਹੈ, ਤੁਹਾਡੀ ਤਰੱਕੀ ਵਿੱਚ ਸੰਤੁਸ਼ਟੀ ਹੈ।

# ਸ਼ਹੀਦ ਊਧਮ ਸਿੰਘ ਨੂੰ ਸੁਨਾਮ ਵਿਖੇ ਸ਼ਰਧਾਂਜਲੀ ਭੇਟ ਕਰਨਗੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ

## ਅਮਨ ਅਰੋੜਾ ਦੀ ਅਗਵਾਈ ਵਾਲੇ ਵਫ਼ਦ ਨੇ ਪਾਰਟੀ ਦੇ ਕੌਮੀ ਕਨਵੀਨਰ ਨੂੰ ਸ਼ਹੀਦੀ ਦਿਵਸ ਮੌਕੇ ਸ਼ਮੂਲੀਅਤ ਦਾ ਦਿੱਤਾ ਸੱਦਾ

ਚੰਡੀਗੜ੍ਹ, 12 ਜੁਲਾਈ, (ਚ.ਨ.ਸ.) : ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਅੱਜ ਨਵੀਂ ਦਿੱਲੀ ਵਿਖੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 31 ਜੁਲਾਈ ਨੂੰ ਸੁਨਾਮ ਵਿਖੇ ਸ. ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਕਰਵਾਏ ਜਾ ਰਹੇ ਸਮਾਗਮ ਵਿੱਚ ਪਹੁੰਚ ਕੇ, ਇਸ ਮਹਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਨਿੱਘਾ ਸੱਦਾ ਦਿੱਤਾ।



ਅਮਨ ਅਰੋੜਾ ਦੀ ਅਗਵਾਈ ਵਾਲੇ ਵਫ਼ਦ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪੰਜਾਬ ਅਤੇ ਦੇਸ਼ ਲਈ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ। ਇਸ ਵਫ਼ਦ ਵਿੱਚ ਵਿਧਾਇਕ ਦਵਿੰਦਰ ਸਿੰਘ ਲਾਡੀ ਢੋਸ, ਫੌਜਾ ਸਿੰਘ ਸਰਾਰੀ, ਰਜਨੀਸ਼ ਦਹੀਆ, ਗੁਰਲਾਲ ਘਨੌਰ, ਜਗਦੀਪ ਗੋਲਡੀ ਕੰਬੋਜ, ਮੁਹੰਮਦ ਜਮੀਲ ਉਰ ਰਹਿਮਾਨ, ਰਜਿੰਦਰਪਾਲ ਕੌਰ ਛੀਨਾ, ਨੀਨਾ ਮਿੱਤਲ, ਨਰੇਸ਼ ਕਟਾਰੀਆ, ਨਰਿੰਦਰ ਕੌਰ ਭਰਾਜ ਅਤੇ ਚੇਤਨ ਸਿੰਘ ਜੌੜੇਮਾਜਰਾ ਅਤੇ ਪੰਜਾਬ ਬੀ.ਸੀ. ਕਮਿਸ਼ਨ ਦੇ ਚੇਅਰਮੈਨ ਡਾ. ਮਲਕੀਤ ਸਿੰਘ ਥਿੰਦ ਸ਼ਾਮਲ ਸਨ।

ਅਮਨ ਅਰੋੜਾ ਨੇ 'ਆਪ' ਦੇ ਕੌਮੀ ਕਨਵੀਨਰ ਨੂੰ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ਹੀਦ ਊਧਮ ਸਿੰਘ ਦੀ ਜਨਮ ਭੂਮੀ ਸੁਨਾਮ ਊਧਮ ਸਿੰਘ ਵਾਲਾ ਵਿਖੇ ਇੱਕ ਰਾਜ ਪੱਧਰੀ ਸਮਾਗਮ ਕਰਵਾਇਆ ਜਾਵੇਗਾ। ਦੱਸਣਯੋਗ ਹੈ ਕਿ ਮਹਾਨ ਇਨਕਲਾਬੀ ਅਤੇ ਆਜ਼ਾਦੀ ਘੁਲਾਟੀਏ ਸ਼ਹੀਦ ਊਧਮ ਸਿੰਘ, ਜਿਨ੍ਹਾਂ ਨੂੰ ਜਲ੍ਹਿਆਂਵਾਲਾ ਬਾਗ਼ ਦੇ ਕਤਲੇਆਮ ਦਾ ਬਦਲਾ ਲੈਣ ਲਈ ਲੰਡਨ ਵਿੱਚ ਜਾ ਕੇ ਮਾਈਕਲ ਓ'ਡਵਾਇਰ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਇੱਕ ਮਹਾਨ ਯੋਧੇ ਵਜੋਂ ਜਾਣਿਆ ਜਾਂਦਾ ਹੈ, ਦੇ ਸ਼ਹੀਦੀ ਦਿਵਸ ਨੂੰ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਵੇਗਾ।

ਅਰਵਿੰਦ ਕੇਜਰੀਵਾਲ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਉਹ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ ਊਧਮ ਸਿੰਘ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਸਿਜਦਾ ਕਰਨ ਲਈ ਜ਼ਰੂਰ ਆਉਣਗੇ।

ਅਰੋੜਾ ਦੀ ਅਗਵਾਈ ਵਾਲੇ ਵਫ਼ਦ ਨੇ ਸੱਦਾ ਸਵੀਕਾਰਨ ਲਈ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਵਜੋਂ ਸ਼ਹੀਦ ਊਧਮ ਸਿੰਘ ਦੀ ਤਸਵੀਰ ਭੇਟ ਕੀਤੀ।

ਅਮਨ ਅਰੋੜਾ ਨੇ ਕਿਹਾ ਕਿ ਇਸ ਮੌਕੇ ਪੰਜਾਬ ਸਰਕਾਰ ਵੱਲੋਂ ਸੁਨਾਮ ਊਧਮ ਸਿੰਘ ਵਾਲਾ ਦੇ ਵਸਨੀਕਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ।

# ਪੀ.ਐਮ.ਜੀ.ਐਸ.ਵਾਈ. ਸਕੀਮ ਅਧੀਨ ਸੜਕ ਅਪਗ੍ਰੇਡੇਸ਼ਨ ਪ੍ਰੋਜੈਕਟਾਂ ਵਿੱਚ 14.29 ਫ਼ੀਸਦੀ ਲਾਗਤ ਖ਼ਰਚ ਦੀ ਬੱਚਤ ਹੋਈ

## 378 ਸੜਕਾਂ ਮੁਰੰਮਤ ਅਧੀਨ; 325 ਕਿਲੋਮੀਟਰ ਹਿੱਸੇ ਨੂੰ ਕੀਤਾ ਅਪਗ੍ਰੇਡ : ਈ.ਟੀ.ਓ.

ਚੰਡੀਗੜ੍ਹ, 12 ਜੁਲਾਈ, (ਚ.ਨ.ਸ.) : ਸੂਬੇ ਭਰ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਯਕਾਨੀ ਬਣਾਉਣ ਦੇ ਉਦੇਸ਼ ਨਾਲ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਇਥੇ ਐਸ.ਏ.ਐਸ. ਨਗਰ ਵਿਖੇ ਲੋਕ ਨਿਰਮਾਣ ਵਿਭਾਗ ਦੇ ਕਾਰਜਾਂ ਦੀ ਵਿਆਪਕ ਸਮੀਖਿਆ ਕੀਤੀ।



ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ ਗਿਆ ਕਿ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਦੀ ਪਹਿਲਕਦਮੀ ਤਹਿਤ 378 ਸੜਕਾਂ (ਰੋਡ ਗਰੁੱਪ) ਦੇ ਨਿਰਧਾਰਤ ਹਿੱਸੇ ਲਈ ਟੈਂਡਰ ਪ੍ਰਕ੍ਰਿਆ ਜਾਰੀ ਹੈ। ਸ. ਹਰਭਜਨ ਸਿੰਘ ਈਟੀਓ ਨੇ ਅਧਿਕਾਰੀਆਂ ਨੂੰ ਟੈਂਡਰ ਪ੍ਰਕਿਰਿਆ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਤਾਂ ਲੋਕਾਂ ਦੀ ਸਹੂਲਤ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਰਹਿੰਦੇ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ। ਕੈਬਨਿਟ ਮੰਤਰੀ ਨੂੰ ਦੱਸਿਆ ਗਿਆ ਕਿ ਨਾਬਾਰਡ ਅਧੀਨ ਕੰਮ ਬਾਕਾਇਦਾ ਜਾਰੀ ਹਨ ਅਤੇ ਜੁਲਾਈ ਦੇ ਅੰਤ ਤੱਕ ਵੱਖਰੇ ਟੈਂਡਰ ਅਲਾਟ ਕਰ ਦਿੱਤੇ ਜਾਣਗੇ।

ਪੀ.ਐਮ.ਜੀ.ਐਸ.ਵਾਈ. ਸਕੀਮ ਦੇ ਲਾਗੂਕਰਨ ਬਾਰੇ ਗੱਲ ਕਰਦਿਆਂ ਅਧਿਕਾਰੀਆਂ ਨੇ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ ਕਿ ਕੁੱਲ 581 ਕਿਲੋਮੀਟਰ ਵਿੱਚੋਂ 286 ਕਿਲੋਮੀਟਰ ਲਿੰਕ ਸੜਕਾਂ ਲਈ ਬੋਲੀ ਪ੍ਰਕਿਰਿਆ ਨੂੰ ਖੋਲ੍ਹਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਪੀ.ਐਮ.ਜੀ.ਐਸ.ਵਾਈ. ਅਧੀਨ 325 ਕਿਲੋਮੀਟਰ ਹਿੱਸੇ ਦੇ ਅਪਗ੍ਰੇਡੇਸ਼ਨ ਕਾਰਜਾਂ ਦੀ ਅਲਾਟਮੈਂਟ ਵਿੱਚ ਵਿਭਾਗ ਨੇ 14.29 ਫੀਸਦੀ ਲਾਗਤ ਖ਼ਰਚੇ ਬਚਾਏ ਹਨ। ਜੋ ਕਿ ਸਰੋਤਾਂ ਦੀ ਕੁਸ਼ਲਤਾ ਨਾਲ ਵਰਤੋਂ ਅਤੇ ਵਿੱਤੀ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ।

ਕੈਬਨਿਟ ਮੰਤਰੀ ਨੇ ਸੁਲਤਾਨਪੁਰ ਲੋਧੀ ਤੋਂ ਕਪੂਰਥਲਾ ਐਮ.ਡੀ.ਆਰ. ਹਿੱਸੇ ਤੱਕ ਸੜਕ ਖਿਸਕਣ ਦੇ ਮੁੱਦੇ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਵਿਸ਼ੇਸ਼ ਸਕੱਤਰ ਪੀ.ਡਬਲਯੂ.ਡੀ. ਨੂੰ ਇਸ ਸਬੰਧੀ ਢੁਕਵੇਂ ਉਪਾਵਾਂ ਬਾਰੇ ਵਿਸਤ੍ਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਸੀ.ਆਰ.ਆਈ.ਐਫ. ਫੰਡਿੰਗ ਦੀ ਸਰਬੋਤਮ ਵਰਤੋਂ 'ਤੇ ਵੀ ਜ਼ੋਰ ਦਿੱਤਾ।

ਗੁਜਰਾਤ ਵਿੱਚ ਹਾਲ ਹੀ ਵਿੱਚ ਵਾਪਰੀ ਪੁਲ ਢਹਿਣ ਦੀ ਘਟਨਾ ਦੇ ਮੱਦੇਨਜ਼ਰ ਲੋਕ ਨਿਰਮਾਣ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਪੰਜਾਬ ਭਰ ਵਿੱਚ ਪੁਲਾਂ ਦੀ ਸੁਚੱਜੇ ਢੰਗ ਨਾਲ ਢਾਂਚਾਗਤ ਜਾਂਚ ਕਰਨ ਅਤੇ ਸਾਰੇ ਢਾਂਚਿਆਂ ਦੇ ਸੁਰੱਖਿਆ ਪ੍ਰਮਾਣੀਕਰਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਮੀਟਿੰਗ ਵਿੱਚ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਵਿਸ਼ੇਸ਼ ਸਕੱਤਰ ਲੋਕ ਨਿਰਮਾਣ ਵਿਭਾਗ ਸ੍ਰੀਮਤੀ ਹਰਗੁਣਜੀਤ ਕੌਰ, ਇੰਜੀਨੀਅਰ ਇਨ ਚੀਫ਼ ਗਗਨਦੀਪ ਸਿੰਘ, ਮੁੱਖ ਇੰਜੀਨੀਅਰ ਅਨਿਲ ਗੁਪਤਾ, ਰਾਮਤੇਸ਼ ਬੈਂਸ, ਰਾਕੇਸ਼ ਗਰਗ, ਵਿਜੇ ਕੁਮਾਰ ਚੋਪੜਾ ਅਤੇ ਸੁਪਰਡੈਂਟ ਇੰਜੀਨੀਅਰ ਸ਼ਾਮਲ ਸਨ।

# ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਹਲਕੇ ਦੇ ਪਿੰਡ ਰਾਮਨਗਰ ਤੋਂ ਕੀਤੀ ਸਰਕਾਰੀ ਸਕੂਲਾਂ 'ਚ ਏ.ਸੀ. ਲਗਵਾਉਣ ਲਈ ਵਿੱਢੀ ਮੁਹਿੰਮ ਦੀ ਸ਼ੁਰੂਆਤ

ਚੰਡੀਗੜ੍ਹ, 12 ਜੁਲਾਈ, (ਚ.ਨ.ਸ.) : ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸੁਪਨੇ ਸਾਕਾਰ ਕਰਨ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵਿਧਾਨ ਸਭਾ ਹਲਕਾ ਮਲੋਟ ਤੋਂ ਇੱਕ ਵਿਲੱਖਣ ਪਹਿਲਕਦਮੀ ਸ਼ੁਰੂ ਕੀਤੀ ਹੈ। ਇਸ ਨਿਵੇਕਲੀ ਪਹਿਲ ਤਹਿਤ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਹਲਕੇ ਦੇ ਪਿੰਡ ਰਾਮਨਗਰ ਦੇ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ 'ਚ ਏ.ਸੀ. ਲਗਵਾਉਣ ਲਈ ਵਿੱਢੀ ਮੁਹਿੰਮ ਦੀ ਸ਼ੁਰੂਆਤ ਕਰਵਾਈ।



ਇਸ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦੇ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਲਈ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਅੱਜ ਤਕਰੀਬਨ ਢਾਈ ਲੱਖ ਰੁਪਏ ਦੀ ਲਾਗਤ ਨਾਲ ਪਿੰਡ ਰਾਮਨਗਰ ਦੇ ਸਰਕਾਰੀ ਸਕੂਲਾਂ ਵਿੱਚ ਛੇ ਏ.ਸੀ. ਅਤੇ ਦੋ 50-50 ਲੀਟਰ ਸਮਰੱਥਾ ਵਾਲੇ ਵਾਟਰ ਕੂਲਰ ਲਗਵਾਏ ਗਏ ਹਨ।

ਇਸਦੇ ਨਾਲ ਹੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਪਿੰਡ ਰਾਮਨਗਰ ਵਿੱਚ ਹੀ ਹੋਣ ਵਾਲੇ ਕਬੱਡੀ ਟੂਰਨਾਮੈਂਟ ਲਈ ਵਿੱਤੀ ਸਹਾਇਤਾ ਵਜੋਂ 8,100 ਰੁਪਏ ਦਾ ਚੈੱਕ ਵੀ ਦਿੱਤਾ।

ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪਹੁੰਚ ਸੂਬਾ ਸਰਕਾਰ ਨੂੰ ਵਿਦਿਆਰਥੀਆਂ ਦੀਆਂ ਇੱਛਾਵਾਂ ਅਤੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਪੰਜਾਬ ਸਰਕਾਰ ਦੀ 'ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਬੁਨਿਆਦੀ ਢਾਂਚੇ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਨਿੱਜੀ ਦਿਲਚਸਪੀ ਵੀ ਆਮ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆ ਸਕਣ ਵਾਲੇ ਕੰਮਾਂ ਵੱਲ ਹੀ ਹੈ ਅਤੇ ਉਹ ਲਗਾਤਾਰ ਅਜਿਹੇ ਲੋਕਾਂ ਦੀ ਭਲਾਈ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਸ਼ੁਰੂ ਕੀਤੀ ਗਈ ਇਹ ਪਹਿਲਕਦਮੀ ਵਿਦਿਆਰਥੀਆਂ ਨੂੰ ਅਕਾਦਮਿਕ ਦੇ ਨਾਲ ਨਾਲ ਭਾਵਨਾਤਮਿਕ ਤੌਰ 'ਤੇ ਸਹਾਇਤਾ ਪ੍ਰਦਾਨ ਕਰਨ ਪ੍ਰਤੀ ਰਾਜ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਤਾਂ ਜੋ ਉਨ੍ਹਾਂ ਨੂੰ ਭਵਿੱਖੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਕੀਤਾ ਜਾ ਸਕੇ।

ਇਸ ਮੌਕੇ ਚੇਅਰਮੈਨ ਕੋਅਪ੍ਰੇਟਿਵ ਬੈਂਕ ਜਗਦੇਵ ਸਿੰਘ ਬਾਮ, ਨਿੱਜੀ ਸਕੱਤਰ ਅਰਸ਼ਦੀਪ ਸਿੰਘ ਸਿੱਧੂ ਤੇ ਸ਼ਿੰਦਰਪਾਲ ਸਿੰਘ, ਸਾਬਕਾ ਸਰਪੰਚ ਭੁਪਿੰਦਰ ਸਿੰਘ, ਸੰਦੀਪ ਕੌਰ ਸਰਪੰਚ, ਰਾਮ ਸਿੰਘ, ਸੰਦੀਪ ਸਿੰਘ, ਲਵਲੀ ਸੰਧੂ, ਗੁਰਪ੍ਰੀਤ ਸਿੰਘ, ਨਿੱਕਾ ਪ੍ਰਧਾਨ, ਹਰਮੇਲ ਸਿੰਘ, ਬਲਰਾਜ ਸਿੰਘ, ਸ਼ਿੰਦਰ ਸਿੰਘ, ਸ਼ੰਕਲ ਲਾਲ, ਗੁਰਮੀਤ ਸਿੰਘ ਬਰਾੜ, ਸੁਖਜਿੰਦਰ ਸਿੰਘ ਭੁੱਲਰ, ਕੁਲਦੀਪ ਸਿੰਘ, ਪ੍ਰਿੰਸੀਪਲ ਸ਼ੀਸ਼ੂ ਬਾਲਾ, ਪ੍ਰਿੰਸੀਪਲ ਜਗਮੀਤ ਸਿੰਘ ਤੋਂ ਇਲਾਵਾ ਸੰਬੰਧਿਤ ਵੱਖ-ਵੱਖ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੇ ਸਰਪੰਚ, ਪੰਚ ਅਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

# ਸੰਗਤਾਂ ਨਾਲ ਠੱਗੀ ਮਾਰਨ ਦਾ ਨਵਾਂ ਤੇ ਅਨੋਖਾ ਮਾਮਲਾ ਸਾਹਮਣੇ ਆਇਆ

ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ) : ਦੇਸ਼ ਵਿਦੇਸ਼ਾਂ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਨਾਲ ਠੱਗੀ ਮਾਰਨ ਦਾ ਨਵਾਂ ਤੇ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਇਹ ਠੱਗੀ ਇਕ ਗੁਰਿੰਦਰ ਸਿੰਘ ਨਾਮਕ ਵਿਅਕਤੀ ਵੱਲੋਂ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਵਿਚ ਰਹਿ ਕੇ ਲਗਾਤਾਰ ਪਿਛਲੇ ਕਈ ਸਾਲਾਂ ਤੋਂ ਸੰਗਤਾਂ ਦੇ ਨਾਲ ਕੀਤੀ ਜਾ ਰਹੀ ਹੈ। ਗੁਰਿੰਦਰ ਸਿੰਘ ਗਾਈਡ ਬਣ ਕੇ ਸੰਗਤਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਤੋਂ ਜਾਣੂੰ ਕਰਵਾਉਣ ਦੇ ਨਾਲ ਸਿੱਖ ਇਤਿਹਾਸ ਅਤੇ ਇਤਿਹਾਸਿਕ ਮਹੱਤਤਾ ਬਾਰੇ ਜਾਣਕਾਰੀ ਦਿੰਦਾ ਸੀ। ਜਿਸ ਦੇ ਬਦਲੇ ਉਹ ਸੰਗਤਾਂ ਪਾਸੋਂ ਮੋਟੀ ਰਕਮ ਵਸੂਲ ਕਰਦਾ ਸੀ। ਇਹ ਮਾਮਲਾ ਉਸ ਸਮੇਂ ਉਜਾਗਰ ਹੋਇਆ, ਜਦੋਂ ਪ੍ਰਕਰਮਾਂ ਵਿਚ ਸਥਿਤ ਬੇਰ ਬਾਬਾ ਬੁੱਢਾ ਸਾਹਿਬ ਜੀ ਦੇ ਨੇੜੇ ਇਕ ਸ਼ਰਧਾਲੂ ਦੇ ਨਾਲ ਝਗੜਦੇ ਹੋਏ ਪ੍ਰਕਰਮਾਂ ਦੇ ਨਿਗਰਾਨ ਸ਼ਮਸ਼ੇਰ ਸਿੰਘ ਸ਼ੇਰਾ ਨੇ ਦੇਖਿਆ। ਸ਼ਮਸ਼ੇਰ ਸਿੰਘ ਸ਼ੇਰਾ ਨੇ ਜਦ ਇਸ ਮਾਮਲੇ ਨੂੰ ਘੋਖਣਾ ਚਾਹਿਆ ਤਾਂ ਮਾਮਲੇ ਦੀ ਡੂੰਘਾਈ ਵਿਚ ਜਾਂਦਿਆਂ ਇਹ ਪਤਾ ਲੱਗਾ ਕਿ ਇਹ ਹੁਣ ਤੱਕ ਲੱਖਾਂ ਰੁਪਏ ਆਪਣੇ ਖਾਤਿਆਂ ਰਾਹੀਂ ਸੰਗਤਾਂ ਪਾਸੋਂ ਲੈ ਚੁੱਕਾ ਹੈ। ਇਸ ਤੋਂ ਇਲਾਵਾ ਨਗਦ ਵਿਚ ਕਿੰਨੇ ਰੁਪਏ ਇਸ ਨੇ ਸੰਗਤਾਂ ਪਾਸੋਂ ਹਾਸਲ ਕੀਤੇ ਇਸ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਸ਼ਮਸ਼ੇਰ ਸਿੰਘ ਸ਼ੇਰਾ ਵੱਲੋਂ ਗਲਿਆਰਾ ਚੌਕੀ ਨੂੰ ਇਸ ਵੱਲੋਂ ਝਗੜਾ ਕਰਨ ਸਬੰਧੀ ਸ਼ਿਕਾਇਤ ਦਰਜ ਕਰਾਈ ਗਈ ਹੈ। ਇਸ ਦੇ ਖਾਤੇ



ਦੀ ਜਾਂਚ ਕਰਨ 'ਤੇ ਲੱਖਾਂ ਰੁਪਏ ਦਾ ਲੈਣ ਦੇਣ ਸਾਹਮਣੇ ਆਇਆ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਹ ਮਾਮਲਾ ਧਿਆਨ ਵਿਚ ਆਉਂਦਿਆਂ ਹੀ ਫਲਾਇੰਗ ਵਿਭਾਗ ਨੂੰ ਸੌਂਪ ਦਿੱਤਾ ਗਿਆ ਹੈ। ਮੁਕੰਮਲ ਰਿਪੋਰਟ ਆਉਣ 'ਤੇ ਹੀ ਕੁਝ ਦੱਸਿਆ ਜਾ ਸਕਦਾ ਹੈ।

ਇੱਥੇ ਦੱਸਣ ਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ 4 ਮੈਨੇਜਰ, 10 ਇੰਚਾਰਜ ਤੇ 200 ਦੇ ਕਰੀਬ ਮੈਂਬਰ ਸੁਰੱਖਿਆ ਦੇ ਮੁਲਾਜ਼ਮ ਤਾਇਨਾਤ ਹਨ, ਜੋ ਵੱਖ-ਵੱਖ ਸ਼ਿਫਟਾਂ ਵਿਚ ਆਪਣੀਆਂ ਡਿਊਟੀਆਂ ਕਰਦੇ ਹਨ, ਇਹਨਾਂ ਦੀ ਨਿਗਰਾਨੀ ਵਿਚ ਇਸ ਤਰ੍ਹਾਂ ਦਾ ਸੰਗਤਾਂ ਦੇ ਨਾਲ ਧੋਖਾ ਹੋ ਜਾਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਸੰਗਤਾਂ ਨੂੰ ਜਾਣਕਾਰੀ ਮੁਹੱਈਆ ਕਰਾਉਂਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਸੂਚਨਾ ਕੇਂਦਰ ਅਤੇ ਦੋ ਪੁੱਛ ਗਿੱਛ ਕੇਂਦਰਾਂ ਤੋਂ ਇਲਾਵਾ ਛੇ ਗਾਈਡ ਵੀ ਮੁਹਈਆ ਕਰਵਾਏ ਗਏ ਹਨ। ਪਰ ਫਿਰ ਵੀ ਪ੍ਰਾਈਵੇਟ ਤੌਰ ਉੱਤੇ ਗਾਈਡ ਵੱਲੋਂ ਇਸ ਤਰ੍ਹਾਂ ਦੀ ਠੱਗੀ ਮਾਰਨੀ ਕਈ ਤਰ੍ਹਾਂ ਦੇ ਸਵਾਲੀਆ ਚਿੰਨ੍ਹ ਪੈਦਾ ਕਰ ਰਹੀ ਹੈ। ਫਿਲਹਾਲ ਇਸ ਮਾਮਲੇ ਦੀ ਡੂੰਗਾਈ ਨਾਲ ਜਾਣ ਕੀਤੀ ਜਾ ਰਹੀ ਹੈ। ਹੁਣ ਤੱਕ ਛੇ ਸੇਵਾਦਾਰਾਂ ਦੇ ਨਾਮ ਵੀ ਇਸ ਗਾਈਡ ਗੁਰਿੰਦਰ ਸਿੰਘ ਦੇ ਨਾਲ ਜੁੜੇ ਹੋਏ ਸਾਹਮਣੇ ਆਏ ਹਨ। ਜਿਨ੍ਹਾਂ ਪਾਸੋਂ ਸ਼੍ਰੋਮਣੀ ਕਮੇਟੀ ਦਾ ਫਲਾਈਂਗ ਵਿਭਾਗ ਪੜਤਾਲ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ ਵੀ ਇਸ ਤਰਾ ਦੇ ਕਈ ਮਾਮਲੇ ਸਾਹਮਣੇ ਆਏ ਸਨ। ਕਿਤੇ ਨਾ ਕਿਤੇ ਇਸ ਤਰ੍ਹਾਂ ਦੇ ਮਾਮਲੇ ਆਪਸੀ ਸਹਿਮਤੀ ਨਾਲ ਹੀ ਕੀਤੇ ਜਾਂਦੇ ਹਨ। ਸਿੱਧੇ ਨਹੀਂ ਤਾਂ ਅਸਿੱਧੇ ਤੌਰ 'ਤੇ ਸੰਗਤਾਂ ਪਾਸੋਂ ਮਾਇਆ ਵਸੂਲੀ ਜਾਂਦੀ ਹੈ। ਪ੍ਰੇਮੀਆਂ ਦਾ ਵੀ ਪ੍ਰਕਰਮਾ ਸ੍ਰੀ ਦਰਬਾਰ ਸਾਹਿਬ ਵਿਖੇ ਮੁਲਾਜ਼ਮਾ ਉੱਤੇ ਬਹੁਤ ਦਬਾਅ ਹੈ, ਜਿਸ 'ਤੇ ਸ਼੍ਰੋਮਣੀ ਕਮੇਟੀ ਨੂੰ ਤੰਜ ਕਸਨੀ ਪਵੇਗੀ। ਕਈ ਪ੍ਰੇਮੀ ਤਾਂ ਸਿੱਧੇ ਰੂਪ ਵਿੱਚ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਨੂੰ ਪ੍ਰਕਰਮਾਂ ਵਿੱਚ ਕੋਈ ਰੋਕ ਟੋਕ ਨਹੀਂ ਹੈ। ਕਈ ਪ੍ਰੇਮੀਆਂ ਦੀ ਤਾਂ ਵੱਡੇ ਪੱਧਰ 'ਤੇ ਸ੍ਰੀ ਦਰਬਾਰ ਸਾਹਿਬ ਦੀ ਸੰਗਤਾਂ ਰਾਹੀਂ ਦੁਕਾਨਦਾਰੀ ਚੱਲਦੀ ਹੈ।ਪ੍ਰਕਰਮਾਂ ਵਿੱਚ ਮੌਜੂਦ ਮੈਨੇਜਰ ਅਤੇ ਮੁਲਾਜ਼ਮਾਂ ਨੂੰ ਬਾਜ ਵਰਗੀ ਅੱਖ ਰੱਖ ਕੇ ਡਿਊਟੀ ਕਰਨੀ ਪਵੇਗੀ, ਤਾਂ ਜੋ ਇਸ ਤਰ੍ਹਾਂ ਦੇ ਸ਼ਰਾਰਤੀ ਅਨਸਰਾਂ ਤੋਂ ਭੋਲੀ ਭਾਲੀ ਸੰਗਤਾਂ ਨੂੰ ਲੁੱਟਣ ਤੋਂ ਬਚਾਇਆ ਜਾ ਸਕੇ। ਦੂਜੇ ਪਾਸੇ ਸੰਗਤ ਨਾਲ ਸਿੱਧੇ ਰੂਪ ਵਿੱਚ ਜੁੜੇ ਮੁਲਾਜ਼ਮਾਂ ਦਾ ਵੀ ਖਾਸ ਧਿਆਨ ਰੱਖਿਆ ਜਾਵੇ।

# ਪਟਿਆਲਾ ਲੋਕੋਮੋਟਿਵ ਵਰਕਸ (ਪੀ.ਐਲ.ਡਬਲਯੂ), ਪਟਿਆਲਾ ਨੇ 16ਵੇਂ ਰੁਜ਼ਗਾਰ ਮੇਲੇ ਦੀ ਮੇਜ਼ਬਾਨੀ ਕੀਤੀ




ਪਟਿਆਲਾ, 12 ਜੁਲਾਈ, (ਅੰਮ੍ਰਿਤਪਾਲ ਸਿੰਘ) : ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 12 ਜੁਲਾਈ ਨੂੰ ਦੇਸ਼ ਭਰ ਦੇ 47 ਕੇਂਦਰਾਂ 'ਤੇ ਆਯੋਜਿਤ 16ਵੇਂ ਰੋਜ਼ਗਾਰ ਮੇਲੇ ਦੇ ਤਹਿਤ ਸਰਕਾਰੀ ਵਿਭਾਗਾਂ ਵਿੱਚ ਨਵੀਂ ਭਰਤੀ ਹੋਏ 51,000 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ। ਉਨ੍ਹਾਂ ਨੇ ਨਵ ਨਿਯੁਕਤ ਉਮੀਦਵਾਰਾਂ ਨੂੰ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕੀਤਾ।

ਇਹ ਰੋਜ਼ਗਾਰ ਮੇਲਾ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਨਾਗਰਿਕਾਂ ਦੀ ਭਲਾਈ ਯਕੀਨੀ ਬਣਾਉਣ ਵੱਲ ਪ੍ਰਧਾਨ ਮੰਤਰੀ ਦੀ ਲਗਾਤਾਰ ਵਚਨਬੱਧਤਾ ਵੱਲ ਇੱਕ ਮਹੱਤਵਪੂਰਨ ਕਦਮ ਹੈ। ਪ੍ਰਧਾਨ ਮੰਤਰੀ ਦੇ ਹੁਕਮਾਂ ਅਨੁਸਾਰ, ਸਾਰੇ ਮੰਤ੍ਰਾਲੇ ਅਤੇ ਵਿਭਾਗ ਮੰਜ਼ੂਰ ਸ਼ੁਦਾ ਅਸਾਮੀਆਂ ਨੂੰ ਭਰਨ ਲਈ ਮਿਸ਼ਨ ਮੋਡ 'ਚ ਕੰਮ ਕਰ ਰਹੇ ਹਨ।

ਇਹ ਵੱਡਾ ਸਮਾਰੋਹ 12.07.2025 ਨੂੰ ਪਟਿਆਲਾ ਲੋਕੋਮੋਟਿਵ ਵਰਕਸ (PLW) ਵਿੱਚ ਆਯੋਜਿਤ ਕੀਤਾ ਗਿਆ। PLW ਪਟਿਆਲਾ ਵਿਖੇ ਹੋਏ ਰੋਜ਼ਗਾਰ ਮੇਲੇ ਦੌਰਾਨ ਕੁੱਲ 216 ਨਵੇਂ ਨਿਯੁਕਤ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ। ਸ੍ਰੀ ਰਾਜੇਸ਼ ਮੋਹਨ, ਮੁੱਖ ਪ੍ਰਸ਼ਾਸਕੀ ਅਧਿਕਾਰੀ (PCAO), PLW ਨੇ ਨਿਯੁਕਤੀ ਪੱਤਰ ਸੌਂਪੇ।

ਇਹ ਨਿਯੁਕਤੀਆਂ ਰੇਲਵੇ ਮੰਤ੍ਰਾਲਾ, ਸਿਹਤ ਮੰਤ੍ਰਾਲਾ, ਡਾਕ ਵਿਭਾਗ, ਉੱਚ ਸਿੱਖਿਆ ਵਿਭਾਗ, ਪਾਣੀ ਸੰਸਾਧਨ ਵਿਭਾਗ ਆਦਿ ਵਿੱਚ ਹੋਈਆਂ ਹਨ। ਇਹ ਭਰਤੀਆਂ ਰੇਲਵੇ ਰਿਕਰੂਟਮੈਂਟ ਬੋਰਡ ਅਤੇ ਹੋਰ ਕੇਂਦਰੀ ਵਿਭਾਗਾਂ ਰਾਹੀਂ ਕੀਤੀਆਂ ਗਈਆਂ ਹਨ। ਚੁਣਾਅ ਪ੍ਰਕਿਰਿਆ ਨੂੰ ਤੇਜ਼ ਤੇ ਪ੍ਰੋਟਸਾਹਿਤ ਬਣਾਉਣ ਲਈ ਤਕਨੀਕੀ ਤੌਰ 'ਤੇ ਸਰਲ ਕੀਤਾ ਗਿਆ ਹੈ।

ਨਵੇਂ ਨਿਯੁਕਤ ਨੌਜਵਾਨ ਇਸ ਸਮਾਰੋਹ ਵਿੱਚ ਨਿਯੁਕਤੀ ਪੱਤਰ ਪ੍ਰਾਪਤ ਕਰਕੇ ਬਹੁਤ ਉਤਸ਼ਾਹਿਤ ਹੋਏ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਪ੍ਰਤੀ ਆਪਣਾ ਧੰਨਵਾਦ ਪ੍ਰਗਟਾਇਆ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਤਕਨੀਕੀ ਸਿੱਖਿਆ ਮੰਤਰੀ ਨੇ ਬਿਹਤਰ ਨਤੀਜਿਆਂ ਲਈ ਵਿਦਿਆਰਥੀ-ਕੇਂਦ੍ਰਿਤ ਸਿੱਖਣ ਦੇ ਮਾਹੌਲ 'ਤੇ ਦਿੱਤਾ ਜ਼ੋਰ

## ਗੁਰਦਾਸਪੁਰ ਸਟੇਟ ਯੂਨੀਵਰਸਿਟੀ ਵੱਲੋਂ ਆਪਣੇ ਗ੍ਰੈਜੂਏਟਾਂ ਨੂੰ ਭਵਿੱਖ ਲਈ ਤਿਆਰ ਕਰਨ ਵਾਸਤੇ ਆਧੁਨਿਕ ਕੋਰਸ ਸ਼ੁਰੂ ਕੀਤੇ ਜਾਣਗੇ : ਬੈਂਸ


ਚੰਡੀਗੜ੍ਹ, 12 ਜੁਲਾਈ, (ਚ.ਨ.ਸ.) : ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਨੂੰ ਸੂਬੇ ਵਿੱਚ ਉਚੇਰੀ ਸਿੱਖਿਆ ਲਈ ਇੱਕ ਪਸੰਦੀਦਾ ਕੇਂਦਰ ਬਣਾਉਣ ਦੇ ਉਦੇਸ਼ ਨਾਲ ਪੰਜਾਬ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਹਰਜੋਤ ਸਿੰਘ ਬੈਂਸ ਨੇ ਅਧਿਕਾਰੀਆਂ ਇਸ ਅਕਾਦਮਿਕ ਸੈਸ਼ਨ ਤੋਂ ਇਸ ਯੂਨੀਵਰਸਿਟੀ ਵਿੱਚ ਆਧੁਨਿਕ ਅਤੇ ਉੱਦਮਤਾ 'ਤੇ ਕੇਂਦਰਤ ਕੋਰਸ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ, ਤਾਂ ਜੋ ਭਵਿੱਖ ਲਈ ਤਿਆਰ ਬਰ ਤਿਆਰ ਗ੍ਰੈਜੂਏਟ ਪੈਦਾ ਕੀਤੇ ਜਾ ਸਕਣ।

ਬੈਂਸ ਨੇ ਇੱਥੇ ਆਪਣੇ ਦਫ਼ਤਰ ਵਿਖੇ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਦੇ ਬੋਰਡ ਆਫ਼ ਗਵਰਨਰਜ਼ ਦੀ ਦੂਜੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਧਿਕਾਰੀਆਂ ਨੂੰ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਲਈ ਯੂਨੀਵਰਸਿਟੀ ਵਿੱਚ ਵਿਦਿਆਰਥੀ-ਕੇਂਦ੍ਰਿਤ ਸਿੱਖਣ ਦੇ ਮਾਹੌਲ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦਿਅਕ ਸੰਸਥਾਵਾਂ ਨੂੰ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ।

ਯੂਨੀਵਰਸਿਟੀ ਵਿੱਚ ਦਾਖਲਿਆਂ 'ਚ ਹੋਰ ਵਾਧਾ ਕਰਨ ਦੇ ਨਿਰਦੇਸ਼ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਿੱਖਿਆ ਦੇ ਮਿਆਰਾਂ ਨੂੰ ਹੋਰ ਉੱਚ ਚੁੱਕਣ ਲਈ ਰਣਨੀਤਕ ਯੋਜਨਾਬੰਦੀ ਲਈ ਦਾਖਲਿਆਂ ਦੇ ਰੁਝਾਨਾਂ ਬਾਰੇ ਵਿਆਪਕ ਤੇ ਸਹੀ ਅੰਕੜਿਆਂ ਨੂੰ ਦਰਜ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਧਿਆਨ ਰੋਜ਼ਗਾਰ ਅਤੇ ਸਟਾਰਟਅੱਪਸ 'ਤੇ ਕੇਂਦਰਤ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰੇਕ ਵਿਦਿਆਰਥੀ ਨੂੰ ਉੱਦਮਤਾ, ਸਟਾਰਟਅੱਪ ਅਤੇ ਰੋਜ਼ਗਾਰ ਦੇ ਸਮਰੱਥ ਬਣਾਉਣ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਨਵੇਂ ਬਿਜ਼ਨਸ ਆਈਡੀਆ ਵਿਕਸਤ ਕਰਨ ਅਤੇ ਅਰਥਪੂਰਨ ਰੋਜ਼ਗਾਰ ਲਈ ਤਿਆਰ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਅਜਿਹੇ ਉਪਰਾਲਿਆਂ ਬਾਰੇ ਯੋਜਨਾਬੱਧ ਢੰਗ ਨਾਲ ਅੰਕੜਿਆਂ ਦਾ ਰੱਖ-ਰਖਾਅ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜੋਕੇ ਸਮੇਂ ਦੀ ਲੋੜ ਮੁਤਾਬਕ ਨੌਕਰੀ ਅਤੇ ਤਕਨੀਕੀ ਦ੍ਰਿਸ਼ਟੀਕੋਣ ਨਾਲ ਸੰਬੰਧਿਤ ਹੁਨਰਾਂ ਨਾਲ ਲੈਸ ਕਰਨ ਲਈ ਅਕਾਦਮਿਕ ਪਾਠਕ੍ਰਮ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ, ਡੇਟਾ ਸਾਇੰਸ ਅਤੇ ਫਿਨਟੈਕ ਵਰਗੇ ਅਤਿ-ਆਧੁਨਿਕ ਪ੍ਰੋਗਰਾਮਾਂ ਨੂੰ ਸ਼ਾਮਲ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਉੱਘੇ



ਉਦਯੋਗਪਤੀਆਂ, ਵਾਈਸ ਚਾਂਸਲਰਾਂ ਅਤੇ ਪ੍ਰਮੁੱਖ ਸੰਸਥਾਵਾਂ ਦੇ ਡਾਇਰੈਕਟਰਾਂ, ਵਿਸ਼ਾ ਮਾਹਿਰਾਂ ਅਤੇ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਯੂਨੀਵਰਸਿਟੀ ਵਿੱਚ ਬੁਲਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਨਾਲ ਉਹ ਆਪਣੇ ਤਜਰਬੇ ਅਤੇ ਗਿਆਨ ਸਾਂਝਾ ਕਰਨ ਅਤੇ ਉਨ੍ਹਾਂ ਦੀ ਅਕਾਦਮਿਕ ਸੂਝ ਵਧਾਉਣ ਅਤੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਵੱਡੇ ਸੁਪਨੇ ਦੇਖਣ ਲਈ ਪ੍ਰੇਰਿਤ ਕਰਨ।

ਉਨ੍ਹਾਂ ਨੇ ਵਿਆਪਕ ਫੈਕਲਟੀ ਸਿਖਲਾਈ ਅਤੇ ਵਿਕਾਸ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਖੋਜ ਇੱਕ ਯੂਨੀਵਰਸਿਟੀ ਦਾ ਅਹਿਮ ਹਿੱਸਾ ਹੈ, ਜੋ ਇਸਦੇ ਮਿਆਰ ਅਤੇ ਸ਼ਾਖ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਯੂਨੀਵਰਸਿਟੀ ਨੂੰ ਇਲਾਕਾ-ਅਧਾਰਤ ਖੋਜ ਖੇਤਰਾਂ ਦੀ ਪਛਾਣ ਕਰਨ ਅਤੇ ਸਥਾਨਕ ਪ੍ਰਸ਼ਾਸਨ ਨਾਲ ਮਿਲ ਕੇ ਅਜਿਹੀਆਂ ਖੋਜਾਂ ਕਰਨ ਲਈ ਕਿਹਾ ਜੋ ਸਿੱਧੇ ਤੌਰ 'ਤੇ ਸਥਾਨਕ ਭਾਈਚਾਰੇ ਨੂੰ ਲਾਭ ਪਹੁੰਚਾਉਂਦੀਆਂ ਹੋਣ ਅਤੇ ਖੇਤਰੀ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹੋਣ।

ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਐਸ.ਕੇ. ਮਿਸਰਾ ਨੇ ਤਕਨੀਕੀ ਸਿੱਖਿਆ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਯੂਨੀਵਰਸਿਟੀ ਡਰੋਨ ਤਕਨਾਲੋਜੀ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਰੋਬੋਟਿਕਸ ਸਮੇਤ ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਸੈਂਟਰਜ਼ ਆਫ਼ ਐਕਸੀਲੈਂਸ ਸਥਾਪਤ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਸੈਂਟਰ ਆਫ਼ ਐਕਸੀਲੈਂਸ ਹੁਨਰ ਵਿਕਾਸ, ਖੋਜ, ਨਵੀਨਤਾ ਅਤੇ ਇੱਕ ਪ੍ਰਫੁੱਲਤ ਸਟਾਰਟਅੱਪ ਈਕੋਸਿਸਟਮ ਵਿਕਸਤ ਕਰਨ 'ਤੇ ਕੇਂਦ੍ਰਤ ਹੋਵੇਗਾ।

ਇਸ ਮੀਟਿੰਗ ਵਿੱਚ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਡਾਇਰੈਕਟਰ ਸ੍ਰੀ ਮੋਨੀਸ਼ ਕੁਮਾਰ, ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸੁਸ਼ੀਲ ਮਿੱਤਲ, ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ, ਅੰਮ੍ਰਿਤਸਰ ਦੇ ਡਾਇਰੈਕਟਰ ਡਾ. ਸਮੀਰ ਸ੍ਰੀਵਾਸਤਵ, ਕੰਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ ਦੇ ਪ੍ਰਧਾਨ ਸ੍ਰੀ ਜਗਮੀਤ ਬੇਦੀ, ਐਸ.ਬੀ.ਐਸ.ਯੂ. ਦੇ ਰਜਿਸਟਰਾਰ ਡਾ. ਅਜੇ ਮਹਾਜਨ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਗੁਰਦਾਸਪੁਰ ਸਟੇਟ ਯੂਨੀਵਰਸਿਟੀ ਦੇ ਫੈਕਲਟੀ ਅਤੇ ਸਟਾਫ ਦੀਆਂ ਸੇਵਾਵਾਂ ਰੈਗੂਲਰ ਕਰਨ ਨੂੰ ਹਰੀ ਝੰਡੀ

ਇਸ ਬੋਰਡ ਆਫ਼ ਗਵਰਨਰਜ਼ ਦੀ ਮੀਟਿੰਗ ਦੌਰਾਨ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਵਿੱਚ ਸਾਲ 2011 ਤੋਂ ਠੇਕੇ 'ਤੇ ਕੰਮ ਕਰ ਰਹੇ ਫੈਕਲਟੀ ਅਤੇ ਸਟਾਫ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦਾ ਫੈਸਲਾ ਵੀ ਕੀਤਾ ਗਿਆ। ਇਸ ਤੋਂ ਇਲਾਵਾ ਬੋਰਡ ਆਫ਼ ਗਵਰਨਰਜ਼ ਨੇ ਯੂਨੀਵਰਸਿਟੀ ਦੇ ਫੈਕਲਟੀ ਅਤੇ ਸਟਾਫ ਲਈ 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਵੀ ਮਨਜ਼ੂਰੀ ਦੇ ਦਿੱਤੀ।

## ਸੰਪਾਦਕੀ

# ਬੇਘਰ ਹੁੰਦੇ ਲੋਕ

ਆਪਣਾ ਘਰ ਛੱਡ ਕੇ ਕਿਤੇ ਹੋਰ ਜਗ੍ਹਾ ਲੱਭਣ ਦੀ ਮਜਬੂਰੀ ਜ਼ਿੰਦਗੀ ਨੂੰ ਹੋਰ ਵੀ ਮੁਸ਼ਕਲ ਬਣਾ ਦਿੰਦੀ ਹੈ। ਅਜਿਹੇ ਲੋਕਾਂ ਕੋਲ ਵਿਸਥਾਪਨ ਦਾ ਦਰਦ ਸਹਿਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਹੁੰਦਾ। ਇਹ ਕਿਸੇ ਇੱਕ ਦੇਸ਼ ਦਾ ਮਾਮਲਾ ਨਹੀਂ ਹੈ, ਸਗੋਂ ਪੂਰੀ ਦੁਨੀਆ ਵਿੱਚ ਵੱਖ-ਵੱਖ ਕਾਰਨਾਂ ਕਰਕੇ ਵਿਸਥਾਪਿਤ ਹੋਣ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੀ ਇੱਕ ਰਿਪੋਰਟ ਦੇ ਅਨੁਸਾਰ, ਦੁਨੀਆ ਵਿੱਚ ਜ਼ਬਰਦਸਤੀ ਵਿਸਥਾਪਿਤ ਲੋਕਾਂ ਦੀ ਗਿਣਤੀ 122 ਮਿਲੀਅਨ ਤੋਂ ਵੱਧ ਹੋ ਗਈ ਹੈ, ਜੋ ਕਿ ਪਿਛਲੇ ਸਾਲ ਨਾਲੋਂ ਲਗਭਗ 20 ਲੱਖ ਵੱਧ ਹੈ ਅਤੇ ਪਿਛਲੇ ਦਹਾਕੇ ਨਾਲੋਂ ਲਗਭਗ ਦੁੱਗਣੀ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲੋਕਾਂ ਦੇ ਵਿਸਥਾਪਨ ਲਈ ਮੁੱਖ ਤੌਰ 'ਤੇ ਯੁੱਧ, ਅੰਦਰੂਨੀ ਹਿੰਸਾ ਅਤੇ ਅਤਿਆਚਾਰ ਜ਼ਿੰਮੇਵਾਰ ਹਨ। ਇਹ ਧਿਆਨ ਦੇਣ ਯੋਗ ਹੈ ਕਿ ਇਸ ਸਮੇਂ ਦੁਨੀਆ ਵਿੱਚ ਦੋ ਮੁੱਖ ਮੋਰਚਿਆਂ 'ਤੇ ਆਹਮੋ-ਸਾਹਮਣੇ ਯੁੱਧ ਚੱਲ ਰਿਹਾ ਹੈ, ਉਹ ਹੈ ਰੂਸ-ਯੂਕਰੇਨ ਅਤੇ ਇਜ਼ਰਾਈਲ-ਹਮਾਸ। ਰੂਸ ਅਤੇ ਯੂਕਰੇਨ ਵਿਚਕਾਰ ਲੰਬੇ ਸਮੇਂ ਤੋਂ ਟਕਰਾਅ ਚੱਲ ਰਿਹਾ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਮਾਰੇ ਵੀ ਗਏ ਹਨ। ਇਸ ਜੰਗ ਦੇ ਨੇੜਲੇ ਭਵਿੱਖ ਵਿੱਚ ਖਤਮ ਹੋਣ ਦੇ ਕੋਈ ਸੰਕੇਤ ਨਹੀਂ ਹਨ। ਇਸ ਕਾਰਨ ਯੂਕਰੇਨ ਵਿੱਚ 88 ਲੱਖ ਲੋਕਾਂ ਨੂੰ ਆਪਣੇ ਘਰ ਅਤੇ ਜਾਇਦਾਦ ਛੱਡ ਕੇ ਦੂਜੀ ਜਗ੍ਹਾ ਜਾਣਾ ਪਿਆ। ਇਸ ਦੇ ਨਾਲ ਹੀ, ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗ ਵਿੱਚ ਈਰਾਨ ਦੀ ਦਖਲਅੰਦਾਜ਼ੀ ਵੀ ਕਿਸੇ ਤੋਂ ਲੁਕੀ ਨਹੀਂ ਹੈ। ਦੂਜੇ ਪਾਸੇ ਸੀਰੀਆ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਘਰੇਲੂ ਯੁੱਧ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਾਰਨ ਉੱਥੇ ਵੱਡੀ ਗਿਣਤੀ ਵਿੱਚ ਲੋਕ ਵੀ ਵਿਸਥਾਪਨ ਦੇ ਦਰਦ ਦਾ ਸਾਹਮਣਾ ਕਰ ਰਹੇ ਹਨ। ਰਿਪੋਰਟ ਦੇ ਅਨੁਸਾਰ ਪਿਛਲੇ ਸਾਲ ਦੇ ਅੰਤ ਵਿੱਚ ਅੰਦਰੂਨੀ ਤੌਰ 'ਤੇ ਵਿਸਥਾਪਿਤ ਲੋਕਾਂ ਦੀ ਗਿਣਤੀ ਨੌਂ ਪ੍ਰਤੀਸ਼ਤ ਵੱਧ ਕੇ 7.35 ਕਰੋੜ ਹੋ ਗਈ ਹੈ। ਘਰੇਲੂ ਯੁੱਧ ਨਾਲ ਜੂਝ ਰਿਹਾ ਸੁਡਾਨ ਦੁਨੀਆ ਦੇ ਸਭ ਤੋਂ ਵੱਡੇ ਵਿਸਥਾਪਨ ਸੰਕਟ ਦਾ ਕੇਂਦਰ ਬਣ ਗਿਆ ਹੈ, ਜਿੱਥੇ ਟਕਰਾਅ ਕਾਰਨ 1.4 ਕਰੋੜ ਤੋਂ ਵੱਧ ਲੋਕ ਵਿਸਥਾਪਿਤ ਹੋਏ ਹਨ। ਇਹ ਸੀਰੀਆ ਦੇ 1.35 ਕਰੋੜ ਤੋਂ ਵੱਧ ਵਿਸਥਾਪਿਤ ਲੋਕਾਂ ਤੋਂ ਵੱਧ ਹੈ। ਇਸ ਤੋਂ ਇਲਾਵਾ, ਅਫਗਾਨਿਸਤਾਨ ਵਿੱਚ ਇੱਕ ਕਰੋੜ ਤੋਂ ਵੱਧ ਲੋਕਾਂ ਨੂੰ ਜ਼ਬਰਦਸਤੀ ਵਿਸਥਾਪਿਤ ਕੀਤਾ ਗਿਆ ਹੈ। ਹਾਲਾਂਕਿ, ਇਸ ਮਾਮਲੇ ਵਿੱਚ ਭਾਰਤ ਦੀ ਸਥਿਤੀ ਵਿੱਚ ਕੁਝ ਸੁਧਾਰ ਹੋਇਆ ਹੈ। ਜੇਨੇਵਾ ਸਥਿਤ ਇੰਟਰਨਲ ਡਿਸਪਲੇਸਮੈਂਟ ਮਾਨੀਟਰਿੰਗ ਸੈਂਟਰ ਦੀ ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਸਾਲ 2024 ਵਿੱਚ ਭਾਰਤ ਵਿੱਚ ਹਿੰਸਾ ਕਾਰਨ 1,700 ਲੋਕ ਬੇਘਰ ਹੋਏ ਸਨ, ਜੋ ਕਿ 2023 ਵਿੱਚ ਬੇਘਰ ਹੋਏ ਲੋਕਾਂ ਦੀ ਗਿਣਤੀ ਤੋਂ ਘੱਟ ਹੈ। ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਭਵਿੱਖ ਵਿੱਚ ਭਾਰਤ ਵਿੱਚ ਇਸ ਮਾਮਲੇ ਵਿੱਚ ਹੋਰ ਸੁਧਾਰ ਹੋਵੇਗਾ। ਬੇਘਰ ਹੋਣ ਦਾ ਇੱਕ ਹੋਰ ਪਹਿਲੂ ਇਹ ਹੈ ਕਿ ਇਹ ਲੋਕ ਭੋਜਨ ਸੰਕਟ ਅਤੇ ਕੁਪੋਸ਼ਣ ਤੋਂ ਵੀ ਪੀੜਤ ਹਨ। ਵਿਸ਼ਵ ਖੁਰਾਕ ਅਤੇ ਖੇਤੀਬਾੜੀ ਸੰਗਠਨ (FAO) ਦੀ ਰਿਪੋਰਟ ਦੇ ਅਨੁਸਾਰ, ਦੁਨੀਆ ਭਰ ਦੇ ਕੁੱਲ ਬੇਘਰ ਹੋਏ ਲੋਕਾਂ ਵਿੱਚੋਂ, 9.5 ਕਰੋੜ ਉਨ੍ਹਾਂ ਦੇਸ਼ਾਂ ਵਿੱਚ ਰਹਿ ਰਹੇ ਹਨ ਜਿੱਥੇ ਭੋਜਨ ਸੰਕਟ ਪਹਿਲਾਂ ਹੀ ਡੂੰਘਾ ਹੈ, ਜਿਵੇਂ ਕਿ ਕਾਂਗੋ, ਕੋਲੰਬੀਆ, ਸੁਡਾਨ ਅਤੇ ਸੀਰੀਆ। ਲਗਭਗ 20 ਦੇਸ਼ਾਂ ਵਿੱਚ 14 ਕਰੋੜ ਲੋਕ ਯੁੱਧ ਅਤੇ ਹਿੰਸਾ ਕਾਰਨ ਭੋਜਨ ਦੀ ਕਮੀ ਨਾਲ ਜੂਝ ਰਹੇ ਹਨ। ਇਸ ਤੋਂ ਸਥਿਤੀ ਦਾ ਅੰਦਾਜ਼ਾ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ। ਹਾਲਾਂਕਿ, ਸੰਯੁਕਤ ਰਾਸ਼ਟਰ ਅਤੇ ਕੁਝ ਅੰਤਰਰਾਸ਼ਟਰੀ ਸਹਾਇਤਾ ਏਜੰਸੀਆਂ ਬੇਘਰ ਹੋਏ ਲੋਕਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਵਿੱਤੀ ਫੰਡਾਂ ਦੀ ਘਾਟ ਕਾਰਨ ਉਨ੍ਹਾਂ ਦੀਆਂ ਕੋਸ਼ਿਸ਼ਾਂ ਵੀ ਨਾਕਾਫ਼ੀ ਸਾਬਤ ਹੋ ਰਹੀਆਂ ਹਨ।

-ਜਗਜੀਤ ਸਿੰਘ ਦਰਦੀ

# ਹੁਣ ਪੰਜਾਬ ਦੀ ਰਾਜਨੀਤੀ ਤੇ ਲਾਅ ਐਂਡ ਆਰਡਰ ਦੀ ਸਥਿਤੀ ਅਤੇ ਸਰਕਾਰ ਦਾ ਦ੍ਰਿਸ਼ਟੀਕੋਣ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਪੰਜਾਬ ਅਸੈਂਬਲੀ ਦਾ ਇਜਲਾਸ ਚੱਲ ਰਿਹਾ ਹੈ ਅਤੇ ਹੋਰਨਾਂ ਤੋਂ ਇਲਾਵਾ ਲਾਅ ਐਂਡ ਆਰਡਰ ਦੀ ਸਥਿਤੀ ਬਾਰੇ ਹੁਣ ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੇ ਸਰਕਾਰ ਵਿਰੁੱਧ ਆਪਣੀ ਆਵਾਜ਼ ਤਿੱਖੀ ਕਰ ਦਿੱਤੀ ਹੈ।

ਦੇਖਣਾ ਇਹ ਹੈ ਕਿ ਇਸ ਰਾਜਨੀਤਿਕ ਸਥਿਤੀ ਵਿੱਚ ਲਾਅ ਆਰਡਰ ਵਿੱਚ ਸਰਕਾਰ ਨੇ ਹਾਲਾਂਕਿ ਕਈ ਸਖ਼ਤ ਕਦਮ ਚੁੱਕੇ ਹਨ ਪਰੰਤੂ ਹਾਲੇ ਵੀ ਉਹ ਉਨੇ ਕਾਰਗਰ ਸਾਬਿਤ ਨਹੀਂ ਹੋ ਰਹੇ ਕਿ ਪੰਜਾਬ ਵਿੱਚ ਸ਼ਾਂਤੀ ਦਾ ਵਾਤਾਵਰਨ ਸੁਰੱਖਿਅਤ ਹੋਵੇ।

ਅੱਜ ਅਸਲ ਸਥਿਤੀ ਕੀ ਹੈ। ਉਸ ਬਾਰੇ ਚਰਚਾ ਕਰਦਿਆਂ ਹੋਇਆਂ ਅਸੀਂ ਦੇਖ ਸਕਦੇ ਹਾਂ ਕਿ ਪੰਜਾਬ, ਭਾਰਤ ਦਾ ਇੱਕ ਅਜਿਹਾ ਰਾਜ ਹੈ, ਜਿਸ ਦੀ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਬੁਨਿਆਦ ਨੇ ਹਮੇਸ਼ਾ ਹੀ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਪਰ, ਪਿਛਲੇ ਕੁਝ ਸਾਲਾਂ ਵਿੱਚ, ਖਾਸਕਰ 2025 ਵਿੱਚ, ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ (ਲਾਅ ਐਂਡ ਆਰਡਰ) ਦੀ ਸਥਿਤੀ ਰਾਜਨੀਤਕ ਅਤੇ ਸਰਕਾਰੀ ਚਰਚਾ ਦਾ ਕੇਂਦਰ ਬਿੰਦੂ ਰਹੀ ਹੈ। ਅੱਜ ਅਸੀਂ ਪੰਜਾਬ ਦੀ ਮੌਜੂਦਾ ਕਾਨੂੰਨ ਵਿਵਸਥਾ ਦੀ ਸਥਿਤੀ, ਸਰਕਾਰ ਦੀਆਂ ਨੀਤੀਆਂ, ਰਾਜਨੀਤਕ ਪਾਰਟੀਆਂ ਦੇ ਦ੍ਰਿਸ਼ਟੀਕੋਣ ਅਤੇ ਸਮਾਜਿਕ ਪ੍ਰਭਾਵਾਂ ਦਾ ਵਿਸਥਾਰਪੂਰਵਕ ਵਿਸ਼ਲੇਸ਼ਣ ਵਿਚ ਕਾਨੂੰਨ ਅਤੇ ਵਿਵਸਥਾ ਦੀ ਮੌਜੂਦਾ ਸਥਿਤੀ ਅਨੁਸਾਰ 2025 ਵਿੱਚ, ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਸੂਬੇ ਦੇ ਸਮਾਜਿਕ-ਆਰਥਿਕ ਅਤੇ ਰਾਜਨੀਤਕ ਪਿਛੋਕੜ ਨੂੰ ਵੇਖਣਾ ਜ਼ਰੂਰੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ 2022 ਵਿੱਚ ਸੱਤਾ ਸੰਭਾਲਣ ਤੋਂ ਬਾਅਦ ਕਈ ਸੁਧਾਰਵਾਦੀ ਕਦਮ ਉਠਾਏ ਹਨ, ਜਿਨ੍ਹਾਂ ਵਿੱਚ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨਾ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਸ਼ਾਮਲ ਹੈ। ਸਰਕਾਰ ਦਾ ਦਾਅਵਾ ਹੈ ਕਿ ਉਸ ਨੇ ਨਸ਼ਾ ਤਸਕਰੀ, ਗੈਂਗਸਟਰਵਾਦ ਅਤੇ ਅਪਰਾਧਕ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਾਰਵਾਈਆਂ ਕੀਤੀਆਂ ਹਨ।

ਮੁੱਖ ਮੰਤਰੀ ਨੇ ਜੂਨ 2025 ਵਿੱਚ ਇੱਕ ਬਿਆਨ ਵਿੱਚ ਕਿਹਾ ਸੀ, ਅਸੀਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਸੁਧਾਰ ਕੇ ਲੋਕਾਂ ਨੂੰ ਸੁਰੱਖਿਅਤ ਮਾਹੌਲ ਦਿੱਤਾ। ਨਸ਼ਾ ਤਸਕਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਐਕਸ਼ਨ ਕਰਕੇ ਉਹਨਾਂ ਨੂੰ ਪੰਜਾਬ ਛੱਡਣ ਲਈ ਮਜਬੂਰ ਕੀਤਾ। ਇਸ ਦੇ ਨਾਲ ਹੀ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ, ਜਿਸ ਅਧੀਨ ਪੰਜਾਬ ਪੁਲਿਸ ਨੂੰ ਨਸ਼ਾ ਤਸਕਰਾਂ ਵਿਰੁੱਧ ਨਿਯਮਤ ਕਾਰਵਾਈਆਂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਅੱਜ ਹਾਲਾਂਕਿ ਵਿਰੋਧੀ ਪਾਰਟੀਆਂ, ਖਾਸਕਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਰਾਸ਼ਟਰੀ ਕਾਂਗਰਸ ਦਾ ਮੰਨਣਾ ਹੈ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜ ਰਹੀ ਹੈ। ਅੱਜ ਪੰਜਾਬ ਦੇ ਹਾਲਾਤ ਇਹ ਹੋ ਗਏ ਹਨ ਕਿ ਗੈਂਗਸਟਰ ਸਭ ਨੂੰ ਸ਼ਰੇਆਮ ਧਮਕੀਆਂ ਦੇ ਰਹੇ ਹਨ ਤੇ ਪੁਲਿਸ ਇਹਨਾਂ ਨੂੰ ਸਕਿਉਰਿਟੀ ਦੇ ਰਹੀ ਹੈ। ਇਹ ਬਿਆਨ ਸੂਬੇ ਵਿੱਚ ਵੱਧ ਰਹੇ ਗੈਂਗਸਟਰਵਾਦ ਅਤੇ ਅਪਰਾਧ ਨੂੰ ਰੋਕਣ ਵਿੱਚ ਸਰਕਾਰ ਦੀ ਅਸਫਲਤਾ ਦੀ ਗੱਲ ਕਰਦਾ ਹੈ।

ਹੁਣ ਸਰਕਾਰ ਦੀਆਂ ਨੀਤੀਆਂ ਅਤੇ ਉਪਲਬਧੀਆਂ ਵਿੱਚ ਪੰਜਾਬ ਸਰਕਾਰ ਨੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਉਠਾਏ ਹਨ। ਇਹਨਾਂ ਵਿੱਚ ਸ਼ਾਮਲ ਹਨ।

ਨਸ਼ਿਆਂ ਵਿਰੁੱਧ ਮੁਹਿੰਮ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਜਿਸ ਦੇ ਤਹਿਤ ਪੰਜਾਬ ਪੁਲਿਸ ਨੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈਆਂ ਕੀਤੀਆਂ ਹਨ।

ਪੰਜਾਬ 'ਚ ਪਿਛਲੇ ਸਾਲਾਂ ਤੋਂ ਸਭ ਤੋਂ ਵੱਡਾ ਮੁੱਦਾ ਨਸ਼ਿਆਂ ਦਾ ਰਿਹਾ ਹੈ। ਸਰਕਾਰ ਲਗਾਤਾਰ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਲੱਗੀ ਹੋਈ ਹੈ। ਸਰਕਾਰ ਨੇ ਪੁਲਿਸ ਬਲ ਨੂੰ ਮਜ਼ਬੂਤ ਕਰਨ ਲਈ ਨਵੀਆਂ ਭਰਤੀਆਂ, ਸਿਖਲਾਈ ਅਤੇ ਆਧੁਨਿਕ ਸਾਜ਼ੋ-ਸਾਮਾਨ ਮੁਹੱਈਆ ਕਰਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।

ਹਰ ਜ਼ਿਲ੍ਹੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਨੂੰ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਵੀ ਕਦਮ ਉਠਾਏ ਹਨ।

ਰਾਜਨੀਤਕ ਪਾਰਟੀਆਂ ਦਾ ਦ੍ਰਿਸ਼ਟੀਕੋਣ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਕਾਨੂੰਨ ਵਿਵਸਥਾ ਦਾ ਮੁੱਦਾ ਹਮੇਸ਼ਾ ਹੀ ਗਰਮ ਰਿਹਾ ਹੈ। ਮੌਜੂਦਾ ਸਮੇਂ ਵਿੱਚ ਵੱਖ-ਵੱਖ ਪਾਰਟੀਆਂ ਦੇ ਵੱਖਰੇ-ਵੱਖਰੇ ਦ੍ਰਿਸ਼ਟੀਕੋਣ ਹਨ। ਆਮ ਆਦਮੀ ਪਾਰਟੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਪ ਸਰਕਾਰ ਦਾ ਜ਼ੋਰ ਸੁਧਾਰਾਂ ਅਤੇ ਲੋਕ-ਕੇਂਦਰਿਤ ਨੀਤੀਆਂ 'ਤੇ ਹੈ। ਸਰਕਾਰ ਦਾ ਦਾਅਵਾ ਹੈ ਕਿ ਉਸ ਨੇ ਨਸ਼ਿਆਂ ਅਤੇ ਅਪਰਾਧ ਨੂੰ ਘਟਾਉਣ ਲਈ ਮਹੱਤਵਪੂਰਨ ਕਦਮ ਉਠਾਏ ਹਨ।

ਪਹਿਲਾਂ ਅਕਾਲੀ ਦਲ ਨੇ ਸਰਕਾਰ ਤੇ ਗੈਂਗਸਟਰਵਾਦ ਅਤੇ ਅਪਰਾਧ ਨੂੰ ਰੋਕਣ ਵਿੱਚ ਅਸਫਲ ਰਹਿਣ ਦਾ ਇਲਜ਼ਾਮ ਲਗਾਇਆ ਹੈ। ਉਹਨਾਂ ਦਾ ਮੰਨਣਾ ਹੈ ਕਿ ਪੁਲਿਸ ਪ੍ਰਸ਼ਾਸਨ ਵਿੱਚ ਸਿਆਸੀ ਦਖਲਅੰਦਾਜ਼ੀ ਕਾਰਨ ਕਾਨੂੰਨ ਵਿਵਸਥਾ ਕਮਜ਼ੋਰ ਹੋਈ ਹੈ।

ਭਾਰਤੀ ਰਾਸ਼ਟਰੀ ਕਾਂਗਰਸ ਨੇ ਵੀ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਏ ਹਨ, ਖਾਸਕਰ ਗੈਂਗਸਟਰਵਾਦ ਅਤੇ ਨਸ਼ਿਆਂ ਦੇ ਮੁੱਦੇ 'ਤੇ। ਪ੍ਰਤਾਪ ਸਿੰਘ ਬਾਜਵਾ, ਜੋ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ, ਨੇ ਸਰਕਾਰ ਨੂੰ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਅਸਫਲ ਦੱਸਿਆ ਹੈ।

ਹੁਣ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਸਿੱਧਾ ਅਸਰ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਵਿਕਾਸ 'ਤੇ ਪੈਂਦਾ ਹੈ। ਨਸ਼ਿਆਂ ਦੀ ਸਮੱਸਿਆ ਨੇ ਸੂਬੇ ਦੀ ਨੌਜਵਾਨ ਪੀੜ੍ਹੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਸਰਕਾਰ ਦੀਆਂ ਨੀਤੀਆਂ ਦੇ ਬਾਵਜੂਦ, ਨਸ਼ਿਆਂ ਦੀ ਤਸਕਰੀ ਅਤੇ ਵਰਤੋਂ ਦੀਆਂ ਘਟਨਾਵਾਂ ਅਜੇ ਵੀ ਸਾਹਮਣੇ ਆਉਂਦੀਆਂ ਹਨ।

ਇਸ ਦੇ ਨਾਲ ਹੀ, ਗੈਂਗਸਟਰਵਾਦ ਦੀਆਂ ਘਟਨਾਵਾਂ ਨੇ ਵਪਾਰੀਆਂ ਅਤੇ ਆਮ ਨਾਗਰਿਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ। ਪੰਜਾਬ ਦੇ ਵਪਾਰਕ ਸ਼ਹਿਰਾਂ ਜਿਵੇਂ ਵਿੱਚ ਅਪਰਾਧਿਕ ਗਤੀਵਿਧੀਆਂ ਨੇ ਨਿਵੇਸ਼ਕਾਂ ਦਾ ਵਿਸ਼ਵਾਸ ਵੀ ਘਟਾਇਆ ਹੈ।

ਚੁਣੌਤੀਆਂ ਅਤੇ ਸੁਝਾਵਾਂ ਵਿੱਚ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਸਾਹਮਣੇ ਕਈ ਚੁਣੌਤੀਆਂ ਹਨ।

ਸੂਬੇ ਵਿੱਚ ਗੈਂਗਸਟਰਵਾਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਪੁਲਿਸ ਅਤੇ ਖੁਫੀਆ ਏਜੰਸੀਆਂ ਦੀ ਸਮਰੱਥਾ ਵਧਾਉਣ ਦੀ ਲੋੜ ਹੈ। ਹੁਣ ਪੁਲਿਸ ਪ੍ਰਸ਼ਾਸਨ ਵਿੱਚ ਸਿਆਸੀ ਦਖਲਅੰਦਾਜ਼ੀ ਨੂੰ ਰੋਕਣ ਲਈ ਸੁਤੰਤਰ ਅਤੇ ਪਾਰਦਰਸ਼ੀ ਪ੍ਰਣਾਲੀ ਦੀ ਸਥਾਪਨਾ ਜ਼ਰੂਰੀ ਹੈ।

ਹੁਣ ਨਸ਼ਿਆਂ ਅਤੇ ਬੇਰੁਜ਼ਗਾਰੀ ਨੂੰ ਘਟਾਉਣ ਲਈ ਨੌਜਵਾਨਾਂ ਨੂੰ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਦੀ ਲੋੜ ਹੈ। ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ 2025 ਵਿੱਚ ਮਿਸ਼ਰਤ ਹੈ। ਇੱਕ ਪਾਸੇ ਸਰਕਾਰ ਦੀਆਂ ਨੀਤੀਆਂ ਅਤੇ ਮੁਹਿੰਮਾਂ ਨੇ ਕੁਝ ਸਕਾਰਾਤਮਕ ਨਤੀਜੇ ਦਿੱਤੇ ਹਨ, ਜਦਕਿ ਦੂਜੇ ਪਾਸੇ ਵਿਰੋਧੀ ਪਾਰਟੀਆਂ ਅਤੇ ਸਮਾਜਿਕ ਸਮੂਹਾਂ ਦੀਆਂ ਸ਼ਿਕਾਇਤਾਂ ਸਰਕਾਰ ਦੀਆਂ ਕਮੀਆਂ ਨੂੰ ਉਜਾਗਰ ਕਰਦੀਆਂ ਹਨ। ਸੂਬੇ ਦੇ ਵਿਕਾਸ ਅਤੇ ਸੁਰੱਖਿਅਤ ਮਾਹੌਲ ਲਈ ਸਰਕਾਰ, ਪੁਲਿਸ ਅਤੇ ਸਮਾਜ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸਿਰਫ ਸਖ਼ਤ ਨੀਤੀਆਂ ਅਤੇ ਸਮਾਜਿਕ ਸੁਧਾਰਾਂ ਦੇ ਨਾਲ ਹੀ ਪੰਜਾਬ ਨੂੰ ਰੰਗਲਾ, ਪੰਜਾਬ ਦੀ ਪੁਰਾਣੀ ਪਹਿਚਾਣ ਵਾਪਸ ਮਿਲ ਸਕਦੀ ਹੈ।

# ਪੰਜਾਬ 'ਚ ਸਿਆਸੀ ਪਾਰਟੀਆਂ ਸਿਰ ਪਰਨੇ ਹੋਈਆਂ



ਕਮਲਜੀਤ ਸਿੰਘ ਬਨਵੈਤ
98147 34035

**ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਹਾਲ ਦੀ ਘੜੀ ਸੁਖਬੀਰ ਸਿੰਘ ਬਾਦਲ ਦਾ ਧੜਾ ਸਰਗਰਮ ਹੈ। ਸੁਖਬੀਰ ਬਾਦਲ ਤੋਂ ਅਲੱਗ ਹੋਏ ਬਾਗ਼ੀ ਹਾਲੇ ਤੱਕ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਦੋ ਦਸੰਬਰ ਦੇ ਹੁਕਮਨਾਮੇ ਨੂੰ ਸਮਰਪਿਤ ਹਨ ਅਤੇ ਉਹਨਾਂ ਵਿੱਚ ਸਿਆਸਤ ਨੂੰ ਜੱਫਾ ਮਾਰਨ ਦੀ ਕੋਈ ਕਾਲ ਨਹੀਂ ਲੱਗਦੀ ਹੈ। ਸੁਖਬੀਰ ਸਿੰਘ ਬਾਦਲ ਭੀੜ ਨੂੰ ਇਕੱਠਿਆਂ ਕਰਨ ਦਾ ਜੁਗਾੜ ਤਾਂ ਜਾਣਦੇ ਹਨ ਪਰ ਇਸ ਨੂੰ ਵੋਟਾਂ ਵਿੱਚ ਨਹੀਂ ਬਦਲ ਸਕੇ ਹਨ। ਦੂਜੇ ਬੰਨੇ ਜੇ ਸੁਧਾਰ ਲਹਿਰ ਵਾਲੇ ਇੱਕਜੁੱਟ ਹੋ ਕੇ ਚੱਲ ਪਏ ਤਾਂ ਲੋਕ ਵੀ ਨਾਲੋਂ ਨਾਲ ਤੁਰ ਪੈਣਗੇ। ਚਾਹੇ ਸੁਧਾਰ ਲਹਿਰ ਵਾਲਿਆਂ ਵਿੱਚੋਂ ਵੀ ਬਹੁਤੇ ਦੁੱਧ ਧੋਤੇ ਨਹੀਂ ਹਨ ਪਰ ਤੁਸੀਂ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋਣ ਕਰਕੇ ਲੋਕਾਂ ਦੇ ਦਿਲਾਂ ਵਿੱਚ ਥਾਂ ਜ਼ਰੂਰ ਬਣਾ ਲਈ ਹੈ। ਪੰਜਾਬ ਭਾਰਤੀ ਜਨਤਾ ਪਾਰਟੀ ਸੁਖਬੀਰ ਸਿੰਘ ਬਾਦਲ ਨਾਲ ਰਲ ਕੇ ਚੱਲਣ ਦੇ ਹੱਕ ਵਿੱਚ ਨਹੀਂ ਪਰ ਸੁਧਾਰ ਲਹਿਰ ਨਾਲ ਗੱਠਜੋੜ ਕਰਨ ਵਿੱਚ ਉਹਨਾਂ ਨੂੰ ਕੋਈ ਇਤਰਾਜ਼ ਵੀ ਨਹੀਂ ਹੈ। ਇੱਕ ਗੱਲ ਇਹ ਮੰਨਣੀ ਪਵੇਗੀ ਕਿ ਜੇ ਭਾਜਪਾ ਤੇ ਸੁਧਾਰ ਲਹਿਰ ਦਾ ਚੋਣ ਗਠਜੋੜ ਹੋ ਜਾਂਦਾ ਹੈ ਅਤੇ ਦੋਵੇਂ ਧਿਰਾਂ ਕਦਮ ਨਾ ਕਦਮ ਮਿਲਾ ਕੇ ਚੱਲਣ ਦੀਆਂ ਸਭ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਬਦਲ ਸਕਦੇ ਹਨ।**

ਰਾਜਨੀਤਕ ਪਾਰਟੀਆਂ ਨੂੰ 2027 ਦੇ ਸੁਪਨੇ ਆਉਣ ਲੱਗੇ ਹਨ। ਕੋਈ ਮੁੱਖ ਮੰਤਰੀ ਦੀ ਕੁਰਸੀ ਨੂੰ ਹੱਥ ਪਾਉਣ ਦੀ ਸਿੱਕ ਦਿਲ ਵਿੱਚ ਪਲੋਸ ਰਿਹਾ ਹੈ ਅਤੇ ਦੂਜੇ ਝੰਡੀ ਵਾਲੀ ਕਾਰ ਦੇ ਹੂਟੇ ਲੈਣ ਦੀਆਂ ਰੀਝਾਂ ਪਾਲ ਰਹੇ ਹਨ। ਕਈ ਮਹਾਤੜਾਂ ਨੂੰ ਚੇਅਰਮੈਨੀਆਂ ਦੀ ਉਮੀਦ ਹੈ। ਘਾਟ ਅਜਿਹੇ ਗਰੀਬੜਿਆਂ ਦੀ ਵੀ ਨਹੀਂ ਜਿਹੜੇ ਆਪਣੀ ਸਰਕਾਰ ਆਉਣ 'ਤੇ ਕੰਮ ਕਰਾਉਣ ਲਈ ਕਾਹਲੇ ਪੈਣ ਲੱਗੇ ਹਨ। ਕੁਰਸੀ ਦੀ ਭੁੱਖ ਸਭ ਨੂੰ ਹੈ ਪਰ ਪੰਜਾਬੀਆਂ ਦੀ ਚਿੰਤਾ ਨਾ ਵਿਰੋਧੀਆਂ ਨੂੰ ਹੈ ਅਤੇ ਨਾ ਹੀ ਸੱਤਾਧਾਰੀਆਂ ਨੂੰ ਹੈ। ਜੇ ਹਾਕਮ ਧਿਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ ਤਾਂ ਉਹਨਾਂ ਦੀ ਬਾਂਹ ਵਿਰੋਧੀਆਂ ਨੇ ਵੀ ਨਹੀਂ ਫੜੀ ਹੈ। ਵੱਡਾ ਦੁੱਖ ਇਹੋ ਹੈ ਕਿ ਦੋਵੇਂ ਧਿਰਾਂ ਨੇ ਲੋਕਾਂ ਦੇ ਮਸਲਿਆਂ ਦੀ ਗੱਲ ਕਰਨ ਦੀ ਥਾਂ ਇੱਕ ਦੂਜੇ ਨੂੰ ਨੀਵਾਂ ਦਿਖਾ ਕੇ ਆਪ ਦੁੱਧ ਧੋਤੇ ਹੋਣ ਦੀ ਦੌੜ ਲਾਈ ਰੱਖੀ ਹੈ।

ਸੱਤਾਧਾਰੀ ਆਮ ਆਦਮੀ ਪਾਰਟੀ ਦੋ ਕਦਮ ਅੱਗੇ ਨੂੰ ਵੱਧਦੀ ਹੈ ਤਾਂ ਚਾਰ ਕਦਮ ਪਿੱਛੇ ਨੂੰ ਹਟਣਾ ਪੈ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਢੀਠਤਾ ਦੇਖੋ ਕਿ ਦਿਲੋਂ ਤਾਂ ਲੋਕਾਂ ਨੇ ਵਿਸਾਰ ਦਿੱਤਾ ਹੈ ਪਰ ਦੋਸ਼ ਹਾਲੇ ਵੀ ਸਰਕਾਰੀ ਏਜੰਸੀਆਂ ਸਿਰ ਮੜੀ ਜਾ ਰਹੇ ਹਨ। ਪੰਜਾਬੀਆਂ ਦੀ ਭਾਰਤੀ ਜਨਤਾ ਪਾਰਟੀ ਪੰਜਾਬੀਆਂ ਨਾਲ ਸੁਰ ਨਹੀਂ ਮਿਲ ਰਹੀ ਹੈ ਪਰ ਸਰਕਾਰ ਬਣਾਉਣ ਦੇ ਸੁਪਨੇ ਭਾਜਪਾ ਵੀ ਬੁਣਨ ਵਿੱਚ ਪਿੱਛੇ ਨਹੀਂ ਹੈ। ਕਾਂਗਰਸ ਨੂੰ ਬਾਹਰਲੇ ਦੁਸ਼ਮਣਾਂ ਦੀ ਲੋੜ ਨਹੀਂ। ਆਪਸ ਵਿੱਚ ਹੀ ਲੜ ਭਿੜ ਕੇ ਇੱਕ ਦੂਜੇ ਦੀ ਪਿੱਠ ਲਾਉਣ ਲਈ ਕਾਫ਼ੀ ਹਨ। ਕਹਿੰਦੇ ਹਨ ਕਿ ਹਾਈ ਕਮਾਂਡ ਨੇ ਹੁਣ ਸਾਰਿਆਂ ਨੂੰ ਇੱਕੋ ਪੰਜਾਲੀ ਵਿੱਚ ਨਰੜਨ ਦਾ ਫਾਰਮੂਲਾ ਲੱਭਿਆ ਹੈ।

ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਦੁਬਾਰਾ ਸਰਕਾਰ ਬਣਾਉਣ ਲਈ ਜੁਗਾੜ ਲੜਾਉਣੇ ਸ਼ੁਰੂ ਕਰ ਦਿੱਤੇ ਹਨ। ਹੁਣ ਤੱਕ ਦੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ 300 ਯੂਨਿਟ ਫ੍ਰੀ ਬਿਜਲੀ ਦੇਣ ਦੇ ਫੈਸਲੇ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਲੋਕਾਂ ਨੂੰ ਨਾਲ ਨਹੀਂ ਜੋੜ ਕੇ ਰੱਖਿਆ ਜਾ ਸਕਿਆ ਹੈ। ਹੁਣ 10 ਲੱਖ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਦੇਣ ਦਾ ਫੈਸਲਾ ਲਿਆ ਗਿਆ ਹੈ ਪਰ ਹਾਲ ਦੀ ਘੜੀ ਤਾਂ ਉਸ ਵਿੱਚ ਵੀ ਕਈ ਤਰ੍ਹਾਂ ਦੀ ਝੋਲ ਦਿਸ ਰਹੀ ਹੈ। ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਸਰਕਾਰ ਦੇ ਹੱਥੋਂ ਹੀ ਨਹੀਂ ਨਿਕਲੀ ਸਗੋਂ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਅਪਰਾਧ ਉਤੇ ਕਾਬੂ ਹੀ ਨਹੀਂ ਪਾਇਆ ਜਾ ਸਕਿਆ ਹੈ। ਪੰਜਾਬ ਤੇ ਪੰਜਾਬੀ ਅਪਰਾਧਿਕ ਘਟਨਾਵਾਂ ਨੂੰ ਲੈ ਕੇ ਬੁਰੀ ਤਰ੍ਹਾਂ ਪਿਸ ਰਹੇ ਹਨ। ਦੁੱਖ ਇਹ ਕਿ ਪੰਜਾਬ ਸਰਕਾਰ ਨੱਕ ਉੱਤੇ ਮੱਖੀ ਬੈਠਣ ਦੇਣ ਲਈ ਤਿਆਰ ਨਹੀਂ ਹੈ। ਦਿੱਲੀ ਤੋਂ ਰਿਮੋਟ ਕੰਟਰੋਲ ਨਾਲ ਸਰਕਾਰ ਚਲਾਉਣ ਦੇ ਫੈਸਲੇ ਦਾ ਝੋਰਾ ਪੰਜਾਬੀਆਂ ਨੂੰ ਵੱਖਰਾ ਖਾ ਰਿਹਾ ਹੈ। ਇਹ ਪਹਿਲੀ ਵਾਰ ਹੈ ਕਿ ਨਾ ਅਫਸਰਸ਼ਾਹੀ ਦਾ ਪੰਜਾਬ ਸਰਕਾਰ ਉੱਤੇ ਅਤੇ ਨਾ ਹੀ ਪੰਜਾਬ ਸਰਕਾਰ ਦਾ ਅਫਸਰਸ਼ਾਹੀ 'ਤੇ ਭਰੋਸਾ ਬਣ ਸਕਿਆ ਹੈ। ਹਾਲੇ ਡੇਢ ਸਾਲ ਬਾਕੀ ਹਨ, ਖੌਰੇ ਪੰਜਾਬ ਦੀ ਤਕਦੀਰ ਬਦਲ ਜਾਵੇ।

ਭਾਰਤੀ ਜਨਤਾ ਪਾਰਟੀ ਨੇ 2027 ਨੂੰ ਸਾਹਮਣੇ ਰੱਖ ਕੇ ਹੀ ਪਾਰਟੀ ਦਾ ਨਵਾਂ ਵਰਕਿੰਗ ਪ੍ਰਧਾਨ ਲਾ ਦਿੱਤਾ ਹੈ। ਅਸ਼ਵਨੀ ਸ਼ਰਮਾ ਇੱਕ ਤਜਰਬੇਕਾਰ ਲੀਡਰ ਹਨ ਅਤੇ ਉਹਨਾਂ ਦੇ ਹੱਥ ਪਹਿਲਾਂ ਵੀ ਪਾਰਟੀ ਦੀ ਕਮਾਨ ਰਹੀ ਹੈ। ਭਾਜਪਾ ਹਾਈ ਕਮਾਂਡ ਦੇ ਫੈਸਲੇ ਅਨੁਸਾਰ ਸੁਨੀਲ ਜਾਖੜ ਹਾਲ ਦੀ ਘੜੀ ਪ੍ਰਧਾਨ ਬਣੇ ਰਹਿਣਗੇ। ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਇਕੋ ਪੰਜਾਲੀ ਵਿੱਚ ਜੁੜ ਕੇ ਚੱਲ ਸਕਣਗੇ ਕਿ ਨਹੀਂ ਇਹ ਤਾਂ ਸਮਾਂ ਹੀ ਦੱਸੇਗਾ, ਜਿਹੜਾ ਤੇ ਸੰਭਵ ਨਹੀਂ ਲੱਗ ਰਿਹਾ ਹੈ। ਇਸ ਪੱਖੋਂ ਮੈਨੂੰ ਕਾਂਗਰਸ ਅਤੇ ਭਾਜਪਾ ਦੀ ਸਥਿਤੀ ਵੱਖਰੀ ਨਹੀਂ ਲੱਗ ਰਹੀ ਹੈ। ਭਾਰਤੀ ਜਨਤਾ ਪਾਰਟੀ ਨੂੰ ਹਾਲੇ ਤੱਕ ਪੰਜਾਬੀ ਵਿਸ਼ੇਸ਼ ਕਰਕੇ ਕਿਸਾਨ ਤੇ ਸਿੱਖ ਦਿਲੋਂ ਅਪਣਾ ਨਹੀਂ ਸਕੇ ਹਨ ਪਰ ਫਿਰ ਵੀ ਪਾਰਟੀ 27 ਤੱਕ ਪੰਜਾਬੀਆਂ ਦਾ ਦਿਲ ਜਿੱਤ ਲੈਣ ਦੀ ਉਮੀਦ ਲਾਈ ਬੈਠੀ ਹੈ। ਰੱਬ ਕਰੇ ਅਜਿਹਾ ਹੋ ਵੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਹਾਲ ਦੀ ਘੜੀ ਸੁਖਬੀਰ ਸਿੰਘ ਬਾਦਲ ਦਾ ਧੜਾ ਸਰਗਰਮ ਹੈ। ਸੁਖਬੀਰ ਬਾਦਲ ਤੋਂ ਅਲੱਗ ਹੋਏ ਬਾਗ਼ੀ ਹਾਲੇ ਤੱਕ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਦੋ ਦਸੰਬਰ ਦੇ ਹੁਕਮਨਾਮੇ ਨੂੰ ਸਮਰਪਿਤ ਹਨ ਅਤੇ ਉਹਨਾਂ ਵਿੱਚ ਸਿਆਸਤ ਨੂੰ ਜੱਫਾ ਮਾਰਨ ਦੀ ਕੋਈ ਕਾਲ ਨਹੀਂ ਲੱਗਦੀ ਹੈ। ਸੁਖਬੀਰ ਸਿੰਘ ਬਾਦਲ ਭੀੜ ਨੂੰ ਇਕੱਠਿਆਂ ਕਰਨ ਦਾ ਜੁਗਾੜ ਤਾਂ ਜਾਣਦੇ ਹਨ ਪਰ ਇਸ ਨੂੰ ਵੋਟਾਂ ਵਿੱਚ ਨਹੀਂ ਬਦਲ ਸਕੇ ਹਨ। ਦੂਜੇ ਬੰਨੇ ਜੇ ਸੁਧਾਰ ਲਹਿਰ ਵਾਲੇ ਇੱਕਜੁੱਟ ਹੋ ਕੇ ਚੱਲ ਪਏ ਤਾਂ ਲੋਕ ਵੀ ਨਾਲੋਂ ਨਾਲ ਤੁਰ ਪੈਣਗੇ। ਚਾਹੇ ਸੁਧਾਰ ਲਹਿਰ ਵਾਲਿਆਂ ਵਿੱਚੋਂ ਵੀ ਬਹੁਤੇ ਦੁੱਧ ਧੋਤੇ ਨਹੀਂ ਹਨ ਪਰ ਤੁਸੀਂ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋਣ ਕਰਕੇ ਲੋਕਾਂ ਦੇ ਦਿਲਾਂ ਵਿੱਚ ਥਾਂ ਜ਼ਰੂਰ ਬਣਾ ਲਈ ਹੈ। ਪੰਜਾਬ ਭਾਰਤੀ ਜਨਤਾ ਪਾਰਟੀ ਸੁਖਬੀਰ ਸਿੰਘ ਬਾਦਲ ਨਾਲ ਰਲ ਕੇ ਚੱਲਣ ਦੇ ਹੱਕ ਵਿੱਚ ਨਹੀਂ ਪਰ ਸੁਧਾਰ ਲਹਿਰ ਨਾਲ ਗੱਠਜੋੜ ਕਰਨ ਵਿੱਚ ਉਹਨਾਂ ਨੂੰ ਕੋਈ ਇਤਰਾਜ਼ ਵੀ ਨਹੀਂ ਹੈ। ਇੱਕ ਗੱਲ ਇਹ ਮੰਨਣੀ ਪਵੇਗੀ ਕਿ ਜੇ ਭਾਜਪਾ ਤੇ ਸੁਧਾਰ ਲਹਿਰ ਦਾ ਚੋਣ ਗਠਜੋੜ ਹੋ ਜਾਂਦਾ ਹੈ ਅਤੇ ਦੋਵੇਂ ਧਿਰਾਂ ਕਦਮ ਨਾ ਕਦਮ ਮਿਲਾ ਕੇ ਚੱਲਣ ਦੀਆਂ ਸਭ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਬਦਲ ਸਕਦੇ ਹਨ।

ਕਾਂਗਰਸ ਦੀ ਗੱਲ ਕਰ ਲਈਏ ਤਾਂ ਆਪਸੀ ਪਾਟੋਧਾੜ ਕਰਕੇ 2022 ਤੋਂ ਬਾਅਦ ਲਗਾਤਾਰ ਪੈਰ ਉੱਖੜਦੇ ਆ ਰਹੇ ਹਨ। 2017 ਵਿੱਚ ਕਾਂਗਰਸ ਨੇ ਸਰਕਾਰ ਬਣਾਈ ਸੀ ਜਦ ਕਿ 2022 ਦੀਆਂ ਚੋਣਾਂ ਵਿੱਚ ਸਿਰਫ 18 ਸੀਟਾਂ ਨਾਲ ਸਬਰ ਕਰਨਾ ਪਿਆ ਸੀ। ਸ਼੍ਰੋਮਣੀ ਅਕਾਲੀ ਦਲ ਤੇ ਇਹਨਾਂ ਨੂੰ ਸਮਝ ਕੇ ਰਹਿ ਗਿਆ ਸੀ ਅਤੇ ਭਾਜਪਾ ਦੋ ਤੋਂ ਉੱਪਰ ਨਹੀਂ ਸੀ ਵਧ ਸਕੀ। ਲੋਕ ਸਭਾ ਦੀਆਂ ਚੋਣਾਂ ਵਿੱਚ ਪੰਜਾਬ ਅੰਦਰ ਸਭ ਤੋਂ ਵੱਧ ਸੀਟਾਂ ਤਾਂ ਲਈਆਂ ਪਰ ਪਿਛਲੀ ਵਾਰ ਨਾਲੋਂ ਇੱਕ ਸੀਟ ਘੱਟ ਰਹੀ ਹੈ। ਲੁਧਿਆਣਾ ਪੱਛਮੀ ਚੋਣ ਵਿੱਚ ਕਾਂਗਰਸ ਇੱਕ ਤਰ੍ਹਾਂ ਨਾਲ ਜਿੱਤ ਨੂੰ ਹੱਥ ਲਾ ਕੇ ਪਿੱਛੇ ਮੁੜੀ ਹੈ। ਪੰਜਾਬ ਅੰਦਰ ਅੱਧੀ ਦਰਜਨ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਹੋਈ ਹੈ ਅਤੇ ਕਾਂਗਰਸ ਕੇਵਲ ਬਰਨਾਲਾ ਦੀ ਸੀਟ ਕੱਢ ਸਕੀ ਸੀ। ਸ਼੍ਰੋਮਣੀ ਅਕਾਲੀ ਦਲ ਸੰਗਰੂਰ ਦੀ ਜ਼ਿਮਨੀ ਚੋਣ ਤੋਂ ਲੈ ਕੇ ਹੁਣ ਤੱਕ ਲਗਾਤਾਰ ਫਾਡੀ ਚੱਲਦਾ ਆ ਰਿਹਾ ਹੈ। ਆਮ ਲੋਕ ਇਹ ਮਹਿਸੂਸ ਕਰਦੇ ਹਨ ਕਿ ਜੇ ਕਾਂਗਰਸ ਵਾਲੇ ਦਿਲੋਂ ਇਕੱਠੇ ਹੋ ਗਏ ਤਦ ਉਹ 27 ਵਿੱਚ ਹੱਥ ਮਾਰ ਲੈਣਗੇ।

ਇੱਕ ਵੱਖਰੀ ਜਾਣਕਾਰੀ ਅਨੁਸਾਰ ਕਾਂਗਰਸ ਹਾਈਕਮਾਂਡ ਨੇ ਪੰਜਾਬ ਦੇ ਲੀਡਰਾਂ ਅੰਦਰ ਪਈ ਫੁੱਟ ਨੂੰ ਦੇਰ ਨਾਲ ਸਹੀ ਗੰਭੀਰਤਾ ਨਾਲ ਲੈਣਾ ਸ਼ੁਰੂ ਕੀਤਾ ਹੈ। ਸੂਤਰ ਦਾਅਵਾ ਕਰਦੇ ਹਨ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਜਲਦ ਹੀ ਬਦਲ ਦਿੱਤਾ ਜਾਵੇਗਾ। ਕਿਹਾ ਜਾ ਰਿਹਾ ਹੈ ਕਿ ਕਿਸੇ ਅਜਿਹੇ ਲੀਡਰ ਨੂੰ ਪ੍ਰਧਾਨਗੀ ਦਿੱਤੀ ਜਾਵੇ ਜਿਹੜਾ ਦੋਵੇਂ ਧੜਿਆਂ ਨੂੰ ਸਵੀਕਾਰ ਵੀ ਹੋਵੇ ਅਤੇ ਜਿਸ ਕੋਲ ਪਹਿਲਾਂ ਕੋਈ ਵੱਡਾ ਅਹੁਦਾ ਨਾ ਹੋਵੇ। ਇਸਦਾ ਮਤਲਬ ਇਹ ਕਿ ਉਹ ਹੋਲੀ ਸੋਲੀ ਪ੍ਰਧਾਨਗੀ ਨੂੰ ਸਮਰਪਿਤ ਹੋਵੇ। ਦੂਜੇ ਬੰਨੇ ਕਾਂਗਰਸ ਨੇ ਪੰਜਾਬ ਇਕਾਈ ਦੇ ਲੀਡਰਾਂ ਉੱਤੇ ਸ਼ਿਕੰਜਾ ਕੱਸਣਾ ਵੀ ਸ਼ੁਰੂ ਕਰ ਦਿੱਤਾ ਹੈ। ਜੇ ਕਾਂਗਰਸ ਹਾਈ ਕਮਾਨ ਦਾ ਵਤੀਰਾ ਪਹਿਲਾਂ ਜਿਹਾ ਢਿੱਲਾ ਮੱਠਾ ਹੁੰਦਾ ਤਾਂ ਲੁਧਿਆਣਾ ਜ਼ਿਮਨੀ ਚੋਣ ਦੇ ਨਤੀਜਿਆਂ ਤੋਂ ਬਾਅਦ ਕਾਂਗਰਸ ਦੇ ਦੋ ਵੱਡੇ ਨੇਤਾਵਾਂ ਭਾਰਤ ਭੂਸ਼ਨ ਆਸ਼ੂ ਅਤੇ ਪਰਗਟ ਸਿੰਘ ਸਮੇਤ ਕੁੱਕੀ ਢਿੱਲੋਂ ਦਾ ਅਸਤੀਫਾ ਪ੍ਰਵਾਨ ਨਹੀਂ ਸੀ ਕੀਤਾ ਜਾਣਾ। ਪਿਛਲੇ ਕਈ ਦਿਨਾਂ ਤੋਂ ਇਹ ਕਿਹਾ ਜਾ ਰਿਹਾ ਸੀ ਕਿ ਕਾਂਗਰਸ ਹਾਈ ਕਮਾਨ ਦੀ ਆਪਣੀ ਰੀੜ ਦੀ ਹੱਡੀ ਮਜ਼ਬੂਤ ਨਹੀਂ ਜਿਸ ਕਰਕੇ ਸਬਾਈ ਲੀਡਰ ਆਪੋ ਆਪਣੀ ਡਫਲੀ ਵਜਾ ਰਹੇ ਹਨ। ਪੰਜਾਬ ਕਾਂਗਰਸ ਸੱਚਮੁੱਚ ਹੀ ਇੱਕਜੁੱਟ ਹੋ ਜਾਂਦੀ ਹੈ ਤਦ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਹੋਰ ਹੋਣਗੇ। ਮੌਜੂਦਾ ਹਾਲਾਤਾਂ ਨੂੰ ਸਾਹਮਣੇ ਰੱਖ ਕੇ ਕਈ ਸਿਆਸੀ ਪੰਡਤ ਅਗਲੀ ਵਾਰ ਲੰਗੜੀ ਵਿਧਾਨ ਸਭਾ ਦੀ ਭਵਿੱਖਬਾਣੀ ਵੀ ਕਰਨ ਲੱਗੇ ਹਨ।

ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੇ ਇੱਕ ਵੱਡੀ ਉਮੀਦ ਨਾਲ ਦੋ ਰਵਾਇਤੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਨੂੰ ਰੱਦ ਕਰਕੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੱਡਾ ਫਤਵਾ ਦਿੱਤਾ ਸੀ। ਲੋਕਾਂ ਨੂੰ ਹਾਲੇ ਤੱਕ ਤਾਂ ਬਦਲਾਅ ਪੂਰੀ ਤਰ੍ਹਾਂ ਰਾਸ ਨਹੀਂ ਆਇਆ ਲੱਗਦਾ ਹੈ। ਪੰਜਾਬੀ ਕਾਂਗਰਸ ਅਤੇ ਅਕਾਲੀਆਂ ਉੱਤੇ ਦੁਬਾਰਾ ਆਪਣੀ ਟੇਕ ਰੱਖਣ ਲਈ ਤਿਆਰ ਨਹੀਂ ਹਨ। ਇਹੋ ਇੱਕ ਗੱਲ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਭੁਗਤਦੀ ਲੱਗਦੀ ਹੈ। ਕਈ ਜਣੇ ਤਾਂ ਡਬਲ ਇੰਜਨ ਸਰਕਾਰ ਦੇ ਹੱਕ ਵਿੱਚ ਵੀ ਸੋਚਣ ਲੱਗੇ ਹਨ। ਹਾਂ ਇੱਕ ਗੱਲ ਜ਼ਰੂਰ ਕਰਨੀ ਬਣਦੀ ਹੈ ਕਿ ਆਮ ਆਦਮੀ ਪਾਰਟੀ ਕਾਂਗਰਸ ਅਤੇ ਅਕਾਲੀ ਦਲ ਇੱਕ ਦੂਜੇ ਉੱਤੇ ਚਿੱਕੜ ਉਛਾਲਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ ਹਨ ਪਰ ਭਾਰਤੀ ਜਨਤਾ ਪਾਰਟੀ ਇਸ ਪੱਖੋਂ ਸੰਜਮ ਨਾਲ ਚੱਲ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁੱਕਰਵਾਰ ਨੂੰ ਵਿਧਾਨ ਸਭਾ ਵਿੱਚ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਉੱਤੇ ਕੀਤੇ ਤਿੱਖੇ ਹਮਲਿਆਂ ਨੂੰ ਲੈ ਕੇ ਜ਼ਰੂਰ ਸਖਤ ਪ੍ਰਤੀਕਰਮ ਪ੍ਰਗਟ ਕੀਤਾ ਹੈ।

ਕਿੰਨਾ ਚੰਗਾ ਹੋਵੇ ਜੇ ਸਿਆਸੀ ਪਾਰਟੀਆਂ ਇੱਕ ਦੂਜੇ ਨੂੰ ਨਿੰਦਣ ਦੀ ਥਾਂ ਲੋਕ ਮਸਲਿਆਂ ਨੂੰ ਲੈ ਕੇ ਅੱਗੇ ਵਧਣ। ਸੱਤਾਧਾਰੀ ਹੋਣ ਜਾਂ ਵਿਰੋਧੀ ਪਾਰਟੀਆਂ ਲੋਕ ਮਸਲੇ ਭੁੱਲੀ ਬੈਠੀਆਂ ਹਨ ਅਤੇ ਇੱਕ ਦੂਜੇ ਨੂੰ ਗਾਲਾਂ ਕੱਢ ਕੇ ਡੰਗ ਟਪਾਈ ਕਰ ਰਹੀਆਂ ਹਨ। ਪੰਜਾਬ ਦਾ ਵੋਟਰ ਹੁਣ ਪਹਿਲਾਂ ਨਾਲੋਂ ਵਧੇਰੇ ਸਿਆਣਾ ਹੋਇਆ ਹੈ। ਹੁਣ ਸ਼ਾਇਦ ਸਿਆਸੀ ਪਾਰਟੀਆਂ ਨੂੰ ਪੜ੍ਹਨੇ ਪਾਉਣਾ ਸਿੱਖ ਗਏ ਹਨ। ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬੀਆਂ ਪਹਿਲਾਂ ਨਾਲੋਂ ਵਧੇਰੇ ਸੁਚੇਤ ਹੋਏ ਹਨ। ਇਹ ਸਮੇਂ ਦੀ ਲੋੜ ਵੀ ਹੈ। ਪੰਜਾਬੀਆਂ ਦਾ ਸੁਭਾਅ ਜੇ ਨਰਮ ਹੈ ਤਾਂ ਉਹ ਗਰਮ ਵੀ ਉਨੇ ਹੀ ਹਨ ਅਤੇ ਉਲਾਰੂ ਵੀ। ਰਾਜਨੀਤਿਕ ਪਾਰਟੀਆਂ ਨੂੰ ਬਚ ਕੇ ਚੱਲਣਾ ਪਵੇਗਾ, ਨਹੀਂ ਤਾਂ ਇਹ ਪਲਟਾ ਕੇ ਮਾਰਨ ਵਿੱਚ ਦੇਰ ਨਹੀਂ ਲਾਉਂਦੇ ਹਨ।

# ਪ੍ਰਧਾਨ ਮੰਤਰੀ ਮੋਦੀ ਦਾ ਪੰਜ-ਦੇਸ਼ੀ ਦੌਰਾ: ਇੱਕ ਰਣਨੀਤਿਕ ਛਾਲ ਜਾਂ ਸਿਰਫ਼ ਇੱਕ ਕੂਟਨੀਤਕ ਚਮਕ?



ਵਿੰਕਲਜੀਤ ਸਿੰਘ ਸਰਾ
9501477889

2 ਜੁਲਾਈ ਤੋਂ 9 ਜੁਲਾਈ, 2025 ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੰਜ ਦੇਸ਼ਾਂ—ਘਾਨਾ, ਨਮੀਬੀਆ, ਟਰਿਨੀਡਾਡ ਅਤੇ ਟੋਬਾਗੋ, ਅਰਜਨਟੀਨਾ ਅਤੇ ਬ੍ਰਾਜ਼ੀਲ—ਦਾ ਦੌਰਾ, ਭਾਰਤੀ ਵਿਦੇਸ਼ ਨੀਤੀ ਦੇ ਇਤਿਹਾਸ ਵਿੱਚ ਇੱਕ ਅਹਿਮ ਮੋੜ ਵਜੋਂ ਦਰਜ ਹੋ ਗਿਆ ਹੈ। ਇਹ ਦੌਰਾ ਸਿਰਫ਼ ਕੁਝ ਸਮਝੌਤਿਆਂ 'ਤੇ ਦਸਤਖਤ ਕਰਨ ਜਾਂ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਤੱਕ ਸੀਮਤ ਨਹੀਂ ਸੀ, ਸਗੋਂ ਇਸਦੇ ਪਿੱਛੇ ਭਾਰਤ ਦੀ ਇੱਕ ਵੱਡੀ ਰਣਨੀਤਕ ਸੋਚ ਕੰਮ ਕਰ ਰਹੀ ਸੀ। ਇਸ ਲੇਖ ਵਿੱਚ, ਅਸੀਂ ਇਸ ਇਤਿਹਾਸਕ ਦੌਰੇ ਦੇ ਲਾਭ, ਸੰਭਾਵੀ ਨੁਕਸਾਨ ਅਤੇ ਭਾਰਤ ਦੇ ਭਵਿੱਖ ਤੇ ਇਸਦੇ ਪ੍ਰਭਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਾਂਗੇ।

**ਦੌਰੇ ਦਾ ਰਣਨੀਤਕ ਕੈਨਵਸ:** ਸਿਰਫ਼ ਮੁਲਾਕਾਤਾਂ ਤੋਂ ਵੱਧ : ਇਹ ਦੌਰਾ ਪੰਜ ਵੱਖ-ਵੱਖ ਦੇਸ਼ਾਂ ਦਾ ਇੱਕ ਸੰਗ੍ਰਹਿ ਨਹੀਂ, ਸਗੋਂ ਇੱਕ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਸੀ, ਜਿਸਦੇ ਮੁੱਖ ਥੰਮ੍ਹ ਸਨ।

**ਗਲੋਬਲ ਸਾਊਥ ਦੀ ਅਗਵਾਈ:** ਭਾਰਤ ਲੰਮੇ ਸਮੇਂ ਤੋਂ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਫ਼ਰੀਕਾ, ਲਾਤੀਨੀ ਅਮਰੀਕਾ ਅਤੇ ਕੈਰੇਬੀਅਨ ਦੇਸ਼ਾਂ ਦਾ ਇਹ ਦੌਰਾ ਗਲੋਬਲ ਸਾਊਥ ਦੇ ਏਜੰਡੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਣ ਅਤੇ ਚੀਨ ਦੇ ਵੱਧਦੇ ਪ੍ਰਭਾਵ ਦੇ ਮੁਕਾਬਲੇ ਇੱਕ ਭਰੋਸੇਮੰਦ ਭਾਈਵਾਲ ਵਜੋਂ ਉੱਭਰਨ ਦੀ ਕੋਸ਼ਿਸ਼ ਸੀ।

**ਊਰਜਾ ਅਤੇ ਖਣਿਜ ਸੁਰੱਖਿਆ:** ਆਤਮਨਿਰਭਰ ਭਾਰਤ ਅਤੇ ਹਰੀ ਊਰਜਾ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਲੋੜੀਂਦੇ ਖਣਿਜਾਂ—ਜਿਵੇਂ ਕਿ ਯੂਰੇਨੀਅਮ, ਲਿਥੀਅਮ, ਕੋਬਾਲਟ ਅਤੇ ਰੇਅਰ ਅਰਥ ਐਲੀਮੈਂਟਸ—ਦੀ ਸਪਲਾਈ ਨੂੰ ਯਕੀਨੀ ਬਣਾਉਣਾ ਇਸ ਦੌਰੇ ਦਾ ਕੇਂਦਰੀ ਆਰਥਿਕ ਮਕਸਦ ਸੀ।

**ਡਾਇਸਪੋਰਾ ਕੂਟਨੀਤੀ:** ਟਰਿਨੀਡਾਡ ਅਤੇ ਟੋਬਾਗੋ ਵਰਗੇ ਦੇਸ਼ਾਂ ਵਿੱਚ ਵਸਦੇ ਲੱਖਾਂ ਭਾਰਤੀ ਮੂਲ ਦੇ ਲੋਕਾਂ ਨਾਲ ਸਬੰਧਾਂ ਨੂੰ ਮੁੜ ਸੁਰਜੀਤ ਕਰਨਾ, ਭਾਰਤ ਦੀ ਸਾਫਟ ਪਾਵਰ ਨੂੰ ਵਧਾਉਣ ਅਤੇ ਵਿਦੇਸ਼ਾਂ ਵਿੱਚ ਭਾਰਤੀ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਸੀ।

**ਨਵੇਂ ਵਪਾਰਕ ਬਜ਼ਾਰ:** ਅਮਰੀਕਾ ਅਤੇ ਯੂਰਪ ਤੇ ਵਪਾਰਕ ਨਿਰਭਰਤਾ ਨੂੰ ਘਟਾਉਂਦੇ ਹੋਏ, ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਦੇ ਤੇਜ਼ੀ ਨਾਲ ਵੱਧ ਰਹੇ ਬਜ਼ਾਰਾਂ ਵਿੱਚ ਭਾਰਤੀ ਕੰਪਨੀਆਂ ਲਈ ਨਵੇਂ ਮੌਕੇ ਪੈਦਾ ਕਰਨਾ।

ਭਾਰਤ ਦੀ ਝੋਲੀ ਵਿੱਚ ਕੀ ਪਿਆ? ਮੁੱਖ ਲਾਭ : ਇਸ ਦੌਰੇ ਤੋਂ ਭਾਰਤ ਨੂੰ ਕਈ ਪੱਧਰਾਂ 'ਤੇ ਫਾਇਦਾ ਹੋਇਆ ਹੈ, ਜਿਨ੍ਹਾਂ ਨੂੰ ਸਿਰਫ਼ ਤਤਕਾਲੀ ਨਹੀਂ, ਸਗੋਂ ਲੰਬੇ ਸਮੇਂ ਦੇ ਨਜ਼ਰੀਏ ਨਾਲ ਵੇਖਣਾ ਚਾਹੀਦਾ ਹੈ।

1. **ਖਣਿਜ ਕੂਟਨੀਤੀ ਦੀ ਵੱਡੀ ਜਿੱਤ:** ਨਮੀਬੀਆ, ਜੋ ਦੁਨੀਆ ਦੇ ਪ੍ਰਮੁੱਖ ਯੂਰੇਨੀਅਮ ਉਤਪਾਦਕਾਂ ਵਿੱਚੋਂ ਇੱਕ ਹੈ, ਨਾਲ ਸਿਵਲ ਪਰਮਾਣੂ ਊਰਜਾ ਲਈ ਯੂਰੇਨੀਅਮ ਦੀ ਸਪਲਾਈ 'ਤੇ ਗੱਲਬਾਤ ਅੱਗੇ ਵਧੀ ਹੈ। ਇਸੇ ਤਰ੍ਹਾਂ ਅਰਜਨਟੀਨਾ ਅਤੇ ਬ੍ਰਾਜ਼ੀਲ, ਜੋ ਲਿਥੀਅਮ ਤਿਕੋਣ ਦਾ ਹਿੱਸਾ ਹਨ, ਨਾਲ ਲਿਥੀਅਮ ਬਲਾਕਾਂ ਵਿੱਚ ਭਾਰਤੀ ਕੰਪਨੀ KABIL (Khanij Bidesh India Ltd.) ਦੀ ਹਿੱਸੇਦਾਰੀ 'ਤੇ ਸਹਿਮਤੀ ਬਣੀ ਹੈ। ਇਹ ਭਾਰਤ ਦੇ ਇਲੈਕਟ੍ਰਿਕ ਵਾਹਨ (EV) ਮਿਸ਼ਨ ਅਤੇ ਬੈਟਰੀ ਨਿਰਮਾਣ ਉਦਯੋਗ ਲਈ ਇੱਕ ਇਤਿਹਾਸਕ ਕਦਮ ਸਾਬਤ ਹੋ ਸਕਦਾ, ਕਿਉਂਕਿ ਇਹ ਚੀਨ 'ਤੇ ਨਿਰਭਰਤਾ ਨੂੰ ਸਿੱਧਾ ਘਟਾਏਗਾ।
2. **ਆਰਥਿਕ ਅਤੇ ਵਪਾਰਕ ਸਾਂਝ ਨੂੰ ਨਵਾਂ ਹੁਲਾਰਾ:** ਬ੍ਰਾਜ਼ੀਲ ਨੇ ਅਗਲੇ ਪੰਜ ਸਾਲਾਂ ਵਿੱਚ ਭਾਰਤ ਨਾਲ ਦੁਵੱਲੇ ਵਪਾਰ ਨੂੰ £15 ਬਿਲੀਅਨ ਤੋਂ ਵਧਾ ਕੇ £50 ਬਿਲੀਅਨ ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਹੈ। ਅਰਜਨਟੀਨਾ ਵਿੱਚ ਭਾਰਤੀ ਫਾਰਮਾਸਿਊਟੀਕਲ ਅਤੇ ਆਈ.ਟੀ. ਕੰਪਨੀਆਂ ਲਈ ਨਿਵੇਸ਼ ਦੇ ਦਰਵਾਜ਼ੇ ਖੋਲ੍ਹੇ ਗਏ ਹਨ। ਘਾਨਾ, ਜੋ ਪੱਛਮੀ ਅਫ਼ਰੀਕਾ ਦਾ ਗੇਟਵੇ ਹੈ, ਨਾਲ ਭਾਰਤ ਦੇ UPI ਪਲੇਟਫਾਰਮ ਅਤੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਸਾਂਝਾ ਕਰਨ 'ਤੇ ਸਹਿਮਤੀ ਬਣੀ ਹੈ, ਜੋ ਭਾਰਤ ਦੇ ਤਕਨੀਕੀ ਪ੍ਰਭਾਵ ਨੂੰ ਵਧਾਏਗੀ।
3. **ਡਾਇਸਪੋਰਾ ਨਾਲ ਰਿਸ਼ਤਿਆਂ ਦੀ ਨਵੀਂ ਸ਼ੁਰੂਆਤ:** ਟਰਿਨੀਡਾਡ ਅਤੇ ਟੋਬਾਗੋ ਵਿੱਚ, ਜਿੱਥੇ 40% ਅਬਾਦੀ ਭਾਰਤੀ ਮੂਲ ਦੀ ਹੈ, ਪ੍ਰਧਾਨ ਮੰਤਰੀ ਮੋਦੀ ਦਾ ਭਾਵੁਕ ਸਵਾਗਤ ਹੋਇਆ। ਉਥੇ ਛੇਵੀਂ ਪੀੜ੍ਹੀ ਤੱਕ ਦੇ ਭਾਰਤੀ ਮੂਲ ਦੇ ਲੋਕਾਂ ਨੂੰ OCI (Overseas Citizen of India) ਕਾਰਡ ਦੇਣ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਦਾ ਐਲਾਨ, ਇੱਕ ਮਾਸਟਰਸਟ੍ਰੋਕ ਹੈ। ਇਸ ਨਾਲ ਨਾ ਸਿਰਫ਼ ਭਾਵਨਾਤਮਕ ਸਬੰਧ ਮਜ਼ਬੂਤ ਹੋਣਗੇ, ਸਗੋਂ ਸੈਰ-ਸਪਾਟਾ ਅਤੇ ਨਿਵੇਸ਼ ਵੀ ਵਧੇਗਾ।
4. **ਕੂਟਨੀਤਕ ਕੱਦ ਵਿੱਚ ਵਾਧਾ:** ਘਾਨਾ, ਨਮੀਬੀਆ ਅਤੇ ਟਰਿਨੀਡਾਡ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਸਰਵਉੱਚ ਨਾਗਰਿਕ ਸਨਮਾਨਾਂ ਨਾਲ ਸਨਮਾਨਿਤ ਕਰਨਾ, ਭਾਰਤ ਦੇ ਵਧਦੇ ਗਲੋਬਲ ਕੱਦ ਦਾ ਪ੍ਰਤੀਕ ਹੈ। ਘਾਨਾ ਅਤੇ ਟਰਿਨੀਡਾਡ ਦੀ ਸੰਸਦ ਨੂੰ ਸੰਬੋਧਨ ਕਰਨਾ ਦਰਸਾਉਂਦਾ ਹੈ ਕਿ ਦੁਨੀਆ ਭਾਰਤ ਦੇ ਲੋਕਤੰਤਰੀ ਮਾਡਲ ਅਤੇ ਲੀਡਰਸ਼ਿਪ ਨੂੰ ਕਿੰਨੀ ਗੰਭੀਰਤਾ ਨਾਲ ਲੈਂਦੀ ਹੈ।

**ਸਿੱਕੇ ਦਾ ਦੂਜਾ ਪਾਸਾ:** ਚੁਣੌਤੀਆਂ ਅਤੇ ਆਲੋਚਨਾ : ਹਰ ਵੱਡੀ ਪਹਿਲ ਵਾਂਗ, ਇਸ ਦੌਰੇ ਨੂੰ ਲੈ ਕੇ ਵੀ ਕਈ ਗੰਭੀਰ ਸਵਾਲ ਅਤੇ ਚੁਣੌਤੀਆਂ ਮੌਜੂਦ ਹਨ।

1. **ਕਰਾਰਾਂ ਅਤੇ ਅਮਲ ਵਿਚਕਾਰ ਪਾੜਾ:** ਇਤਿਹਾਸ ਗਵਾਹ ਹੈ ਕਿ ਭਾਰਤ ਦੇ ਵਿਦੇਸ਼ੀ ਦੌਰਿਆਂ ਦੌਰਾਨ ਅਕਸਰ ਵੱਡੇ-ਵੱਡੇ ਸਮਝੌਤੇ ਹੁੰਦੇ ਹਨ, ਪਰ ਉਹਨਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਰਫ਼ਤਾਰ ਬਹੁਤ ਹੌਲੀ ਹੁੰਦੀ ਹੈ। ਯੂਰੇਨੀਅਮ ਅਤੇ ਲਿਥੀਅਮ ਵਰਗੇ ਸੰਵੇਦਨਸ਼ੀਲ ਸੌਦਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਕਈ ਸਾਲ ਲੱਗ ਸਕਦੇ ਹਨ। ਇਸ ਦੌਰੇ ਦੀ ਅਸਲ ਸਫਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਇਹ ਵਾਅਦੇ ਕਿੰਨੀ ਜਲਦੀ ਹਕੀਕਤ ਵਿੱਚ ਬਦਲਦੇ ਹਨ।
2. **ਘਰੇਲੂ ਮੁੱਦਿਆਂ ਦੀ ਅਣਦੇਖੀ ਦਾ ਦੋਸ਼:** ਵਿਰੋਧੀ ਧਿਰ ਅਤੇ ਆਲੋਚਕਾਂ ਦਾ ਕਹਿਣਾ ਹੈ ਕਿ ਜਦੋਂ ਦੇਸ਼ ਬੇਰੁਜ਼ਗਾਰੀ, ਮਹਿੰਗਾਈ ਅਤੇ ਕਿਸਾਨੀ ਸੰਕਟ ਵਰਗੇ ਗੰਭੀਰ ਮੁੱਦਿਆਂ ਨਾਲ ਜੂਝ ਰਿਹਾ ਹੈ, ਤਾਂ ਅਜਿਹੇ ਮਹਿੰਗੇ ਵਿਦੇਸ਼ੀ ਦੌਰਿਆਂ 'ਤੇ ਸਰਕਾਰੀ ਖਜ਼ਾਨੇ ਦੀ ਵੱਡੀ ਰਕਮ ਖਰਚ ਕਰਨਾ ਕਿੰਨਾ ਕੁ ਜਾਇਜ਼ ਹੈ? ਇਹ ਸਵਾਲ ਉੱਠ ਰਿਹਾ ਹੈ ਕਿ ਕੀ ਵਿਦੇਸ਼ ਨੀਤੀ ਦੀ ਚਮਕ, ਘਰੇਲੂ ਮੁੱਦਿਆਂ ਦੇ ਹਨੇਰੇ ਨੂੰ ਛੁਪਾਉਣ ਦੀ ਕੋਸ਼ਿਸ਼ ਤਾਂ ਨਹੀਂ?
3. **ਵਿਅਕਤੀ-ਕੇਂਦਰਿਤ ਵਿਦੇਸ਼ ਨੀਤੀ ਦਾ ਖਤਰਾ:** ਇਹ ਆਲੋਚਨਾ ਵੀ ਕੀਤੀ ਜਾ ਰਹੀ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਸੰਸਥਾਗਤ ਹੋਣ ਦੀ ਬਜਾਏ ਮੋਦੀ-ਕੇਂਦਰਿਤ ਬਣ ਗਈ ਹੈ। ਸਬੰਧ ਨੇਤਾਵਾਂ ਦੇ ਨਿੱਜੀ ਰਿਸ਼ਤਿਆਂ 'ਤੇ ਜ਼ਿਆਦਾ ਨਿਰਭਰ ਕਰਦੇ ਹਨ। ਇਸਦਾ ਖਤਰਾ ਇਹ ਹੈ ਕਿ ਲੀਡਰਸ਼ਿਪ ਬਦਲਣ ਨਾਲ ਨੀਤੀਆਂ ਦੀ ਨਿਰੰਤਰਤਾ ਟੁੱਟ ਸਕਦੀ ਹੈ।

**ਵਿਸ਼ਲੇਸ਼ਣ:** ਕੀ ਲਾਭ ਭਾਰੀ ਪਏ? ਜੇਕਰ ਨਿਰਪੱਖ ਹੋ ਕੇ ਵਿਸ਼ਲੇਸ਼ਣ ਕੀਤਾ ਜਾਵੇ, ਤਾਂ ਇਸ ਦੌਰੇ ਦੇ ਰਣਨੀਤਕ ਲਾਭ ਤਤਕਾਲੀ ਨੁਕਸਾਨਾਂ ਜਾਂ ਆਲੋਚਨਾਵਾਂ ਨਾਲੋਂ ਕਿਤੇ ਵੱਧ ਭਾਰੀ ਨਜ਼ਰ ਆਉਂਦੇ ਹਨ।

ਰਣਨੀਤਕ ਤੌਰ 'ਤੇ: ਚੀਨ ਅਤੇ ਅਮਰੀਕਾ ਦੇ ਦਬਦਬੇ ਵਾਲੀ ਦੁਨੀਆ ਵਿੱਚ, ਭਾਰਤ ਨੇ ਗਲੋਬਲ ਸਾਊਥ ਦੇ ਦੇਸ਼ਾਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਇੱਕ ਤੀਜਾ ਰਾਹ ਬਣਾਉਣ ਦੀ ਸਫਲ ਕੋਸ਼ਿਸ਼ ਕੀਤੀ ਹੈ।

**ਆਰਥਿਕ ਤੌਰ 'ਤੇ:** ਲਿਥੀਅਮ ਅਤੇ ਯੂਰੇਨੀਅਮ ਵਰਗੇ ਸੌਦੇ ਭਵਿੱਖ ਵਿੱਚ ਭਾਰਤ ਨੂੰ ਆਯਾਤ ਨਿਰਭਰਤਾ ਤੋਂ ਮੁਕਤੀ ਦਿਵਾ ਸਕਦੇ ਹਨ, ਜਿਸਦਾ ਲਾਭ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਿਲੇਗਾ।

**ਕੂਟਨੀਤਕ ਤੌਰ 'ਤੇ:** ਇਹ ਦੌਰਾ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ (UNSC) ਵਿੱਚ ਸਥਾਈ ਸੀਟ ਲਈ ਭਾਰਤ ਦੀ ਦਾਅਵੇਦਾਰੀ ਨੂੰ ਮਜ਼ਬੂਤ ਕਰਦਾ ਹੈ, ਕਿਉਂਕਿ ਇਸ ਨੇ ਵੱਖ-ਵੱਖ ਮਹਾਂਦੀਪਾਂ ਤੋਂ ਭਾਰਤ ਲਈ ਸਮਰਥਨ ਜੁਟਾਇਆ ਹੈ।

**ਸਿੱਟਾ ਅਤੇ ਸੰਪਾਦਕੀ ਟਿੱਪਣੀ :** ਨਿਰਸੰਦੇਹ, ਪ੍ਰਧਾਨ ਮੰਤਰੀ ਮੋਦੀ ਦਾ ਇਹ ਪੰਜ-ਦੇਸ਼ੀ ਦੌਰਾ ਭਾਰਤ ਦੀ ਵਿਦੇਸ਼ ਨੀਤੀ ਵਿੱਚ ਇੱਕ ਦਲੇਰਾਨਾ ਅਤੇ ਦੂਰਅੰਦੇਸ਼ੀ ਕਦਮ ਹੈ। ਇਸਨੇ ਭਾਰਤ ਨੂੰ ਗਲੋਬਲ ਸਾਊਥ ਦੇ ਇੱਕ ਨਿਰਵਿਵਾਦ ਆਗੂ ਵਜੋਂ ਪੇਸ਼ ਕੀਤਾ ਹੈ ਅਤੇ ਦੇਸ਼ ਦੀ ਊਰਜਾ ਤੇ ਆਰਥਿਕ ਸੁਰੱਖਿਆ ਲਈ ਨਵੇਂ ਰਾਹ ਖੋਲ੍ਹੇ ਹਨ। ਪਰ, ਜਸ਼ਨ ਮਨਾਉਣਾ ਅਜੇ ਜਲਦਬਾਜ਼ੀ ਹੋਵੇਗੀ। ਇਸ ਦੌਰੇ ਦੀ ਅਸਲ ਪਰਖ ਹੁਣ ਸ਼ੁਰੂ ਹੋਵੇਗੀ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਦਸਤਖਤ ਕੀਤੇ ਗਏ ਸਮਝੌਤੇ ਸਿਰਫ਼ ਕਾਗਜ਼ਾਂ ਦਾ ਸ਼ਿੰਗਾਰ ਬਣ ਕੇ ਨਾ ਰਹਿ ਜਾਣ, ਸਗੋਂ ਉਹਨਾਂ ਨੂੰ ਸਮਾਂਬੱਧ ਤਰੀਕੇ ਨਾਲ ਲਾਗੂ ਕੀਤਾ ਜਾਵੇ। ਇਸਦੇ ਨਾਲ ਹੀ, ਸਰਕਾਰ ਨੂੰ ਵਿਦੇਸ਼ੀ ਮੋਰਚੇ 'ਤੇ ਮਿਲ ਰਹੀ ਸ਼ਲਾਘਾ ਅਤੇ ਘਰੇਲੂ ਮੁੱਦਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਵਿਚਕਾਰ ਇੱਕ ਸੰਤੁਲਨ ਬਣਾਉਣਾ ਪਵੇਗਾ। ਜੇਕਰ ਭਾਰਤ ਇਹਨਾਂ ਦੋਵਾਂ ਮੋਰਚਿਆਂ 'ਤੇ ਸਫਲ ਹੁੰਦਾ ਹੈ, ਤਾਂ ਹੀ ਇਹ ਦੌਰਾ 21ਵੀਂ ਸਦੀ ਵਿੱਚ ਭਾਰਤ ਦੇ ਉਭਾਰ ਦੀ ਇੱਕ ਨੀਂਹ ਪੱਥਰ ਸਾਬਤ ਹੋਵੇਗਾ।

ਰੋਜ਼ਾਨਾ
# ਚੜ੍ਹਦੀਕਲਾ
ਸਪਤਾਹਿਕ ਮੈਗਜ਼ੀਨ
Punjabi Daily Newspaper Charhdikala
ਐਤਵਾਰ, 13 ਜੁਲਾਈ, 2025
Sunday, 13 July, 2025





## ਗੁਰੂ ਗੋਬਿੰਦ ਸਿੰਘ ਦੀ ਮਾਧੋ ਦਾਸ ਵੈਰਾਗੀ ਨਾਲ ਮੁਲਾਕਾਤ



ਡਾ. ਰਣਜੀਤ ਸਿੰਘ
94170-87328

ਗੁਰੂ ਗੋਬਿੰਦ ਸਿੰਘ ਨੂੰ ਜਦੋਂ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਮਿਲੀ, ਉਸ ਵੇਲੇ ਗੁਰੂ ਸਾਹਿਬ ਰਾਜਸਥਾਨ ਵਿਚ ਧਰਮ ਪ੍ਰਚਾਰ ਕਰ ਰਹੇ ਸਨ। ਗੱਦੀ ਲਈ ਔਰੰਗਜ਼ੇਬ ਦੇ ਪੁੱਤਰਾਂ ਵਿਚ ਲੜਾਈ ਹੋਣੀ ਹੀ ਸੀ। ਬਾਦਸ਼ਾਹ ਦੇ ਵੱਡੇ ਪੁੱਤਰ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਸਹਾਇਤਾ ਲਈ ਬੇਨਤੀ ਕੀਤੀ। ਉਹ ਆਪਣੇ ਪਿਤਾ ਵਾਂਗ ਕੱਟੜ ਨਹੀਂ ਸੀ, ਸਗੋਂ ਗੁਰੂ ਘਰ ਦਾ ਸ਼ਰਧਾਲੂ ਸੀ। ਗੁਰੂ ਜੀ ਨੇ ਬਹਾਦਰ ਸ਼ਾਹ ਦੀ ਮਦਦ ਕਰਨ ਦਾ ਫ਼ੈਸਲਾ ਕੀਤਾ। ਇਸ ਦਾ ਇਕ ਕਾਰਨ ਹੋਰ ਵੀ ਸੀ ਕਿ ਜੇ ਗੁਰੂ ਜੀ ਮਦਦ ਨਾ ਕਰਦੇ ਤਾਂ ਤਾਂ ਸ਼ਾਹੀ ਭਰਾਵਾਂ ਵਿਚ ਖਾਨਾਜੰਗੀ ਲੰਮੇ ਸਮੇਂ ਲਈ ਚੱਲ ਸਕਦੀ ਸੀ, ਜਿਸ ਨਾਲ ਆਮ ਲੋਕਾਂ ਦਾ ਸਭ ਤੋਂ ਵੱਧ ਨੁਕਸਾਨ ਹੋਣਾ ਸੀ। ਦੋਵਾਂ ਭਰਾਵਾਂ ਦੀਆਂ ਫ਼ੌਜਾਂ ਦੀ ਟੱਕਰ ਆਗਰੇ ਦੇ ਦੱਖਣ ਵਾਲੇ ਪਾਸੇ ਸੋਮਗੜ੍ਹ ਨੇੜੇ ਹੋਈ। ਇਸ ਲੜਾਈ ਵਿਚ ਆਜ਼ਮ ਤੇ ਉਸ ਦਾ ਪੁੱਤਰ ਬੇਦਾਰ ਬਖ਼ਤ ਮਾਰੇ ਗਏ ਤੇ ਜਿੱਤ ਬਹਾਦਰ ਸ਼ਾਹ ਦੀ ਹੋਈ। ਇਹ ਮੰਨਿਆ ਜਾਂਦਾ ਹੈ ਕਿ ਆਜ਼ਮ ਦੀ ਮੌਤ ਗੁਰੂ ਜੀ ਦੇ ਤੀਰ ਨਾਲ ਹੋਈ ਸੀ।

ਲੜਾਈ ਵਿੱਚ ਜਿੱਤ ਪਿੱਛੋਂ ਬਹਾਦਰ ਸ਼ਾਹ ਨੇ ਆਗਰੇ ਦੇ ਕਿਲ੍ਹੇ ਵਿਚ ਦਰਬਾਰ ਲਗਾਇਆ। ਗੁਰੂ ਸਾਹਿਬ ਲਈ ਦਰਬਾਰ ਵਿਚ ਵਿਸ਼ੇਸ਼ ਆਸਣ ਬਣਾਇਆ ਗਿਆ ਤੇ ਉਨ੍ਹਾਂ ਦਾ ਆਪਣੇ ਪੀਰ ਦੇ ਰੂਪ ਵਿਚ ਸਵਾਗਤ ਕੀਤਾ। ਗੁਰੂ ਜੀ ਦੇ ਆਖਣ 'ਤੇ ਬਹਾਦਰ ਸ਼ਾਹ ਨੇ ਆਪਣੇ ਭਰਾ ਦੇ ਫ਼ੌਜੀ ਜਰਨੈਲਾਂ ਨੂੰ ਮੁਆਫ਼ ਕਰ ਦਿੱਤਾ। ਬਹਾਦਰ ਸ਼ਾਹ ਇੱਥੇ ਕੋਈ ਪੰਜ ਮਹੀਨੇ ਟਿਕਿਆ। ਗੁਰੂ ਸਾਹਿਬ ਨੇ ਵੀ ਆਗਰੇ ਦੇ ਬਾਗ ਵਿਚ ਆਪਣਾ ਟਿਕਾਣਾ ਕੀਤਾ। ਮਗਰੋਂ ਗੁਰੂ ਜੀ ਨੇ ਰਾਜਸਥਾਨ ਦੇ ਇਲਾਕੇ ਵਿਚ ਧਰਮ ਪ੍ਰਚਾਰ ਨੂੰ ਤੇਜ਼ ਕੀਤਾ ਤੇ ਧੌਲਪੁਰ ਨੂੰ ਆਪਣਾ ਕੇਂਦਰ ਬਣਾਇਆ। ਔਰੰਗਜ਼ੇਬ ਦੀ ਮੌਤ ਪਿਛੋਂ ਦੱਖਣ ਵਿਚ ਲੋਕਾਂ ਨੇ ਮੁੜ ਬਗਾਵਤ ਸ਼ੁਰੂ ਕਰ ਦਿੱਤੀ। ਬਹਾਦਰ ਸ਼ਾਹ ਨੂੰ ਦੱਖਣ ਜਾਣਾ ਪਿਆ ਤੇ ਉਸ ਨੇ ਗੁਰੂ ਸਾਹਿਬ ਨੂੰ ਆਪਣੇ ਨਾਲ ਚੱਲਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਵੀ ਚਾਹੁੰਦੇ ਸਨ ਕਿ ਇਸ ਪਾਸੇ ਸਿੱਖੀ ਦਾ ਪ੍ਰਚਾਰ ਕੀਤਾ ਜਾਵੇ ਅਤੇ ਬਹਾਦਰ ਸ਼ਾਹ ਨੂੰ ਨਿਰਪੱਖ ਤੇ ਲੋਕ ਪੱਖੀ ਰਾਜ ਚਲਾਉਣ ਲਈ ਪ੍ਰੇਰਿਆ ਜਾਵੇ। ਗੁਰੂ ਜੀ ਇਹ ਵੀ ਚਾਹੁੰਦੇ ਸਨ ਕਿ ਸੂਬਿਆਂ ਦੇ ਗਵਰਨਰਾਂ ਵੱਲੋਂ ਕੀਤੇ ਜਾ ਰਹੇ ਜ਼ੁਲਮ ਬਾਰੇ ਖਾਸ ਕਰ ਕੇ ਸਰਹਿੰਦ ਦੇ ਸੂਬੇ ਦੇ ਜ਼ੁਲਮਾਂ ਬਾਰੇ ਦੱਸਿਆ ਜਾਵੇ। ਗੁਰੂ ਜੀ ਆਪਣਾ ਉਤਾਰਾ ਬਾਦਸ਼ਾਹ ਤੋਂ ਵੱਖਰਾ ਕਰਦੇ ਸਨ ਤੇ ਧਰਮ ਪ੍ਰਚਾਰ ਕਰਦੇ ਸਨ। ਗੁਰੂ ਜੀ ਅਮਰਾਉਤੀ ਤੇ ਹਿੰਗੋਲੀ ਪਹੁੰਚੇ। ਇੱਥੇ ਗੁਰੂ ਜੀ ਨੇ ਬਾਦਸ਼ਾਹ ਦਾ ਸਾਥ ਛੱਡ ਦਿੱਤਾ। ਉਹ ਨਹੀਂ ਸਨ ਚਾਹੁੰਦੇ ਕਿ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਦੇ ਵਿਰੁੱਧ ਬਾਦਸ਼ਾਹ ਦਾ ਸਾਥ ਦਿੱਤਾ ਜਾਵੇ।

ਗੁਰੂ ਜੀ ਨਾਂਦੇੜ ਪੁੱਜੇ ਤੇ ਗੋਦਾਵਰੀ ਦਰਿਆ ਕੰਢੇ ਡੇਰਾ ਕੀਤਾ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨਾਂਦੇੜ 19 ਜੁਲਾਈ 1708 ਨੂੰ ਪਹੁੰਚੇ ਸਨ। ਉਸ ਵੇਲੇ ਮਾਧੋ ਦਾਸ ਵੈਰਾਗੀ ਦੀ ਬਹੁਤ ਮਾਨਤਾ ਸੀ। ਗੁਰੂ ਜੀ ਨੇ ਮਾਧੋ ਦਾਸ ਨਾਲ ਮੁਲਾਕਾਤ ਕਰਨ ਦਾ ਫ਼ੈਸਲਾ ਕੀਤਾ। ਆਪਣਾ ਟਿਕਾਣਾ ਪੱਕਾ ਕਰਨ ਪਿੱਛੋਂ ਗੁਰੂ ਜੀ ਕੁਝ ਸਿੰਘਾਂ ਨਾਲ ਮਾਧੋ ਦਾਸ ਦੇ ਡੇਰੇ ਪੁੱਜੇ। ਇਹ ਡੇਰਾ ਇਕ ਸੁੰਦਰ ਬਗੀਚੀ ਵਿਚ ਬਣਿਆ ਹੋਇਆ ਸੀ। ਮਾਧੋ ਦਾਸ ਆਪਣੇ ਡੇਰੇ 'ਚ ਨਹੀਂ ਸੀ। ਗੁਰੂ ਜੀ ਉਸ ਦੀ ਉਡੀਕ ਕਰਨ ਲਈ ਉਸ ਦੇ ਸਿੰਘਾਸਨ 'ਤੇ ਬੈਠ ਗਏ। ਇਸ ਬਾਰੇ ਪਤਾ ਲੱਗਣ 'ਤੇ ਉਹ ਕਾਹਲੀ-ਕਾਹਲੀ ਆਪਣੇ ਆਸ਼ਰਮ ਪੁੱਜਿਆ। ਗੁਰੂ ਸਾਹਿਬ ਦੇ ਸਨਮੁੱਖ ਹੁੰਦਿਆਂ ਹੀ ਮਾਧੋ ਦਾਸ ਜਿਵੇਂ ਬੁੱਤ ਹੀ ਬਣ ਗਿਆ। ਗੁਰੂ ਸਾਹਿਬ ਨੇ ਜਦੋਂ ਪੁੱਛਿਆ ਕਿ ਉਹ ਕੌਣ ਹੈ ਤਾਂ ਉਹ 'ਮੈਂ ਤੇਰਾ ਬੰਦਾ' ਕਹਿ ਕੇ ਗੁਰੂ ਸਾਹਿਬ ਦੇ ਚਰਨੀਂ ਢਹਿ ਪਿਆ। ਗੁਰੂ ਜੀ ਨੇ ਉਸ ਨੂੰ ਉਠਾਇਆ ਅਤੇ ਛਾਤੀ ਨਾਲ ਲਾ ਲਿਆ।

ਗੁਰੂ ਸਹਾਬਿ ਦੇ ਚਿਹਰੇ 'ਤੇ ਖ਼ੁਸ਼ੀ ਝਲਕ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਆਪਣਾ ਜਰਨੈਲ ਮਿਲ ਗਿਆ ਸੀ ਅਤੇ ਮਾਧੋ ਦਾਸ ਤੋਂ ਖ਼ੁਸ਼ੀ ਸਾਂਭੀ ਨਹੀਂ ਜਾ ਰਹੀ ਸੀ ਕਿਉਂਕਿ ਉਸ ਨੂੰ ਪੂਰਨ ਮੁਰਸ਼ਦ ਮਿਲ ਗਿਆ ਸੀ। ਇਹ ਸ਼ਕਤੀ ਤੇ ਭਗਤੀ ਦਾ ਇਕ ਅਨੋਖਾ ਸੰਗਮ ਸੀ। ਮਾਧੋ ਦਾਸ ਨੇ ਆਪਾ ਗੁਰੂ ਜੀ ਅੱਗੇ ਸਮਰਪਣ ਕਰ ਦਿੱਤਾ। ਗੁਰੂ ਜੀ ਉਸ ਨੂੰ ਆਪਣੇ ਡੇਰੇ ਲੈ ਆਏ ਤੇ ਅਗਲੇ ਦਿਨ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸਿੰਘ ਸਜਾ ਦਿੱਤਾ। ਇਹ ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਉਨ੍ਹਾਂ ਦਾ ਨਾਮ ਗੁਰਬਖ਼ਸ਼ ਸਿੰਘ ਰੱਖਿਆ ਸੀ ਪਰ ਉਹ ਤਾਂ ਗੁਰੂ ਦਾ ਬੰਦਾ ਬਣ ਚੁੱਕਿਆ ਸੀ ਇਸ ਕਰਕੇ ਉਹ ਬਾਬਾ ਬੰਦਾ ਸਿੰਘ ਬਹਾਦਰ ਕਰ ਕੇ ਹੀ ਜਾਣੇ ਜਾਣ ਲੱਗ ਪਿਆ।

ਗੁਰੂ ਜੀ ਦੇ ਸਾਥੀ ਸਿੰਘਾਂ ਨੇ ਬੰਦਾ ਬਹਾਦਰ ਨੂੰ ਗੁਰੂ ਪਰਿਵਾਰ 'ਤੇ ਹੋਏ ਜ਼ੁਲਮ ਦੀਆਂ ਕਹਾਣੀਆਂ ਸੁਣਾਈਆਂ ਤੇ ਸਿੰਘਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ। ਵਜ਼ੀਰ ਖਾਨ ਵੱਲੋਂ ਕੀਤੇ ਜ਼ੁਲਮਾਂ ਦੀ ਕਹਾਣੀ ਨੇ ਉਨ੍ਹਾਂ ਦੇ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਅੰਦਰ ਯੁੱਧ ਕਲਾ ਨੇ ਮੁੜ ਅੰਗੜਾਈਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਤੇ ਗੁਰੂ ਜੀ ਨੇ ਉਨ੍ਹਾਂ ਨੂੰ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਦਇਆ ਸਿੰਘ, ਭਾਈ ਬਾਜ ਸਿੰਘ ਤੇ ਭਾਈ ਰਣ ਸਿੰਘ ਨਾਲ ਪੰਜਾਬ ਤੋਰ ਦਿੱਤਾ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪੰਜ ਤੀਰ, ਇਕ ਨਗਾਰਾ ਤੇ ਨਿਸ਼ਾਨ ਸਾਹਿਬ ਦੀ ਬਖਸ਼ਿਸ਼ ਵੀ ਕੀਤੀ। ਇਨ੍ਹਾਂ ਦੇ ਨਾਲ 25 ਹੋਰ ਸਿੰਘਾਂ ਨੂੰ ਵੀ ਜਾਣ ਲਈ ਆਖਿਆ ਗਿਆ। ਗੁਰੂ ਸਾਹਿਬ ਨੇ ਪੰਜਾਬ ਦੇ ਸਿੱਖਾਂ ਦੇ ਨਾਮ ਹੁਕਮਨਾਮੇ ਭੇਜ ਕੇ ਬਾਬਾ ਬੰਦਾ ਸਿੰਘ ਮਦਦ ਕਰਨ ਲਈ ਵੀ ਕਿਹਾ।

> ਗੁਰੂ ਜੀ ਦੇ ਸਾਥੀ ਸਿੰਘਾਂ ਨੇ ਬੰਦਾ ਬਹਾਦਰ ਨੂੰ ਗੁਰੂ ਪਰਿਵਾਰ 'ਤੇ ਹੋਏ ਜ਼ੁਲਮ ਦੀਆਂ ਕਹਾਣੀਆਂ ਸੁਣਾਈਆਂ ਤੇ ਸਿੰਘਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ। ਵਜ਼ੀਰ ਖਾਨ ਵੱਲੋਂ ਕੀਤੇ ਜ਼ੁਲਮਾਂ ਦੀ ਕਹਾਣੀ ਨੇ ਉਨ੍ਹਾਂ ਦੇ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਅੰਦਰ ਯੁੱਧ ਕਲਾ ਨੇ ਮੁੜ ਅੰਗੜਾਈਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਤੇ ਗੁਰੂ ਜੀ ਨੇ ਉਨ੍ਹਾਂ ਨੂੰ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਦਇਆ ਸਿੰਘ, ਭਾਈ ਬਾਜ ਸਿੰਘ ਤੇ ਭਾਈ ਰਣ ਸਿੰਘ ਨਾਲ ਪੰਜਾਬ ਤੋਰ ਦਿੱਤਾ। ਇਨ੍ਹਾਂ ਜਲੌਤਾਂ ਦੀ ਮਿੱਟੀ ਦੇ ਰੰਗਾਂ ਤੋਂ ਇਸ ਦੇ ਭੂ-ਤਲ ਦੀ ਉਮਰ ਅਤੇ ਫੈਲਾਅ ਨੂੰ ਦੇਖਿਆ ਸਮਝਿਆ ਜਾ ਸਕਦਾ ਹੈ।

ਬਾਬਾ ਜੀ ਨੂੰ ਆਪਣੀ ਭਗਤੀ ਕਾਰਨ ਇਹ ਭਾਸ ਹੋਣ ਲੱਗ ਪਿਆ ਸੀ ਕਿ ਗੁਰੂ ਜੀ ਨਾਲ ਕੋਈ ਅਣਹੋਣੀ ਹੋਣ ਵਾਲੀ ਹੈ। ਇਸ ਕਰਕੇ ਉਨ੍ਹਾਂ ਆਪਣੀ ਰਵਾਨਗੀ ਅੱਗੇ ਪਾ ਦਿੱਤੀ ਤਾਂ ਜੋ ਔਖੀ ਘੜੀ ਵੇਲੇ ਉਹ ਸਤਿਗੁਰੂ ਦੇ ਨੇੜੇ ਹੋਣ। ਦੂਜੇ ਪਾਸੇ ਵਜ਼ੀਰ ਖਾਨ ਨੂੰ ਗੁਰੂ ਜੀ ਦੀ ਬਾਦਸ਼ਾਹ ਨਾਲ ਦੋਸਤੀ ਦੀ ਖ਼ਬਰ ਮਿਲ ਚੁੱਕੀ ਸੀ। ਜਿੱਥੇ ਉਸ ਨੂੰ ਕੀਤੇ ਜ਼ੁਲਮਾਂ ਲਈ ਉਸ ਦੀ ਜ਼ਮੀਰ ਲਾਹਨਤਾਂ ਪਾ ਰਹੀ ਸੀ ਉਥੇ ਉਸ ਨੂੰ ਸਿੱਖਾਂ ਦੇ ਗੁੱਸੇ ਦਾ ਖ਼ੌਫ਼ ਡਰਾ ਰਿਹਾ ਸੀ। ਉਸ ਨੇ ਸੋਚਿਆ ਕਿ ਜੇ ਗੁਰੂ ਸਾਹਿਬ ਨੂੰ ਹੀ ਸ਼ਹੀਦ ਕਰ ਦਿੱਤਾ ਜਾਵੇ ਤਾਂ ਸ਼ਾਇਦ ਬਾਦਸ਼ਾਹ ਦੀ ਸਜ਼ਾ ਤੋਂ ਬਚਿਆ ਜਾ ਸਕਦਾ ਹੈ। ਉਸ ਨੇ ਚੋਖੀ ਮਾਇਆ ਦੇ ਕੇ ਦੋ ਪਠਾਨ ਭਰਾਵਾਂ ਨੂੰ ਗੁਰੂ ਜੀ 'ਤੇ ਵਾਰ ਕਰਨ ਲਈ ਭੇਜਿਆ। ਅਤਾਉੱਲਾ ਖਾਨ ਅਤੇ ਗੁਲ ਖਾਨ ਨੰਦੇੜ ਪਹੁੰਚੇ ਅਤੇ ਸਤਿਗੁਰੂ ਦੇ ਦਰਬਾਰ ਵਿਚ ਸੇਵਾ ਕਰਨ ਲੱਗ ਪਏ। ਇਨ੍ਹਾਂ ਦੋਵਾਂ ਭਰਾਵਾਂ ਨੇ ਆਪਣੀ ਸੇਵਾ ਨਾਲ ਗੁਰੂ ਘਰ ਵਿਚ ਆਪਣਾ ਭਰੋਸਾ ਬਣਾ ਲਿਆ। ਇੱਕ ਦਿਨ ਜਦੋਂ ਗੁਰੂ ਜੀ ਆਪਣੇ ਤੰਬੂ ਵਿਚ ਇਕੱਲੇ ਆਰਾਮ ਕਰ ਰਹੇ ਸਨ ਤਾਂ ਅਤਾਉੱਲਾ ਬਾਹਰ ਖੜ੍ਹਾ ਹੋ ਗਿਆ ਤੇ ਗੁਲ ਖਾਨ ਨੇ ਗੁਰੂ ਜੀ 'ਤੇ ਆਪਣੇ ਖੰਜਰ ਨਾਲ ਵਾਰ ਕਰ ਦਿੱਤਾ। ਖੰਜਰ ਗੁਰੂ ਜੀ ਦੀ ਛਾਤੀ ਵਿਚ ਖੁਭ ਗਿਆ। ਗੁਰੂ ਜੀ ਜਾਗ ਪਏ ਤੇ ਉਨ੍ਹਾਂ ਆਪਣੀ ਕਟਾਰ ਨਾਲ ਗੁਲ ਖਾਨ ਨੂੰ ਉਥੇ ਹੀ ਢੇਰੀ ਕਰ ਦਿੱਤਾ। ਇਸ ਘਟਨਾ ਨਾਲ ਸਾਰੇ ਪਾਸੇ ਰੌਲਾ ਪੈ ਗਿਆ ਤੇ ਸਿੰਘਾਂ ਨੇ ਅਤਾਉੱਲਾ ਨੂੰ ਵੀ ਮਾਰ ਦਿੱਤਾ।

ਗੁਰੂ ਜੀ ਦੇ ਜ਼ਖ਼ਮਾਂ ਨੂੰ ਸੀਤਾ ਗਿਆ ਤੇ ਪੱਟੀ ਬੰਨ੍ਹ ਦਿੱਤੀ ਗਈ। ਜਾਪਦਾ ਸੀ ਕਿ ਜ਼ਖ਼ਮ ਠੀਕ ਹੋ ਰਿਹਾ ਹੈ ਪਰ ਇਕ ਦਿਨ ਗੁਰੂ ਸਾਹਿਬ ਨੇ ਕਮਾਨ ਤੋਂ ਤੀਰ ਖਿਚਿਆ ਤਾਂ ਜ਼ਖ਼ਮ 'ਚੋਂ ਲਹੂ ਵਗ ਤੁਰਿਆ। ਬਹਾਦਰ ਸ਼ਾਹ ਨੂੰ ਵੀ ਖ਼ਬਰ ਪਹੁੰਚ ਗਈ ਸੀ। ਉਸ ਨੇ ਆਪਣੇ ਜਰਾਹ (ਡਾਕਟਰ) ਨੂੰ ਵੀ ਭੇਜਿਆ ਪਰ ਹਾਲਤ ਵਿਗੜਦੀ ਗਈ। ਗੁਰੂ ਸਾਹਿਬ ਨੇ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੀ ਬਖਸ਼ਿਸ਼ ਕਰ ਕੇ ਸ਼ਬਦ ਨੂੰ ਗੁਰੂ ਥਾਪ ਦਿੱਤਾ।

ਖਾਲਸੇ ਦੀ ਅਗਵਾਈ ਹੁਣ ਗੁਰੂ ਗ੍ਰੰਥ ਸਾਹਿਬ ਨੇ ਕਰਨੀ ਸੀ। ਵਜ਼ੀਰ ਖਾਨ ਦੀ ਇਸ ਘਿਨੌਣੀ ਹਰਕਤ ਨਾਲ ਬੰਦਾ ਬਹਾਦਰ ਤੇ ਉਨ੍ਹਾਂ ਦੇ ਸਾਥੀਆਂ 'ਚ ਗੁੱਸੇ ਦੀ ਲਹਿਰ ਦੌੜ ਗਈ। ਉਹ ਛੇਤੀ ਤੋਂ ਛੇਤੀ ਜ਼ਾਲਮਾਂ ਨੂੰ ਸੋਧ ਜ਼ੁਲਮ ਦਾ ਅੰਤ ਕਰਨਾ ਚਾਹੁੰਦੇ ਸਨ ਪਰ ਉਹ ਗੁਰੂ ਸਾਹਿਬ ਨੂੰ ਇਸ ਸਥਿਤੀ ਵਿਚ ਵੀ ਛੱਡ ਕੇ ਨਹੀਂ ਜਾਣਾ ਚਾਹੁੰਦੇ ਸਨ। ਗੁਰੂ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਬਹਾਦਰ ਨੂੰ ਥਾਪੜਾ ਦਿੰਦਿਆਂ ਸਿੱਖੀ ਸਿਦਕ ਵਿੱਚ ਪੂਰੇ ਰਹਿ ਕੇ, ਪੰਜ ਸਿੰਘਾਂ ਨਾਲ ਸਲਾਹ ਕਰ ਕੇ ਸੱਚ ਤੇ ਹੱਕ ਦੀ ਲੜਾਈ ਲੜਨ ਦਾ ਹੁਕਮ ਦਿੱਤਾ। 7 ਅਕਤੂਬਰ 1708 ਨੂੰ ਗੁਰੂ ਸਾਹਿਬ ਨੇ ਪ੍ਰਾਣ ਤਿਆਗ ਦਿੱਤੇ ਅਤੇ ਮਗਰੋਂ ਬੰਦਾ ਬਹਾਦਰ ਤੇ ਸਾਥੀਆਂ ਨੇ ਗੁਰੂ ਜੀ ਦਾ ਸਸਕਾਰ ਕਰ ਕੇ ਪੰਜਾਬ ਵੱਲ ਚਾਲੇ ਪਾ ਦਿੱਤੇ।



ਵਿੱਕੀ ਸੁਰਖ਼ਾਬ

## ਜ਼ਿੰਦਗੀ ਖ਼ੂਬਸੂਰਤ ਹੈ

ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਉ ਰੇ।। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਇਹ ਬਾਣੀ ਦਰਸਾ ਰਹੀ ਹੈ ਕਿ ਮਨੁੱਖਾ ਜਨਮ ਬਹੁਤ ਕੀਮਤੀ ਹੈ, ਪਰ ਅਸੀਂ ਇਸ ਨੂੰ ਕੱਖਾਂ ਵਾਂਗ ਸਮਝਦੇ ਹੋਏ ਇਸ ਨੂੰ ਬਤੀਤ ਕਰ ਦਿੰਦੇ ਹਾਂ। ਦਰਅਸਲ, ਬੇਲੋੜੀਆਂ ਖਵਾਹਿਸ਼ਾਂ ਅਤੇ ਚਿੰਤਾਵਾਂ ਜ਼ਿੰਦਗੀ ਵਿੱਚ ਕੁੜੱਤਣ ਭਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਕਰਦੀਆਂ। ਇਹ ਅਨਮੋਲ ਜ਼ਿੰਦਗੀ ਨੂੰ ਗੁੰਝਲਦਾਰ ਬਣਾਉਣ ਦੇ ਨਾਲ ਨਾਲ ਇਸ ਨੂੰ ਛੋਟਾ ਵੀ ਕਰ ਦਿੰਦੀਆਂ ਹਨ। ਜਦੋਂ ਇਨਸਾਨ ਆਪਣੀ ਜ਼ਿੰਦਗੀ ਵਿੱਚ ਆਪਣੀਆਂ ਬੇਲੋੜੀਆਂ ਅਤੇ ਬੇਹਿਸਾਬੀਆਂ ਲੋੜਾਂ ਪੂਰੀਆਂ ਨਹੀਂ ਕਰ ਪਾਉਂਦਾ ਤਾਂ ਉਹ ਚਿੰਤਾ ਅਤੇ ਉਦਾਸੀ ਦੇ ਆਲਮ ਵਿੱਚ ਪਹੁੰਚ ਜਾਂਦਾ ਹੈ। ਜਿਸ ਨੂੰ ਉਹ ਬਰਦਾਸ਼ਤ ਕਰਨ ਦੇ ਕਾਬਲ ਨਹੀਂ ਹੁੰਦਾ। ਇਸ ਦੌਰਾਨ ਉਹ ਉਸ ਨੂੰ ਖ਼ੁਦਕੁਸ਼ੀ ਜੋ ਇਨਸਾਨੀਅਤ ਵਾਸਤੇ ਸਭ ਤੋਂ ਵੱਡਾ ਗੁਨਾਹ ਮੰਨਿਆ ਗਿਆ ਹੈ, ਵਰਗੇ ਖ਼ਿਆਲ ਆਉਣੇ ਸ਼ੁਰੂ ਹੋ ਜਾਂਦੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਇਹ ਭਾਣੇ ਵਰਤੇ ਵੀ ਹਨ। ਜਿਨ੍ਹਾਂ ਪਿੱਛੇ ਚਿੰਤਾ ਦੇ ਬਹੁਤ ਸਾਰੇ ਕਾਰਨ ਰਹੇ ਹੋਣਗੇ।

ਠੀਕ ਹੈ ਕਿ ਦੁਨੀਆ ਵਿੱਚ ਵਿਚਰਦੇ ਜਾਂ ਜ਼ਿੰਦਗੀ ਨੂੰ ਜਿਉਂਦੇ ਸਮੇਂ ਕਈ ਤਰ੍ਹਾਂ ਦੇ ਹਾਲਾਤ ਵਿੱਚੋਂ ਗੁਜ਼ਰਨਾ ਪੈਂਦਾ ਹੈ, ਪਰ ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ ਹੈ। ਸਗੋਂ ਪਿੱਛੇ ਪਰਿਵਾਰ ਵਾਸਤੇ ਹੋਰ ਵੀ ਚੁਣੌਤੀਆਂ ਭਰਿਆ ਸਮਾਂ ਸ਼ੁਰੂ ਹੋ ਜਾਂਦਾ ਹੈ। ਇਹ ਸਿਆਣਪ ਦੀ ਨਿਸ਼ਾਨੀ ਨਹੀਂ ਹੈ। ਗੁੱਸਾ ਅਤੇ ਉਦਾਸੀ ਅਕਲ ਨੂੰ ਖਾ ਜਾਂਦੇ ਹਨ। ਜੇਕਰ ਦੁਨੀਆ 'ਤੇ ਕੋਈ ਮੁਸ਼ਕਿਲ ਪੈਦਾ ਹੋਈ ਹੈ ਤਾਂ ਉਸ ਦਾ ਹੱਲ ਵੀ ਪੈਦਾ ਜ਼ਰੂਰ ਹੋਇਆ ਹੈ। ਲੋੜ ਹੁੰਦੀ ਹੈ ਉਸ ਵੇਲੇ ਨੂੰ ਵਿਚਾਰਨ ਦੀ। ਉਸ ਮੁਸ਼ਕਿਲ ਦਾ ਹੱਲ ਸੋਚਣ ਸ਼ਕਤੀ ਦੁਆਰਾ ਲੱਭਿਆ ਜਾ ਸਕਦਾ ਹੈ। ਜਿਸ ਨੂੰ ਆਮ ਤੌਰ 'ਤੇ ਕੋਈ ਨਹੀਂ ਲੱਭਣਾ ਚਾਹੁੰਦਾ। ਹਰ ਕੋਈ ਚਾਹੁੰਦਾ ਹੈ ਕਿ ਉਸ ਨੂੰ ਇੱਕ ਆਸਾਨ ਅਤੇ ਸੁੱਖਾਂ ਭਰੀ ਜ਼ਿੰਦਗੀ ਮਿਲੇ ਜੋ ਸੰਭਵ ਨਹੀਂ ਹੈ। ਜ਼ਿੰਦਗੀ ਸੰਘਰਸ਼ ਦਾ ਦੂਜਾ ਨਾਂ ਹੈ।

ਅਸਲ ਵਿੱਚ ਜ਼ਿੰਦਗੀ ਬਹੁਤ ਖ਼ੂਬਸੂਰਤ ਹੈ, ਬਸ਼ਰਤੇ ਕਿ ਅਸੀਂ ਖ਼ੁਦ ਉਸ ਨੂੰ ਖ਼ੌਫ਼ ਜਾਂ ਨਾਮੋਸ਼ੀ ਦੇ ਰਾਹ ਨਾ ਪਾ ਲਿਆ ਹੋਵੇ।

> ਸਭ ਤੋਂ ਪਹਿਲਾਂ ਤਾਂ ਸਾਨੂੰ ਆਪਣੇ ਆਪ ਵਾਸਤੇ ਇੱਕ ਨਿਸ਼ਾਨਾ ਮਿੱਥਣਾ ਪਵੇਗਾ। ਜਿਸ ਨਿਸ਼ਾਨੇ ਦੇ ਮਕਸਦ ਨਾਲ ਮਨੁੱਖ ਜ਼ਿੰਦਗੀ ਵਿੱਚ ਅੱਗੇ ਵਧ ਸਕਦਾ ਹੈ। ਹਰ ਕੰਮ ਨੂੰ ਆਪਣੇ ਤਰੀਕੇ ਨਾਲ ਕਰਨਾ ਸਿੱਖੋ। ਇਸ ਨਾਲ ਔਖਾ ਕੰਮ ਵੀ ਅੰਤ ਨੂੰ ਸੌਖਾ ਲੱਗੇਗਾ ਅਤੇ ਇਹ ਮਨੋਰੰਜਨ ਭਰਪੂਰ ਵੀ ਹੋਵੇਗਾ। ਹਰ ਕੰਮ ਨੂੰ ਇੱਕ ਚੁਣੌਤੀ ਦੇ ਤੌਰ 'ਤੇ ਲਵੋ।

ਜੀਵਨ ਨੂੰ ਬਿਹਤਰ ਬਣਾਉਣ ਅਤੇ ਉਸ ਦੌਰਾਨ ਆਉਂਦੀਆਂ ਮੁਸੀਬਤਾਂ ਦੀ ਸਿੱਖਿਆ ਸਾਨੂੰ ਪੈਰ ਪੈਰ 'ਤੇ ਜ਼ਰੂਰ ਮਿਲਦੀ ਹੈ। ਕੋਈ ਇਸ ਨੂੰ ਪੱਲੇ ਬੰਨ੍ਹ ਲੈਂਦਾ ਹੈ ਅਤੇ ਕੋਈ ਇਸ ਨੂੰ ਦਰਕਿਨਾਰ ਕਰ ਦਿੰਦਾ ਹੈ। ਛੋਟੇ ਹੁੰਦਿਆਂ ਤੋਂ ਲੈ ਕੇ ਹਰ ਕਦਮ 'ਤੇ ਮਾਂ-ਬਾਪ ਵੱਲੋਂ ਸਿੱਖਿਆ ਮਿਲਦੀ ਹੈ ਅਤੇ ਪੜ੍ਹਨ ਦੇ ਸਮੇਂ ਵਿੱਚ ਅਧਿਆਪਕ ਸਾਡੇ ਮਾਰਗਦਰਸ਼ਕ ਹੁੰਦੇ ਹਨ। ਇਨ੍ਹਾਂ ਸਭ ਦੇ ਬਾਵਜੂਦ ਜੇਕਰ ਇਨਸਾਨ ਭਟਕਦਾ ਹੈ ਤਾਂ ਇਸ ਵਿੱਚ ਕਿਸਮਤ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਭਟਕਣਾ ਮਨੁੱਖ ਦਾ ਖ਼ੁਦ ਦਾ ਫੈਸਲਾ ਹੁੰਦਾ ਹੈ। ਜ਼ਿੰਦਗੀ ਵਿੱਚ ਸੰਗਤ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਸੰਗਤ ਦਾ ਅਸਰ ਇਨਸਾਨ 'ਤੇ ਜ਼ਰੂਰ ਪੈਂਦਾ ਹੈ। ਸੋਚ ਵਿਚਾਰ ਕੇ ਠਰੰਮੇ ਨਾਲ ਬਿਨਾਂ ਕਿਸੇ ਕ੍ਰੋਧ ਦੇ ਅਸੀਂ ਜ਼ਿੰਦਗੀ ਖ਼ੂਬਸੂਰਤ ਹੀ ਨਹੀਂ ਬਹੁਤ ਖ਼ੂਬਸੂਰਤ ਬਣਾ ਸਕਦੇ ਹਾਂ। ਗੁਰਬਾਣੀ ਵੀ ਇਹੀ ਉਪਦੇਸ਼ ਦਿੰਦੀ ਹੈ ਕਿ ਮਨੁੱਖਾ ਜੀਵਨ ਬੜੇ ਭਾਗਾਂ ਨਾਲ ਜੁੜਦਾ ਹੈ ਇਸ ਨੂੰ ਵਿਅਰਥ ਨਾ ਗਵਾਉ। ਸਭ ਤੋਂ ਪਹਿਲਾਂ ਤਾਂ ਸਾਨੂੰ ਆਪਣੇ ਆਪ ਵਾਸਤੇ ਇੱਕ ਨਿਸ਼ਾਨਾ ਮਿੱਥਣਾ ਪਵੇਗਾ। ਜਿਸ ਨਿਸ਼ਾਨੇ ਦੇ ਮਕਸਦ ਨਾਲ ਮਨੁੱਖ ਜ਼ਿੰਦਗੀ ਵਿੱਚ ਅੱਗੇ ਵਧ ਸਕਦਾ ਹੈ। ਹਰ ਕੰਮ ਨੂੰ ਆਪਣੇ ਤਰੀਕੇ ਨਾਲ ਕਰਨਾ ਸਿੱਖੋ। ਇਸ ਨਾਲ ਔਖਾ ਕੰਮ ਵੀ ਅੰਤ ਨੂੰ ਸੌਖਾ ਲੱਗੇਗਾ ਅਤੇ ਇਹ ਮਨੋਰੰਜਨ ਭਰਪੂਰ ਵੀ ਹੋਵੇਗਾ। ਹਰ ਕੰਮ ਨੂੰ ਇੱਕ ਚੁਣੌਤੀ ਦੇ ਤੌਰ 'ਤੇ ਲਵੋ। ਸੋਚਣ ਅਤੇ ਸਮਝਣ ਦੇ ਸਮਰੱਥ ਬਣੀਏ। ਇਹ ਅਜਿਹਾ ਗੁਣ ਹੈ ਜੋ ਅੱਜ ਦੇ ਯੁੱਗ ਵਿੱਚ ਇਨਸਾਨੀਅਤ ਵਿੱਚੋਂ ਗੁਆਚਦਾ ਜਾ ਰਿਹਾ ਹੈ। ਕੁਦਰਤ ਨੇ ਹਰ ਇਨਸਾਨ ਦੇ ਅੰਦਰ ਉਸ ਦੀ ਸਮਰੱਥਾ ਦੇ ਮੁਤਾਬਕ ਲਿਆਕਤ ਅਤੇ ਬੁੱਧੀ ਬਖ਼ਸ਼ੀ ਹੈ, ਜਿਸ ਨੂੰ ਤਰਾਸ਼ਣ ਦੀ ਲੋੜ ਹੁੰਦੀ ਹੈ। ਜੇਕਰ ਕਿਸੇ ਕੋਲ ਵੱਧ ਪੈਸਾ ਜਾਂ ਸੁੱਖ ਸਹੂਲਤਾਂ ਹਨ ਤਾਂ ਉਸ ਨੂੰ ਵੇਖ ਕੇ ਪਰੇਸ਼ਾਨ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਆਪਣੇ ਆਪ ਨਾਲ ਜਾਂ ਪਰਮਾਤਮਾ ਨਾਲ ਕਦੇ ਇਸ ਗੱਲ ਦੀ ਸ਼ਿਕਾਇਤ ਹੀ ਕਰਨੀ ਚਾਹੀਦੀ ਹੈ। ਤੁਹਾਡੀ ਲੋੜ ਅਨੁਸਾਰ ਪਰਮਾਤਮਾ ਨੇ ਤੁਹਾਨੂੰ ਕੁਝ ਨਾ ਕੁਝ ਦੇ ਕੇ ਨਿਵਾਜਿਆ ਹੈ। ਬੇਲੋੜੇ ਸੁਪਨੇ ਅਤੇ ਖਵਾਹਿਸ਼ਾਂ ਨੂੰ ਜੇਕਰ ਇਕੱਤਰ ਕਰੀ ਜਾਵਾਂਗੇ ਤਾਂ ਉਹ ਇੱਕ ਦਿਨ ਬੋਝ ਬਣ ਜਾਣਗੀਆਂ। ਮਨੁੱਖ ਦਾ ਕਸੂਰ ਇਹ ਹੈ ਕਿ ਉਸ ਨੇ ਵਸਤੂਆਂ ਨੂੰ ਪਿਆਰ ਅਤੇ ਮੋਹ ਕਰ ਲਿਆ ਹੈ ਅਤੇ ਕੁਦਰਤੀ ਚੀਜ਼ਾਂ ਨੂੰ ਮਨੋਂ ਵਿਸਾਰ ਦਿੱਤਾ ਹੈ। ਅਸੀਂ ਜ਼ਿੰਦਗੀ ਦੇ ਤਾਣੇ ਬਾਣੇ ਵਿੱਚ ਏਨਾ ਉਲਝ ਗਏ ਹਾਂ ਕਿ ਹੁਣ ਸਾਡੇ ਕੋਲ ਖ਼ੁਦ ਨਾਲ ਗੱਲ ਕਰਨ ਤੱਕ ਦਾ ਸਮਾਂ ਵੀ ਨਹੀਂ ਹੈ। ਪਰਿਵਾਰ, ਰਿਸ਼ਤੇ, ਸਮਾਜਿਕ ਮੇਲ ਜੋਲ ਤਾਂ ਦੂਰ ਦੀ ਗੱਲ ਹੋ ਗਈ ਹੈ। ਹੁਣ ਲੋਕ ਕੋਲ ਕੋਲ ਬੈਠ ਕੇ ਵੀ ਇੱਕ ਦੂਜੇ ਦੇ ਹੋਣ ਦਾ ਅਹਿਸਾਸ ਨਹੀਂ ਕਰਦੇ। ਅੱਜਕੱਲ੍ਹ ਹਰ ਇਨਸਾਨ ਨੇ ਮਤਲਬ ਨੂੰ ਮੁੱਖ ਰੱਖਿਆ ਹੋਇਆ ਹੈ। ਅਸੀਂ ਗੁਰੂਆਂ ਪੀਰਾਂ ਦੇ ਫ਼ਲਸਫ਼ੇ ਨੂੰ ਮਨੋਂ ਵਿਸਾਰ ਕੇ ਬੈਠੇ ਹਾਂ। ਹਾਂ, ਮੁਸੀਬਤਾਂ ਵੇਲੇ ਪਰਮਾਤਮਾ ਜ਼ਰੂਰ ਯਾਦ ਆਉਂਦਾ ਹੈ, ਪਰ ਸੌਖੇ ਵੇਲੇ ਵਿੱਚ ਤਾਂ ਅਸੀਂ ਸਮਾਜਿਕ ਰੀਤੀ ਰਿਵਾਜ ਵੀ ਯਾਦ ਨਹੀਂ ਆਉਣ ਦਿੰਦੇ।

ਜੇਕਰ ਜ਼ਿੰਦਗੀ ਨੂੰ ਸੁਖਾਲਾ ਬਣਾਉਣਾ ਹੈ ਤਾਂ ਇਸ ਨੂੰ ਪਿਆਰ ਕਰਨਾ ਵੀ ਸਿੱਖਣਾ ਪਵੇਗਾ। ਛੋਟੀਆਂ ਛੋਟੀਆਂ ਖ਼ੁਸ਼ੀਆਂ ਨੂੰ ਇਕੱਠਾ ਕਰਨਾ ਸਿੱਖੋ। ਕਿਸੇ ਵੱਡੀ ਖ਼ੁਸ਼ੀ ਦੇ ਇੰਤਜ਼ਾਰ ਵਿੱਚ ਛੋਟੀਆਂ ਖ਼ੁਸ਼ੀਆਂ ਨਾ ਵਿਸਾਰੋ। ਇਨਸਾਨੀਅਤ ਦਾ ਪਹਿਲਾ ਫਰਜ਼ ਪਿਆਰ, ਮੁਹੱਬਤ, ਇੱਜ਼ਤ, ਸਤਿਕਾਰ ਅਤੇ ਇੱਕ ਦੂਜੇ ਦੇ ਸੁੱਖ ਦੁੱਖ ਵਿੱਚ ਭਾਈਵਾਲ ਹੋਣਾ ਹੈ। ਦੁੱਖ ਵੇਲੇ ਅਰਦਾਸ ਅਤੇ ਸੁੱਖ ਵੇਲੇ ਪਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕਰਨਾ ਚਾਹੀਦਾ ਹੈ, ਪਰ ਅੱਜ ਦੇ ਸਮੇਂ ਵਿੱਚ ਅਸੀਂ ਇਨ੍ਹਾਂ ਵਿਚਾਰਾਂ ਤੋਂ ਕੋਹਾਂ ਦੂਰ ਹੋ ਰਹੇ ਹਾਂ। ਕੁਦਰਤ ਦੇ ਬਖਸ਼ੇ ਨਜ਼ਾਰਿਆਂ ਦਾ ਆਨੰਦ ਮਾਣਨਾ ਚਾਹੀਦਾ ਹੈ। ਚੰਗੇ ਲੋਕਾਂ ਨਾਲ ਮੇਲ ਜੋਲ ਵਧਾ ਕੇ ਗਿਆਨ ਨੂੰ ਇਕੱਠਾ ਕਰਨਾ ਚਾਹੀਦਾ ਹੈ। ਜਿਸ ਦਿਨ ਗਿਆਨ ਦੀ ਗੁਫ਼ਾ ਦਾ ਰਸਤਾ ਲੱਭ ਗਿਆ, ਉਸ ਦਿਨ ਜ਼ਿੰਦਗੀ ਨੂੰ ਜਿਉਣ ਦੇ ਮਾਅਨੇ ਹੀ ਬਦਲ ਜਾਣਗੇ। ਹੁਣ ਤਾਂ ਸਾਨੂੰ ਆਪਣੇ ਗੁਆਂਢ ਵਿੱਚ ਵੀ ਨਹੀਂ ਪਤਾ ਹੁੰਦਾ ਕਿ ਉਸ ਦੇ ਘਰ ਰੋਟੀ ਪੱਕੀ ਹੈ ਜਾਂ ਨਹੀਂ। ਜ਼ਿੰਦਗੀ ਵਿੱਚ ਕਦੇ ਬਹਿਸ ਨਾ ਕਰੋ। ਇਹ ਮੂਰਖਤਾ ਦੀ ਨਿਸ਼ਾਨੀ ਹੈ। ਅਗਲੇ ਇਨਸਾਨ ਦੇ ਵਿਚਾਰ ਸੁਣੋ, ਫੇਰ ਦਲੀਲ ਜਾਂ ਤੱਥਾਂ ਦੇ ਆਧਾਰ 'ਤੇ ਗੱਲ ਕਰੋ ਜਿਸ ਨਾਲ ਸਾਹਮਣੇ ਵਾਲਾ ਵੀ ਤੁਹਾਡੇ ਤੋਂ ਪ੍ਰਭਾਵਿਤ ਹੋਵੇਗਾ। ਪਰੇਸ਼ਾਨੀਆਂ ਵਿੱਚ ਸਮਾਂ ਬਰਬਾਦ ਨਾ ਕਰੋ। ਵਿਹਲੇ ਸਮੇਂ ਵਿੱਚ ਮਨਪਸੰਦ ਕਿਤਾਬਾਂ ਨੂੰ ਪੜ੍ਹੋ ਅਤੇ ਕਿਤਾਬਾਂ ਨੂੰ ਹੀ ਆਪਣਾ ਦੋਸਤ ਬਣਾਉ। ਆਪਣੇ ਇਤਿਹਾਸ ਅਤੇ ਪਿਛੋਕੜ ਦੀ ਜਾਣਕਾਰੀ ਜ਼ਰੂਰ ਰੱਖੋ। ਦਿਨ ਦਾ ਕੁਝ ਸਮਾਂ ਕੱਢ ਕੇ ਬਜ਼ੁਰਗਾਂ ਕੋਲ ਜ਼ਰੂਰ ਬੈਠੋ। ਬਜ਼ੁਰਗਾਂ ਨਾਲ ਸਮਾਂ ਬਤੀਤ ਕਰਨ 'ਤੇ ਤੁਹਾਨੂੰ ਜ਼ਿੰਦਗੀ ਦੇ ਰੌਸ਼ਨ ਮਾਰਗ ਦੀਆਂ ਸਫਲ ਪਗਡੰਡੀਆਂ ਨਜ਼ਰ ਆਉਣਗੀਆਂ। ਆਪਣੇ ਸਮਾਜਿਕ ਤਾਣੇ ਬਾਣੇ ਦੀਆਂ ਤੰਦਾਂ ਨੂੰ ਨਾ ਉਲਝਣ ਦਿਉ। ਹਰ ਇੱਕ ਨੂੰ ਪਿਆਰ ਅਤੇ ਸਤਿਕਾਰ ਦਿਉ। ਜਿਸ ਨਾਲ ਜ਼ਿੰਦਗੀ ਦਾ ਖ਼ੂਬਸੂਰਤ ਪੱਖ ਜ਼ਰੂਰ ਮਹਿਸੂਸ ਹੋਣ ਲੱਗੇਗਾ। ਅਸਲ ਵਿੱਚ ਜ਼ਿੰਦਗੀ ਬਹੁਤ ਖ਼ੂਬਸੂਰਤ ਹੈ ਜਿਸ ਨੂੰ ਅਸੀਂ ਖ਼ੁਦ ਗੁੰਝਲਦਾਰ ਬਣਾ ਕੇ ਨਰਕ ਵੱਲ ਧੱਕ ਰਹੇ ਹਾਂ। ਜ਼ਰੂਰਤ ਆਪਣੇ ਆਪ ਨੂੰ ਸਮਾਂ ਦੇ ਕੇ ਸਵੈ ਪੜਚੋਲ ਕਰਨ ਦੀ ਹੈ। ਜ਼ਿੰਦਗੀ ਦੇ ਹਰ ਪਲ ਨੂੰ ਖੁਸ਼ੀ ਖੁਸ਼ੀ ਹੰਢਾਓ ਤਾਂ ਜੋ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਜਾ ਕੇ ਜ਼ਿੰਦਗੀ ਪ੍ਰਤੀ ਕੋਈ ਗਿਲਾ ਨਾ ਰਹੇ। ਜ਼ਿੰਦਗੀ ਕੁਦਰਤੀ ਦਾਤ ਹੈ ਅਤੇ ਕੁਦਰਤ ਨੂੰ ਪਿਆਰ ਕਰਨਾ ਇਨਸਾਨ ਦਾ ਪਹਿਲਾ ਫਰਜ਼ ਹੈ।

ਸੰਪਰਕ: 84274-57224




## ਰੋਟੀ ਦਾ ਬਾਜ਼ਾਰ ਅਤੇ ਬਿਮਾਰੀਆਂ ਦੀ ਦਸਤਕ



ਗੁਰਚਰਨ ਸਿੰਘ ਨੂਰਪੁਰ

ਰੋਟੀ ਹੁਣ ਬਹੁਤ ਵੱਡੀ ਫੂਡ ਇੰਡਸਟਰੀ ਬਣ ਗਈ ਹੈ। ਖਾਣ ਪੀਣ ਦੀਆਂ ਵਸਤਾਂ 'ਤੇ ਹਰ ਰੋਜ਼ ਬਾਜ਼ਾਰ ਦਾ ਗਲਬਾ ਵਧ ਰਿਹਾ ਹੈ ਅਤੇ ਹਰ ਦਿਨ ਸਾਡੇ ਘਰਾਂ ਵਿੱਚੋਂ ਰਸੋਈ ਦਾ ਮਹੱਤਵ ਘਟ ਰਿਹਾ ਹੈ।

ਕਿਸੇ ਵੇਲੇ ਕਿਰਤ ਨਾਲ ਜੁੜੇ ਪੰਜਾਬੀਆਂ ਦੀ ਰੋਟੀ ਉਨ੍ਹਾਂ ਦੇ ਮਗਰ ਖੇਤ ਜਾਂਦੀ ਸੀ। ਖੇਤ ਜਾਣ ਵਾਲੀ ਰੋਟੀ ਨੂੰ ਭੱਤਾ ਕਿਹਾ ਜਾਂਦਾ ਸੀ। ਕਿਸਾਨਾਂ ਦੀਆਂ ਔਰਤਾਂ ਖੇਤਾਂ ਵਿੱਚ ਕੰਮ ਕਰਦੇ ਜੀਆਂ ਲਈ ਭੱਤਾ ਲੈ ਕੇ ਖੇਤ ਜਾਂਦੀਆਂ ਸਨ। ਸਾਡੀ ਲੋਕਧਾਰਾ ਵਿੱਚ ਇਸ ਦਾ ਜ਼ਿਕਰ ਹੈ:

ਭੱਤਾ ਲੈ ਕੇ ਚੱਲੀ ਖੇਤ ਨੂੰ, ਜੱਟੀ ਪੰਦਰਾਂ ਮੁਰੱਬਿਆਂ ਵਾਲੀ।

ਕੋਈ ਵਕਤ ਸੀ ਜਦੋਂ ਪੰਜਾਬੀ ਖੇਤਾਂ ਵਿੱਚੋਂ ਮੂਲੀਆਂ, ਗਾਜਰਾਂ, ਸ਼ਲਗਮ ਪੁੱਟਦੇ ਤੇ ਖਾਂਦੇ ਸਨ। ਸ਼ਕਰਕੰਦੀ, ਹੋਲਾਂ, ਛੱਲੀਆਂ ਭੁੰਨੀਆਂ ਤੇ ਖਾਧੀਆਂ ਜਾਂਦੀਆਂ ਸਨ। ਲੋਕ ਗੰਨੇ ਚੂਪਦੇ ਸਨ ਤੇ ਤੰਦਰੁਸਤ ਰਹਿੰਦੇ ਸਨ। ਖਾਣਿਆਂ ਵਿੱਚ ਮੁਰਮੁਰੇ ਸਨ, ਭੁੱਜੇ ਕਣਕ ਦੇ ਦਾਣੇ, ਮੱਕੀ ਦੇ ਫੁੱਲੇ, ਛੋਲੇ ਤੇ ਚੌਲ ਸਨ। ਇਹ ਸਭ ਕੁਝ ਹੁਣ ਬੀਤੇ ਦੀ ਬਾਤ ਬਣ ਗਿਆ ਹੈ। ਹੁਣ ਇੱਕ ਇੱਕ ਖਾਣੇ ਨੂੰ ਬਣਾਉਣ ਦੀਆਂ ਸੈਂਕੜੇ ਵਿਧੀਆਂ ਵਿਕਸਤ ਹੋ ਗਈਆਂ ਹਨ। ਹੁਣ ਖਾਣਾ ਭੁੱਖ ਮਿਟਾਉਣ ਤੇ ਤੰਦਰੁਸਤੀ ਲਈ ਨਹੀਂ ਸਗੋਂ ਸੁਆਦ ਲਈ ਖਾਧਾ ਜਾਂਦਾ ਹੈ।

ਸਾਡਾ ਖਾਣਾ ਮੋਟੇ ਤੌਰ 'ਤੇ ਤਿੰਨ ਪ੍ਰਕਾਰ ਦਾ ਹੈ। ਇਹ ਤਿੰਨਾਂ ਕਿਸਮਾਂ ਦੇ ਖਾਣਿਆਂ 'ਤੇ ਹੁਣ ਬਾਜ਼ਾਰ ਕਾਬਜ਼ ਹੋ ਰਿਹਾ ਹੈ। ਤਿੰਨ ਪ੍ਰਕਾਰ ਦੇ ਖਾਣਿਆਂ ਵਿੱਚ ਪਹਿਲਾ ਕੁਦਰਤ ਤੋਂ ਸਿੱਧਾ ਲਿਆ ਖਾਣਾ ਜਿਵੇਂ ਅਮਰੂਦ, ਸੇਬ, ਸੰਤਰਾ, ਮਾਲਟਾ, ਕਿੰਨੂ, ਮੂਲੀ, ਗਾਜਰ, ਖੀਰਾ, ਅੰਬ, ਅੰਗੂਰ, ਪਪੀਤਾ, ਆਲੂ ਬੁਖਾਰਾ ਆਦਿ ਹੈ। ਦੂਜੀ ਪ੍ਰਕਾਰ ਦਾ ਖਾਣਾ ਹੈ ਜਿਵੇਂ ਆਲੂ, ਆਟਾ, ਚਾਵਲ, ਗੋਭੀ, ਭਿੰਡੀ, ਕੱਦੂ, ਕਰੇਲੇ, ਪਾਲਕ, ਸਾਗ, ਬੈਂਗਣ ਆਦਿ ਜੋ ਪਕਾਏ ਤੇ ਬਣਾਏ ਖਾਧੇ ਜਾਂਦੇ ਹਨ। ਤੀਜੀ ਕਿਸਮ ਦਾ ਖਾਣਾ ਉਹ ਹੈ ਜੋ ਪਸ਼ੂਆਂ ਤੋਂ ਆਉਂਦਾ ਹੈ ਜਿਵੇਂ ਦੁੱਧ, ਦਹੀਂ, ਲੱਸੀ, ਪਨੀਰ, ਮੱਖਣ, ਘਿਉ, ਮੀਟ, ਮੱਛੀ, ਆਂਡਾ ਜੋ ਪਸ਼ੂਆਂ ਤੋਂ ਆਉਂਦਾ ਹੈ। ਇਨ੍ਹਾਂ 'ਚੋਂ ਸਿੱਧੇ ਕੁਦਰਤ ਤੋਂ ਲੈ ਕੇ ਬਿਨਾਂ ਪਕਾਏ ਬਿਨਾਂ ਬਣਾਏ ਖਾਧੇ ਜਾਣ ਵਾਲੇ ਫਲ, ਸਬਜ਼ੀਆਂ ਤੇ ਸਲਾਦ ਸਿਹਤ ਲਈ ਵਧੇਰੇ ਲਾਹੇਵੰਦ ਮੰਨੇ ਜਾਂਦੇ ਹਨ। ਪੂਰੀ ਦੁਨੀਆ ਦੇ ਤਕਰੀਬਨ 90 ਫ਼ੀਸਦੀ ਲੋਕ ਮਾਸਾਹਾਰੀ ਹਨ। ਮਾਸ, ਮੱਛੀ, ਆਂਡੇ ਇਨ੍ਹਾਂ ਦੇ ਖਾਣੇ ਵਿੱਚ ਸ਼ਾਮਿਲ ਹੈ। ਜੀਵ ਵਿਕਾਸ ਦੀ ਸਮਝ ਰੱਖਣ ਵਾਲੇ ਮੰਨਦੇ ਹਨ ਕਿ ਜੇਕਰ ਆਦਿਕਾਲ ਦਾ ਮਨੁੱਖ ਮਾਸਾਹਾਰੀ ਨਾ ਹੁੰਦਾ ਤਾਂ ਸ਼ਾਇਦ ਅਜੋਕੀ ਸੱਭਿਅਤਾ ਤੱਕ ਵਿਕਾਸ ਸੰਭਵ ਨਾ ਹੁੰਦਾ।

ਹੁਣ ਸਾਡਾ ਖਾਣ-ਪੀਣ ਕੁਦਰਤੀ ਨਹੀਂ ਰਿਹਾ। ਇਸ ਵਿੱਚ ਕਈ ਤਰ੍ਹਾਂ ਦੇ ਕੈਮੀਕਲ ਪ੍ਰਵੇਸ਼ ਕਰ ਗਏ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਲਗਭਗ 90 ਫ਼ੀਸਦੀ ਬਿਮਾਰੀਆਂ ਗ਼ਲਤ ਖਾਣ ਪੀਣ ਨਾਲ ਹੁੰਦੀਆਂ ਹਨ। ਜਿਹੋ ਰਿਹਾ ਵਿਹਾਰ ਅਸੀਂ ਸਰੀਰ ਨਾਲ ਕਰਦੇ ਹਾਂ, ਅਗਲੇ ਦਿਨ ਇਹ ਸਾਨੂੰ ਇਸ ਦੀ ਸੂਚਨਾ ਦਿੰਦਾ ਹੈ ਕਿ ਕੱਲ੍ਹ ਤੁਸੀਂ ਜੋ ਖਾਧਾ ਸੀ ਉਹ ਸਰੀਰ ਲਈ ਠੀਕ ਨਹੀਂ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਲੋਕ ਪੰਜਾਹ ਸਾਲ ਦੀ ਉਮਰ ਤੱਕ ਪਹੁੰਚ ਕੇ ਵੀ ਸਰੀਰ ਦੀ ਲੋੜ ਨਹੀਂ ਸਮਝਦੇ। ਕੁਦਰਤ ਹਰ ਮੌਸਮ ਵਿੱਚ ਸਾਡੇ ਲਈ ਵੱਖਰਾ ਖਾਣਾ ਪੈਦਾ ਕਰਦੀ ਹੈ। ਪਰ ਅਸੀਂ ਗਰਮੀਆਂ ਦੀਆਂ ਸਬਜ਼ੀਆਂ ਤੇ ਫਲ ਸਰਦੀਆਂ ਵਿੱਚ ਖਾਣ ਲੱਗੇ ਹਾਂ ਅਤੇ ਸਰਦੀਆਂ ਦੇ ਫਲ ਸਬਜੀਆਂ ਗਰਮੀਆਂ ਵਿੱਚ। ਇਹ ਸਾਡੀ ਸਿਹਤ ਲਈ ਬੇਹੱਦ ਨੁਕਸਾਨਦਾਇਕ ਹੈ। ਸਾਨੂੰ ਸਿਰਫ਼ ਮੌਸਮ ਮੁਤਾਬਿਕ ਫਲ ਸਬਜ਼ੀਆਂ ਖਾਣੇ ਚਾਹੀਦੇ ਹਨ ਅਤੇ ਬੇਮੌਸਮੇ ਫਲ ਸਬਜ਼ੀਆਂ ਖਾਣ ਤੋਂ ਬਚਣਾ ਚਾਹੀਦਾ ਹੈ। ਆਯੁਰਵੇਦ ਵਿੱਚ ਇਸ ਨੂੰ ਰਿਤੂ ਸੰਧੀ ਕਹਿੰਦੇ ਹਨ। ਇਸ ਅਨੁਸਾਰ ਹਰ ਰੁੱਤ ਦੇ ਖਾਣੇ ਸਾਨੂੰ ਰੁੱਤ ਅਨੁਸਾਰ ਹੀ ਖਾਣੇ ਚਾਹੀਦੇ ਹਨ।

ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਖਾਣੇ ਦਾ ਬਾਜ਼ਾਰ ਪ੍ਰਫੁੱਲਿਤ ਹੋ ਰਿਹਾ ਹੈ। ਵਿਕਸਤ ਮੁਲਕਾਂ ਵਿੱਚ ਘਰਾਂ ਵਿੱਚੋਂ ਰਸੋਈ ਰੁਖ਼ਸਤ ਹੋ ਰਹੀ ਹੈ। ਸਾਡੇ ਦੇਸ਼ ਵਿੱਚ ਵੀ ਵੱਡੇ ਸ਼ਹਿਰਾਂ ਵਿੱਚ ਘਰ ਰੋਟੀ ਪਕਾਉਣ ਦਾ ਰੁਝਾਨ ਹੁਣ ਘਟਣ ਲੱਗਾ ਹੈ। ਰੋਟੀ ਦੀ ਥਾਂ ਹੁਣ ਬਹੁਤ ਸਾਰੇ ਬਾਜ਼ਾਰੂ ਪਕਵਾਨਾਂ ਨੇ ਲੈ ਲਈ ਹੈ। ਖਾਣਿਆਂ ਦੇ ਸੁਆਦਾਂ ਨੂੰ ਤੇਜ਼ ਕਰਨ ਲਈ ਅਜੀਨੋਮੋਟੋ ਨਾਂ ਦਾ ਕੈਮੀਕਲ ਇਨ੍ਹਾਂ ਵਿੱਚ ਪਾਇਆ ਜਾਂਦਾ ਹੈ ਜੋ ਇਨਸਾਨੀ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਅਜੀਨੋਮੋਟੋ ਸਫ਼ੇਦ ਰਵੇ (ਕ੍ਰਿਸਟਲ) ਦੇ ਰੂਪ ਵਿੱਚ ਹੁੰਦਾ ਹੈ ਜਿਸ ਨੂੰ ਦਾ ਵਿਗਿਆਨਕ ਨਾਂ ਮੋਨੋਸੋਡੀਅਮ ਗਲੂਟਾਮੇਟ ਹੈ। ਇਹ ਚਾਈਨੀਜ਼ ਨਮਕ ਹੈ ਜੋ ਮਿੱਠਾ, ਖੱਟਾ ਅਤੇ ਨਮਕੀਨ ਤਿੰਨ ਤਿੱਖੇ ਸਵਾਦਾਂ ਦਾ ਮਿਸ਼ਰਣ ਹੁੰਦਾ ਹੈ। ਇਹ ਸਵਾਦ ਹਰ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਖਾਣੇ ਨੂੰ ਲਜ਼ੀਜ਼ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ ਜਿਸ ਕਾਰਨ ਬੱਚੇ ਅਤੇ ਨੌਜਵਾਨ ਇਸ ਦਾ ਨਸ਼ੇ ਦੀ ਲਤ ਵਾਂਗ ਸ਼ਿਕਾਰ ਹੋ ਜਾਂਦੇ ਹਨ। ਨੂਡਲਜ਼, ਬਰਗਰ, ਪਿਜ਼ਿਆਂ ਤੋਂ ਇਲਾਵਾ ਪੈਕਟਾਂ ਵਿੱਚ ਬੰਦ ਲੂਣੀਆਂ ਕਰਾਰੀਆਂ ਖਾਣ ਵਾਲੀਆਂ ਵਸਤਾਂ ਵਿੱਚ ਅਜੀਨੋਮੋਟੋ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਇਹ ਖਾਣ ਵਾਲੇ ਬੱਚਿਆਂ ਦੇ ਮਨ 'ਤੇ ਇਨ੍ਹਾਂ ਦਾ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਉਨ੍ਹਾਂ ਨੂੰ ਫਲ ਫਿੱਕੇ ਤੇ ਬੇਸਵਾਦ ਲੱਗਣ ਲੱਗਦੇ ਹਨ। ਉਨ੍ਹਾਂ ਦੇ ਮਨ ਤੇਜ਼ ਲੂਣੇ ਕਰਾਰੇ ਮਿੱਠੇ ਖੱਟੇ ਸਵਾਦਾਂ ਦੇ ਆਦੀ ਹੋ ਜਾਂਦੇ ਹਨ। ਅਜੀਨੋਮੋਟੋ ਦਾ ਛੋਟਾ ਨਾਂ ਐਮ.ਐਸ.ਜੀ. ਵੀ ਹੈ। ਇਹ ਇੱਕ ਤਰ੍ਹਾਂ ਦਾ ਧੀਮਾ ਜ਼ਹਿਰ ਹੈ ਜੋ ਸਾਡੇ ਸਰੀਰ ਲਈ ਕਈ ਸਮੱਸਿਆਵਾਂ ਪੈਦਾ ਕਰਦਾ ਹੈ। ਇਹ ਸਿਰ ਭਾਰਾ ਹੋਣਾ, ਜੀਅ ਮਚਲਾਉਣਾ, ਮਾਈਗ੍ਰੇਨ (ਅੱਧੇ ਸਿਰ ਦੀ ਦਰਦ), ਮੋਟਾਪਾ, ਸ਼ੂਗਰ, ਹਾਰਟ ਅਟੈਕ, ਹਾਈ ਬਲੱਡ ਪ੍ਰੈਸ਼ਰ ਅਤੇ ਚਮੜੀ ਦੀਆਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਲਈ ਅਜੀਨੋਮੋਟੋ ਬੇਹੱਦ ਮਾੜਾ ਰਸਾਇਣ ਹੈ। ਬੱਚੇ ਜੰਕ ਫੂਡ ਵਧੇਰੇ ਖਾਣ ਲੱਗੇ ਹਨ ਜਿਸ ਵਿੱਚ ਇਸ ਦੀ ਮਿਕਦਾਰ ਵੱਧ ਹੁੰਦੀ ਹੈ। ਇਹ ਬੱਚਿਆਂ ਵਿੱਚ ਮੋਟਾਪੇ ਦਾ ਕਾਰਨ ਤਾਂ ਬਣਦਾ ਹੀ ਹੈ ਸਗੋਂ ਬੱਚਿਆਂ ਦੀ ਮਾਨਸਿਕ ਸਿਹਤ

ਬਾਕੀ ਸਫ਼ਾ 7 'ਤੇ

# ਪੰਜਾਬੀ ਦਾ ਸਮਰੱਥ ਕਵੀ ਤਰਲੋਚਨ ਮੀਰ



ਤਰਲੋਚਨ ਮੀਰ ਪੰਜਾਬੀ ਦਾ ਸਮਰੱਥ ਕਵੀ ਹੈ। ਉਸਨੇ ਹੁਣ ਤੱਕ 7 ਕਾਵਿ ਸੰਗ੍ਰਹਿ ਸ਼ਬਦਾਂ ਦੀ ਆਗੋਸ਼,ਦਰਦਾਂ ਦਾ ਅਨੁਵਾਦ, ਦਾਨਾਬਾਦ, ਨਦੀ, ਅੰਤਰ, ਸੰਵਾਦ ਤੇ ਖੰਜਰ ਨਾਲ ਭਰਵੀਂ ਹਾਜ਼ਰੀ ਲਗਵਾਈ ਹੈ। ਕਵੀ ਦੀ ਕਵਿਤਾ ਦੀ ਚਰਚਾ ਵੀ ਹੋਈ ਹੈ ਪਰ ਮੇਰੀ ਨਜ਼ਰ ਵਿੱਚ ਉਸਦੀ ਸਮਰੱਥਾ ਅਨੁਸਾਰ ਉਸਦੀ ਕਵਿਤਾ 'ਤੇ ਬਣਦੀ ਚਰਚਾ ਨਹੀਂ ਹੋਈ। ਇਸਦਾ ਕਾਰਣ ਜੋ ਵੀ ਹੋਵੇ ਪਰ ਮੇਰੇ ਅਨੁਸਾਰ ਉਸਨੂੰ ਹੋਰ ਪੜ੍ਹਿਆ ਜਾਣਾ ਚਾਹੀਦੇ।

ਤਰਲੋਚਨ ਮੀਰ ਦੀ ਕਵਿਤਾ ਵਰਤਮਾਨ ਆਰਥਿਕ ਪ੍ਰਬੰਧ ਦੇ ਮਾਨਵ ਵਿਰੋਧੀ ਵਰਤਾਰੇ ਦਾ ਯਥਾਰਥਕ ਚਿਤਰਣ ਹੈ।ਤਰਲੋਚਨ ਮੀਰ ਦੇ ਸ਼ਬਦ ਬੋਲਦੇ ਹਨ, ਉਸਦੀ ਕਵਿਤਾ ਬੋਲਦੀ ਹੈ। ਕਵੀ ਦੀ ਕਵਿਤਾ ਹਰ ਵਰਤਾਰੇ ਖ਼ਿਲਾਫ਼ ਬੋਲਦੀ ਹੈ ਜੋ ਮਨੁੱਖ ਨੂੰ ਸੰਪੂਰਨ ਹੋਣ ਤੋਂ ਰੋਕਦੀ ਹੈ। ਉਹ ਨਿਜ਼ਾਮ ਖ਼ਿਲਾਫ਼ ਸਵਾਲ ਖੜ੍ਹੇ ਕਰਦਾ ਹੈ ਤੇ ਉਸ ਸਾਰੇ ਪ੍ਰਬੰਧ ਖ਼ਿਲਾਫ਼ ਜੋ ਥੁੜ੍ਹਾਂ ਨੂੰ ਭਰਨ ਵਿੱਚ ਨਾਕਾਮਯਾਬ ਰਿਹਾ ਤੇ ਸਮਾਜ ਦਾ ਤੇ ਕਵੀ ਦਾ ਮਾਨਵਪੁਰ ਦਾ ਸੁਪਨਾ ਅਜੇ ਤੱਕ ਪੂਰਾ ਨਾ ਕਰ ਸਕਿਆ।

ਨਵਦੀਪ ਸਿੰਘ ਮੁੰਡੀ
98880-90038

## "ਮਾਨਵਪੁਰ"

ਉਹ ਮੰਗਦੇ ਨੇ ਕਸ਼ਮੀਰ
ਤਾਂ ਦੇ ਦਿਓ
ਮਰਾਠਵਾੜਾ ਵੀ ਦੇ ਦਿਓ
ਬੇਸ਼ੱਕ ਤਾਮਿਲਾਂ ਨੂੰ
ਤਾਮਿਲਨਾਡੂ
ਨਾਗਿਆਂ ਨੂੰ ਨਾਗਾਲੈਂਡ
ਖਾਲਿਸਤਾਨ ਵੀ ਦੇ ਦਿਓ
ਕਰ ਦਿਓ ਵੱਖਰੇ ਇਹਨਾਂ ਨੂੰ
ਜਬਰੀ ਘੁੱਟ ਕੇ ਕਿਉਂ ਬੰਨਿਆ ਹੈ ?
ਬਸ ਮੈਨੂੰ ਦੇ ਦਿਓ ਮਾਨਵਪੁਰ
ਜਿਸਦੇ ਨਿੱਕੇ- ਨਿੱਕੇ
ਸ਼ਹਿਰ ਹੋਣ, ਪਿੰਡ ਹੋਣ
ਮਹਿਕ ਪੁਰ
ਖੁਸ਼ਬੂ ਕਲਾਂ
ਤਿਤਲੀਆਲਾ
ਗੁਲਾਬੇ ਵਾਲਾ
ਹਰਿਆਲੀਪੁਰ
ਸਮਰਾਟ ਸਿਟੀ ਤੁਸੀਂ ਰੱਖੋ
ਨਿਰਜਿੰਦ ਪਥਰੀਲਾ ਸ਼ਹਿਰ
ਮੈਨੂੰ ਨਹੀਂ ਚਾਹੀਦਾ
ਮੈਨੂੰ ਤਾਂ ਚਾਹੀਦਾ ਹੈ ਜ਼ਿੰਦਗੀਗੜ੍ਹ
ਮੁਹੱਬਤਪੁਰਾ
ਜਿੱਥੇ ਜੀਵਨ ਦਾ ਹੁਸਨ ਹੁੰਦੈ
ਸਮੁੱਚੇ ਭਾਰਤ ਤੇ ਫੈਲਿਆ ਹੋਇਆ
ਮੈਨੂੰ ਮੇਰਾ ਮਾਨਵਪੁਰ ਚਾਹੀਦੈ।

## "ਅਸਰ"

ਉਸਦਾ ਪਿੱਛੇ ਮੁੜਕੇ ਦੇਖਣਾ
ਤੇ ਮੁਸਕਰਾ ਕੇ ਬੋਲਣਾ
ਕਮਾਲ ਕਰਦਾ ਸੀ
ਰੁੱਖਾਂ ਦੇ ਪੱਤੇ ਲਰਜ਼ ਉੱਠਦੇ
ਮਹਿਕਾਂ ਫੁੱਲਾਂ 'ਚੋਂ
ਆਪਣਾ ਸਫ਼ਰ ਸ਼ੁਰੂ ਕਰਦੀਆਂ
ਚੰਨ ਦੀਆਂ ਰਿਸ਼ਮਾਂ
ਚਾਨਣੀ ਬਣਕੇ ਫੈਲ ਜਾਂਦੀਆਂ
ਤਾਰੇ ਗੁਫਤਾਰ ਕਰਨ ਲੱਗਦੇ
ਰਾਹੀਆਂ ਦੇ ਚਹਿਰੇ
ਹੱਸਦੇ ਨਜ਼ਰ ਆਉਂਦੇ
ਸਾਹਾਂ ਦੀ ਖੁਸ਼ਬੂ ਫੈਲਣ ਲੱਗਦੀ
ਆਪਣਾ ਆਪਾ ਜ਼ਮੀਨ 'ਤੋਂ
ਉੱਠਣ ਲੱਗਦਾ
ਹਰ ਪਾਸੇ ਬਸੰਤ ਫੈਲ ਜਾਂਦੀ।

ਹੁਣ ਉਸਨੇ ਮੂੰਹ ਮੋੜ ਲਿਆ
ਚੰਨ ਸੰਗੀ ਨਜ਼ਰਾਂ ਨਾਲ ਵੇਖਦੈ
ਰੁੱਖ ਸੁੱਕਦੇ ਦਿਸ ਰਹੇ ਨੇ
ਫੁੱਲ ਮੁਰਝਾ ਰਹੇ ਨੇ
ਰਾਹੀਂ ਉਦਾਸੇ ਮਨਾਂ ਨਾਲ
ਅੰਤਹੀਣ ਸਫਰਾਂ 'ਤੇ ਨੇ
ਥਾਂ ਪਏ ਰਹਿਣਾ ਚਾਹੁੰਨਾਂ
ਮੌਤ ਵਰਗੀ ਚੁੱਪ ਨਾਲ
ਏਨਾ ਫਰਕ ਹੈ ਤੇਰੇ ਚਿਹਰੇ ਦੇ
ਰੁਖ ਬਦਲ ਲੈਣ ਦਾ !

## ਹੰਕਾਰ

ਉਸਦੀਆਂ ਜਟੂਰੀਆਂ ਉਲਝੀਆਂ ਨੇ
ਹੱਥ ਗਰਮ ਨੇ
ਸਿਰ ਤਪ ਰਿਹੈ
ਪੈਰ ਮੱਚ ਰਹੇ
ਢਿੱਡ ਗੁੜ ਗੁੜ ਕਰਦੈ
ਹੋਠ ਫਟੇ ਨੇ
ਦਾਹੜੀ ਪੂਰੀ ਉੱਤਰੀ ਨਹੀਂ
ਪਰ ਉਸਦੀਆਂ ਰਗਾਂ 'ਚ
ਹੌਲੀ ਹੌਲੀ ਲਾਵਾ ਉੱਤਰ ਰਿਹੈ
ਮਨ ਖ਼ਾਸ ਆਕਿਰਤੀ ਵਿੱਚ
ਢਲਦਾ ਜਾਂਦੈ
ਪੂਰੇ ਵਿਸ਼ਵ ਉੱਤੇ ਧੂੰਏਂ ਵਾਂਗ
ਫੈਲਦਾ ਜਾਂਦੈ
ਪੇਟ ਦੀ ਗੁੜ ਗੁੜ
ਹਵਾ ਭੱਖਣ ਨਾਲ਼ ਸ਼ਾਂਤ
ਹੁੰਦੀ ਜਾਂਦੀ ਹੈ
ਜਟੂਰੀ ਜਟ ਬਣਦੀ ਜਾਂਦੀ ਹੈ
ਪੈਗ਼ੰਬਰੀ ਹੱਥ ਉਸਦੇ ਮੋਢੇ 'ਤੇ ਟਿਕਦੈ
ਉਹ ਸ਼ੂਦਰ ਤੋਂ ਖੱਤਰੀ ਬਣਦੈ
ਨਿਰਬਲ ਕਾਇਆ
ਤਿਰਸ਼ੂਲ ਚੁੱਕਦੀ ਹੈ
ਦੁੱਧ ਚੁੰਘਦੇ ਮਾਨਵ ਦੇ ਵਿੱਚੋਂ ਪਾਰ ਕਰਦੀ ਹੈ
ਉਸਦੇ ਅੱਗੇ ਹੋਰ ਨਿਰਬਲ ਤਨ ਤੁਰੇ ਜਾਂਦੇ ਨੇ
ਪੈਗ਼ੰਬਰ ਹੱਥ ਪਿੱਛੇ ਕਰਦਾ ਹੈ
ਭੀੜ ਸਵਰਗ ਵੱਲ ਜਾਂਦੀ ਹੈ
ਜਿੱਥੇ ਸਵਰਨਾਂ ਦੇ ਦਰ ਨੇ
ਨਿਰਬਲ ਤਨ ਦਰਬਾਨ ਬਣਕੇ ਖੜ੍ਹ ਜਾਂਦੇ ਨੇ।
ਆਪਣਾ ਘਰ ਪਿੱਛੇ ਛੱਡ ਆਏ
ਪਿਆਰ ਦੀ ਪੱਕੀ ਫ਼ਸਲ
ਭੁੱਲ ਭੁਲਾ ਕੇ
ਕਿਸੇ ਅਮੁੱਕ ਨਸ਼ੇ ਦੀ
ਖੁਮਾਰੀ ਵਿੱਚ ਲੀਨ।

## ਯੁੱਧ ਵਿਰਾਮ

ਸੂਰਜ ਦੀ ਪਹਿਲੀ ਕਿਰਨ
ਜਦੋਂ ਨੰਗੇ ਪਿੰਡਿਆਂ ਨੂੰ ਚੁੰਮਦੀ ਹੈ
ਉਦੋਂ ਧਰਤੀ ਦੇ ਪਿੰਡੇ ਨੂੰ ਸੰਵਾਰਿਆ
ਜਾਂਦੈ
ਖਿੱਲਰੀਆਂ ਜਟੂਰੀਆਂ ਵਾਹੀਆਂ
ਜਾਂਦੀਆਂ ਨੇ
ਮੈਲਾ ਤਨ ਨਵਾਹਿਆ ਜਾਂਦੈ
ਇਸਦੀਆਂ ਜ਼ੁਲਫ਼ਾਂ ਵਾਹੀਆਂ
ਜਾਂਦੀਆਂ ਨੇ
ਇਸਦੇ ਪੁੱਤਰ ਇਸਨੂੰ ਖ਼ੂਬਸੂਰਤ
ਰੱਖਣ ਦਾ
ਵਰਤਦੇ ਨੇ ਹਰ ਹੀਲਾ
ਧਰਤੀ ਦੇ ਉੱਤਰ ਦੱਖਣ
ਤੇ ਪੂਰਬ ਪੱਛਮ
ਧਰਤੀ ਦਾ ਹਰ ਅੰਗ ਦਰੁਸਤ ਕੀਤਾ
ਜਾਂਦੈ
ਇਸਦੇ ਹਾਰ ਸ਼ਿੰਗਾਰ ਮਗਰੋਂ
ਆ ਫੜਕਦੇ ਨੇ
ਯੁੱਧ ਯੁੱਧ ਕਰਦੇ
ਮਾਪ ਤੋਲ ਕਰਦੇ
ਆਪਣੀਆਂ ਜੇਬਾਂ ਭਰਨ ਖ਼ਾਤਰ
ਹੱਸਦੇ ਵਸਦੇ ਗਗਨ ਚੁੰਭੀ ਘਰ
ਸਣੇ ਨਿੱਕੀਆਂ ਨਿੱਕੀਆਂ ਝੁੱਗੀਆਂ
ਦੇ
ਢਹਿ ਜਾਂਦੇ ਉਸਦੇ ਇਸ਼ਾਰੇ 'ਤੇ
ਲੜ ਪੈਂਦੇ ਦੋ ਚਾਰ ਬਾਂਦਰ
ਬਾਂਦਰ ਧਰਤੀ ਪੁੱਤਰਾਂ ਨੂੰ
ਦਿੰਦੇ ਹੁਕਮ ਇੱਕ ਦੂਜੇ ਨਾਲ਼
ਲੜਨ ਦਾ
ਫੇਰ ਚਾਹੇ ਜਾਪਾਨ ਹੋਵੇ
ਗਾਜ਼ਾ ਪੱਟੀ ਹੋਵੇ
ਫਲਸਤੀਨ ਹੋਵੇ
ਸੀਰੀਆ ਹੋਵੇ ਚਾਹੇ ਦੇਵ ਤੇ ਦਾਨਵ
ਭੂਮੀ
ਲੀਰ ਲੀਰ ਹੁੰਦੀ ਮਨੁੱਖਤਾ
ਬਾਲਾਂ ਦੇ ਮੋਹ ਦੀ ਉੱਡਦੀ ਛਾਂ
ਬਿਰਧਾਂ ਦੇ ਸਹਾਰੇ
ਮੁਹੱਬਤ ਨਾਲ਼ ਭਰੀ ਜਵਾਨੀ
ਰੁਲ਼ ਜਾਂਦੀ ਹੈ ਟੈਂਕਾਂ ਤੋਪਾਂ ਬੰਬਾਂ ਹੇਠ
ਨਾਗਾਸਾਕੀ, ਹੀਰੋਸ਼ੀਮਾ ਬਣ ਜਾਂਦੈ
ਖ਼ੂਬਸੂਰਤੀ ਨਾਲ਼ ਭਰਿਆ ਸ਼ਹਿਰ
ਨਰਕ ਬਣ ਜਾਂਦੇ ਨਿੱਕੇ ਨਿੱਕੇ ਪਿੰਡ
ਕੋਈ ਫ਼ਰਕ ਨਹੀਂ ਪੈਂਦਾ ਉਸਨੂੰ
ਉਸਦੇ ਇੱਕ ਇਸ਼ਾਰੇ 'ਤੇ
ਰੁਕ ਜਾਂਦੈ ਯੁੱਧ
ਤੇ ਸ਼ੁਰੂ ਹੋ ਜਾਂਦੈ
ਬਚੇ ਖੁਚੇ ਧਰਤੀ ਪੁੱਤਰ
ਉੱਜੜੇ ਘਰੀਂ ਪਰਤਦੇ
ਮਸ਼ਵਰਾ ਕਰਦੇ ਕਿਵੇਂ ਬਚਾਈਏ
ਬਾਂਦਰਾਂ ਤੋਂ
ਤੇ
ਬਾਂਦਰਾਂ ਦੇ ਮਾਲਕਾਂ ਤੋਂ
ਮਸ਼ਵਰਾ ਚਲਦਾ ਹੈ
ਮਸ਼ਵਰਾ ਚੱਲ ਰਿਹਾ ਹੈ
ਨਿਰਣੇ ਦੀ ਉਡੀਕ ਹੈ ।
*****

## ਗ਼ਜ਼ਲ



ਵਾਧੂ ਹੀ ਕੁਝ ਰੱਤ ਮੰਗਦੇ ਨੇਂ ਅਕਸਰ
ਸ਼ਿਅਰ ਮਿਰੇ
ਟੰਗ ਦਿੰਦੇ ਨੇਂ ਵਕ਼ਤ ਦੀ ਸੂਲ਼ੀ ਉੱਪਰ
ਸ਼ਿਅਰ ਮਿਰੇ
ਪਥਰੀਲੀ ਧਰਤੀ ਵਿੱਚ ਪੈਦਾ ਕਰਨੇ
ਜਿੰਵ ਗੁਲਾਬ
ਇੰਵ ਹੀ ਪੈਦਾ ਕਰਨੇ ਦੂਭਰ, ਬਿਹਤਰ
ਸ਼ਿਅਰ ਮਿਰੇ
ਸੁੰਨੀ ਸੋਚ ਦੀ ਡੂੰਘੀ ਕੰਦਰਾ
ਪਾਤਾਲਾਂ-ਪਾਤਾਲ਼
ਆਕਾਸਾਂ-ਆਕਾਸ ਝਰਨ ਕਿੰਵ ਅੰਦਰ
ਸ਼ਿਅਰ ਮਿਰੇ
ਗੂੜ੍ਹੇ 'ਨ੍ਹੇਰੇ ਦੀ ਕਾਲਖ 'ਚੋਂ ਲੈ ਕੇ
ਤੁਪਕਾ ਤੁਪਕਾ
ਕਾਗ਼ਜ਼ 'ਤੇ ਵਾਹੁੰਦੇ ਚਾਨਣ ਦਾ ਲਸ਼ਕਰ,
ਸ਼ਿਅਰ ਮਿਰੇ
ਪਾਰਖੂਆਂ ਦਾ ਅਪਣਾ ਵੱਖਰਾ-ਵੱਖਰਾ
ਦ੍ਰਿਸ਼ਟੀਕੋਣ
ਜਾਪਣ ਮੋਮ ਕਿਸੇ ਨੂੰ ਜਾਪਣ ਪੱਥਰ
ਸ਼ਿਅਰ ਮਿਰੇ
ਦਿਲ ਦੇ ਅੰਦਰ ਖੋਭ ਕੇ ਉਂਗਲ਼
ਮੱਥੇ ਸੂਰਜ ਦੇ
ਬੇਡਰ ਹੋ ਕੇ ਕਰ ਦਿੰਦੇ ਹਸਤਾਖਰ
ਸ਼ਿਅਰ ਮਿਰੇ
ਦੁਨੀਆ ਦੇ ਹਰ ਕੋਨੇ ਵਿਚ ਸੰਭਵ ਹੈ
ਅਮਨ-ਅਮਾਨ
'ਸ਼ੈਦਾ' ਜੇਕਰ ਘਰ ਕਰ ਜਾਵਣ ਘਰ-ਘਰ
ਸ਼ਿਅਰ ਮਿਰੇ

-ਅੰਮ੍ਰਿਤਪਾਲ ਸਿੰਘ ਸ਼ੈਦਾ
(ਮੋਬ: 98552-32575)

# ਅਗਿਆਨਤਾ ਦਾ ਨਤੀਜਾ ਨੇ ਅੰਧ-ਵਿਸ਼ਵਾਸ



- ਗੁਰਦੀਪ ਸਿੰਘ ਭੁੱਲਰ

ਅੱਜ ਦਾ ਮਨੁੱਖ ਸਮਾਜਿਕ ਵਾਤਾਵਰਨ ਵਿੱਚ ਰਹਿ ਰਿਹਾ ਹੈ ਤੇ ਉਹ ਸਮਾਜ ਦੇ ਇਸ ਪੂਰੇ ਤਾਣੇ-ਬਾਣੇ ਵਿੱਚ ਪਰੋਇਆ ਹੋਇਆ ਹੈ। ਮਨੁੱਖ ਦੀ ਹੋਂਦ ਨਾਲ ਹੀ ਸਮਾਜ ਦੀ ਉਤਪਤੀ ਹੋਈ ਤੇ ਫਿਰ ਅਸੀਂ ਸਾਰੇ ਇਸ ਸਮਾਜ ਦਾ ਹਿੱਸਾ ਬਣੇ। ਸਾਡੀ ਸ਼ੁਰੂ ਤੋਂ ਹੀ ਇਹ ਪਰੰਪਰਾ ਰਹੀ ਹੈ ਕਿ ਸਮਾਜ ਦੇ ਇਸ ਪੂਰੇ ਢਾਂਚੇ ਵਿੱਚ ਸਮੇਂ ਦੇ ਨਾਲ-ਨਾਲ ਹੋਣ ਵਾਲੇ ਬਦਲਾਵ ਨੇ ਸਾਨੂੰ ਪ੍ਰਭਾਵਿਤ ਕੀਤਾ ਤੇ ਇਸ ਵਿੱਚ ਰਹਿਣ ਵਾਲੇ ਹਰ ਵਿਅਕਤੀ ਨੇ ਆਪਣੇ ਆਪ ਨੂੰ ਇਸ ਦੇ ਅਨੁਸਾਰ ਢਾਲ਼ ਲਿਆ। ਪ੍ਰਕਿਰਤੀ ਵਿੱਚ ਹੋਣ ਵਾਲੀਆਂ ਕੁਝ ਕੁਦਰਤੀ ਘਟਨਾਵਾਂ ਦਾ ਮਨੁੱਖ ਦੇ ਦਿਮਾਗ਼ 'ਤੇ ਬਹੁਤ ਡੂੰਘਾ ਅਸਰ ਹੋਇਆ ਤੇ ਇਸ ਨੂੰ ਅੰਦਰੋ ਅੰਦਰੀ ਹੋਣ ਵਾਲੀਆਂ ਇਨ੍ਹਾਂ ਘਟਨਾਵਾਂ ਦਾ ਡਰ ਅਤੇ ਸਹਿਮ ਸਤਾਉਣ ਲੱਗਾ।

ਕੁਦਰਤ ਦੇ ਨਿਯਮਾਂ ਤੋਂ ਅਣਜਾਣ ਇਹ ਵਿਅਕਤੀ ਹੋਣ ਵਾਲੇ ਇਸ ਸਭ ਵਰਤਾਰੇ ਨੂੰ ਕਿਸੇ ਚੰਦਰੀ ਆਤਮਾ ਜਾਂ ਗੈਬੀ ਸ਼ਕਤੀ ਦਾ ਪ੍ਰਕੋਪ ਮੰਨਣ ਲੱਗਾ। ਫਿਰ ਆਪਣੀ ਮਾਨਸਿਕ ਕਮਜ਼ੋਰੀ ਨੂੰ ਸਹਾਰਾ ਦੇਣ ਲਈ ਇਸ ਨੇ ਪੂਜਾ ਪਾਠ ਤੇ ਝੂਠੇ ਕਰਮ ਕਾਂਡਾਂ ਦੀਆਂ ਅਨੇਕਾਂ ਵਿਧੀਆਂ ਨੂੰ ਅਪਣਾਇਆ ਜਿਸ ਵਿੱਚੋਂ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸ ਤੇ ਵਹਿਮਾਂ ਭਰਮਾਂ ਨੇ ਜਨਮ ਲਿਆ।

### ਅਗਿਆਨਤਾ ਹੈ ਵੱਡਾ ਕਾਰਨ

ਜੇਕਰ ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਬੇਸ਼ੱਕ ਇਸ ਇੱਕਵੀਂ ਸਦੀ ਦੇ ਯੁੱਗ ਵਿੱਚ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਅੱਜ ਵੀ ਬਹੁ ਗਿਣਤੀ ਵਿੱਚ ਇਨਸਾਨ ਇਨ੍ਹਾਂ ਅੰਧ-ਵਿਸ਼ਵਾਸ ਤੇ ਵਹਿਮਾਂ ਭਰਮਾਂ ਦੇ ਪ੍ਰਭਾਵ

ਹੇਠ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਅੱਜ ਸਾਡੀ ਨਿੱਜੀ ਜ਼ਿੰਦਗੀ ਵਿੱਚ ਇਨ੍ਹਾਂ ਵਹਿਮਾਂ ਭਰਮਾਂ ਦੇ ਅਜਿਹੇ ਕਈ ਪੱਖ ਹਨ ਜਿਨ੍ਹਾਂ ਨੂੰ ਅਸੀਂ ਸ਼ਗਨ ਅਤੇ ਅਪਸ਼ਗਨ ਦੇ ਤੌਰ 'ਤੇ ਆਪਣੇ ਨਾਲ ਜੋੜਦੇ ਹਾਂ ਤੇ ਹਰ ਕੰਮ ਕਰਨ ਤੋਂ ਪਹਿਲਾਂ ਇਨ੍ਹਾਂ ਨੂੰ ਬੜੀ ਗੰਭੀਰਤਾ ਨਾਲ ਵਿਚਾਰਦੇ ਹਾਂ ਤਾਂ ਜੋ ਸਾਡਾ ਹੋਣ ਵਾਲਾ ਕੰਮ ਪੂਰਨ ਤੌਰ 'ਤੇ ਸਿੱਧ ਹੋ ਸਕੇ।

ਉਦਾਹਰਣ ਦੇ ਤੌਰ 'ਤੇ ਅਕਸਰ ਵਹਿਮੀ ਲੋਕ ਬੁੱਧ ਤੇ ਸ਼ਨੀਵਾਰ ਨੂੰ ਨਵਾਂ ਕੱਪੜਾ ਪਹਿਨਣਾ, ਐਤਵਾਰ ਨੂੰ ਨਵੇਂ ਗਹਿਣੇ ਪਹਿਨਣਾ, ਸੂਰਜ ਨੂੰ ਪਾਣੀ ਦੇਣਾ, ਤੁਲਸੀ ਦੀ ਪੂਜਾ ਕਰਨੀ, ਆਕਾਸ਼ ਵਿੱਚ ਤਾਰਾ ਟੁੱਟਦਾ ਦੇਖਣਾ ਇਨ੍ਹਾਂ ਸਭ ਵਿਧੀਆਂ ਨੂੰ ਸ਼ੁਭ ਅਤੇ ਘਰੋਂ ਬਾਹਰ ਜਾਣ ਵੇਲੇ ਖ਼ਾਲੀ ਭਾਂਡਾ ਮੱਥੇ ਲੱਗਣਾ, ਬਿੱਲੀ ਦੁਆਰਾ ਰਸਤਾ ਕੱਟਣਾ, ਮੰਗਲ ਜਾਂ ਸ਼ਨੀਵਾਰ ਨੂੰ ਸਿਰ ਨਹਾਉਣਾ, ਵਿਆਹਾਂ ਵਿੱਚ ਕਾਲੇ ਕੱਪੜੇ ਦੀ ਵਰਤੋਂ ਕਰਨਾ ਆਦਿ ਸਭ ਨੂੰ ਅਸ਼ੁਭ ਮੰਨਦੇ ਹਨ। ਇੱਥੇ ਹੀ ਬਸ ਨਹੀਂ ਇਸ ਤਰ੍ਹਾਂ ਦੇ ਅਨੇਕਾਂ ਹੀ ਅੰਧ-ਵਿਸ਼ਵਾਸ ਹਨ ਜੋ ਜਨਮ ਤੋਂ ਲੈ ਕੇ ਮਰਨ ਤਕ ਸਾਡੇ ਨਾਲ ਚੱਲਦੇ ਹਨ।

ਇਨ੍ਹਾਂ ਵਹਿਮਾਂ ਭਰਮਾਂ ਦੇ ਪ੍ਰਫੁੱਲਤ ਹੋਣ ਦਾ ਅੱਜ ਇੱਕੋ ਇੱਕ ਮੂਲ ਕਾਰਨ ਇਹ ਹੈ ਕਿ ਸਾਡੇ ਵਿੱਚ ਅੱਜ ਵੀ ਬਹੁ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਅਗਿਆਨਤਾ ਦੇ ਹਨੇਰੇ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਬੌਧਿਕ ਪੱਧਰ ਤੋਂ ਕਮਜ਼ੋਰ ਹੋਣ ਕਾਰਨ ਇਹ ਲੋਕ ਭਰਮ ਭੁਲੇਖਿਆਂ ਤੇ ਆਪਣਾ ਵਿਸ਼ਵਾਸ ਅਡੋਲ ਰੱਖਦੇ ਹਨ ਤੇ ਅੰਧ ਵਿਸ਼ਵਾਸ ਨੂੰ ਉੱਚ ਪੱਧਰ ਤਕ ਫੈਲਾਉਣ ਵਿੱਚ ਸਹਾਈ ਹੁੰਦੇ ਹਨ।

### ਪ੍ਰਸਾਰਣ ਸਾਧਨਾਂ ਦੀ ਭੂਮਿਕਾ

ਦੂਜੇ ਪੱਖ ਤੋਂ ਜੇ ਗੱਲ ਕਰੀਏ ਤਾਂ ਸਾਡਾ ਪ੍ਰਸਾਰਣ ਮਾਧਿਅਮ ਵੀ ਕਾਫੀ ਹੱਦ ਤਕ ਇਨ੍ਹਾਂ ਅੰਧ-ਵਿਸ਼ਵਾਸ ਦੀਆਂ ਗਾਥਾਵਾਂ ਨੂੰ ਦਿਨ ਰਾਤ ਪ੍ਰਚਾਰਨ 'ਤੇ ਲੱਗਾ ਹੋਇਆ ਹੈ। ਜਿੱਥੇ ਡਿਸਕਵਰੀ ਸਾਇੰਸ ਜਿਹੇ ਚੈਨਲ ਇਨ੍ਹਾਂ ਵਹਿਮਾਂ ਭਰਮਾਂ ਦਾ ਮੁੱਢ ਤੋਂ ਖੰਡਨ ਕਰ ਕੇ ਅਤੇ ਵਿਗਿਆਨ ਦਾ ਪੂਰਾ ਤਰਕ ਦੱਸਦੇ ਹੋਏ ਇਸ ਦੀ ਸਿੱਖਿਆ ਪ੍ਰਤੀ ਜਾਗਰੂਕ ਕਰ ਰਹੇ ਹਨ ਉੱਥੇ ਹੀ ਜ਼ਿਆਦਾਤਰ ਚੈਨਲ ਸਾਰਾ ਦਿਨ ਰਾਸ਼ੀਫਲ, ਗ੍ਰਹਿ, ਤਾਰਾ ਮੰਡਲ ਤੇ ਸ਼ਨੀ ਰਾਹੂ ਕੇਤੂ ਦੀਆਂ ਕਰੋਪੀਆਂ ਤੋਂ ਬਚਣ ਦੇ ਉਪਾਅ ਦੱਸ ਕੇ ਸਾਨੂੰ ਇਨ੍ਹਾਂ ਵਹਿਮਾਂ-ਭਰਮਾਂ ਦੀ ਦਲਦਲ ਵਿੱਚ ਧਕੇਲ ਰਹੇ ਹਨ। ਜਿਸ ਦੇ ਸਿੱਟੇ ਵਜੋਂ ਅੱਜ ਕਈ ਪੜ੍ਹੇ ਲਿਖੇ ਵਿਅਕਤੀਆਂ ਦੇ ਜੀਵਨ ਵਿਚ ਵੀ ਇਨ੍ਹਾਂ ਬੇਅਰਥੇ ਵਹਿਮਾਂ-ਭਰਮਾਂ ਦੀ ਛਾਪ ਅਕਸਰ ਵੇਖਣ ਨੂੰ ਮਿਲਦੀ ਹੈ।



ਮਾਨਸਿਕ ਤੌਰ 'ਤੇ ਕਮਜ਼ੋਰ ਵਿਅਕਤੀ ਆਪਣੇ ਆਪ ਨੂੰ ਕਸ਼ਟਾਂ ਤੇ ਪਰਕੋਪੀਆਂ ਦਾ ਸ਼ਿਕਾਰ ਹੋਇਆ ਮੰਨਦਾ ਹੈ ਤੇ ਇਸ ਵਿੱਚੋਂ ਬਾਹਰ ਨਿਕਲਣ ਲਈ ਕਈ ਤਰ੍ਹਾਂ ਦੇ ਜੋਤਸ਼ੀ, ਤਾਂਤਰਿਕ ਤੇ ਢੌਂਗੀ ਬਾਬਿਆਂ ਦਾ ਸਹਾਰਾ ਲੈਂਦਾ ਹੈ। ਇਨ੍ਹਾਂ ਅਖੌਤੀ ਜੋਤਸ਼ੀਆਂ ਵੱਲੋਂ ਉਪਾਅ ਦੇ ਰੂਪ ਵਿੱਚ ਜਿਵੇਂ ਕਿਸੇ ਕਾਗ਼ਜ਼ 'ਤੇ ਲਿਖੇ ਮੰਤਰ ਨੂੰ ਘੋਲ ਕੇ ਪੀਣਾ, ਵੰਨ ਸੁਵੰਨੇ ਤਵੀਤਾਂ ਨੂੰ ਸਰੀਰ ਦੇ ਅੰਗਾਂ ਨਾਲ ਬੰਨ੍ਹਣਾ, ਰੰਗ ਬਿਰੰਗੇ ਧਾਗਿਆਂ ਨੂੰ ਗੰਢਾਂ ਦੇ ਕੇ ਗੁੱਟਾਂ 'ਤੇ ਬੰਨ੍ਹਣਾ, ਸੰਧੂਰ ਪਤਾਸੇ ਮਿਰਚਾਂ ਦੀ ਸਮੱਗਰੀ ਨੂੰ ਚੁਰਸਤੇ ਵਿੱਚ ਰੱਖਣਾ, ਜੰਡ ਦੇ ਮੁੱਢ ਨਾਲ ਤੇਲ ਦੇਣਾ ਤੇ ਨਾਰੀਅਲ ਨੂੰ ਵਗਦੇ ਪਾਣੀ ਵਿੱਚ ਰੋੜਨਾ ਕਈ ਤਰ੍ਹਾਂ ਦੇ ਢਕਵੰਜ ਰਚ ਕੇ ਦੱਸੇ ਜਾਂਦੇ ਹਨ ਜਿਨ੍ਹਾਂ ਵਿੱਚ ਫਸ ਕੇ ਵਿਅਕਤੀ ਮਾਨਸਿਕ ਰੋਗੀ ਹੋਣ ਦੇ ਨਾਲ-ਨਾਲ ਆਪਣੀ ਆਰਥਿਕ ਲੁੱਟ ਵੀ ਕਰਵਾ ਬੈਠਦਾ ਹੈ। ਕਪਟ ਨਾਲ ਭਰੇ ਹੋਏ ਇਹ ਝੂਠੇ ਤਾਂਤਰਿਕ ਬਾਬੇ ਇਸ ਤਰ੍ਹਾਂ ਦੀ ਸਥਿਤੀ ਵਿੱਚ ਫਸੇ ਗਿਆਨ ਤੋਂ ਹੀਣੇ ਅਤੇ ਭੋਲੇ ਭਾਲੇ ਲੋਕਾਂ ਨੂੰ ਮਾਨਸਿਕ ਪਰੇਸ਼ਾਨੀਆਂ 'ਚੋਂ ਕੱਢ ਕੇ ਤੇ ਸੁੱਖ ਸ਼ਾਂਤੀ ਦੀਆਂ ਦਾਤਾਂ ਦੇਣ ਦੇ ਇਵਜ ਵਿੱਚ ਉਨ੍ਹਾਂ ਦੇ ਧੰਨ ਦੀ ਖ਼ੂਬ ਲੁੱਟ ਕਰਦੇ ਹਨ।

### ਬਦਲੋ ਸੋਚ ਦਾ ਢੰਗ

ਆਪਣੇ ਜੀਵਨ ਵਿੱਚ ਆਉਣ ਵਾਲੇ ਛੋਟੇ-ਮੋਟੇ ਦੁੱਖਾਂ ਨੂੰ ਆਪਣੀ ਜ਼ਿੰਦਗੀ ਦਾ ਇੱਕ ਹਿੱਸਾ ਮੰਨ ਕੇ ਉਨ੍ਹਾਂ ਦਾ ਹੱਸ ਕੇ ਸਾਹਮਣਾ ਕਰੀਏ ਅਤੇ ਵਿਗਿਆਨਕ ਤਰੀਕੇ ਨਾਲ ਹੀ ਹਰ ਸਮੱਸਿਆ ਦਾ ਰਲ ਮਿਲ ਕੇ ਠੋਸ ਹੱਲ ਲੱਭੀਏ।

ਆਪਣੇ ਫ਼ਰਜ਼ਾਂ ਨੂੰ ਪਛਾਣਦੇ ਹੋਏ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਜ਼ਿਲ੍ਹਾ ਪੱਧਰ ਜਾਂ ਬਲਾਕ ਪੱਧਰ 'ਤੇ ਅਜਿਹੇ ਸੈਮੀਨਾਰ ਕਰਵਾਏ ਜਿਸ ਵਿੱਚ ਵਿਗਿਆਨ ਦੀ ਸਾਡੇ ਜੀਵਨ ਵਿੱਚ ਕੀ ਮਹੱਤਤਾ ਹੈ ਇਸ ਬਾਰੇ ਉਚੇਚੇ ਤੌਰ 'ਤੇ ਵਿਸ਼ੇਸ਼ ਜਾਣਕਾਰੀ ਦਿੱਤੀ ਜਾਵੇ। ਇਸ ਤਰ੍ਹਾਂ ਨਾਲ ਸਾਡੀ ਸੋਚ ਦਾ ਢੰਗ ਬਦਲ ਜਾਵੇਗਾ ਤੇ ਮਨ ਅੰਦਰ ਇੱਕ ਨਵੀਂ ਚੇਤਨਾ ਪੈਦਾ ਹੋਵੇਗੀ। ਆਓ ਆਪਾਂ ਸਾਰੇ ਇਨ੍ਹਾਂ ਫਾਲਤੂ ਦੇ ਵਹਿਮ-ਭਰਮਾਂ 'ਚੋਂ ਬਾਹਰ ਨਿਕਲ ਰਲ ਮਿਲ ਕੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇਈਏ ਤਾਂ ਜੋ ਸਾਡਾ

ਦੇਸ਼ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਵਿੱਚ ਆ ਸਕੇ। ਜਦੋਂ ਅਸੀਂ ਪੂਰਨ ਤੌਰ 'ਤੇ ਇਨ੍ਹਾਂ ਸਮਾਜਿਕ ਬੁਰਾਈਆਂ ਤੋਂ ਸੁਚੇਤ ਹੋ ਗਏ ਤਦ ਹੀ ਸਾਡਾ ਸਮਾਜ ਇੱਕਵੀਂ ਸਦੀ ਦਾ ਯੁੱਗ ਕਹਾਉਣ ਦਾ ਅਸਲ ਹੱਕਦਾਰ ਹੋਏਗਾ।

### ਤਾਂਤਰਿਕਾਂ ਦਾ ਕਾਰੋਬਾਰ

ਅੱਜ ਸੜਕਾਂ ਦੇ ਕਿਨਾਰੇ ਬੈਠ ਕੇ ਜਨਤਾ ਦਾ ਭਵਿੱਖ ਦੱਸਣ ਵਾਲਾ ਇਹ ਜੋਤਸ਼ੀ ਲਾਣਾ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਰਹੇ ਲੋਕਾਂ ਦੀ ਪੂੰਜੀ ਨੂੰ ਦਿਨੋਂ ਦਿਨ ਖ਼ੂਬ ਲੁੱਟ ਰਿਹਾ ਹੈ। ਜਨਤਾ ਦੀ ਖ਼ੂਨ ਪਸੀਨੇ ਦੀ ਕਮਾਈ ਲੁੱਟ ਕੇ ਇਨ੍ਹਾਂ ਢੌਂਗੀ ਤਾਂਤਰਿਕਾਂ ਨੇ ਆਪਣੇ ਕਾਰੋਬਾਰ ਨੂੰ ਏਨਾ ਵਧਾਇਆ ਹੋਇਆ ਹੈ ਕਿ ਦੁੱਖ ਤਕਲੀਫਾਂ ਤੋਂ ਨਿਜਾਤ ਪਾਉਣ ਦੇ ਤਰੀਕੇ ਦੱਸਣ ਲਈ ਅੱਜ ਇਹ ਆਪੋ ਆਪਣੇ ਸ਼ੋਅ ਰੂਮ ਦਫ਼ਤਰ ਖੋਲ੍ਹ ਕੇ ਬੈਠੇ ਹੋਏ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਲੋਕ ਅੱਜ ਵੀ ਆਪਣੀਆਂ ਛੋਟੀਆਂ-ਮੋਟੀਆਂ ਤਕਲੀਫਾਂ ਤੋਂ ਮੁਕਤ ਹੋਣ ਲਈ ਇਨ੍ਹਾਂ ਦਫ਼ਤਰਾਂ ਅੱਗੇ ਲੰਮੀਆਂ ਕਤਾਰਾਂ ਬਣਾ ਕੇ ਆਪਣਾ ਕੀਮਤੀ ਧਨ ਲੁਟਾ ਰਹੇ ਹਨ।

### ਬੇਬੁਨਿਆਦ ਨੇ ਵਹਿਮ-ਭਰਮ

ਜੇ ਵਹਿਮਾਂ-ਭਰਮਾਂ ਦੇ ਮੂਲ ਰੂਪ ਦੀ ਗੱਲ ਕਰੀਏ ਤਾਂ ਇਨ੍ਹਾਂ ਦੀ ਆਪਣੀ ਕੋਈ ਰੂਪ-ਰੇਖਾ ਨਹੀਂ ਤੇ ਇਹ ਮੁੱਢ ਤੋਂ ਅੰਤ ਤਕ ਸਭ ਬੇਬੁਨਿਆਦ ਹਨ। ਸਾਡੇ ਧਾਰਮਿਕ ਗ੍ਰੰਥ ਇਨ੍ਹਾਂ ਅੰਧ-ਵਿਸ਼ਵਾਸਾਂ ਦਾ ਮੁੱਢ ਤੋਂ ਹੀ ਖੰਡਨ ਕਰਦੇ ਹਨ ਤੇ ਸਾਨੂੰ ਇਨ੍ਹਾਂ ਵਿੱਚੋਂ ਬਾਹਰ ਨਿਕਲ ਕੇ ਆਪਣਾ ਉੱਚਾ-ਸੁੱਚਾ ਜੀਵਨ ਬਤੀਤ ਕਰਨ ਲਈ ਪ੍ਰੇਰਦੇ ਹਨ। ਅੱਜ ਸਾਡੀ ਇਹ ਵੱਡੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਧਾਰਮਿਕ ਗ੍ਰੰਥਾਂ ਨੂੰ ਤਾਂ ਬੜੀ ਸ਼ਰਧਾ ਨਾਲ ਮੰਨਦੇ ਹਾਂ ਪਰ ਇਨ੍ਹਾਂ ਦੀ ਵਿਚਾਰਧਾਰਾ ਨੂੰ ਦਿਲੋਂ ਨਹੀਂ ਸਵੀਕਾਰਦੇ।

ਜਦ ਤਕ ਅਸੀਂ ਇਸ ਅੰਧ-ਵਿਸ਼ਵਾਸ ਦੀ ਦਲਦਲ ਵਿੱਚੋਂ ਬਾਹਰ ਨਹੀਂ ਆ ਜਾਂਦੇ ਓਨੀ ਦੇਰ ਅਸੀਂ ਤਰੱਕੀ ਦੇ ਰਾਹ 'ਤੇ ਨਹੀਂ ਚੱਲ ਸਕਦੇ ਕਿਉਂਕਿ ਇਸ ਤਰ੍ਹਾਂ ਦਾ ਪਖੰਡਵਾਦ ਕਰਨ ਨਾਲ ਸਾਡਾ ਧਨ ਤੇ ਸਮਾਂ ਦੋਵੇਂ ਹੀ ਖ਼ਰਾਬ ਹੁੰਦੇ ਹਨ ਜੋ ਸਾਡੇ ਦੇਸ਼ ਦੀ ਤਰੱਕੀ ਦੇ ਹਿੱਤ ਵਿੱਚ ਨਹੀਂ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਸੋਚ ਨੂੰ ਉਸਾਰੂ ਕਰੀਏ ਤੇ ਵਹਿਮਾਂ- ਭਰਮਾਂ ਦੇ ਮਾਨਸਿਕ ਤੌਰ 'ਤੇ ਗੁਲਾਮ ਨਾ ਹੋ ਕੇ ਇਨ੍ਹਾਂ ਪ੍ਰਤੀ ਜਾਗਰੂਕ ਹੋਈਏ।

# ਨਿਉਂਦਾ

ਉਹਦੇ ਐਮ.ਏ. ਪਾਸ ਪੁੱਤਰ ਦੀ ਚੰਡੀਗੜ੍ਹ ਵਿੱਚ ਇੰਟਰਵਿਊ ਦਾ ਸੱਦਾ ਹਾਲੇ ਆਉਣਾ ਸੀ। ਆਸਾਮੀ ਲਈ ਲਿਖਤੀ ਟੈਸਟ ਉਸ ਨੇ ਪਾਸ ਕਰ ਲਿਆ ਸੀ। 'ਜੇ ਆਪਣੇ ਇਲਾਕੇ ਦੇ ਮੰਤਰੀ ਦਾ ਥੋੜ੍ਹਾ ਜਿਹਾ ਟ੍ਹੱਲ ਲੱਗ ਜੇ ਤਾਂ ਮੁੰਡਾ ਆਹਰੇ ਲੱਗ ਜੂ' ਇਹ ਸੋਚ ਕੇ ਉਸ ਨੇ ਮੰਤਰੀ ਦੀ ਕੋਠੀ ਕਈ ਗੇੜੇ ਮਾਰੇ। ਵੋਟਾਂ ਵੇਲੇ ਪੂਰੀ ਮੱਦਦ ਕਰਨ ਕਰਕੇ ਉਹ ਉਸ 'ਤੇ ਆਪਣਾ ਹੱਕ ਵੀ ਸਮਝਦਾ ਸੀ, ਪਰ ਮੰਤਰੀ ਉੱਥੇ ਨਹੀਂ ਮਿਲਿਆ। ਉੱਥੇ ਖੜ੍ਹੇ ਪੁਲੀਸ ਵਾਲੇ ਨੇ ਦੱਸਿਆ ਕਿ ਇੱਥੇ ਤਾਂ ਮੰਤਰੀ ਸਾਹਿਬ ਸਬੱਬੀਂ ਗੇੜਾ ਮਾਰਦੇ ਨੇ। ਉਹ ਜਾਂ ਤਾਂ ਸੈਕਟਰੀਏਟ ਵਿੱਚ ਮਿਲਣਗੇ ਜਾਂ ਫਿਰ ਚੰਡੀਗੜ੍ਹ ਕੋਠੀ ਵਿੱਚ। ਇੱਥੇ ਗੇੜਾ ਮਾਰਨ ਦਾ ਕੋਈ ਫ਼ਾਇਦਾ ਨਹੀਂ। ਉਸ ਨੇ ਆਪਣੇ ਪੜ੍ਹੇ ਲਿਖੇ ਮੁੰਡੇ ਨੂੰ ਨਾਲ ਲੈ ਕੇ ਸਕੱਤਰੇਤ ਦਾ ਰੁਖ਼ ਕਰ ਲਿਆ। ਅਗਾਂਹ ਮੰਤਰੀ ਜੀ ਤੱਕ ਪਹੁੰਚਣਾ ਕਿਹੜਾ ਸੌਖਾ ਸੀ! ਰਿਸੈਪਸ਼ਨ 'ਤੇ ਪਾਸ ਬਣਵਾਉਣ ਲਈ ਉਸ ਦਾ ਲੜਕਾ ਖਿੜਕੀ ਕੋਲ ਖੜ੍ਹੋ ਗਿਆ। "ਕਿਸ ਨੂੰ ਮਿਲਣਾ ਹੈ?" ਪਾਸ ਬਣਾਉਣ ਵਾਲੇ ਨੇ ਪੁੱਛਿਆ। "ਮੰਤਰੀ ਜੀ ਨੂੰ ਮਿਲਣੈ। ਉਨ੍ਹਾਂ ਦੇ ਇਲਾਕੇ ਵਿੱਚੋਂ ਆਏ ਹਾਂ। ਬਾਪੂ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਨੇ।" ਮੁੰਡੇ ਨੇ ਤਰਲੇ ਨਾਲ ਕਿਹਾ। ਅਗਾਂਹ ਪਾਸ ਕੱਟਣ ਵਾਲੇ ਨੇ ਮੰਤਰੀ ਦੇ ਪੀ.ਏ. ਨੂੰ ਫੋਨ ਮਿਲਾ ਕੇ ਪਾਸ ਜਾਰੀ ਕਰਨ ਲਈ ਪੁੱਛਿਆ। ਪੀ.ਏ. ਨੇ ਪਾਸ ਕੱਟਣ ਵਾਲੇ ਨੂੰ ਕਿਹਾ ਕਿ ਮੇਰੀ ਇਨ੍ਹਾਂ ਨਾਲ ਗੱਲ ਕਰਾ। "ਹਾਂ ਜੀ'' ਕਹਿਣ 'ਤੇ ਪੀ.ਏ. ਨੇ ਬੇਰੁਖ਼ੀ ਜਿਹੀ ਨਾਲ ਕਿਹਾ, "ਮੰਤਰੀ ਸਾਹਿਬ, ਅੱਜ ਸਾਰਾ ਦਿਨ ਮੀਟਿੰਗਾਂ ਵਿੱਚ ਰੁੱਝੇ ਨੇ। ਤੁਸੀਂ ਕਿਸੇ ਦਿਨ ਪਹਿਲਾਂ ਟਾਈਮ ਲੈ ਕੇ ਆਵੋ।" ਕੋਸ਼ਿਸ਼ ਕਰਨ 'ਤੇ ਵੀ ਉਨ੍ਹਾਂ ਨੂੰ ਸਕੱਤਰੇਤ ਦੀਆਂ ਪੌੜੀਆਂ ਚੜ੍ਹਨੀਆਂ ਨਸੀਬ ਨਾ ਹੋਈਆਂ। ਬਜ਼ੁਰਗ ਨੇ ਪੁੱਤ ਨੂੰ ਕਿਹਾ, "ਹੁਣ ਜਾਵਾਂਗੇ ਤਾਂ ਆਪਾਂ ਮਿਲ ਕੇ ਹੀ। ਆਥਣੇ ਕੋਠੀ ਜਾ ਕੇ ਦੇਖਦੇ ਹਾਂ।" ਰਾਤੀਂ ਸੱਤ ਕੁ ਵਜੇ ਉਹ ਮੰਤਰੀ ਦੀ ਕੋਠੀ ਪੁੱਜ ਗਏ। ਅੱਗਿਉਂ ਸੰਤਰੀ ਨੇ ਬੇਰੁਖ਼ੀ ਨਾਲ ਕਿਹਾ, "ਅੰਦਰ ਪਾਰਟੀ ਚੱਲ ਰਹੀ ਹੈ। ਮੰਤਰੀ ਜੀ ਕਿਸੇ ਨੂੰ ਮਿਲ ਨਹੀਂ ਸਕਦੇ।" ਰਾਤ ਉਨ੍ਹਾਂ ਨੇ ਚੰਡੀਗੜ੍ਹ ਵਿੱਚ ਭਟਕਦਿਆਂ ਹੀ ਗੁਜ਼ਾਰੀ। ਸਵੇਰੇ ਸਾਝਰੇ ਹੀ ਉਨ੍ਹਾਂ ਨੇ ਫਿਰ ਕੋਠੀ ਦਸਤਕ ਦੇ ਦਿੱਤੀ। ਅੱਗਿਉਂ ਸੰਤਰੀ ਦਾ ਰੁੱਖਾ ਜਿਹਾ ਜਵਾਬ ਮਿਲਿਆ, "ਮੰਤਰੀ ਜੀ ਤਾਂ ਦਿੱਲੀ ਚਲੇ ਗਏ ਨੇ। ਦੋ ਦਿਨ ਉੱਥੇ ਹੀ ਰਹਿਣਗੇ।" ਉਹ ਉਦਾਸ, ਨਿੰਮੋਝੂਣੇ ਜਿਹੇ ਹੋ ਕੇ ਪਿੰਡ ਪਰਤ ਆਏ।

"ਕਿਉਂ ਬਣਿਆ ਕੋਈ ਬੰਨ੍ਹ ਸੁਬ੍ਹ?'' ਪਤਨੀ ਨੇ ਪਾਣੀ ਦਾ ਗਿਲਾਸ ਫੜਾਉਂਦਿਆਂ ਕਿਹਾ। "ਕਾਹਨੂੰ, ਕੁੱਤੇ ਭਕਾਈ ਹੋਈ ਐ। ਨਾ ਦਫ਼ਤਰ ਮਿਲਿਆ। ਨਾ ਕੋਠੀ। ਉਹਦਾ ਪੀ.ਏ. ਕਹਿੰਦਾ ਪਹਿਲਾਂ ਸਮਾਂ ਲੈ ਕੇ ਆਉ। ਫਿਰ ਮਿਲਿਆ ਜਾਊ।" ਪਤੀ ਨੇ ਅੰਤਾਂ ਦਾ ਨਿਰਾਸ਼ ਹੋ ਕੇ ਕਿਹਾ।

''ਦੇਖ ਲੈ, ਚੋਣਾਂ ਵੇਲੇ ਕਿਵੇਂ ਲੇਲ੍ਹੜੀਆਂ ਕੱਢਦਾ ਸੀ। ਮੇਰੇ ਪੈਰੀਂ ਹੱਥ ਲਾ ਕੇ ਕਹਿੰਦਾ ਸੀ, 'ਬੇਬੇ, ਅਸ਼ੀਰਵਾਦ ਦੇ ਤੇਰੇ ਪੁੱਤ ਨੂੰ। ਥੋਡੇ ਸਾਰਿਆਂ ਦੇ ਸਹਿਯੋਗ ਨਾਲ ਹੀ ਜਿੱਤਿਆ ਜਾਣੈ। ਥੋਡਾ ਸੇਵਕ ਬਣ ਕੇ ਇਲਾਕੇ ਦੀ ਸੇਵਾ ਕਰੂੰ। ਤੁਸੀਂ ਜਦੋਂ ਵੀ ਬੁਲਾਉਂਗੇ, ਅੱਧ-ਬੋਲ ਹਾਜ਼ਰ ਹੋਵਾਂਗਾ। ਦੇਖ ਲੈ ਹੁਣ...। ਕੋਈ ਨਹੀਂ ਪਾਣੀ ਤਾਂ ਪੁਲਾਂ ਹੇਠ ਦੀ ਲੰਘਣੈ। ਵੋਟਾਂ ਵਾਲਾ ਸਮਾਂ ਆਉਣ ਦੇ। ਇਹਨੂੰ ਸੁਆਰ ਕੇ ਧਨੇਸੜੀ ਦੇਵਾਂਗੇ।"

ਕੁਝ ਮਹੀਨਿਆਂ ਬਾਅਦ ਹੀ ਉਸ ਨੇ ਪਿੰਡ ਦੇ ਸਕੂਲ ਵਿੱਚ ਲਿਆਂਦੀ 'ਵਿਕਾਸ ਦੀ ਹਨੇਰੀ' ਦਾ ਨੀਂਹ ਪੱਥਰ ਰੱਖਣ ਆਉਣਾ ਸੀ। ਉਹਦੇ ਵਾਂਗ ਇਲਾਕੇ ਦੇ ਲੋਕ ਵੀ ਉਹਦੀ ਕਾਰਗੁਜ਼ਾਰੀ ਤੋਂ ਨਾਰਾਜ਼ ਸਨ। ਇਧਰ ਸਕੂਲ ਅਧਿਆਪਕ ਮੰਤਰੀ ਦੇ ਸਵਾਗਤ ਲਈ ਤਿਆਰੀਆਂ ਵਿੱਚ ਰੁੱਝ ਗਏ ਅਤੇ ਇਲਾਕੇ ਦੇ ਲੋਕਾਂ ਨੇ ਅਲੱਗ ਇੱਕ ਥਾਂ ਉਹਨੂੰ ਰਾਹ ਵਿੱਚ ਘੇਰ ਕੇ ਉਹਦਾ 'ਸਵਾਗਤ' ਕਰਨ ਦਾ ਪ੍ਰੋਗਰਾਮ ਉਲੀਕ ਲਿਆ। ਅਧਿਆਪਕ ਇਕੱਠ ਕਰਨ ਲਈ ਘਰੋਂ ਘਰੀਂ ਸੁਨੇਹੇ ਦਿੰਦੇ ਰਹੇ। ਆਪਣੇ ਵਿਦਿਆਰਥੀਆਂ ਨੂੰ ਵੀ ਕਿਹਾ ਕਿ ਉਹ ਮਾਪਿਆਂ ਨੂੰ ਸਕੂਲ ਲੈ ਕੇ ਆਉਣ। ਸਮਾਗਮ ਦੀ ਸ਼ੋਭਾ ਵਧਾਉਣੀ ਜ਼ਰੂਰੀ ਹੈ।

ਮੰਤਰੀ ਦਾ ਕਾਫ਼ਲਾ ਗੱਡੀਆਂ ਸਮੇਤ ਸਕੂਲ ਵੱਲ ਜਾ ਰਿਹਾ ਸੀ। ਰਾਹ ਵਿੱਚ ਭਾਰੀ ਇਕੱਠ ਵੇਖ ਕੇ ਉਸ ਨੇ ਅੰਦਾਜ਼ਾ ਲਾਇਆ ਕਿ ਉਸ ਦੇ ਸਵਾਗਤ ਲਈ ਲੋਕ ਰਾਹ ਵਿੱਚ ਖੜੋਤੇ ਹਨ। ਉਸ ਨੇ ਗੱਡੀ ਰੋਕੀ। ਦੋਵੇਂ ਹੱਥ ਜੋੜ ਕੇ ਭੀੜ ਵੱਲ ਵਧਿਆ। ਭੀੜ ਦੇ ਨੇੜੇ ਆਉਣ 'ਤੇ ਇੱਕ ਵਿਅਕਤੀ ਨੇ ਵਿਅੰਗ ਕੀਤਾ, "ਬੱਲੇ ਬੱਲੇ, ਜਾਂ ਤਾਂ ਇਹਦੇ ਹੱਥ ਉਦੋਂ ਜੁੜੇ ਹੋਏ ਸੀ, ਜਦੋਂ ਇਹਨੇ ਵੋਟਾਂ ਲੈਣੀਆਂ ਸੀ ਅਤੇ ਜਾਂ ਫਿਰ ਅੱਜ ਵੋਟਾਂ ਪਿੱਛੋਂ ਪਹਿਲੀ ਵਾਰ ਇਹਦੇ ਦਰਸ਼ਨ ਹੋਏ ਨੇ।" ਫਿਰ ਲੋਕਾਂ ਨੇ ਉਹਦੇ 'ਤੇ ਸਵਾਲਾਂ ਦੀ ਝੜੀ ਲਾ ਦਿੱਤੀ। ਉਹਦੇ ਇਲਾਕੇ ਵਿੱਚ ਕੀਤੇ ਕੰਮਾਂ ਸਬੰਧੀ ਜਾਣਕਾਰੀ ਮੰਗੀ। ਚੋਣ ਵਾਅਦੇ ਯਾਦ ਕਰਵਾਏ, ਫਿਟ ਲਾਹਨਤਾਂ ਵੀ ਪਾਈਆਂ। ਉਹ ਬਜ਼ੁਰਗ ਭੀੜ ਨੂੰ ਚੀਰਦਾ ਹੋਇਆ ਅਗਾਂਹ ਵਧਿਆ। ਰੋਹ ਭਰੇ ਅੰਦਾਜ਼ ਵਿੱਚ ਉਸ ਨੇ ਪੁੱਛਿਆ, "ਸ਼ਹਿਰ ਕੋਠੀ 'ਚ ਤੂੰ ਮਿਲਦਾ ਨਹੀਂ। ਚੰਡੀਗੜ੍ਹ ਦਫ਼ਤਰ ਮੂਹਰੇ ਜਵਾਬ ਮਿਲਦੇ ਕਿ ਪਹਿਲਾਂ ਟਾਈਮ ਲੈ ਕੇ ਆਉ, ਫਿਰ ਮਿਲੂਗਾ ਮੰਤਰੀ। ਤੈਨੂੰ ਮਿਲਣ ਵਾਸਤੇ ਤਾਂ ਪਹਿਲਾਂ ਤੈਥੋਂ ਟਾਈਮ ਲੈਣਾ ਪੈਣੈ। ਤੂੰ ਫਿਰ ਮਿਲੇਂਗਾ। ਅੱਜ ਤੂੰ ਸਾਡੇ ਪਿੰਡ ਆਇਆਂ, ਕੀਹਤੋਂ ਪੁੱਛ ਕੇ ਆਇਐਂ? ਬਿਨਾਂ ਪੁੱਛੇ ਤੋਂ ਆਉਣ ਵਾਲੇ ਨੂੰ ਅਗਾਂਹ ਅਸੀਂ ਵੀ ਨਹੀਂ ਜਾਣ ਦਿੰਦੇ। ਤੇਰੀਆਂ ਗੱਡੀਆਂ ਸਾਡੀਆਂ ਲਾਸ਼ਾਂ ਉੱਪਰ ਦੀ ਲੰਘਣਗੀਆਂ।" ਨਾਲ ਹੀ ਲੋਕਾਂ ਨੇ ਉਹਦਾ ਨਾਂ ਲੈ ਕੇ ਮੁਰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਪੁਲੀਸ ਦੀਆਂ ਰੋਕਾਂ ਦੇ ਬਾਵਜੂਦ ਲੋਕ ਉਹਦੀਆਂ ਗੱਡੀਆਂ ਅੱਗੇ ਕੰਧ ਬਣ ਕੇ ਖੜ੍ਹੋ ਗਏ। ਮਜਬੂਰੀਵੱਸ ਉਸ ਨੂੰ ਸਕੂਲ ਵਿੱਚ ਲਿਆਂਦੀ ਵਿਕਾਸ ਕ੍ਰਾਂਤੀ ਦਾ ਨੀਂਹ ਪੱਥਰ ਰੱਖੇ ਬਿਨਾਂ ਹੀ ਮੁੜਨਾ ਪਿਆ।

ਧੂੜ ਉਡਾਉਂਦੀ ਜੀਪ ਵੱਲ ਲੋਕ ਨਫ਼ਰਤ ਭਰੀਆਂ ਨਜ਼ਰਾਂ ਨਾਲ ਵਿਹੰਦਿਆਂ ਕਹਿ ਰਹੇ ਸਨ, "ਇਹ ਤਾਂ ਹਾਲਾਂ ਨਿਉਂਦਾ ਪਾਇਆ ਹੈ। ਭਾਜੀ ਤਾਂ ਵੋਟਾਂ ਵੇਲੇ ਪਾਵਾਂਗੇ।''

ਮੋਹਨ ਸ਼ਰਮਾ
ਸੰਪਰਕ: 94171-48866

# ਸ਼ਬਦਾਂ ਦੀ ਚੋਣ ਤੇ ਕੀਮਤ

ਜਰਮਨ ਦਾ ਪ੍ਰਸਿੱਧ ਸਿੱਖਿਆ ਸ਼ਾਸਤਰੀ ਫਰੋਬੇਲ ਆਪਣੇ ਇੱਕ ਲੇਖ ਵਿੱਚ ਲਿਖਦਾ ਹੈ ਕਿ ਜਦੋਂ ਤੱਕ ਸ਼ਬਦ ਨਿਰਾਕਾਰ ਹੁੰਦੇ ਹਨ, ਉਦੋਂ ਤੱਕ ਉਨ੍ਹਾਂ ਦੀ ਕੋਈ ਕੀਮਤ ਨਹੀਂ ਪੈਂਦੀ ਪਰ ਜਦੋਂ ਇਹ ਮਨੁੱਖੀ ਜ਼ੁਬਾਨ 'ਚੋਂ ਨਿਕਲ ਕੇ ਸਾਕਾਰ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਕੀਮਤ ਪੈਣਾ ਜਾਂ ਅਦਾ ਕਰਨਾ ਮਨੁੱਖ ਵੱਲੋਂ ਸ਼ਬਦਾਂ ਦੀ ਚੋਣ ਕਰਨ ਉੱਤੇ ਨਿਰਭਰ ਕਰਦਾ ਹੈ। ਸ਼ਬਦ ਦੀ ਚੋਣ, ਪੇਸ਼ਕਾਰੀ ਦਾ ਲਹਿਜਾ ਅਤੇ ਪਾਕੀਜ਼ਗੀ ਮਨੁੱਖ ਦੀ ਸੂਝਬੂਝ, ਸੰਗਤ, ਸਹਿਜਤਾ, ਸੁਭਾਅ, ਸਿਆਣਪ, ਜ਼ਿੰਦਗੀ ਪ੍ਰਤੀ ਪ੍ਰਤੀਬੱਧਤਾ ਅਤੇ ਜ਼ਿੰਦਗੀ ਜਿਊਣ ਦੇ ਤਰੀਕੇ ਨੂੰ ਦਰਸਾਉਂਦੇ ਹਨ। ਨਿਰਾਰਥਕ ਸ਼ਬਦ ਵੀ ਸਾਰਥਕ ਸ਼ਬਦਾਂ ਨਾਲ ਜੁੜ ਕੇ ਆਪਣੀ ਕੀਮਤ ਪੁਆ ਲੈਂਦੇ ਹਨ। ਆਪਣੇ ਮਨੋਭਾਵਾਂ ਨੂੰ ਜ਼ਿੰਦਗੀ ਦੇ ਵੱਖ-ਵੱਖ ਮੌਕਿਆਂ ਉੱਤੇ ਬੋਲ ਕੇ ਅਤੇ ਲਿਖ ਕੇ ਪੇਸ਼ ਕਰਨ ਲਈ ਸ਼ਬਦਾਂ ਦੀ ਚੋਣ ਕਰਨਾ ਇੱਕ ਅਨਮੋਲ ਕਲਾ ਹੈ। ਇਹ ਕਲਾ ਹਰ ਵਿਅਕਤੀ ਕੋਲ ਨਹੀਂ ਹੁੰਦੀ। ਜਿਸ ਵਿਅਕਤੀ ਵਿੱਚ ਸਮੇਂ ਅਤੇ ਵਿਅਕਤੀ ਅਨੁਸਾਰ ਸ਼ਬਦਾਂ ਦੀ ਚੋਣ ਕਰਨ ਦੀ ਕਲਾ ਹੁੰਦੀ ਹੈ, ਉਹ ਲੋਕ ਮਨਾਂ 'ਚ ਵਸ ਜਾਂਦਾ ਹੈ। ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਨਿਭਣ ਦੀ ਬੁਨਿਆਦ ਸ਼ਬਦਾਂ ਦੀ ਚੋਣ ਹੀ ਹੁੰਦੀ ਹੈ। ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਨੇ ਰਾਸ਼ਟਰਪਤੀ ਦੇ ਅਹੁਦੇ ਉੱਤੇ ਹੁੰਦਿਆਂ ਦੇਸ਼ ਭਰ ਦੇ ਅਧਿਆਪਕਾਂ ਨੂੰ ਮਿਲਦੇ ਹੋਏ ਕਿਹਾ ਸੀ ਕਿ ਬੱਚੇ ਉਨ੍ਹਾਂ ਅਧਿਆਪਕਾਂ ਨੂੰ ਸਦਾ ਹੀ ਯਾਦ ਰੱਖਦੇ ਹਨ ਜਿਨ੍ਹਾਂ ਵਿੱਚ ਆਪਣੇ ਵਿਸ਼ੇ 'ਚ ਮੁਹਾਰਤ ਹੋਣ ਦੇ ਨਾਲ-ਨਾਲ ਬੱਚਿਆਂ ਨਾਲ ਚੰਗਾ ਵਿਹਾਰ ਕਰਨ ਲਈ ਸ਼ਬਦ ਚੋਣ ਦੀ ਕਲਾ ਵੀ ਹੁੰਦੀ ਹੈ ਕਿਉਂਕਿ ਬੱਚਿਆਂ ਦੇ ਮਨ ਬਹੁਤ ਕੋਮਲ ਹੁੰਦੇ ਹਨ। ਉਹ ਸਦਾ ਹੀ ਆਪਣੇ ਅਧਿਆਪਕਾਂ ਤੋਂ ਚੰਗੇ ਵਿਹਾਰ ਦੀ ਉਮੀਦ ਰੱਖਦੇ ਹਨ।

ਸ਼ਬਦ ਉਹੀ ਹੁੰਦੇ ਹਨ ਪਰ ਉਨ੍ਹਾਂ ਨੂੰ ਬੋਲਣ ਅਤੇ ਪੇਸ਼ ਕਰਨ ਦਾ ਸਲੀਕਾ ਤੇ ਲਹਿਜਾ ਸਭ ਦਾ ਵੱਖੋ-ਵੱਖਰਾ ਹੁੰਦਾ ਹੈ। ਸ਼ਬਦਾਂ ਵਿੱਚ ਹੀ ਪਿਆਰ, ਲਗਾਓ, ਆਪਣਾਪਣ, ਹਮਦਰਦੀ, ਅਧੀਨਗੀ ਅਤੇ ਨਿਮਰਤਾ ਹੁੰਦੇ ਹਨ। ਉਹੀ ਸ਼ਬਦ ਘਮੰਡ, ਹਉਮੈਂ, ਖ਼ੁਦੀ ਅਤੇ ਜ਼ੁਬਾਨ ਦੇ ਖਰ੍ਹਵੇਪਣ ਨਾਲ ਲਬਰੇਜ਼ ਹੁੰਦੇ ਹਨ। ਫ਼ਰਕ ਸਿਰਫ਼ ਮਨੁੱਖ ਦੀ ਸਮਝ ਦਾ ਹੁੰਦਾ ਹੈ। ਸ਼ਬਦ ਹੀ ਰਾਜਗੱਦੀ ਉੱਤੇ ਬਿਠਾ ਦਿੰਦੇ ਹਨ। ਸ਼ਬਦ ਹੀ ਜੇਲ੍ਹਾਂ ਅਤੇ ਅਦਾਲਤਾਂ ਤੱਕ ਪਹੁੰਚਾ ਦਿੰਦੇ ਹਨ। ਸ਼ਾਂਤ, ਨਿਮਰ, ਸਹਿਣਸ਼ੀਲ ਸੁਭਾਅ, ਤਹੱਮਲ ਰੱਖਣ ਵਾਲੇ, ਦੂਰਅੰਦੇਸ਼ ਤੇ ਫਰਾਖਦਿਲ ਲੋਕ ਸ਼ਬਦ ਚੋਣ ਕਲਾ ਦੇ ਧਨੀ ਹੁੰਦੇ ਹਨ। ਗੁਸੈਲੇ, ਖ਼ੁਦਗਰਜ਼, ਤੰਗਦਿਲ, ਹੰਕਾਰੀ, ਜ਼ੁਬਾਨ ਦੇ ਕੌੜੇ ਅਤੇ ਲੋਭੀ ਲੋਕ ਸ਼ਬਦ ਚੋਣ ਦੀ ਕਲਾ ਤੋਂ ਵਿਹੂਣੇ ਹੁੰਦੇ ਹਨ। ਚੰਗੇ ਦੁਕਾਨਦਾਰ, ਕਾਮਯਾਬ ਅਧਿਕਾਰੀ, ਸਿਆਣੇ ਮਾਪੇ, ਸੁੱਘੜ ਸਿਆਸਤਦਾਨ, ਹਰਮਨ ਪਿਆਰੇ ਅਧਿਆਪਕ ਹੋਣ ਲਈ ਸ਼ਬਦ ਚੋਣ ਦੀ ਕਲਾ ਵਿੱਚ ਮੁਹਾਰਤ ਹੋਣਾ ਲਾਜ਼ਮੀ ਹੁੰਦਾ ਹੈ। ਮੰਤਰੀਆਂ ਅਤੇ ਉੱਚ ਅਧਿਕਾਰੀਆਂ ਦੇ ਭਾਸ਼ਣ ਪਹਿਲਾਂ ਇਸ ਲਈ ਲਿਖ ਕੇ ਦਿੱਤੇ ਜਾਂਦੇ ਹਨ ਤਾਂ ਕਿ ਉਨ੍ਹਾਂ ਤੋਂ ਕੁਝ ਗ਼ਲਤ ਨਾ ਬੋਲਿਆ ਜਾਵੇ। ਜਿਹੜੇ ਸਿਆਸਤਦਾਨ ਕੋਈ ਸ਼ਬਦ ਗ਼ਲਤ ਬੋਲ ਬੈਠਦੇ ਹਨ, ਉਨ੍ਹਾਂ ਨੂੰ ਆਪਣੇ ਆਪ ਨੂੰ ਠੀਕ ਸਾਬਤ ਕਰਨ ਲਈ ਜਾਂ ਤਾਂ ਇਹ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਜਾਂ ਫੇਰ ਆਪਣੇ ਸ਼ਬਦ ਵਾਪਸ ਲੈਣੇ ਪੈਂਦੇ ਹਨ।

ਦੁਨੀਆ ਦਾ ਨਾਮਵਰ ਚਿੰਤਕ ਮਾਰਟਿਨ ਲੂਥਰ ਕਹਿੰਦਾ ਹੈ ਕਿ ਭੈੜੇ ਸ਼ਬਦ ਬੋਲਣ ਲਈ ਜੀਭ ਨਹੀਂ ਸਗੋਂ ਗ਼ਲਤ ਸ਼ਬਦਾਂ ਦੀ ਚੋਣ ਕਰਨ ਲਈ ਮਨੁੱਖ ਖ਼ੁਦ ਹੀ ਕਸੂਰਵਾਰ ਹੁੰਦਾ ਹੈ। ਗ਼ਲਤੀ ਹੋਣ 'ਤੇ ਮੁਆਫ਼ੀ ਚਾਹੁੰਦਾ ਹਾਂ, ਗੁਸਤਾਖੀ ਹੋ ਗਈ, ਮੈਂ ਆਪਣੀ ਗਲਤੀ ਉੱਤੇ ਬਹੁਤ ਸ਼ਰਮਿੰਦਾ ਹਾਂ,



ਪ੍ਰਿੰਸੀਪਲ ਵਿਜੈ ਕੁਮਾਰ

ਮੁੜ ਅਜਿਹਾ ਨਹੀਂ ਹੋਵੇਗਾ ਅਤੇ ਇਹ ਮੇਰੀ ਭੁੱਲ ਸੀ। ਇਹ ਸਾਰੇ ਵਾਕ ਮਨੁੱਖ ਵੱਲੋਂ ਉਦੋਂ ਬੋਲੇ ਜਾਂਦੇ ਹਨ ਜਦੋਂ ਉਹ ਕੋਈ ਗ਼ਲਤੀ ਕਰ ਬੈਠਦਾ ਹੈ ਪਰ ਇਨ੍ਹਾਂ ਸਾਰੇ ਵਾਕਾਂ ਦੇ ਸ਼ਬਦ ਗੁੱਸਾ ਸ਼ਾਂਤ ਕਰ ਦਿੰਦੇ ਹਨ, ਹੋਈ ਗ਼ਲਤੀ ਨੂੰ ਨਜ਼ਰਅੰਦਾਜ਼ ਕਰਨ ਲਈ ਮਜਬੂਰ ਕਰ ਦਿੰਦੇ ਹਨ। ਇਹ ਸ਼ਬਦ ਕਿਸੇ ਵਿਦਵਾਨ ਵਿਅਕਤੀ ਨੇ ਸੋਚ ਸਮਝ ਕੇ ਹੀ ਘੜੇ ਹੋਣਗੇ।

ਇੱਕ ਕਰਮਚਾਰੀ ਨੂੰ ਕੋਈ ਜ਼ਰੂਰੀ ਕੰਮ ਪੈ ਜਾਣ ਕਾਰਨ ਛੁੱਟੀ ਤੋਂ ਦੋ ਘੰਟੇ ਪਹਿਲਾਂ ਘਰ ਜਾਣਾ ਪੈ ਗਿਆ। ਉਹ ਛੁੱਟੀ ਤੋਂ ਪਹਿਲਾਂ ਜਾਣ ਲਈ ਆਪਣੇ ਅਫ਼ਸਰ ਦੀ ਇਜਾਜ਼ਤ ਲੈਣ ਗਿਆ। ਉਸ ਨੇ ਆਪਣੇ ਅਫਸਰ ਨੂੰ ਪੁੱਛਿਆ, "ਕੀ ਮੈਂ ਛੁੱਟੀ ਤੋਂ ਦੋ ਘੰਟੇ ਪਹਿਲਾਂ ਘਰ ਜਾ ਸਕਦਾ ਹਾਂ?'' ਅਫ਼ਸਰ ਨੇ ਉਸ ਕਰਮਚਾਰੀ ਨੂੰ ਬਹੁਤ ਹੀ ਪਿਆਰ ਨਾਲ ਕਿਹਾ, "ਜਨਾਬ, ਤੁਸੀਂ ਛੁੱਟੀ ਤੋਂ ਪਹਿਲਾਂ ਘਰ ਤਾਂ ਚਲੇ ਜਾਓ ਪਰ ਇਹ ਦੱਸੋ ਕਿ ਤੁਸੀਂ ਮੈਥੋਂ ਇਜਾਜ਼ਤ ਲੈ ਰਹੇ ਹੋ ਜਾਂ ਮੈਨੂੰ ਹੁਕਮ ਜਾਰੀ ਕਰ ਰਹੇ ਹੋ?'' ਉਹ ਕਰਮਚਾਰੀ ਘਰ ਤਾਂ ਚਲਾ ਗਿਆ ਪਰ ਉਸ ਨੂੰ ਆਪਣੇ ਆਪ ਉੱਤੇ ਪਛਤਾਵਾ ਬਹੁਤ ਹੋ ਰਿਹਾ ਸੀ। ਸ਼ਬਦ ਦੀ ਚੋਣ ਵਿੱਚ ਮੁਹਾਰਤ ਹਾਸਲ ਹੋਣਾ ਇਸ ਗੱਲ ਉੱਤੇ ਬਹੁਤ ਨਿਰਭਰ ਕਰਦਾ ਹੈ ਕਿ ਮਨੁੱਖ ਨੂੰ

ਆਪਣੇ ਪਰਿਵਾਰ ਤੋਂ ਕਿਸ ਤਰ੍ਹਾਂ ਦੇ ਸੰਸਕਾਰ ਮਿਲੇ ਹਨ, ਉਸ ਦੀ ਸੰਗਤ ਕਿਹੋ ਜਿਹੇ ਲੋਕਾਂ ਨਾਲ ਹੈ, ਉਸ ਨੇ

ਕਿਹੋ ਜਿਹੇ ਅਧਿਆਪਕਾਂ ਕੋਲ ਸਿੱਖਿਆ ਪ੍ਰਾਪਤ ਕੀਤੀ ਹੈ, ਉਸ ਦੀ ਚੰਗਾ ਸਾਹਿਤ ਪੜ੍ਹਨ ਦੀ ਰੁਚੀ ਕਿਸ ਪੱਧਰ ਦੀ ਹੈ?

ਇੱਕ ਕੁੜੀ ਨੂੰ ਵੇਖਣ ਆਏ ਮੁੰਡੇ, ਉਸ ਦੀ ਭੈਣ ਅਤੇ ਮਾਂ ਨੇ ਕੁੜੀ ਨੂੰ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਕੁੜੀ ਮੁੰਡਾ ਦੋਵੇਂ ਕਾਫ਼ੀ ਪੜ੍ਹੇ-ਲਿਖੇ ਸਨ। ਮੁੰਡੇ ਵਾਲਿਆਂ ਨੂੰ ਕੁੜੀ ਅਤੇ ਘਰ ਦੋਵੇਂ ਪਸੰਦ ਆ ਗਏ। ਮੁੰਡੇ ਵਾਲਿਆਂ ਨੇ ਵਿਚੋਲੇ ਹੱਥ ਕੁੜੀ ਵਾਲਿਆਂ ਨੂੰ ਸੁਨੇਹਾ ਭੇਜਿਆ ਕਿ ਉਹ ਰਿਸ਼ਤਾ ਕਰਨ ਲਈ ਤਿਆਰ ਹਨ, ਉਹ ਆਪਣੀ ਸਲਾਹ ਦੱਸਣ। ਕੁੜੀ ਦੇ ਪਿਤਾ ਨੇ ਜਵਾਬ ਦਿੱਤਾ ਕਿ ਸਾਨੂੰ ਇਹ ਰਿਸ਼ਤਾ ਮਨਜ਼ੂਰ ਨਹੀਂ ਕਿਉਂਕਿ ਉਨ੍ਹਾਂ ਨੂੰ ਦੂਜੇ ਦੇ ਘਰ ਆ ਕੇ ਬੋਲਣ ਦਾ ਹੀ ਨਹੀਂ ਪਤਾ, ਸਾਡੀ ਨਾਂਹ ਹੈ। ਮਨੁੱਖ ਦੀ ਲਿਆਕਤ ਅਤੇ ਨਜ਼ਾਕਤ ਵਿੱਚ ਸ਼ਬਦ ਚੋਣ ਦਾ ਵੀ ਬਹੁਤ ਮਹਤੱਵ ਹੁੰਦਾ ਹੈ। ਬਹੁਤ ਸਾਰੇ ਲੋਕ ਸਾਰੀ ਉਮਰ ਲੰਘ ਜਾਣ ਦੇ ਬਾਵਜੂਦ ਠੀਕ ਸ਼ਬਦਾਂ ਦੀ ਚੋਣ ਕਰਨਾ ਨਹੀਂ ਸਿੱਖ ਪਾਉਂਦੇ। ਵੱਡੀਆਂ ਕੰਪਨੀਆਂ ਆਪਣੇ ਕਰਮਚਾਰੀਆਂ ਦੀ ਭਰਤੀ ਕਰਨ ਸਮੇਂ ਇੰਟਰਵਿਊ 'ਚ ਉਨ੍ਹਾਂ ਦਾ ਬੋਲਚਾਲ ਦਾ ਸਲੀਕਾ ਵੀ ਵੇਖਦੀਆਂ ਹਨ। ਯੂ.ਪੀ.ਐੱਸ.ਸੀ. ਦੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਲਈ ਇੰਟਰਵਿਊ ਵਿੱਚ ਉਨ੍ਹਾਂ ਦਾ ਬੋਲਚਾਲ ਦਾ ਢੰਗ ਵੀ ਵੇਖਿਆ ਜਾਂਦਾ ਹੈ। ਮਰੀਜ਼ਾਂ ਨਾਲ ਪਿਆਰ ਨਾਲ ਪੇਸ਼ ਆਉਣ ਵਾਲੇ ਡਾਕਟਰ ਉਨ੍ਹਾਂ ਦੀ ਅੱਧੀ ਬਿਮਾਰੀ ਆਪਣੀ ਬੋਲਚਾਲ ਨਾਲ ਠੀਕ ਕਰ ਦਿੰਦੇ ਹਨ। ਮਨੁੱਖ ਦੀ ਜ਼ਿੰਦਗੀ ਦੀ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਉਹ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਹੈ ਕਿ ਚੰਗੇ ਸ਼ਬਦ ਹੀ ਦੂਜਿਆਂ ਦਾ ਦਿਲ ਜਿੱਤ ਸਕਦੇ ਹਨ। ਕੌੜੇ ਅਤੇ ਭੈੜੇ ਸ਼ਬਦ ਉਸ ਦਾ ਅਕਸ ਵਿਗਾੜ ਸਕਦੇ ਹਨ, ਲੜਾਈ ਝਗੜੇ ਦਾ ਕਾਰਨ ਬਣ ਸਕਦੇ ਹਨ, ਪਰ ਫਿਰ ਵੀ ਸਾਡੇ ਸਮਾਜ 'ਚ ਉਨ੍ਹਾਂ ਲੋਕਾਂ ਦੀ ਕੋਈ ਘਾਟ ਨਹੀਂ ਜੋ ਚੰਗੇ ਮਾੜੇ ਸ਼ਬਦਾਂ ਵਿੱਚ ਫ਼ਰਕ ਕਰਨਾ ਭੁੱਲ ਬੈਠਦੇ ਹਨ।

ਸੰਪਰਕ: 98726-27136

# ਰੋਟੀ ਦਾ ਬਾਜ਼ਾਰ ਅਤੇ ਬਿਮਾਰੀਆਂ ਦੀ ਦਸਤਕ



ਸਫ਼ਾ 5 ਦੀ ਬਾਕੀ

ਲਈ ਵੀ ਬੇਹੱਦ ਘਾਤਕ ਸਿੱਧ ਹੁੰਦਾ ਹੈ। ਬੱਚੇ ਗੱਲ ਗੱਲ 'ਤੇ ਖਿਝਣ ਲੱਗਦੇ ਹਨ। ਗੁੱਸਾ ਤੇ ਬੈਚੈਨੀ ਮਹਿਸੂਸ ਕਰਦੇ ਹਨ। ਡਿਪਰੈਸ਼ਨ ਦਾ ਸ਼ਿਕਾਰ ਵੀ ਬਣਨ ਲੱਗਦੇ ਹਨ। ਇਸ ਨਾਲ ਬੱਚਿਆਂ ਦੇ ਕੱਦ ਦਾ ਵਾਧਾ ਵੀ ਰੁਕ ਜਾਂਦਾ ਹੈ। ਅਜੀਨੋਮੋਟੋ ਸਿਰਫ਼ ਚਾਈਨੀਜ਼ ਜੰਕ ਫੂਡ ਅਤੇ ਪੈਕਟ ਬੰਦ ਖਾਣਿਆਂ ਵਿੱਚ ਹੀ ਨਹੀਂ ਪਾਇਆ ਜਾਂਦਾ ਸਗੋਂ ਇਸ ਦੀ ਵਰਤੋਂ ਭਾਰਤੀ ਖਾਣਿਆਂ ਵਿੱਚ ਵੀ ਹੋਣ ਲੱਗੀ ਹੈ। ਹੋਟਲਾਂ, ਢਾਬਿਆਂ ਵਿੱਚ ਖਾਣੇ ਦੀ ਤਰੀ (ਗਰੇਵੀ) ਨੂੰ ਲਜ਼ੀਜ਼ ਬਣਾਉਣ ਲਈ ਇਹ ਪਾਇਆ ਜਾਂਦਾ ਹੈ।

ਅਜੋਕੇ ਦੌਰ ਵਿੱਚ ਬੋਤਲ ਬੰਦ ਜੂਸ ਪੀਣ ਦਾ ਵੀ ਰੁਝਾਨ ਹੈ। ਕੁਝ ਖ਼ਾਸ ਕਿਸਮ ਦੇ ਕੈਮੀਕਲ ਮਿਲਾ ਕੇ ਜੂਸ ਨੂੰ ਪਲਾਸਟਿਕ ਦੀਆਂ ਬੋਤਲਾਂ ਵਿੱਚ ਲੰਮੇ ਸਮੇਂ ਲਈ ਰੱਖਿਆ ਜਾਂਦਾ ਹੈ। ਇਹ ਕੈਮੀਕਲ ਸਾਡੀ ਸਿਹਤ ਲਈ ਬੇਹੱਦ ਹਾਨੀਕਾਰਕ ਹਨ। ਮੰਨ ਲਉ ਜੇਕਰ ਅੱਜ ਸਾਨੂੰ ਕੋਈ ਦਸ ਕਿਲੋ ਸੰਤਰੇ, ਲੀਚੀਆਂ ਜਾਂ ਅਨਾਰ ਦੇਵੇ ਅਤੇ ਕਹੇ ਕਿ ਇਸ ਦਾ ਜੂਸ ਕੱਢ ਕੇ ਰੱਖ ਲਓ ਛੇ ਮਹੀਨੇ ਮਗਰੋਂ ਪੀਵਾਂਗੇ ਤਾਂ ਇਹ ਕਿਵੇਂ ਰੱਖਿਆ ਜਾਣਾ ਹੈ? ਇਸ ਤੋਂ ਅਸੀਂ ਡੱਬਾ ਬੰਦਾ ਜੂਸ ਦੀ ਹਕੀਕਤ ਸਮਜ ਸਕਦੇ ਹਾਂ।

ਪਿਛਲੇ ਅਰਸੇ ਤੋਂ ਹਰ ਪ੍ਰਕਾਰ ਦੇ ਖਾਣੇ ਵਿੱਚ ਰਿਫਾਈਂਡ ਤੇਲ ਦੀ ਵਰਤੋਂ ਧੜੱਲੇ ਨਾਲ ਹੋਣ ਲੱਗੀ ਹੈ। ਡਾਕਟਰੀ ਵਿਗਿਆਨ ਅਨੁਸਾਰ ਇਸ ਸਮੇਂ ਰਿਫਾਈਂਡ ਤੇਲ ਦੁਨੀਆ ਵਿੱਚ ਸਭ ਤੋਂ ਵੱਧ ਮੌਤਾਂ ਦਾ ਕਾਰਨ ਬਣ ਰਿਹਾ ਹੈ। ਅਸੀਂ ਸਾਰੇ ਬੇਸ਼ੱਕ ਇਸ ਤੇਲ ਦੀ ਵਰਤੋਂ ਨਹੀਂ ਕਰਦੇ ਪਰ ਹਰ ਰੋਜ਼ ਕਿਸੇ ਨਾ ਕਿਸੇ ਰੂਪ ਵਿੱਚ ਇਸ ਨੂੰ ਖਾ ਰਹੇ ਹਾਂ। ਇੱਕ ਬਿਸਕੁਟ ਤੇ ਗੋਲਗੱਪੇ ਤੋਂ ਲੈ ਕੇ ਹਰ ਪ੍ਰਕਾਰ ਦੇ ਬਾਜ਼ਾਰੂ ਖਾਣੇ, ਮਠਿਆਈਆਂ ਅਤੇ ਚਿਕਨ ਤੱਕ ਬਣਾਉਣ ਲਈ ਇਸ ਦੀ ਵਰਤੋਂ ਹੁੰਦੀ ਹੈ। ਵਿਆਹਾਂ ਸ਼ਾਦੀਆਂ ਅਤੇ ਹੋਰ ਸਮਾਗਮਾਂ ਦੌਰਾਨ ਬਣਾਏ ਜਾਂਦੇ ਖਾਣਿਆਂ ਵਿੱਚ ਕਈ ਪੀਪੇ ਰਿਫਾਈਂਡ ਤੇਲ ਦੇ ਵਰਤੇ ਜਾਂਦੇ ਹਨ। ਇਸ ਤੇਲ ਵਿੱਚ ਬਣੇ ਖਾਣਿਆਂ ਨਾਲ ਦੁਨੀਆ ਭਰ ਵਿੱਚ ਹਾਈ ਬਲੱਡ ਪ੍ਰੈਸ਼ਰ, ਹਾਰਟ ਅਟੈਕ, ਜੋੜਾਂ ਦਾ ਦਰਦ, ਗੁਰਦਿਆਂ ਤੇ ਲਿਵਰ ਦੇ ਰੋਗੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਹੁਣ ਇਸ ਨੂੰ 'ਮੌਤ ਦਾ ਤੇਲ' ਵੀ ਕਿਹਾ ਜਾਣ ਲੱਗਿਆ ਹੈ।

ਮਨੁੱਖੀ ਸਿਹਤ ਲਈ ਫ਼ਿਕਰਮੰਦੀ ਵਾਲੀ ਗੱਲ ਇਹ ਹੈ ਕਿ ਰੋਟੀ ਦਾ ਕਾਰੋਬਾਰ, ਭਾਵ ਫੂਡ ਇੰਡਸਟਰੀ ਬੜੀ ਤੇਜ਼ੀ ਨਾਲ ਵਧ ਫੁੱਲ ਰਹੀ ਹੈ। ਆਮ ਲੋਕਾਂ ਨੂੰ ਭਵਿੱਖ ਵਿੱਚ ਇਉਂ ਲੱਗੇਗਾ ਕਿ ਘਰ ਰੋਟੀ ਪਕਾਉਣੀ ਮਹਿੰਗੀ ਪੈਂਦੀ ਹੈ ਅਤੇ ਬਾਜ਼ਾਰੋਂ ਲੈਣੀ ਸਸਤੀ। ਇਸ ਦੇ ਫਲਸਰੂਪ ਰਸੋਈ ਸਾਡੇ ਘਰਾਂ ਵਿੱਚੋਂ ਵਿਦਾ ਹੋਣ ਲੱਗੇਗੀ। ਮਨੁੱਖੀ ਤੰਦਰੁਸਤੀ ਲਈ ਇਹ ਬੜਾ ਜ਼ਰੂਰੀ ਹੈ ਕਿ ਪਕਵਾਨ ਦੇਸੀ ਘਿਓ ਅਤੇ ਸਰ੍ਹੋਂ ਦੇ ਤੇਲ ਵਿੱਚ ਬਦਲ ਬਦਲ ਕੇ ਪਕਾਏ ਜਾਣ। ਜ਼ਿਮੀਦਾਰ ਵੱਧ ਤੋਂ ਵੱਧ ਸਬਜ਼ੀਆਂ, ਫਲ, ਦਾਲਾਂ, ਗੁੜ ਲਈ ਕਮਾਦ ਆਪਣੀ ਜ਼ਮੀਨ ਵਿੱਚ ਉਗਾਉਣ। ਘਰ ਦੇ ਦੁੱਧ ਲਈ ਗਾਵਾਂ, ਮੱਝਾਂ ਪਾਲੀਆਂ ਜਾਣ। ਬਾਜ਼ਾਰੂ ਖਾਣਿਆਂ ਤੋਂ ਜਿੰਨਾ ਹੋ ਸਕੇ ਬਚਿਆ ਜਾਵੇ। ਇਹ ਸਭ ਕੁਝ ਉਗਾਉਣ ਤੋਂ ਅਸਮਰੱਥ ਲੋਕ ਬਾਜ਼ਾਰ ਦੇ ਖਾਣਿਆਂ ਦੀ ਬਜਾਏ ਕਿਸਾਨਾਂ ਤੋਂ ਖਾਣ ਪੀਣ ਦੀ ਵਸਤਾਂ ਦੀ ਖਰੀਦਣ। ਇਸ ਨਾਲ ਹੀ ਸਾਡਾ ਸਮਾਜ ਸਿਹਤਮੰਦ ਰਹਿ ਸਕਦਾ ਹੈ।

ਸੰਪਰਕ: 98550-51099

# ਕੁਦਰਤਿ ਹੈ ਕੀਮਤਿ ਨਹੀ ਪਾਇ।।



ਕੜੀ ਪੱਤਾ ਸਾਡੇ ਘਰਾਂ ਜਾਂ ਆਸਪਾਸ ਆਮ ਹੀ ਵਿਖਾਈ ਦਿੰਦਾ ਹੈ ਅਤੇ ਇਸ ਨੂੰ ਮਿੱਠੀ ਨਿੰਮ, ਗੰਦਲਾ ਆਦਿ ਨਾਵਾਂ ਨਾਲ ਜਾਣਦੇ ਹਾਂ। ਗੋਰੇ ਇਸ ਨੂੰ 'ਕਰੀ ਲੀਫ' ਸੱਦਦੇ ਹਨ। ਮਿੱਠੀ ਨਿੰਮ ਕਾਫ਼ੀ ਪ੍ਰਚੱਲਿਤ ਹੈ ਕਿਉਂਕਿ ਕੁਝ ਲੋਕ ਇਸ ਦੇ ਪੱਤਿਆਂ ਨੂੰ ਨਿੰਮ ਦੇ ਪੱਤਿਆਂ ਨਾਲ ਸੁਮੇਲਦੇ ਹਨ। ਹਾਲਾਂਕਿ ਕੜੀ ਪੱਤੇ ਦਾ ਤਕਨੀਕੀ ਰੂਪ ਵਿੱਚ ਨਿੰਮ ਨਾਲ ਕੋਈ ਸਬੰਧ ਨਹੀਂ ਹੈ। ਇਸ ਦਾ ਮੂਲ ਸਥਾਨ ਦੱਖਣੀ ਭਾਰਤ ਤੇ ਸ੍ਰੀਲੰਕਾ ਨੂੰ ਮੰਨਿਆ ਜਾਂਦਾ ਹੈ। ਹਾਲਾਂਕਿ ਇਹ ਦੱਖਣੀ ਏਸ਼ੀਆ, ਆਸਟਰੇਲੀਆ, ਅਫ਼ਰੀਕਾ ਅਤੇ ਅਮਰੀਕਾ ਵਰਗੇ ਦੇਸ਼ਾਂ ਦੇ ਕੁਝ ਇਲਾਕਿਆਂ ਵਿੱਚ ਵੀ ਵਿਖਾਈ ਦਿੰਦਾ ਹੈ। ਪੰਜਾਬ ਵਿੱਚ ਖ਼ਾਸ ਤੌਰ 'ਤੇ ਸ਼ਿਵਾਲਿਕ ਦੀਆਂ ਪਹਾੜੀਆਂ ਵਾਲੇ ਇਲਾਕਿਆਂ ਵਿੱਚ ਜੰਗਲੀ ਰੂਪ ਵਿੱਚ ਉੱਗਿਆ ਹੋਇਆ ਖ਼ੂਬ ਨਜ਼ਰ ਆਉਂਦਾ ਹੈ। ਇਸ ਪੌਦੇ ਦਾ ਵਿਗਿਆਨਕ ਨਾਂ 'ਮੁਰਾਇਆ ਕੋਈਨਿਗਾਈ' ਹੈ।

ਕੜੀ ਪੱਤਾ ਪੁਰਾਤਨ ਵੇਲਿਆਂ ਤੋਂ ਭਾਰਤ ਦੇ ਦੱਖਣੀ ਸੂਬਿਆਂ ਵਿੱਚ ਅਨੇਕਾਂ ਵਰਗ ਦੇ ਪਕਵਾਨਾਂ ਨੂੰ ਮਹਿਕਦਾਰ ਅਤੇ ਸੁਆਦਲੇ ਬਣਾਉਣ ਲਈ ਵਰਤਿਆ ਜਾਂਦਾ ਹੈ। ਦਾਲ, ਤਰੀ ਵਾਲੀਆਂ ਸਬਜ਼ੀਆਂ, ਖਿਚੜੀ, ਸਾਂਭਰ, ਉਪਮਾ, ਆਲੂ ਪਕਵਾਨ, ਮੀਟ, ਮੱਛੀ ਤੋਂ ਇਲਾਵਾ ਇਹ ਨਾਰੀਅਲ ਦੀ ਚਟਣੀ ਆਦਿ ਵਿੱਚ ਵੀ ਵਰਤਿਆ ਜਾਂਦਾ ਹੈ। ਕੁਝ ਲੋਕ ਇਸ ਦੇ ਪੱਤੇ ਸੁਕਾ ਕੇ ਵੀ ਵਰਤਦੇ ਹਨ ਕੁਝ ਦੇਸ਼ਾਂ ਵਿੱਚ ਲੋਕ ਇਸ ਦੇ ਪੱਤੇ ਪਾਪੜ ਵਾਂਗ ਭੁੰਨ ਕੇ ਸੂਪ ਵਿੱਚ ਵੀ ਪਾਉਂਦੇ ਹਨ। ਇਸ ਨੂੰ ਸਫ਼ੈਦ ਰੰਗ ਦੇ ਫੁੱਲ ਪੈਂਦੇ ਹਨ ਜੋ ਸਮਾਂ ਪਾ ਕੇ ਗੋਲ ਫ਼ਲਾਂ ਵਿੱਚ ਤਬਦੀਲ ਹੋ ਜਾਂਦੇ ਹਨ ਜੋ ਸ਼ੁਰੂਆਤੀ ਸਮੇਂ ਵਿੱਚ ਹਰੇ ਅਤੇ ਪੱਕੇ ਕਾਲੇ ਰੰਗ ਦੇ ਫ਼ਲਾਂ ਵਿੱਚ ਤਬਦੀਲ ਹੋ ਜਾਂਦੇ ਹਨ। ਕੜੀ ਪੱਤੇ ਦੇ ਫ਼ਲ ਖਾਣਯੋਗ ਹੁੰਦੇ ਹਨ, ਪਰ ਬੀਜ ਖਾਣੇ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਬਰਸਾਤਾਂ ਵਿੱਚ ਪੱਕੇ ਫ਼ਲਾਂ ਨੂੰ ਪੌਦ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ। ਗੁੱਦਾ ਉਤਾਰ ਕੇ ਬੀਜ ਜਲਦੀ ਪੁੰਗਰ ਆਉਂਦੇ ਹਨ।

ਵਿਗਿਆਨਕ ਪੱਖ ਤੋਂ ਇਸ ਨੂੰ ਐਂਟੀ-ਆਕਸੀਡੈਂਟ, ਐਂਟੀ-ਬੈਕਟੀਰੀਅਲ, ਐਂਟੀ-ਫੰਗਲ ਅਤੇ ਐਂਟੀ-ਕੈਂਸਰ ਤੱਕ ਮੰਨਿਆ ਜਾਂਦਾ ਹੈ। ਆਯੁਰਵੈਦਿਕ ਪ੍ਰਣਾਲੀ ਵਿੱਚ ਇਹ ਪੌਦਾ ਅਨੇਕਾਂ ਮਨੁੱਖੀ ਬਿਮਾਰੀਆਂ ਜਿਵੇਂ ਕਿ ਕਬਜ਼, ਪਾਚਨ ਪ੍ਰਣਾਲੀ, ਚਮੜੀ ਰੋਗ, ਦਿਲ ਦੇ ਰੋਗ, ਮੋਟਾਪਾ, ਵਾਲਾਂ ਦੇ ਰੋਗ, ਬਲੱਡ ਪ੍ਰੈਸ਼ਰ ਆਦਿ ਦੇ ਇਲਾਜ ਲਈ ਨੁਸਖਿਆਂ ਵਿੱਚ ਵਰਤਿਆ ਜਾਂਦਾ ਹੈ। ਵਿਟਾਮਿਨ ਏ ਦੀ ਮੌਜੂਦਗੀ ਹੋਣ ਕਰਕੇ ਅੱਖਾਂ ਲਈ, ਆਇਰਨ ਲਈ ਅਤੇ ਫੋਲਿਕ ਐਸਿਡ ਦਾ ਸਰੋਤ ਹੁੰਦਾ ਹੋਣ ਕਰਕੇ ਖ਼ੂਨ ਦੀ ਕਮੀ ਪੂਰੀ ਕਰਨ ਲਈ ਸਹਾਈ ਹੁੰਦਾ ਹੈ। ਇਸ ਵਿੱਚ ਮੌਜੂਦ ਤੱਤ ਇਨਸੁਲਿਨ ਨੂੰ ਪ੍ਰਭਾਵਿਤ ਕਰਦੇ ਹੋਣ ਕਰਕੇ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਰੱਖਣ ਵਿੱਚ ਸਹਾਈ ਹੁੰਦਾ ਹੈ। ਇਹ ਮਾਨਸਿਕ ਤਣਾਅ ਅਤੇ ਸਵੇਰ ਵੇਲੇ ਚਿੱਤ ਕੱਚਾ ਹੋਣ ਵਾਲੀਆਂ ਅਲਾਮਤਾਂ ਨੂੰ ਵੀ ਠੀਕ ਕਰਦਾ ਹੈ। ਜਿਗਰ ਦੇ ਰੋਗੀਆਂ ਲਈ ਕੜੀ ਪੱਤਾ ਬੇਹੱਦ ਸਹਾਈ ਹੋ ਨਿੱਬੜਦਾ ਹੈ। ਕੈਂਸਰ ਰੋਗੀਆਂ 'ਤੇ ਹੁੰਦੀਆਂ ਕੀਮੋ ਥੈਰੇਪੀਆਂ ਦੇ ਦੁਰਪ੍ਰਭਾਵ ਨੂੰ ਰੋਕਦਾ ਹੈ। ਕੁਲ ਮਿਲਾ ਕੇ ਕੜੀ ਪੱਤਾ ਬਹੁਤ ਗੁਣਕਾਰੀ ਪੌਦਾ ਹੈ ਅਤੇ ਇਸ ਦਾ ਸਾਡੀ ਰਸੋਈ ਵਿੱਚ ਪ੍ਰਯੋਗ ਹੋਣਾ ਪੂਰੇ ਪਰਿਵਾਰ ਦੀ ਸਿਹਤ ਲਈ ਲਾਭਕਾਰੀ ਸਿੱਧ ਹੁੰਦਾ ਹੈ।

ਪੇਸ਼ਕਸ਼: ਡਾ. ਬਲਵਿੰਦਰ ਸਿੰਘ
ਸੰਪਰਕ: 98142-39041

# ਮੇਰਾ ਮਿੱਤਰ ਸ਼ਹੀਦ ਊਧਮ ਸਿੰਘ

ਲੁਧਿਆਣੇ ਦੇ ਪਿੰਡ ਬਿੰਜਲ ਦੇ ਜੰਮਪਲ ਬਖਤਾਵਰ ਸਿੰਘ ਬਿੰਜਲ ਦੀ ਆਪਣੀ ਗਵਾਹੀ ਅਨੁਸਾਰ ਉਹ ਸ਼ਹੀਦ ਊਧਮ ਸਿੰਘ ਦਾ ਜਿਗਰੀ ਦੋਸਤ ਸੀ। ਉਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਉੱਘੇ ਪੰਜਾਬੀ ਦਾਨਿਸ਼ਵਰ, ਸਾਹਿਤਕਾਰ ਅਤੇ ਇਤਿਹਾਸਕਾਰ ਸੁਰਜੀਤ ਹਾਂਸ ਨੇ ਬਖਤਾਵਰ ਸਿੰਘ ਬਿੰਜਲ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਇੰਟਰਵਿਊ ਪੰਜਾਬੀ ਰਸਾਲੇ 'ਲਕੀਰ' ਦੇ ਫਰਵਰੀ 1978 ਅੰਕ ਵਿਚ ਇੰਨ-ਬਿੰਨ ਛਪਵਾਈ। ਇਸ ਲੇਖ ਵਿਚ ਇਕ ਜਿਗਰੀ ਦੋਸਤ ਦੀਆਂ ਆਪਣੇ ਵਿਛੜੇ ਦੋਸਤ ਲਈ ਭਾਵਨਾਵਾਂ ਦਾ ਪ੍ਰਗਟਾਵਾ ਹੈ। ਕੋਈ ਮੁਲੰਮਾ, ਪਰਦਾ ਜਾਂ ਲੁਕਾਅ ਨਹੀਂ; ਬਸ ਇਕ ਦੋਸਤ ਦੀਆਂ ਸੱਚੀਆਂ-ਸੁੱਚੀਆਂ ਭਾਵਨਾਵਾਂ ਤੇ ਯਾਦਾਂ ਨੇ। ਕਈ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਬਖਤਾਵਰ ਸਿੰਘ ਬਿੰਜਲ ਦੇ ਊਧਮ ਸਿੰਘ ਦੇ ਨਜ਼ਦੀਕੀ ਦੋਸਤ ਹੋਣ ਦੀ ਦਸਤਾਵੇਜ਼ੀ ਗਵਾਹੀ ਨਹੀਂ ਮਿਲਦੀ। ਦੁਖਾਂਤ ਇਹ ਹੈ ਕਿ ਇਤਿਹਾਸਕਾਰਾਂ ਨੇ ਇਸ ਬਾਰੇ ਬਹੁਤ ਘੱਟ ਯਤਨ ਕੀਤੇ ਹਨ। ਜ਼ਬਾਨੀ ਦਰਜ ਕੀਤੀਆਂ ਗਈਆਂ ਗਵਾਹੀਆਂ ਦਾ ਆਪਣਾ ਮਹੱਤਵ ਹੁੰਦਾ ਹੈ। ਇਸ ਲੇਖ ਦੇ ਕੁਝ ਅੰਸ਼ ਭਾਸ਼ਾ ਵਿਚ ਮਾਮੂਲੀ ਬਦਲਾਉ ਨਾਲ ਪੇਸ਼ ਕੀਤੇ ਜਾ ਰਹੇ ਹਨ।




ਊਧਮ ਸਿੰਘ ਆਪਣੇ ਇਕ ਹੋਰ ਮਿੱਤਰ ਪੂਰਨ ਸਿੰਘ ਬਨਿੰਗ ਨਾਲ। ਪੂਰਨ ਸਿੰਘ ਹੋਰਾਂ ਦੇ ਭਣੇਵੇਂ ਅਜਾਇਬ ਸਿੰਘ ਗਰਚਾ ਅਨੁਸਾਰ ਦੋਵੇਂ ਮਿੱਤਰ ਕਈ ਸਾਲ ਇਕੱਠੇ ਰਹੇ।

ਮੈਂ 79 ਸਿੰਨਕਲੇਅਰ ਰੋਡ ਦੇ ਗੁਰਦੁਆਰੇ ਗਿਆ। ਉੱਥੇ ਜੋੜ ਮੇਲਾ ਸੀ। ਮੋਹਨ ਸਿੰਘ ਸੈਕਟਰੀ ਸੀ। ਅਸੀਂ ਬਾਹਰ ਖੜ੍ਹੇ ਸੀ। ਉੱਥੇ ਮੈਨੂੰ ਊਧਮ ਸਿੰਘ ਟੱਕਰ ਗਿਆ। ਉਹ ਮੈਨੂੰ ਕਹਿੰਦਾ ਕੱਲ੍ਹ ਨੂੰ ਗੱਲਾਂ-ਬਾਤਾਂ ਕਰਾਂਗੇ ਪਰ ਹਫ਼ਤਾ ਲੰਘ ਗਿਆ। ਉਹ ਬਹੁਤੀਆਂ ਗੱਲਾਂ ਸਟਾਲਨ ਦੀਆਂ ਕਰਦਾ ਸੀ ਕਿ ਉਹਨੇ ਕਿਵੇਂ ਆਪਣੇ ਮੁਲਕ ਦੀ ਖਾਤਰ ਕੈਦਾਂ ਕੱਟੀਆਂ। ਮੈਨੂੰ ਕੋਈ ਪਤਾ ਨਹੀਂ ਸੀ। ਉਹਨੇ ਅਖ਼ਬਾਰਾਂ ਲੈਣੀਆਂ ਅਤੇ ਸਾਨੂੰ ਪੜ੍ਹ ਕੇ ਸੁਣਾਇਆ ਕਰਨੀਆਂ।

ਅਸੀਂ ਲੰਡਨ ਤੋਂ ਹੇਜ਼ (Hayes) ਆ ਗਏ। ਅਸੀਂ ਵਿੰਪੀ (Wimpy) 'ਚ ਕੰਮ ਕਰਦੇ ਸੀ। ਫੋਕ ਸਟੋਨ (Folk Stone) ਕੰਮ ਕਰਨ ਜਾਂਦੇ ਸੀ। ਮੈਨੂੰ ਘੰਟੇ ਦੀਆਂ 10 ਪੈਨੀਆਂ ਮਿਲਦੀਆਂ ਸਨ, ਊਧਮ ਸਿੰਘ ਨੂੰ 1 ਸ਼ਲਿੰਗ 6 ਪੈਨੀਆਂ। ਮੈਂ ਤਾਂ ਤਰਖਾਣਾ ਕੰਮ ਜਾਣਦਾ ਨਹੀਂ ਸੀ। ਐਵੇਂ ਖਿੱਚਾ-ਧੂਹੀ ਕਰਦਾ ਸੀ। ਮੈਂ ਤਾਂ ਹਥੌੜਾ ਮਾਰ ਕੇ ਉਂਗਲਾਂ ਹੀ ਭੰਨ ਲਈਆਂ। ਊਧਮ ਸਿੰਘ ਹਫ਼ਤੇ ਬਾਅਦ ਫਰਾਂਸ ਜਾ ਆਉਂਦਾ ਸੀ।

ਓ'ਡਵਾਇਰ ਦੀ ਮੀਟਿੰਗ 'ਚ ਅਜੇ 20 ਦਿਨ ਰਹਿੰਦੇ ਹੋਣੇ ਹਨ। ਅਸੀਂ ਹੇਜ਼ ਦੇ ਵਾਈਟ ਹਾਰਟ ਪੱਬ 'ਤੋਂ ਉੱਠੇ ਅਤੇ ਹਾਈਡ ਪਾਰਕ ਦੇ ਸਾਹਮਣੇ ਬੜੇ ਆਦਮੀਆਂ ਦੇ ਮਕਾਨਾਂ ਵਾਲੀ ਸੜਕ 'ਤੇ ਪਹੁੰਚ ਗਏ। ਅਸੀਂ ਓ'ਡਵਾਇਰ ਦੇ ਘਰ ਚਲੇ ਗਏ। ਅਸੀਂ ਕਿਹਾ ਕਿ ਅਸੀਂ ਤੇਰੀ ਖਾਤਰ ਤੋਹਫ਼ਾ ਲਿਆਏ ਹਾਂ। ਉਹਨੇ ਸਾਨੂੰ ਚਾਹ ਪਿਲਾਈ, ਘਰ ਵਿਖਾਇਆ। ਪਹਿਲਾਂ ਤਾਂ ਪੌੜੀਆਂ ਉਤਰਦਿਆਂ ਊਧਮ ਸਿੰਘ ਕਹਿੰਦਾ, ''ਹੁਣ ਚੱਕ ਦਿੰਦੇ ਹਾਂ''। ਫਿਰ ਸਾਡਾ ਖਿਆਲ ਹਟ ਗਿਆ। ਪਰ ਗੱਲ ਨਾ ਬਣੀ। ਮੈਂ ਉਹਦੇ ਨਾਲ ਗੁੱਸੇ ਹੋ ਗਿਆ। ਅਸੀਂ ਕਾਰ 'ਚ ਬਾਕਸਟਨ ਚਲੇ ਗਏ। ਉਹਨੂੰ ਕਾਰਾਂ ਦਾ ਖ਼ਬਤ ਸੀ।

ਜਿਸ ਦਿਨ ਓ'ਡਵਾਇਰ ਦੇ ਮੀਟਿੰਗ ਸੀ ਇਹ (ਊਧਮ ਸਿੰਘ) ਉਸ ਦੇ ਮੇਜ਼ ਦੇ ਸਾਹਮਣੇ ਬੈਠ ਗਿਆ। ਇਹਨੇ ਗੋਲੀ ਚਲਾਈ।



also if you can get a book name HEER WARS SHAH I like to take this book to old baily for to take oath as I am none believer they have changed my name in the House of Common Mr. Chamberlain gave me the name William Smith. You he is my Priest. So I like to have his book taken to Court with me.
Good luck to all
your Singh

ਊਧਮ ਸਿੰਘ ਦਾ ਖ਼ਤ ਜਿਸ ਵਿਚ ਉਸ ਨੇ 'ਹੀਰ ਵਾਰਿਸ' ਦੀ ਮੰਗ ਕੀਤੀ।

ਪੁਲੀਸ ਵਾਲੇ ਨੇ ਇਹਦੇ ਮੂੰਹ 'ਤੇ ਕੋਟ ਸੁੱਟ ਦਿੱਤਾ। ਅਸੀਂ ਅਖ਼ਬਾਰ 'ਚ ਖ਼ਬਰ ਪੜ੍ਹੀ। ਸਾਡੇ ਨਾਲ ਦੇ ਆਇਰਸ਼ (ਆਇਰਲੈਂਡ ਨਿਵਾਸੀ) (Irish) ਬੜੇ ਖ਼ੁਸ਼ ਹੋਏ। ਉਨ੍ਹਾਂ ਸਾਨੂੰ ਗਲਾਸੀਆਂ (ਵਿਸਕੀ) ਪਿਲਾਈਆਂ। ਮੁਕੱਦਮਾ ਚਲਿਆ। ਤਰੀਕਾਂ ਪੈਂਦੀਆਂ ਰਹੀਆਂ। ਮੈਂ ਹਰ ਤਰੀਕ 'ਤੇ ਜਾਂਦਾ ਰਿਹਾ ਪਰ ਸਾਨੂੰ ਅੰਦਰ ਨਹੀਂ ਸੀ ਜਾਣ ਦਿੱਤਾ ਜਾਂਦਾ।

ਮੈਂ ਗੁਰਦੁਆਰੇ ਦੇ ਸੈਕਟਰੀ ਮੋਹਨ ਸਿੰਘ ਕੋਲ ਜਾਂਦਾ ਰਿਹਾ ਪਰ ਉਹਨੇ ਕੋਈ ਪੱਲਾ ਨਾ ਫੜਾਇਆ। ਹੁਣ ਤਾਂ ਦੋ ਆਦਮੀ ਬੈਠ ਕੇ ਗੱਲਾਂ ਕਰ ਲੈਂਦੇ ਹਨ, ਓਦੋਂ ਕੋਈ ਗੱਲ ਵੀ ਨਹੀਂ ਕਰਦਾ ਸੀ। ਮੈਂ ਅਖ਼ਬਾਰਾਂ 'ਚ ਪੜ੍ਹਦਾ ਰਿਹਾ ਕਿ ਊਧਮ ਸਿੰਘ ਨੇ ਜੇਲ੍ਹ 'ਚ ਸਾਫਾ ਮੰਗਿਆ। ਪਹਿਲਾਂ ਤਾਂ ਦਿੰਦੇ ਨਹੀਂ ਸਨ, ਫੇਰ ਦੇ ਦਿੱਤਾ।

ਜਿਸ ਦਿਨ ਊਧਮ ਸਿੰਘ ਨੂੰ ਫ਼ਾਂਸੀ ਲੱਗੀ, ਮੈਂ ਜੇਲ੍ਹ ਦੇ ਬਾਹਰ ਖੜ੍ਹਾ ਸੀ। ਬਾਹਰ ਕੰਧ 'ਤੇ ਦੋ ਮੇਖਾਂ ਲੱਗੀਆਂ ਹੁੰਦੀਆਂ। ਜਿਸ ਆਦਮੀ ਨੂੰ ਫ਼ਾਂਸੀ ਲੱਗਦੀ ਹੈ ਉਹਦਾ ਬਾਹਰ ਫੱਟਾ ਲੱਥ ਜਾਂਦਾ ਹੈ। ਪੁਲੀਸ ਵਾਲੇ ਤੋਂ ਉਧਮ ਸਿੰਘ ਦਾ ਫੱਟਾ ਨਾ ਉਤਰੇ। ਮੈਂ ਉਹਦੀ ਮਦਦ ਕੀਤੀ ਕਿ ਊਧਮ ਸਿੰਘ ਦਾ ਫੱਟਾ ਲਾਹ ਕੇ ਦੂਜੇ ਦਾ ਟੰਗਵਾ ਦਿੱਤਾ।

ਜਦੋਂ ਪੁਲੀਸ ਵਾਲੇ ਆ ਗਏ। ਇਕ ਨੇ ਮੈਨੂੰ ਇਕ ਪਾਸਿਓਂ ਫੜ ਲਿਆ, ਦੂਜੇ ਨੇ ਦੂਜੀ ਬਾਂਹ ਫੜ ਲਈ। ਪੁਲੀਸ ਨੇ ਮੇਰਾ ਰਿਕਾਰਡ ਲੈ ਲਿਆ। ਮੈਨੂੰ ਫ਼ੌਜ ਵਿਚ ਜਬਰੀ ਭਰਤੀ ਕਰ ਦਿੱਤਾ। ਮੈਂ ਉੱਥੋਂ ਭੱਜ ਆਇਆ। ਮੈਂ ਸਵੱਦੀ (ਲੁਧਿਆਣਾ) ਵਾਲੇ ਕਪੂਰ ਸਿੰਘ ਦੇ ਭਾਈ ਬਚਨ ਦਾ ਸ਼ਨਾਖਤੀ ਕਾਰਡ ਲੈ ਲਿਆ ਅਤੇ Scun thorpe ਚਲਾ ਗਿਆ। ਫੇਰ ਮੈਂ ਫੜ ਹੋ ਗਿਆ। ਕੋਰਟ ਮਾਰਸ਼ਲ 'ਚ ਮੈਨੂੰ ਸਾਲ ਦੀ ਕੈਦ ਹੋ ਗਈ। ਮੈਂ ਡਡਲੀ, ਸਕਾਟਲੈਂਡ ਦੀ ਜੇਲ੍ਹ 'ਚ ਸੀ। ਕਈ ਕੈਦੀ ਫ਼ੌਜ 'ਚ ਭਰਤੀ ਹੋ ਗਏ ਸੀ। ਸਾਡਾ ਰਾਸ਼ਨ ਇੰਡੀਆ ਹਾਊਸ ਤੋਂ ਜਾਂਦਾ ਸੀ। ਬੱਸ ਰੋਟੀ ਪਕਾਈ ਜਾਣੀ, ਖਾਈ ਜਾਣੀ। ਜੇਲ੍ਹ 'ਚ ਮੇਰਾ ਭਾਰ 11 ਸਟੋਨ (69.8 ਕਿਲੋਗਰਾਮ) ਤੋਂ 13 ਸਟੋਨ (82.5 ਕਿਲੋਗਰਾਮ) ਹੋ ਗਿਆ। ਮੈਨੂੰ ਫੇਰ ਫ਼ੌਜ 'ਚ ਭੇਜ ਦਿੱਤਾ। ਮੈਂ ਭੁੱਖ ਹੜਤਾਲ ਕਰ ਦਿੱਤੀ। ਮੇਰੇ 'ਤੇ ਗਾਰਦ ਦਾ ਪਹਿਰਾ ਹੁੰਦਾ ਸੀ। ਉੱਥੇ ਇਕ ਮੁਸਲਮਾਨ ਨੂੰ ਮੇਜਰ ਬਣਾ ਦਿੱਤਾ ਸੀ; ਉਹਦਾ ਦਿਮਾਗ ਉੱਚਾ ਹੋ ਗਿਆ। ਅੰਗਰੇਜ਼ਾਂ ਨੇ ਉਹਨੂੰ ਮੇਜਰ ਤੋਂ ਫੇਰ ਕਪਤਾਨ ਬ ਣ ਾ ਦਿੱਤਾ। ਫੇਰ ਉਹੀ ਮੈਨੂੰ ਗੱਲਾਂ ਦੱਸਣ ਵਾਲਾ ਹੋ ਗਿਆ- ਤੂੰ ਇੰਝ ਕਰ, ਉਂਝ ਕਰ।

ਇਕ ਰਾਤੀਂ ਮੈਂ ਦਰਖ਼ਤ 'ਤੇ ਚੜ੍ਹ ਗਿਆ ਅਤੇ ਗਾਰਦ ਨੂੰ ਕਿੱਥੋਂ ਲੱਭਣਾ ਸੀ। ਮੈਂ ਦੂਸਰੇ ਦਿਨ ਉਤਰਿਆ, ਟੈਕਸੀ ਲੈ ਕੇ ਈਸਟ ਚਲਾ ਗਿਆ। ਉੱਥੇ ਫਕੀਰੀਆ ਵੀ ਹੁੰਦਾ ਸੀ, ਸ਼ਰਮਾ ਵੀ। ਮੈਂ ਉਨ੍ਹਾਂ ਕੋਲ ਚਲਾ ਗਿਆ।

ਡਾ. ਗਿੱਲ ਨੇ ਮੇਰੀ ਮਦਦ ਕੀਤੀ। 1945 ਵਿਚ ਮੈਂ ਲਿਵਰਪੂਲ ਤੋਂ ਜਹਾਜ਼ ਚੜ੍ਹ ਕੇ ਬੰਬਈ ਆ ਗਿਆ। ਮੈਂ ਬਿੰਜਲ (ਲੁਧਿਆਣਾ) ਪਹੁੰਚ ਗਿਆ। ਤਿੰਨ ਮਹੀਨੇ ਤਾਂ ਆਰਾਮ ਰਿਹਾ। ਫੇਰ ਪੁਲੀਸ ਨੇ ਤੰਗ ਕਰਨਾ ਸ਼ੁਰੂ ਕੀਤਾ। 1948 ਵਿਚ ਇਕ ਹਿੰਦੂ ਸੱਜਣ ਪਾਸਪੋਰਟ ਦਫ਼ਤਰ 'ਚ ਕੰਮ ਕਰਦਾ ਸੀ। ਮੈਂ ਉਹਨੂੰ ਪੈਸੇ ਦੇ ਕੇ ਬਖਤਾਵਰ ਸਿੰਘ ਨਾਉਂ ਵਿਚ ਕੇ, ਐਚ ਅੱਖਰ ਕਟਵਾ ਦਿੱਤੇ ਅਤੇ ਗੋਤ ਨਾਲ ਲਿਖਵਾ ਲਿਆ। ਇੰਜ ਮੈਂ ਬੀ.ਐਸ. ਕੱਰੀ ਬਣ ਗਿਆ। 1948 ਵਿਚ ਵਾਪਸ ਵਲਾਇਤ ਆ ਗਿਆ। ਲੋਕ ਹੈਰਾਨ ਸਨ। ਪੁਲੀਸ ਵਾਲੇ ਕਹਿੰਦੇ ਕਿ ਇਹ ਉਹ ਆਦਮੀ ਨਹੀਂ ਹੋ ਸਕਦਾ।

ਓ'ਡਵਾਇਰ ਨੂੰ ਮਾਰਨ ਤੋਂਪਹਿਲਾਂ ਦੀ ਕਹਾਣੀ

ਪਿਸਤੌਲ ਅਸੀਂ ਮੇਰੀ (Mary) ਦੀ ਮਦਦ ਨਾਲ ਲਿਆ ਸੀ। ਉਹ ਇਕ ਆਇਰਸ਼ ਬੰਦਾ ਸੀ ਜਿਹੜਾ ਅਜਿਹੇ ਕੰਮ ਕਰਦਾ ਸੀ, ਨੂੰ ਜਾਣਦੀ ਸੀ। ਇਕ ਰਾਤ ਅਸੀਂ Hatfield ਦੇ ਜੰਗਲ ਵਿਚ ਪਿਸਤੌਲ ਚਲਾ ਕੇ ਵੀ ਵੇਖਿਆ ਬਈ ਠੀਕ ਕੰਮ ਤਾਂ ਕਰਦਾ ਹੈ। ਪਿਸਤੌਲ ਕਾਰ ਦੀ ਸੀਟ ਦੇ ਥੱਲੇ ਹੁੰਦਾ ਸੀ।

ਸ਼ਾਹ ਨਾਉਂ ਦਾ ਆਦਮੀ ਫਿਲਮ ਕੰਪਨੀ ਨੂੰ ਬੰਦੇ ਸਪਲਾਈ ਕਰਦਾ ਸੀ। ਊਧਮ ਸਿੰਘ ਨੇ Elephant Boy, Thief of Baghdad ਵਿਚ ਛੋਟੇ-ਛੋਟੇ ਰੋਲ ਵੀ ਕੀਤੇ ਹਨ।

ਊਧਮ ਸਿੰਘ ਨੇ ਜਿਸ ਦਿਨ ਓ'ਡਵਾਇਰ ਨੂੰ ਮਾਰਿਆ, ਉਹ ਮੈਨੂੰ ਜਾਣ ਕੇ ਨਾਲ ਨਹੀਂ ਲੈ ਕੇ ਗਿਆ। ਜੇ ਇਕ ਜਾਵੇ ਤਾਂ ਇਕ ਨੇ ਫ਼ਾਂਸੀ ਲੱਗਣਾ, ਦੋ ਗਏ ਤਾਂ ਦੋਵੇਂ ਫ਼ਾਂਸੀ ਲੱਗਣਗੇ।

ਉਹ ਹਰ ਵੇਲੇ ਚੌਕਸ ਰਹਿੰਦਾ ਸੀ। ਕਿਸੇ ਦੇ ਘਰ ਜਾਣਾ ਤਾਂ ਬਹਿ ਕੇ ਨਹੀਂ ਰੋਟੀ ਖਾਣੀ, ਖੜ੍ਹੇ ਰਹਿਣਾ। ਅਖ਼ਬਾਰਾਂ ਦਾ ਤਾਂ ਉਹਨੂੰ ਬੜਾ ਈ ਸ਼ੌਕ ਸੀ। ਉਹਦੀ ਗੱਲ ਕਰਦਿਆਂ ਤਾਂ ਹੁਣ ਵੀ ਜੋਸ਼ ਆ ਜਾਂਦਾ ਏ। ਮੈਂ ਉਹਦੇ ਨਾਲ ਜਿੰਨਾ ਚਿਰ ਰਿਹਾ, ਮੈਂ ਉਹਨੂੰ ਹੱਸਦਾ ਹੀ ਵੇਖਿਆ। ਉਹਨੇ ਕਾਰ ਲੈਣੀ ਤਾਂ ਆਪ ਸਲੰਸਰ ਕੱਟ ਲੈਣਾ ਬਈ ਖੜਕਾ ਜ਼ਿਆਦਾ ਕਰੇ। ਉਹ ਕੰਮ ਬੜੇ ਜਾਣਦਾ ਸੀ, ਤਕੜਾ ਕਾਰੀਗਰ ਸੀ। ਇਕ ਥਾਉਂ ਟਿਕਦਾ ਨਹੀਂ ਸੀ। ਅੱਜ ਇੱਥੇ, ਕੱਲ੍ਹ ਉੱਥੇ। ਉਂਜ ਵੀ ਊਧਮ ਸਿੰਘ ਤੇਜ਼ ਤਰਾਰ ਸੀ। ਇਕ ਵਾਰ ਉਹ ਕਾਰ ਲੈਣ ਗਿਆ ਤਾਂ ਉਹਨੇ Hire Purchase 'ਤੇ (ਸਾਬੂ) ਦਸਤਗੀਰ, ਫਿਲਮਾਂ ਵਾਲੇ ਦਾ ਨਾਉਂ ਲਿਖ ਦਿੱਤਾ। ਉਹ ਤਿੰਨ ਮਹੀਨੇ ਕਾਰ ਦੱਬੀ ਫਿਰਦਾ ਰਿਹਾ ਅਤੇ ਮਗਰੋਂ ਜਾ ਕੇ ਦਸਤਗੀਰ ਨੂੰ ਪਤਾ ਲੱਗਾ।

ਊਧਮ ਸਿੰਘ ਨੂੰ ਸਾਰੇ 'ਬਾਵਾ' ਕਹਿੰਦੇ ਸੀ ਕਿਉਂਕਿ ਉਹਦਾ ਮਤਾ ਹੀ ਅਜਿਹਾ ਸੀ। ਉਹ ਕਹਿੰਦਾ ਹੁੰਦਾ ਸੀ ਕਿ ਉਹਨੇ ਓ'ਡਵਾਇਰ ਤੋਂ ਆਪਣੇ ਬੰਦੇ ਮਾਰਨ ਦਾ ਬਦਲਾ ਲੈਣਾ ਏ। ਜਲ੍ਹਿਆਂਵਾਲਾ ਕਾਂਡ 'ਚ ਉਹਦਾ ਕੋਈ ਭਰਾ ਵਗੈਰਾ ਨਹੀਂ ਸੀ ਮਾਰਿਆ ਗਿਆ। ਭਰਾ ਦਾ ਬਦਲਾ ਲੈਣ ਵਾਲੀ ਗੱਲ ਤਾਂ ਮੈਂ ਹੀ ਤੋਰੀ ਸੀ। ਮੈਂ ਪਰਦਾ ਪਾਉਣ ਲਈ ਪੁਲੀਸ ਨੂੰ ਕਹਿ ਦਿੰਦਾ ਸੀ- ਓ'ਡਵਾਇਰ ਨੇ ਉਹਦਾ ਭਾਈ ਮਾਰਿਆ ਸੀ, ਇ ਹ ਨੇ ਉਹਨੂੰ ਮਾਰ ਦਿੱਤਾ। ਊਧਮ ਸਿੰਘ ਭਗਤ ਸਿੰਘ ਦੀ ਫੋਟੋ ਜ਼ਰੂਰ ਆਪਣੇ ਕੋਲ ਰੱਖਦਾ ਸੀ। ਤਸਵੀਰ ਨੂੰ ਦੇਖ ਕੇ ਆਪ ਮੁੱਛਾਂ 'ਤੇ ਹੱਥ ਫੇਰਨ ਲੱਗ ਜਾਂਦਾ ਹੁੰਦਾ ਸੀ।

ਇਕ ਬੈੱਟੀ (Betty) ਹੁੰਦੀ ਸੀ ਜਿਹਦੇ ਨਾਲ ਉਹਦੀ ਸਾਂਝ ਸੀ, ਆਇਰਸ਼ ਸੀ। ਆਇਰਸ਼ ਹੀ ਆਪਣੇ ਲੋਕਾਂ ਦੀ ਬਾਂਹ ਫੜਦੇ ਹਨ। ਮੈਂ ਤਾਂ ਕਹਿੰਦਾ ਸੀ ਕੋਈ ਬੱਚਾ ਬੁੱਚਾ ਵੀ ਹੋ ਜਾਂਦਾ ਤਾਂ ਚੰਗਾ ਸੀ, ਪਰ ਨਹੀਂ। ਹੁਣ ਪਤਾ ਨਹੀਂ ਉਹ (ਬੈਟੀ) ਕਿੱਥੇ ਹੈ।

ਊਧਮ ਸਿੰਘ ਕੋਲ ਆਪਣੇ ਮੁਲਕ ਤੋਂ ਬਿਨਾਂ ਹੋਰ ਗੱਲ ਹੀ ਕੋਈ ਨਹੀਂ ਸੀ; ਆਪਣੇ ਮੁਲਕ 'ਤੇ ਜ਼ੁਲਮ ਹੁੰਦਾ ਹੈ; ਫਲਾਣੇ ਨੇ ਭਗਤ ਸਿੰਘ ਨੂੰ ਫ਼ਾਂਸੀ ਦਾ ਹੁਕਮ ਦਿਵਾਇਆ; ਫਲਾਣੇ ਨੂੰ ਆਪਾਂ ਇਹ ਕਰ ਦੇਣਾ ਹੈ, ਉਹ ਕਰ ਦੇਣਾ ਹੈ। ਉਹਨੂੰ ਲਗਨ ਮੁਲਕ ਦੀ ਆਜ਼ਾਦੀ ਦੀ ਸੀ। ਮਾੜੀ ਮੋਟੀ ਗੱਲ ਗਾਂਧੀ ਦੀ ਵੀ ਕਰ ਲੈਂਦਾ ਸੀ। ਜਿਹੜਾ ਵੀ ਆਜ਼ਾਦੀ ਲਈ ਕੁਝ ਕਰਦਾ ਸੀ ਉਹ ਉਧਮ ਸਿੰਘ ਲਈ ਚੰਗਾ ਸੀ। ਬਹੁਤੀ ਗੱਲ ਉਹ ਸਟਾਲਨ ਦੀ ਹੀ ਛੇੜੀ ਰੱਖਦਾ ਸੀ। ਬਾਕੀ ਉਹਦਾ ਹੱਸਣ-ਖੇਡਣ ਦਾ ਸੁਭਾਅ ਸੀ। ਜਿਹੜੇ ਪੈਸੇ ਪੱਲੇ ਹੋਣੇ, ਖਰਚ ਲੈਣੇ। ਕੱਲ੍ਹ ਦੀ ਕੱਲ੍ਹ ਨਾਲ ਵੇਖੀ ਜਾਏਗੀ।

**(ਧੰਨਵਾਦ: ਲਕੀਰ/ ਅਮਰਜੀਤ ਚੰਦਨ/ ਅਜਾਇਬ ਸਿੰਘ ਗਰਚਾ)**

> ਊਧਮ ਸਿੰਘ ਨੂੰ ਸਾਰੇ 'ਬਾਵਾ' ਕਹਿੰਦੇ ਸੀ ਕਿਉਂਕਿ ਉਹਦਾ ਮਤਾ ਹੀ ਅਜਿਹਾ ਸੀ। ਉਹ ਕਹਿੰਦਾ ਹੁੰਦਾ ਸੀ ਕਿ ਉਹਨੇ ਓ'ਡਵਾਇਰ ਤੋਂ ਆਪਣੇ ਬੰਦੇ ਮਾਰਨ ਦਾ ਬਦਲਾ ਲੈਣਾ ਏ। ਜਲ੍ਹਿਆਂਵਾਲਾ ਕਾਂਡ 'ਚ ਉਹਦਾ ਕੋਈ ਭਰਾ ਵਗੈਰਾ ਨਹੀਂ ਸੀ ਮਾਰਿਆ ਗਿਆ। ਭਰਾ ਦਾ ਬਦਲਾ ਲੈਣ ਵਾਲੀ ਗੱਲ ਤਾਂ ਮੈਂ ਹੀ ਤੋਰੀ ਸੀ। ਮੈਂ ਪਰਦਾ ਪਾਉਣ ਲਈ ਪੁਲੀਸ ਨੂੰ ਕਹਿ ਦਿੰਦਾ ਸੀ- ਓ'ਡਵਾਇਰ ਨੇ ਉਹਦਾ ਭਾਈ ਮਾਰਿਆ ਸੀ, ਇਹਨੇ ਉਹਨੂੰ ਮਾਰ ਦਿੱਤਾ। ਊਧਮ ਸਿੰਘ ਭਗਤ ਸਿੰਘ ਦੀ ਫੋਟੋ ਜ਼ਰੂਰ ਆਪਣੇ ਕੋਲ ਰੱਖਦਾ ਸੀ। ਤਸਵੀਰ ਨੂੰ ਦੇਖ ਕੇ ਆਪ ਮੁੱਛਾਂ 'ਤੇ ਹੱਥ ਫੇਰਨ ਲੱਗ ਜਾਂਦਾ ਹੁੰਦਾ ਸੀ।

# ਜਾਨ ਤੋਂ ਪਿਆਰਾ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ



ਪੰਜਾਬੀ ਦੇ ਇੱਕ ਮਸ਼ਹੂਰ ਗਾਇਕ ਦੇ ਗਾਏ ਇੱਕ ਸੁਪਰਹਿੱਟ ਗੀਤ ਦੇ ਬੋਲ ਕੁਝ ਇਉਂ ਹਨ: ਜਾਨ ਤੋਂ ਪਿਆਰਿਆ ਵੇ ਮੁੱਖ ਮੋੜ ਕੇ, ਦੇਖੀਂ ਚਲਾ ਜਾਵੀਂ ਨਾ ਵੇ ਦਿਲ ਤੋੜ ਕੇ'। ਇਸ ਗੀਤ ਵਿਚਲਾ 'ਜਾਨ ਤੋਂ ਪਿਆਰਾ' ਕਿਸੇ ਆਸ਼ਿਕ ਦਾ ਦਿਲਫ਼ਰੇਬ ਮਹਬੂਬ ਸੀ ਜਿਸ ਦੇ ਜਾਣ ਨਾਲ ਵਿਚਾਰੇ ਆਸ਼ਿਕ ਦਾ ਦਿਲ ਟੁੱਟ ਜਾਣਾ ਸੀ। ਅੱਜ ਜਦੋਂ ਮੈਂ ਆਪਣੇ ਆਸੇ-ਪਾਸੇ ਝਾਤੀ ਮਾਰਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਅੱਜ ਹਰੇਕ ਛੋਟੇ-ਵੱਡੇ, ਅਮੀਰ-ਗ਼ਰੀਬ, ਬੱਚੇ-ਬੁੱਢੇ, ਈਮਾਨਦਾਰ-ਬੇਈਮਾਨ, ਕਿਸਾਨ, ਜਵਾਨ, ਭਲਵਾਨ ਅਤੇ ਆਮ ਇਨਸਾਨ ਲਈ ਜੇਕਰ ਕੋਈ 'ਜਾਨ ਤੋਂ ਪਿਆਰਾ' ਹੈ ਤਾਂ ਉਹ ਹੈ ਉਸ ਦਾ 'ਮੋਬਾਈਲ ਫ਼ੋਨ'। ਅੱਜ ਮੋਬਾਈਲ ਫ਼ੋਨ ਅਤੇ ਇਨਸਾਨ ਦੇ ਦਰਮਿਆਨ ਦਾ ਰਿਸ਼ਤਾ ਨਹੁੰ-ਮਾਸ ਜਾਂ ਸਰੀਰ ਤੇ ਪ੍ਰਾਣ ਦੇ ਰਿਸ਼ਤੇ ਵਰਗਾ ਬਣ ਚੁੱਕਾ ਹੈ। ਇੱਕ ਦੂਜੇ ਤੋਂ ਬਿਨਾਂ ਇਨ੍ਹਾਂ ਦੋਵਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਵੇਰੇ ਉੱਠਣ ਤੋਂ ਲੈ ਕੇ ਦੇਰ ਰਾਤ ਸੌਣ ਤੱਕ ਜਾਂ ਸੁਬ੍ਹਾ ਟਾਇਲਟ ਜਾਣ ਤੋਂ ਲੈ ਕੇ ਰਾਤੀਂ ਨਾਈਟ ਸੂਟ ਪਾਉਣ ਤੱਕ ਅਜੋਕੇ ਮਨੁੱਖ ਦਾ ਜੇ ਕੋਈ ਸੱਚਾ 'ਹਮਸਫ਼ਰ' ਜਾਂ 'ਦੁੱਖ-ਸੁੱਖ ਦਾ ਸਾਥੀ' ਹੈ ਤਾਂ ਉਹ ਹੈ ਮੋਬਾਈਲ ਫ਼ੋਨ।

ਕੋਈ ਵੇਲਾ ਸੀ ਜਦੋਂ ਲੋਕ ਸੁਬ੍ਹਾ-ਸਵੇਰੇ ਉੱਠਦਿਆਂ ਸਾਰ ਹੀ ਪ੍ਰਭੂ ਦਾ ਨਾਮ ਧਿਆਉਂਦੇ ਸਨ ਤੇ ਆਪਣੇ ਦਿਨ ਦੀ ਚੰਗੀ ਸ਼ੁਰੂਆਤ ਕਰਦੇ ਸਨ। ਜਲਦੀ ਉੱਠਣ ਲਈ ਲੋਕ ਆਪਣੀਆਂ ਘੜੀਆਂ ਜਾਂ ਟਾਈਮ ਪੀਸਾਂ 'ਤੇ ਅਲਾਰਮ ਲਗਾ ਕੇ ਸੌਂਦੇ ਸਨ, ਪਰ ਇਹ ਚੰਦਰਾ ਮੋਬਾਈਲ ਕੀ ਆਇਆ ਕਿ ਇਸ ਨੇ ਆਉਂਦਿਆਂ ਹੀ ਗੁੱਟ-ਘੜੀਆਂ ਅਤੇ ਟਾਈਮ ਪੀਸ ਇੰਜ ਗ਼ਾਇਬ ਕਰ ਦਿੱਤੇ ਜਿੱਦਾਂ ਗਧੇ ਦੇ ਸਿਰ ਤੋਂ ਸਿੰਗ ਗ਼ਾਇਬ ਹੋ ਗਏ ਸਨ। ਅਜੋਕੇ ਜ਼ਮਾਨੇ ਦੇ ਲੋਕ ਹੁਣ ਸੁਬ੍ਹਾ-ਸਵੇਰੇ ਉੱਠ ਕੇ ਰੱਬ ਦਾ ਨਾਂ ਲਏ ਬਿਨਾ ਅਤੇ ਕੋਈ ਦਾਤਣ-ਕੁਰਲਾ ਕੀਤੇ ਬਿਨਾਂ ਹੀ ਆਪਣੀਆਂ ਅੱਧ-ਖੁੱਲ੍ਹੀਆਂ ਅੱਖਾਂ ਨਾਲ ਆਪਣੇ ਸਿਰਹਾਣੇ ਰੱਖੇ ਮੋਬਾਈਲ ਫ਼ੋਨ ਨੂੰ ਜਾ ਹੱਥ ਪਾਉਂਦੇ ਹਨ ਤੇ ਗੁੱਡ ਮੌਰਨਿੰਗ ਦੇ ਸੌ ਕੁ ਮੈਸੇਜ ਰਿਸੀਵ ਕਰਕੇ ਸੌ ਕੁ ਗੁੱਡ ਮੌਰਨਿੰਗਾਂ ਅੱਗੇ ਫਾਰਵਰਡ ਕਰ ਦਿੰਦੇ ਹਨ। ਕੁਝ ਵਿਦਵਾਨ ਮਹਾਂਪੁਰਖ ਤਾਂ ਗੁੱਡ ਮੌਰਨਿੰਗ ਦੇ ਨਾਲ ਨਾਲ ਕੋਈ ਗਿਆਨ ਭਰਪੂਰ ਸੰਦੇਸ਼ ਵੀ ਇਧਰੋਂ-ਉਧਰੋਂ ਫੜ ਕੇ ਅੱਗੇ ਭੇਜ ਦਿੰਦੇ ਹਨ ਤੇ ਆਪਣੇ ਮਹਾਂਗਿਆਨੀ ਜਾਂ ਮਹਾਂਵਿਦਵਾਨ ਹੋਣ ਦਾ ਪ੍ਰਤੱਖ ਪ੍ਰਮਾਣ ਸਵੇਰੇ-ਸਵੇਰੇ ਹੀ ਪੇਸ਼ ਕਰ ਦਿੰਦੇ ਹਨ। ਉਧਰ ਅਜਿਹੇ ਮੈਸੇਜ ਪ੍ਰਾਪਤ ਕਰਨ ਵਾਲਾ ਮੋਬਾਈਲ ਫ਼ੋਨ ਧਾਰਕ ਵੀ ਇੰਨਾ ਮਹਾਨ ਹੁੰਦਾ ਹੈ ਕਿ ਆਪਣੇ ਸੁਬ੍ਹਾ ਦੇ ਰੁਝੇਵਿਆਂ ਕਰਕੇ ਉਹ ਆਏ ਸ਼ਾਨਦਾਰ ਤੇ ਗਿਆਨਦਾਰ ਮੈਸੇਜ ਨੂੰ ਪੜ੍ਹ ਵੀ ਨਹੀਂ ਪਾਉਂਦਾ, ਪਰ ਭੇਜਣ ਵਾਲੇ ਨੂੰ ਖ਼ੁਸ਼ ਕਰਨ ਲਈ ਅੱਗੋਂ 'ਥੱਮਜ਼ ਅੱਪ' ਦਾ ਚਿੰਨ੍ਹ ਭੇਜ ਕੇ ਆਪਣਾ ਕੰਮ ਮੁਕਾ ਲੈਂਦਾ ਹੈ। ਜਿੰਨੀ ਕੁ ਚੰਗਿਆਈ ਮੋਬਾਈਲ ਫ਼ੋਨ ਦੇ ਮੈਸੇਜਾਂ 'ਤੇ ਸੁਬ੍ਹਾ-ਸਵੇਰੇ ਵੰਡੀ ਜਾਂਦੀ ਹੈ, ਜੇਕਰ ਉਸ ਦਾ ਚੌਥਾ ਹਿੱਸਾ ਵੀ ਸਭ ਲੋਕ ਕਿਧਰੇ ਆਪਣੇ ਜੀਵਨ ਵਿੱਚ ਧਾਰਨ ਕਰ ਲੈਣ ਤਾਂ ਇਹ ਦੁਨੀਆਂ ਚੰਦ ਦਿਨਾਂ 'ਚ ਹੀ 'ਸਵਰਗ' ਬਣ ਜਾਵੇ ਤੇ ਦੁਨੀਆਂ ਵਾਸੀ ਹੋ ਜਾਣ ਸਵਰਗਵਾਸੀ।

ਜਨਾਬੇ-ਆਲ੍ਹਾ ਮੋਬਾਈਲ ਫ਼ੋਨ ਸਾਹਿਬ ਤਾਂ ਹੁਣ ਹਰ ਕਿਸੇ ਦੀ ਦਿਲ ਦੀ ਧੜਕਣ ਬਣ ਚੁੱਕੇ ਹਨ। ਉਹ ਵੀ ਵੇਲਾ ਹੁੰਦਾ ਸੀ ਜਦੋਂ ਕੋਈ ਬੰਦਾ ਤੁਰਦਿਆਂ-ਤੁਰਦਿਆਂ ਜਾਂ ਕਿਸੇ ਦੋ ਪਹੀਆ ਵਾਹਨ 'ਤੇ ਜਾਂਦਿਆਂ ਕਿਸੇ ਕਾਰਨ ਅਚਾਨਕ ਡਿੱਗ ਪੈਂਦਾ ਸੀ ਤਾਂ ਤੁਰੰਤ ਉੱਠ ਕੇ ਚੈੱਕ ਕਰਦਾ ਸੀ ਕਿ ਕਿਧਰੇ ਕੋਈ ਹੱਡੀ ਵਗ਼ੈਰਾ ਤਾਂ ਨਹੀਂ ਟੁੱਟੀ ਜਾਂ ਕਿਧਰੇ ਕੋਈ ਖ਼ੂਨ ਤਾਂ ਨਹੀਂ ਵਗਿਆ ਪਰ ਹੁਣ... ਹੁਣ ਤਾਂ ਜੀ ਬੰਦਾ ਸਭ ਤੋਂ ਪਹਿਲਾਂ ਇਹ ਵੇਖਦਾ ਹੈ ਕਿ ਉਸ ਦਾ ਮੋਬਾਈਲ ਫ਼ੋਨ ਸਹੀ-ਸਲਾਮਤ ਹੈ ਕਿ ਨਹੀਂ। ਹੁਣ ਤਾਂ ਜੀ ਕਿਧਰੇ ਚੱਲਦਿਆਂ-ਚੱਲਦਿਆਂ ਹੱਥੋਂ ਖਿਸਕ ਕੇ ਮੋਬਾਈਲ ਫ਼ੋਨ ਹੇਠਾਂ ਡਿੱਗ ਪਵੇ ਤਾਂ ਮੋਬਾਈਲ ਫ਼ੋਨ ਨੂੰ ਭਾਵੇਂ ਕੁਝ ਹੋਵੇ ਜਾਂ ਨਾ ਹੋਵੇ, ਪਰ ਮੋਬਾਈਲ ਫ਼ੋਨ ਮਾਲਕ ਦਾ ਦਿਲ, ਗੁਰਦਾ, ਫੇਫੜਾ ਆਦਿ ਸਭ ਮੂੰਹ 'ਚ ਆ ਜਾਂਦੇ ਹਨ। ਦੁਨੀਆਂ ਦਾ ਸਭ ਤੋਂ ਵੱਡਾ ਕਹਿਰ ਆਪਣੇ ਸਿਰ 'ਤੇ ਟੁੱਟਿਆ ਉਦੋਂ ਮਹਿਸੂਸ ਹੁੰਦਾ ਹੈ ਜਦੋਂ ਕਿਸੇ ਪ੍ਰੇਮੀ ਜਾਂ ਪ੍ਰੇਮਿਕਾ ਦਾ ਮੋਬਾਈਲ ਉਸ ਦੇ ਮਾਪਿਆਂ ਜਾਂ ਅਧਿਆਪਕਾਂ ਦੇ ਹੱਥ ਆ ਜਾਂਦਾ ਹੈ। ਉਸ ਕੁਲਹਿਣੀ ਘੜੀ 'ਚ ਤਾਂ ਪ੍ਰੇਮੀਜਨਾਂ ਨੂੰ ਧਰਤੀ ਡਿੱਕੋ-ਡੋਲੇ ਖਾਂਦੀ ਜਾਪਦੀ ਹੈ ਤੇ ਚਿੱਤ ਘਊਂ-ਮਊਂ ਕਰਦਾ ਮਹਿਸੂਸ ਹੁੰਦਾ ਹੈ। ਮੋਬਾਈਲ ਫ਼ੋਨ ਫੜ੍ਹੇ ਜਾਣ ਤੋਂ ਬਾਅਦ ਕਈ ਪ੍ਰੇਮੀਆਂ ਨੂੰ ਤਾਂ ਤਸੱਲੀਬਖ਼ਸ਼ ਤੌਣੀ ਲੱਗਦੀ ਹੈ, ਪਰ ਪੰਜਾਬੀ 'ਚ ਕਿਸੇ 'ਪਹੁੰਚੇ ਹੋਏ ਗੀਤਕਾਰ' ਦੇ ਬੋਲ ਨੇ ''ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਆ ਪਰ ਦੱਬਦਾ ਕਿੱਥੇ ਆ''। ਬਸ ਫਿਰ ਇਸ ਵਿਦਵਤਾਪੂਰਨ ਵਾਕ ਦਾ ਓਟ ਆਸਰਾ ਲੈ ਕੇ ਚੰਦ ਦਿਨਾਂ ਬਾਅਦ ਹੀ ਅੱਜ ਦੇ ਰਾਂਝੇ ਆਪਣੀ ਹੀਰ ਨੂੰ ਚੋਰੀ ਨਾਲ ਇੱਕ ਹੋਰ ਮੋਬਾਈਲ ਫ਼ੋਨ ਗਿਫ਼ਟ ਕਰ ਦਿੰਦੇ ਹਨ ਤੇ ਇਸ ਤਰ੍ਹਾਂ ਉਨ੍ਹਾਂ ਪਿਆਰ ਭਰੀਆਂ ਆਵਾਜ਼ੀ ਮੁਲਾਕਾਤਾਂ ਅਤੇ ਵੀਡੀਓ ਕਾਲਾਂ ਦਾ ਸਿਲਸਿਲਾ ਮੁੜ ਸ਼ੁਰੂ ਹੋ ਜਾਂਦਾ ਹੈ।

ਕਰੋੜਾਂ ਹੀ ਨਹੀਂ ਸਗੋਂ ਅਰਬਾਂ ਰੂਹਾਂ ਦਾ ਚਹੇਤਾ ਬਣ ਚੁੱਕਿਆ ਇਹ ਮੋਬਾਈਲ ਫ਼ੋਨ ਅੱਜ ਹਰ ਘਰ, ਦੁਕਾਨ ਅਤੇ ਇਨਸਾਨ ਦੀ ਸ਼ਾਨ ਹੈ। ਅਜੋਕੇ ਸਕੂਲੀ ਬੱਚੇ ਸਕੂਲੋਂ ਆਉਂਦਿਆਂ ਹੀ ਬਸਤਾ ਸੁੱਟ ਕੇ ਸਭ ਤੋਂ ਪਹਿਲਾਂ ਮੋਬਾਈਲ ਫ਼ੋਨ ਨੂੰ ਆ ਚੰਬੜਦੇ ਹਨ। ਵਿਆਹੀਆਂ ਧੀਆਂ ਦੀਆਂ ਮਾਵਾਂ ਆਪਣੀਆਂ ਲਾਡਲੀਆਂ ਨਾਲ ਹਰ ਰੋਜ਼ ਮੋਬਾਈਲ 'ਤੇ ਗੱਲਬਾਤ ਕਰ ਕੇ ਉਨ੍ਹਾਂ ਦੇ ਸਹੁਰੇ ਘਰ ਦੇ 'ਤਾਜ਼ਾ ਅਪਡੇਟ' ਲੈਂਦੀਆਂ ਹਨ ਤੇ ਲੋੜ ਪੈਣ 'ਤੇ ਇਹ ਸਲਾਹ ਵੀ ਦੇ ਦਿੰਦੀਆਂ ਨੇ – ''ਤੂੰ ਡਰੀਂ ਨਾ ਧੀਏ ਕਿਸੇ ਤੋਂ... ਠੋਕ ਕੇ ਜਵਾਬ ਦਿਆ ਕਰ ਆਪਣੀ ਸੱਸ ਤੇ ਨਣਦ ਨੂੰ''। ਬੜੀ ਹੈਰਾਨੀ ਹੁੰਦੀ ਹੈ ਜਦੋਂ ਅਜਿਹੀਆਂ ਮਾਵਾਂ ਨੂੰ ਆਪਣੀ ਨੂੰਹ ਵੱਲੋਂ 'ਘੰਟਾ-ਘੰਟਾ ਭਰ' ਆਪਣੀ ਮਾਂ ਨਾਲ ਕੀਤੀ ਜਾਂਦੀ ਗੱਲਬਾਤ ਬੜੀ ਹੀ ਚੁੱਭਦੀ ਹੈ। ਅੱਜ ਮੋਬਾਈਲ ਫ਼ੋਨ ਦੀ ਮਾਇਆ ਐਨੀ ਬੇਅੰਤ ਹੈ ਕਿ ਉਹ ਬੁੱਢੇ-ਠੇਰ੍ਹੇ ਜਿਨ੍ਹਾਂ ਨੂੰ ਮੋਬਾਈਲ ਫ਼ੋਨ ਦਾ ੳ...ਅ... ਵੀ ਨਹੀਂ ਪਤਾ ਉਹ ਵੀ ਲਾਲ ਸਵਿੱਚ ਤੋਂ ਕਾਲ ਬੰਦ ਕਰਨਾ ਤੇ ਹਰੇ ਸਵਿੱਚ ਤੋਂ ਕਾਲ ਅਟੈਂਡ ਕਰਨਾ ਸਿੱਖ ਕੇ ਸਮੇਂ ਦੇ ਹਾਣੀ ਬਣ ਚੁੱਕੇ ਨੇ। ਹੋਰ ਤਾਂ ਹੋਰ ਕੁੱਛੜ ਚੁੱਕ ਕੇ ਰੱਖਣ ਵਾਲੀ ਉਮਰ ਦੇ ਬੱਚੇ ਵੀ ਬੜੀ ਤੇਜ਼ੀ ਨਾਲ ਹੱਥ ਮਾਰ ਮਾਰ ਕੇ ਅਗਲੇ ਤੋਂ ਅਗਲਾ ਵੀਡੀਓ ਜਾਂ ਗਾਣਾ ਲਗਾ ਲੈਂਦੇ ਹਨ ਤੇ ਖ਼ੁਸ਼ੀ 'ਚ ਖੀਵੇ ਹੋਏ ਤਾੜੀਆਂ ਮਾਰਦੇ ਹਨ। ਕਈ ਬੱਚੇ ਤਾਂ ਮੋਬਾਈਲ ਫ਼ੋਨ ਦੇ ਇਸ ਕਦਰ ਫ਼ੈਨ ਬਣ ਜਾਂਦੇ ਹਨ ਕਿ ਜੇਕਰ ਸਾਹਮਣੇ ਫ਼ੋਨ ਨਾ ਹੋਵੇ ਤਾਂ ਪਤੰਦਰ ਦੁੱਧ ਵਾਲੀ ਬੋਤਲ ਨੂੰ ਮੂੰਹ ਤੱਕ ਨਹੀਂ ਲਾਉਂਦੇ। ਮੋਬਾਈਲ ਫ਼ੋਨਾਂ ਵਿੱਚ ਆ ਰਹੇ ਵੱਡੇ ਵੱਡੇ ਤੇ ਸ਼ਾਨਦਾਰ ਕੈਮਰਿਆਂ ਨੇ ਅੱਜ ਹਰ ਕਿਸੇ ਨੂੰ ਫ਼ੋਟੋਗ੍ਰਾਫਰ ਬਣਾ ਦਿੱਤਾ ਹੈ ਤੇ ਵਿਚਾਰੇ ਅਸਲ ਫ਼ੋਟੋਗ੍ਰਾਫਰਾਂ ਦੀ ਤਾਂ ਫੱਟੀ ਹੀ ਪੋਚ ਕੇ ਰੱਖ ਦਿੱਤੀ ਹੈ। ਐਕਸੀਡੈਂਟਾਂ ਜਾਂ ਸੜਕ 'ਤੇ ਹੁੰਦੇ ਝਗੜਿਆਂ ਦੀ 'ਸੁੰਦਰ ਵੀਡੀਓ' ਬਣਾਉਣ ਵਾਲੇ ਸਾਡੇ ਵੀਰ ਤਾਂ ਸਨਮਾਨਿਤ ਕੀਤੇ ਜਾਣ ਦੇ ਕਾਬਿਲ ਹਨ। ਐਕਸੀਡੈਂਟ ਜਾਂ ਲੜਾਈ-ਝਗੜੇ 'ਚ ਫੱਟੜ ਹੋਇਆ ਵਿਅਕਤੀ ਭਾਵੇਂ ਅੱਖਾਂ ਦੇ ਮੂਹਰੇ ਹੀ ਰੱਬ ਨੂੰ ਪਿਆਰਾ' ਹੋ ਜਾਵੇ ਪਰ ਸਾਡੇ ਸੂਝਵਾਨ ਵੀਰ ਉਸ ਨੂੰ ਹਸਪਤਾਲ ਪਹੁੰਚਾਉਣ ਦੀ ਥਾਂ ਉਸ ਦੀ ਵੀਡੀਓ ਬਣਾਉਣ ਨੂੰ ਤਰਜੀਹ ਦਿੰਦੇ ਹਨ ਜੋ ਵਾਕਈ 'ਕਾਬਿਲੇ-ਤਾਰੀਫ਼' ਹੈ। ਮੇਰੀ ਤਾਂ ਸਰਕਾਰ ਤੋਂ ਪੁਰਜ਼ੋਰ ਮੰਗ ਹੈ ਕਿ ਅਜਿਹੇ ਵੀਡੀਓ ਬਣਾਉਣ ਵਾਲਿਆਂ ਦੀ ਰਾਜ ਪੱਧਰੀ ਪ੍ਰਤੀਯੋਗਤਾ ਕਰਵਾਈ ਜਾਵੇ ਤੇ ਸਤਿਕਾਰਯੋਗ ਵੀਡੀਓਗ੍ਰਾਫਰਾਂ ਨੂੰ ਭਾਰੀ ਇਨਾਮੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇ।

ਪਿਆਰੇ ਪਾਠਕੋ+ ਕਿੰਨੀ ਖ਼ੁਸ਼ੀ ਦੀ ਗੱਲ ਹੈ ਕਿ 135 ਕਰੋੜ ਦੀ ਆਬਾਦੀ ਵਾਲੇ ਸਾਡੇ ਦੇਸ਼ ਭਾਰਤ ਮਹਾਨ ਵਿੱਚ ਸੰਨ 2022 ਵਿੱਚ ਮੋਬਾਈਲ ਫ਼ੋਨ ਵਰਤਣ ਵਾਲਿਆਂ ਦੀ ਸੰਖਿਆ 120 ਕਰੋੜ ਸੀ ਤੇ ਸਾਡੇ ਕਈ ਭੈਣਾਂ ਤੇ ਵੀਰਾਂ ਕੋਲ ਕਿਉਂਕਿ ਦੋ ਜਾਂ ਦੋ ਤੋਂ ਵੱਧ ਮੋਬਾਈਲ ਫ਼ੋਨ ਵੀ ਮੌਜੂਦ ਰਹਿੰਦੇ ਹਨ, ਇਸ ਲਈ ਉਕਤ ਤੋਂ ਇਲਾਵਾ 60 ਕਰੋੜ ਸਮਾਰਟ ਫ਼ੋਨ ਵੀ ਸਾਡੇ ਮੁਲਕ ਦੀ ਹੱਦ ਅੰਦਰ ਚੱਲਦੇ ਸਨ। ਇਸ ਦਾ ਭਾਵ ਹੈ ਕਿ 135 ਕਰੋੜ ਵਾਲੀ ਆਬਾਦੀ ਵਾਲੇ ਦੇਸ਼ ਵਿੱਚ ਮੋਬਾਈਲ ਫ਼ੋਨਾਂ ਦੀ ਗਿਣਤੀ 180 ਕਰੋੜ ਸੀ। ਚੰਦਰੇ ਕਰੋਨਾ ਵਾਇਰਸ ਨੂੰ ਸਾਰੀ ਦੁਨੀਆਂ ਪਈ ਕੋਸਦੀ ਹੈ, ਪਰ ਕਰੋਨਾ ਦੀ ਕਰਨੀ ਵੇਖੋ ਕਿ ਕਰੋਨਾ ਕਾਲ ਦੌਰਾਨ ਸਾਡੇ ਦੇਸ਼ ਦੇ ਜਿਨ੍ਹਾਂ ਲੋਕਾਂ ਨੂੰ ਚਾਹ ਦਾ ਕੱਪ ਵੀ ਬਣਾਉਣਾ ਨਹੀਂ ਸੀ ਆਉਂਦਾ, ਸਤਿਕਾਰਯੋਗ ਮੋਬਾਈਲ ਫ਼ੋਨ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਕਾ ਉਨ੍ਹਾਂ ਨੇ ਯੂਟਿਊਬ ਵੇਖ-ਵੇਖ ਕੇ ਕਈ ਸ਼ਾਨਦਾਰ ਪਕਵਾਨ ਬਣਾਉਣੇ ਸਿੱਖ ਲਏ ਸਨ। ਅੱਜ ਯੂਟਿਊਬ, ਵੱਟਸਐਪ, ਟਵਿੱਟਰ ਤੇ ਇੰਸਟਾਗ੍ਰਾਮ ਜਿਹੇ ਅਨੇਕਾਂ ਐਪਸ ਮੋਬਾਇਲ ਫ਼ੋਨ 'ਤੇ ਉਪਲਬਧ ਹਨ ਤੇ ਇਨ੍ਹਾਂ ਕਰਕੇ ਅੱਜ ਸਾਡੇ ਬੱਚਿਆਂ ਨੂੰ ਭੈਣਾਂ, ਭਰਾਵਾਂ, ਦੋਸਤਾਂ ਜਾਂ ਰਿਸ਼ਤੇਦਾਰਾਂ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਜੇਕਰ ਕੋਈ ਭੁੱਲਿਆ-ਭਟਕਿਆ ਬੱਚਾ ਆਪਣੇ ਨਾਨਕੇ ਜਾਂ ਭੂਆ ਕੋਲ ਚਲਾ ਵੀ ਜਾਂਦਾ ਹੈ ਤਾਂ ਵਾਪਸੀ ਵੇਲੇ ਸਾਡੇ ਜ਼ਮਾਨੇ ਵਾਂਗ ਮਾਮੀ ਜਾਂ ਭੂਆ ਵੱਲੋਂ 11 ਜਾਂ 21 ਰੁਪਏ ਦੇ ਕੇ ਤੋਰਨ ਦੀ ਥਾਂ ਅੱਜ ਦੀਆਂ ਮਾਮੀਆਂ ਤੇ ਭੂਆ ਆਹ 'ਡਿਜੀਟਲ ਪੇਮੈਂਟ' ਕਰ ਕੇ ਭਣੇਵੇਂ-ਭਤੀਜੀਆਂ ਦੇ ਖਾਤੇ 'ਚ ਪੈਸੇ ਪਾ ਦਿੰਦੀਆਂ ਹਨ। ਪੈਸੇ ਤਾਂ ਖਾਤੇ ਪੈ ਜਾਂਦੇ ਹਨ, ਪਰ ਉਹ ਰਿਸ਼ਤਿਆਂ ਵਿਚਲੇ ਪਿਆਰ ਵਾਲਾ ਨਿੱਘ ਕਿਧਰੇ ਗੁਆਚ ਜਿਹਾ ਜਾਂਦਾ ਹੈ। ਮੋਬਾਈਲ ਫ਼ੋਨ ਅੱਜ ਸਾਡੀ ਲੋੜ ਹੀ ਨਹੀਂ ਸਗੋਂ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਅੱਜ ਕਿਸੇ ਦੂਰ ਰਹਿੰਦੇ ਰਿਸ਼ਤੇਦਾਰ ਕੋਲ ਜਾਣ ਲੱਗਿਆਂ ਜਾਂ ਘੁੰਮਣ ਫਿਰਨ ਲਈ ਕਿਸੇ ਹਿੱਲ ਸਟੇਸ਼ਨ 'ਤੇ ਜਾਣ ਲੱਗਿਆਂ ਸਾਮਾਨ ਦੀ ਪੈਕਿੰਗ ਕਰਨ ਸਮੇਂ ਹਰ ਪਾਸਿਉਂ ਇੱਕ ਆਵਾਜ਼ ਜ਼ਰੂਰ ਸੁਣਾਈ ਦਿੰਦੀ ਹੈ, ''ਆਹ ਚਾਰਜਰ ਜ਼ਰੂਰ ਚੇਤੇ ਨਾਲ ਪਾ ਲਇਓ।'' ਚਾਰਜਰ ਜੇਕਰ ਕਿਧਰੇ ਘਰੇ ਰਹਿ ਜਾਵੇ ਤਾਂ ਵੀਹ ਕਿਲੋਮੀਟਰ ਦੂਰ ਗਿਆ ਪਰਿਵਾਰ ਵੀ ਚਾਰਜਰ ਲੈਣ ਲਈ ਮੁੜ ਕੇ ਘਰ ਨੂੰ ਚਾਲੇ ਪਾ ਦਿੰਦਾ ਹੈ। ਅਸਲੀ ਮਜ਼ਾ ਤਾਂ ਉਦੋਂ ਆਉਂਦਾ ਹੈ ਜਦੋਂ ਸਾਮਾਨ ਪੈਕ ਕਰਦੇ ਪਤੀ ਨੂੰ ਉਸ ਦੀ ਪਤਨੀ ਧਮਕੀ ਭਰੇ ਅੰਦਾਜ਼ 'ਚ ਕਹਿੰਦੀ ਹੈ, ''ਆਹ ਸੁਣਿਓ ਜੀ, ਮੇਰਾ ਬਰੀਕ ਪਿੰਨ ਵਾਲਾ ਚਾਰਜਰ ਬੈਗ 'ਚ ਪਾ ਲੈਣਾ... ਕਿਧਰੇ ਭੁੱਲ ਨਾ ਜਾਣਾ... ਨਹੀਂ ਤਾਂ ਮੈਂ ਉੱਥੇ ਜਾ ਕੇ ਤੁਹਾਡਾ ਫ਼ੋਨ ਫੜ ਲੈਣੇ ਤੇ ਤੁਹਾਨੂੰ ਆਪਣੇ ਫ਼ੋਨ ਦਾ ਪਾਸਵਰਡ ਵੀ ਮੈਨੂੰ ਦੇਣਾ ਪੈਣੈ।'' ਆਪਣੇ ਫ਼ੋਨ ਦਾ ਪਾਸਵਰਡ ਆਪਣੀ ਪਤਨੀ ਨੂੰ ਦੇਣ ਦੀ ਗੱਲ ਸੁਣ ਕੇ ਪਤੀ ਦੇ ਧੁਰ ਅੰਦਰ ਤੱਕ ਧੁੜਧੁੜੀ ਜਿਹੀ ਉੱਠਦੀ ਹੈ। ਪਰਮਾਤਮਾ ਦੀ ਲੀਲਾ ਵੇਖੋ ਕਿ ਵਿਆਹ ਦੇ ਸੱਤ ਫੇਰਿਆਂ ਸਮੇਂ ਜਨਮ-ਜਨਮ ਤੱਕ ਸਾਥ ਨਿਭਾਉਣ ਦੀਆਂ ਕਸਮਾਂ ਖਾਣ ਵਾਲੇ ਪਤੀ-ਪਤਨੀ ਆਪੋ-ਆਪਣੇ ਫ਼ੋਨ ਦਾ ਪਾਸਵਰਡ ਕਦੇ ਇੱਕ ਦੂਜੇ ਨੂੰ ਪਤਾ ਨਹੀਂ ਲੱਗਣ ਦਿੰਦੇ ਤੇ 'ਸੁਰੱਖਿਆ ਕਾਰਨਾਂ ਕਰਕੇ' ਸਮੇਂ-ਸਮੇਂ 'ਤੇ ਪਾਸਵਰਡ ਵੀ ਬਦਲਦੇ ਵੀ ਰਹਿੰਦੇ ਹਨ। ਜੇਕਰ ਕੋਈ ਭੋਲਾ-ਪਤੀ ਆਪਣੀ ਪਤਨੀ ਦੇ ਫ਼ੋਨ ਦਾ ਰੀਚਾਰਜ ਕਰਵਾਉਣਾ ਭੁੱਲ ਜਾਵੇ ਤਾਂ ਸ਼ਾਮ ਨੂੰ ਉਸ ਦੇ ਵਿਹੜੇ 'ਚ ਪੈਰ ਧਰਦਿਆਂ ਸਾਰ ਹੀ ਪਤਨੀ ਅੱਗੋਂ ਅੱਗ ਦੇ ਭਬੂਕੇ ਵਾਂਗੂੰ ਪੈਂਦਿਆਂ ਆਖ਼ਦੀ ਹੈ, ''ਤੁਸੀਂ ਵੀ ਨਾ ਸੱਚੀਂ ਕਿਸੇ ਕੰਮ ਦੇ ਬੰਦੇ ਨਹੀਂ... ਇੱਕ ਕੰਮ ਵੀ ਤੁਹਾਡੇ ਤੋਂ ਚੱਜ ਨਾਲ ਨਹੀਂ ਹੁੰਦਾ...। ਆਹ ਪਾਣੀ ਦਾ ਘੁੱਟ ਬਾਅਦ 'ਚ ਪੀਓ ਤੇ ਪਹਿਲਾਂ ਮੇਰੇ ਫ਼ੋਨ ਦਾ ਰੀਚਾਰਜ ਕਰਾ ਕੇ ਆਓ... ਨਹੀਂ ਤਾਂ ਮੇਰੇ ਤੋਂ ਬੁਰਾ ਅੱਜ ਕੋਈ ਨਹੀਂ।'' ਪਤਨੀ ਦੀ ਸ਼ੇਰ ਵਰਗੀ ਦਹਾੜ 'ਚ ਇਹ ਹੁਕਮ ਸੁਣ ਕੇ ਪਤੀ ਵਿਚਾਰਾ ਉਨ੍ਹੀਂ ਪੈਰੀਂ ਬਾਜ਼ਾਰ ਨੂੰ ਤੁਰ ਪੈਂਦਾ ਏ ਕਿਉਂਕਿ ਉਸ ਨੂੰ ਪਤਾ ਹੁੰਦਾ ਏ ਕਿ 'ਉਸ ਦੀ ਪਤਨੀ ਤੋਂ ਬੁਰਾ' ਹੋਰ ਹੈ ਵੀ ਕੋਈ ਨਹੀਂ।

ਸੰਪਰਕ: 97816-46008

ਈਸ਼ਦੀਪ ਕੌਰ
ਈਸ਼ਾ ਦੀਆਂ ਦੋ ਬਾਲ ਕਹਾਣੀਆਂ



# ਕੁਦਰਤ ਦਾ ਏ.ਸੀ.

ਰਾਤ ਦਾ ਵੇਲ਼ਾ ਸੀ। ਸਾਰਾ ਪਰਿਵਾਰ ਸੌਂ ਚੁੱਕਾ ਸੀ। ਗਰਮੀ ਬਹੁਤ ਜ਼ਿਆਦਾ ਸੀ। ਅਚਾਨਕ ਬਿਜਲੀ ਜਾਣ ਕਾਰਨ ਏ.ਸੀ. ਬੰਦ ਹੋ ਗਿਆ। ਜਦੋਂ ਤਕ ਏ.ਸੀ. ਦੀ ਠੰਢਕ ਦਾ ਅਸਰ ਰਿਹਾ, ਪਰਿਵਾਰ ਘੇਸਲ ਮਾਰ ਕੇ ਸੁੱਤਾ ਰਿਹਾ। ਬਿਜਲੀ ਗਏ ਨੂੰ ਕਾਫ਼ੀ ਦੇਰ ਹੋ ਗਈ ਸੀ, ਆਉਣ ਦਾ ਨਾਂ ਹੀ ਨਹੀਂ ਲੈ ਰਹੀ ਸੀ। ਪਰਿਵਾਰ ਉੱਠ ਦੇ ਬਹਿ ਗਿਆ। ਲਾਡੀ ਗਰਮੀ ਤੋਂ ਘਬਰਾਇਆ ਹੋਇਆ ਪਾਪਾ ਨੂੰ ਵਾਰ-ਵਾਰ ਤੰਗ ਕਰੀ ਜਾ ਰਿਹਾ ਸੀ ਅਤੇ ਪੁੱਛੀ ਜਾ ਰਿਹਾ ਸੀ ਕਿ ਬਿਜਲੀ ਕਦੋਂ ਆਵੇਗੀ? ਕਦੋਂ ਏ.ਸੀ. ਚੱਲੇਗਾ? ਉਹਦੇ ਪਾਪਾ ਉਸ ਨੂੰ ਵਾਰ-ਵਾਰ ਦਿਲਾਸਾ ਦਈ ਜਾ ਰਹੇ ਸਨ ਕਿ ਪੁੱਤਰ ਥੋੜ੍ਹਾ ਸਬਰ ਕਰ, ਬਸ ਜਲਦੀ ਹੀ ਆ ਜਾਏਗੀ ਬਿਜਲੀ। ਪਰ ਲਾਡੀ ਕੋਲ ਸਬਰ ਨਾਂ ਦੀ ਭਾਵਨਾ ਹੀ ਨਹੀਂ ਸੀ। ਅਚਾਨਕ ਲਾਡੀ ਨੂੰ ਸਮਝਾਉਣ ਲਈ ਉਨ੍ਹਾਂ ਨੂੰ ਇਕ ਤਰਕੀਬ ਸੁੱਝੀ। ਉਨ੍ਹਾਂ ਨੇ ਲਾਡੀ ਨੂੰ ਕਿਹਾ,"ਚੱਲ ਪੁੱਤਰ ਅੱਜ ਤੈਨੂੰ ਇੱਕ ਹੋਰ ਏ.ਸੀ. ਦਿਖਾਵਾਂ।" ਉਹ ਹੈਰਾਨ ਹੋਇਆ ਪਾਪਾ ਦੇ ਪਿੱਛੇ-ਪਿੱਛੇ ਤੁਰ ਪਿਆ ਕਿ ਕਦੋਂ ਉੱਥੇ ਪਹੁੰਚਾਂ ਜਿੱਥੇ ਹਵਾ ਏ.ਸੀ. ਨੂੰ ਵੀ ਮਾਤ ਦੇਂਦੀ ਹੋਵੇ! ਪਾਪਾ ਕੋਲ ਅਜਿਹੀ ਕਿਹੜੀ ਜਾਦੂ ਵਾਲੀ ਥਾਂ ਹੈ? ਪਾਪਾ ਉਸ ਨੂੰ ਲੈ ਕੇ ਘਰ ਦੀ ਛੱਤ 'ਤੇ ਜਾ ਪੁੱਜੇ। ਉੱਥੇ ਚੰਨ ਦੀ ਮਨਮੋਹਕ ਚਾਨਣੀ ਚਾਰੋਂ ਪਾਸੇ ਫੈਲੀ ਹੋਈ ਸੀ। ਘਣੇ ਤਾਰਿਆਂ ਨਾਲ ਅਸਮਾਨ ਭਰਿਆ ਪਿਆ ਸੀ। ਵਾਤਾਵਰਣ ਵਿਚ ਹੇਠਾਂ ਕਮਰਿਆਂ ਨਾਲੋਂ ਵਾਤਾਰਵਰਣ ਕਾਫ਼ੀ ਠੰਢਾ ਸੀ। ਹੁਣ ਪਾਪਾ ਕਹਿਣ ਲੱਗੇ, "ਪੁੱਤਰ, ਆਪਣੇ ਘਰ ਦੀ ਇਹ ਛੱਤ, ਜੋ ਏ.ਸੀ. ਨੇ ਤੈਨੂੰ ਭੁਲਾ ਹੀ ਦਿੱਤੀ ਹੈ। ਆ ਇੱਥੇ ਮੰਜੇ 'ਤੇ ਲੇਟ ਕੇ ਕੁਦਰਤ ਦੇ ਏ.ਸੀ. ਦਾ ਆਨੰਦ ਲਈਏ।" ਉਹ ਉੱਥੇ ਰੱਖੇ ਮੰਜੇ ਨੂੰ ਡਾਹ ਕੇ ਉਸ ਉੱਤੇ ਲੇਟ ਗਏ। ਗਰਮੀ ਅਤੇ ਉਨੀਂਦਰੇ ਨਾਲ ਥੱਕੇ ਲਾਡੀ ਨੂੰ ਲੇਟਦੇ ਹੀ ਨੀਂਦ ਆ ਗਈ ਅਤੇ ਉਹ ਤਾਰਿਆਂ ਦੇ ਸਮੁੰਦਰ ਵਿਚ ਤਾਰੀਆਂ ਲਾਉਣ ਲੱਗਾ। ਬਿਜਲੀ ਕਦੋਂ ਆਈ ਕਦੋਂ ਨਹੀਂ, ਇਸ ਸਭ ਕਾਸੇ ਤੋਂ ਬੇਖ਼ਬਰ, ਲਾਡੀ ਕੁਦਰਤ ਦੇ ਏ.ਸੀ. ਹੇਠਾਂ ਡੂੰਘੀ ਨੀਂਦਰ ਦਾ ਅਨੰਦ ਮਾਣਦਾ ਰਿਹਾ।

ਅਗਲੇ ਦਿਨ ਲਾਡੀ ਪਾਪਾ ਨੂੰ ਕਹਿਣ ਲੱਗਾ,"ਪਾਪਾ, ਹੁਣ ਤਾਂ ਮੈਂ ਹਰ ਰੋਜ਼ ਕੁਦਰਤ ਦੇ ਏ.ਸੀ. ਦਾ ਹੀ ਅਨੰਦ ਲਵਾਂਗਾ। ਇਹ ਤਾਂ ਸੱਚਮੁੱਚ ਮੈਨੂੰ ਭੁੱਲ ਹੀ ਗਿਆ ਸੀ !"

ਉਸਦੀ ਗੱਲ ਸੁਣ ਕੇ ਪਾਪਾ ਦਾ ਚਿਹਰਾ ਤਸੱਲੀ ਨਾਲ ਖਿੜ ਉੱਠਿਆ।



# ਅਮਰੂਦ



ਇੱਕ ਘਰ ਵਿੱਚ ਅਮਰੂਦ ਦਾ ਰੁੱਖ ਲੱਗਿਆ ਹੋਇਆ ਸੀ। ਹਰ ਸਾਲ ਰੁੱਖ 'ਤੇ ਬਹੁਤ ਅਮਰੂਦ ਲੱਗਦੇ ਸਨ। ਘਰ ਦਾ ਮਾਲਕ ਇਕ ਬਜ਼ੁਰਗ ਆਦਮੀ ਸੀ। ਹਰ ਸੀਜ਼ਨ ਵਿਚ ਸਾਰਾ ਰੁੱਖ ਅਮਰੂਦਾਂ ਨਾਲ ਭਰ ਜਾਂਦਾ ਸੀ ਅਤੇ ਅਮਰੂਦ ਪੱਕ-ਪੱਕ ਕੇ ਧਰਤੀ 'ਤੇ ਡਿੱਗਦੇ ਰਹਿੰਦੇ। ਉਹ ਬਜ਼ੁਰਗ ਆਦਮੀ ਆਪਣੇ ਰੁੱਖ ਦੇ ਨੇੜੇ ਨਾ ਤਾਂ ਕਿਸੇ ਨੂੰ ਆਉਣ ਦਿੰਦਾ ਅਤੇ ਨਾ ਹੀ ਉਹ ਡਿੱਗੇ ਹੋਏ ਅਮਰੂਦਾਂ ਨੂੰ ਸੰਭਾਲਦਾ, ਨਾ ਆਂਢ ਗੁਆਂਢ ਵਿਚ ਵੰਡਦਾ ਸੀ। ਇਸ ਕਾਰਨ ਅਮਰੂਦਾਂ ਦਾ ਫਲ ਧਰਤੀ 'ਤੇ ਡਿੱਗ ਡਿੱਗ ਕੇ ਸੜਦਾ ਰਹਿੰਦਾ ਅਤੇ ਖ਼ਰਾਬ ਹੋ ਜਾਂਦਾ। ਉਹ ਬਜ਼ੁਰਗ ਬਹੁਤ ਰੁੱਖੇ ਸੁਭਾਅ ਦਾ ਸੀ। ਮੁਹੱਲੇ ਵਿਚ ਕੋਈ ਵੀ ਉਸ ਨਾਲ ਬੋਲਦਾ ਨਹੀਂ ਸੀ, ਉਹ ਵੀ ਕਿਸੇ ਦੇ ਦੁੱਖ ਸੁੱਖ ਵਿਚ ਜਾ ਕੇ ਨਹੀਂ ਖੜ੍ਹਦਾ ਸੀ। ਇਕ ਵਾਰ ਮੁਹੱਲੇ ਦੇ ਬੱਚਿਆਂ ਨੇ ਇਕ ਯੋਜਨਾ ਬਣਾਈ ਕਿ ਇਸ ਵਾਰ ਤਾਂ ਕਿਸੇ ਨਾ ਕਿਸੇ ਤਰੀਕੇ ਅਮਰੂਦ ਖਾ ਕੇ ਹੀ ਰਹਾਂਗੇ। ਉਨ੍ਹਾਂ ਨੇ ਹਰ ਬੱਚੇ ਦੀ ਡਿਊਟੀ ਲਗਾਈ ਕਿ ਹਰ ਰੋਜ਼ ਇਕ ਬੱਚਾ ਜਾ ਕੇ ਉਸ ਬਜ਼ੁਰਗ ਦੀ ਅੱਖ ਬਚਾ ਕੇ ਅਮਰੂਦ ਚੁੱਕ ਲਿਆਇਆ ਕਰੇ ਅਤੇ ਸਾਰੇ ਆਪਸ ਵਿਚ ਵੰਡ ਲਿਆ ਕਰਣਗੇ। ਇਹ ਯੋਜਨਾ ਸਫਲ ਵੀ ਰਹੀ ਅਤੇ ਕਈ ਦਿਨ ਇਹ ਸਿਲਸਿਲਾ ਚਲਦਾ ਰਿਹਾ।ਇੱਕ ਦਿਨ ਬਜ਼ੁਰਗ ਦੀ ਨਜ਼ਰ ਅਮਰੂਦ ਚੁੱਕਦੇ ਹੋਏ ਇਕ ਬੱਚੇ 'ਤੇ ਪੈ ਗਈ, ਉਹ ਬਹੁਤ ਗੁੱਸੇ ਵਿਚ ਆ ਗਿਆ ਅਤੇ ਉਸ ਨੇ ਦਬਕਾ ਮਾਰ ਕੇ ਉਸ ਨੂੰ ਬਿਨਾ ਅਮਰੂਦ ਚੁੱਕੇ ਭਜਾ ਦਿੱਤਾ ਅਤੇ ਅੱਗੇ ਤੋਂ ਪੂਰੀ ਨਿਗਰਾਨੀ ਰੱਖਣ ਲੱਗਾ। ਹੁਣ ਬੱਚੇ ਉੱਥੇ ਨਹੀਂ ਆਉਂਦੇ ਸਨ। ਪਰ ਬੱਚਿਆਂ ਦੀਆਂ ਆਵਾਜ਼ਾਂ ਕਾਰਨ ਜੋ ਰੌਣਕ ਲੱਗਦੀ ਸੀ ਉਹ ਹੁਣ ਬੰਦ ਹੋ ਗਈ ਅਤੇ ਹੈਰਾਨੀਜਨਕ ਗੱਲ ਇਹ ਵੀ ਹੋਈ ਕਿ ਰੁੱਖ ਦੇ ਅਮਰੂਦ ਵੀ ਸੁੱਕਣ ਲੱਗ ਪਏ। ਇਹ ਸਭ ਕੁਝ ਦੇਖ ਕੇ ਬਜ਼ੁਰਗ ਕੁਝ ਪਰੇਸ਼ਾਨ ਰਹਿਣ ਲੱਗਾ। ਇਕ ਦਿਨ ਫਿਰ ਇਕ ਬੱਚਾ ਚੋਰੀ ਛੁਪੇ ਆਇਆ ਅਤੇ ਜਿੰਨੇ ਵੀ ਚੰਗੇ ਅਮਰੂਦ ਮਿਲੇ ਲੈ ਕੇ ਚਲਾ ਗਿਆ। ਇਹ ਗੱਲ ਬਜ਼ੁਰਗ ਨੂੰ ਵੀ ਪਤਾ ਚੱਲ ਗਈ ਅਤੇ ਉਸ ਨੇ ਅਗਲੇ ਦਿਨ ਅਮਰੂਦ ਦੇ ਰੁੱਖ ਵਿਚ ਆਈ ਤਬਦੀਲੀ ਵੀ ਨੋਟ ਕੀਤੀ ਕਿ ਅਮਰੂਦ ਦੇ ਫਲ ਫਿਰ ਚੰਗੇ-ਚੰਗੇ ਲੱਗ ਰਹੇ ਹਨ। ਬਜ਼ੁਰਗ ਹੁਣ ਕੁਦਰਤ ਦੇ ਰਾਜ਼ ਨੂੰ ਸਮਝ ਗਿਆ ਕਿ ਰੁੱਖ ਵੀ ਪਿਆਰ ਅਤੇ ਸਨੇਹ ਚਾਹੁੰਦੇ ਹਨ। ਸੋ, ਹੁਣ ਉਸ ਨੇ ਆਨੇ ਬਹਾਨੇ ਬੱਚਿਆਂ ਨੂੰ ਬੁਲਾਉਣਾ ਅਤੇ ਆਪਣੇ ਨਾਲ ਖੇਡਣ ਲਈ ਆਖਣਾ ਸ਼ੁਰੂ ਕੀਤਾ।ਇਹ ਰੌਣਕ ਮੁੜ ਆਈ ਦੇਖ ਦੇ ਅਮਰੂਦ ਦੇ ਰੁੱਖ 'ਤੇ ਫਿਰ ਖੇੜਾ ਆ ਗਿਆ ਅਤੇ ਉਸ 'ਤੇ ਬਹਾਰ ਛਾਈ ਦਿਖਾਈ ਦੇਣ ਲੱਗੀ। ਹੁਣ ਬਜ਼ੁਰਗ ਦਾ ਵਿਹੜਾ ਬੱਚਿਆਂ ਦੀ ਕਿਲਕਾਰੀਆਂ ਨਾਲ ਖਿੜ ਗਿਆ ਸੀ ਅਤੇ ਅਮਰੂਦ ਦਾ ਰੁੱਖ ਵੀ ਖ਼ੂਬ ਫਲ ਦੇਣ ਲੱਗ ਪਿਆ ਸੀ।

ਕਰਮਜੀਤ ਕੌਰ ਮੁਕਤਸਰ



# ਰੂਹ ਦਾ ਹਾਣੀ

ਗੱਲ 2020 ਦੀ ਹੈ। ਗਰਮੀਆਂ ਦੇ ਦਿਨ ਸਨ। ਸੁਬਹ-ਸਵੇਰੇ ਮੈਂ ਘਰ ਦੇ ਨਿੱਕੇ ਮੋਟੇ ਕੰਮ ਨਿਬੇੜਨ ਵਿੱਚ ਰੁੱਝੀ ਹੋਈ ਸੀ। ਇੰਨੇ ਨੂੰ ਸਾਡੀ ਸਫ਼ਾਈ ਸੇਵਕ ਨਾਜ਼ੋ ਨੇ ਆਉਂਦਿਆਂ ਹੀ ਕਿਹਾ, "ਸਤਿ ਸ੍ਰੀ ਅਕਾਲ ਭੈਣ ਜੀ।" ਮੈਂ ਤ੍ਰਭਕ ਕੇ, ਤੇਜ਼ੀ ਨਾਲ ਉਸ ਵੱਲ ਦੇਖਿਆ ਤੇ ਉਸ ਦੀ ਸਤਿ ਸ੍ਰੀ ਅਕਾਲ ਦਾ ਜਵਾਬ ਦੇ ਕੇ ਪੈਂਦੀ ਸੱਟੇ ਕਿਹਾ, "ਲੱਗਦਾ ਸਾਰੇ ਰਿਸ਼ਤੇਦਾਰ ਹੁਣ ਚਲੇ ਗਏ ਹੋਣੇ ਆਂ।" ਕਿਉਂਕਿ ਨਾਜ਼ੋ ਆਪਣੇ ਭਤੀਜੇ ਦੇ ਵਿਆਹ ਤੋਂ ਦਸ ਦਿਨ ਬਾਅਦ ਕੰਮ 'ਤੇ ਆਈ ਸੀ। "ਨਹੀਂ ਭੈਣ ਜੀ, ਵਿਆਹ 'ਤੇ ਤਾਂ ਮੇਰੇ ਸਿਵਾਏ ਕਿਸੇ ਹੋਰ ਨੂੰ ਨਹੀਂ ਬੁਲਾਇਆ ਸੀ।" "ਹੈਂ! ਪਰ ਕਿਉਂ?" ਮੈਂ ਹੈਰਾਨੀ ਨਾਲ ਪੁੱਛਿਆ।

ਨਾਜ਼ੋ ਨੇ ਠੰਢਾ ਹਾਉਕਾ ਲੈਂਦਿਆਂ ਰਸੋਈ ਨਾਲ ਖੜ੍ਹੀ ਕੀਤੀ ਪੀੜ੍ਹੀ ਨੂੰ ਡਾਹੁੰਦਿਆਂ ਕਿਹਾ, "ਲਵ ਮੈਰਿਜ ਸੀ ਨਾ ਭੈਣ ਜੀ, ਤਾਂ ਕਰਕੇ।" "ਲਵ ਹੋਵੇ ਜਾਂ ਅਰੇਂਜ, ਮੈਰਿਜ ਤਾਂ ਮੈਰਿਜ ਈ ਹੁੰਦੀ ਆ ਨਾਜ਼ੋ।" ਮੈਂ ਕੁਰਸੀ ਉਸ ਦੀ ਪੀੜ੍ਹੀ ਦੇ ਨੇੜੇ ਕਰਦਿਆਂ ਕਿਹਾ। ਉਹ ਢਿੱਲਾ ਜਿਹਾ ਮੂੰਹ ਕਰ ਕੇ ਬੋਲੀ, "ਕੀ ਦੱਸਾਂ ਭੈਣ ਜੀ, ਕੁੜੀ ਦੇ ਪੇਕਿਆਂ ਦਾ ਜੱਦੀ ਸ਼ਹਿਰ ਤਾਂ ਕਿਤੇ ਹੋਰ ਦਾ ਹੈ ਪਰ ਹੁਣ ਮੇਰੇ ਪੇਕਿਆਂ ਦੇ ਘਰ ਤੋਂ ਦੋ-ਚਾਰ ਘਰ ਛੱਡ ਕੇ ਆਪਣੀ ਮਾਂ ਨਾਲ ਕਿਰਾਏ ਦੇ ਘਰ 'ਚ ਰਹਿੰਦੀ ਹੈ। ਲੜਕੀ ਦਾ ਪਿਤਾ ਕਿਸੇ ਬਿਮਾਰੀ ਕਰਕੇ ਰੱਬ ਨੂੰ ਪਿਆਰਾ ਹੋ ਗਿਆ। ਪਿਤਾ ਦੀ ਬਿਮਾਰੀ ਕਰਕੇ ਹੀ ਉਨ੍ਹਾਂ ਦਾ ਘਰ-ਬਾਰ ਸਭ ਕੁਝ ਵਿਕ ਗਿਆ ਸੀ, ਕੋਈ ਪੈਸਾ ਧੇਲਾ ਨਾ ਰਿਹਾ। ਫਿਰ ਮਾਵਾਂ-ਧੀਆਂ ਕਿਰਾਏ ਦੇ ਮਕਾਨ 'ਚ ਰਹਿਣ ਲੱਗ ਪਈਆਂ। ਲੜਕੀ ਦੀ ਮਾਂ ਨੇ ਲੋਕਾਂ ਦੇ ਘਰਾਂ 'ਚ ਖਾਣਾ ਬਣਾਉਣ ਤੇ ਸਾਫ਼-ਸਫ਼ਾਈ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਘਰ ਦੇ ਗੁਜ਼ਾਰੇ ਦੇ ਨਾਲ-ਨਾਲ ਕੁੜੀ ਪੜ੍ਹ-ਲਿਖ ਕੇ ਪੈਰਾਂ 'ਤੇ ਖੜ੍ਹੀ ਹੋ ਸਕੇ। ਪੜ੍ਹਾਈ-ਲਿਖਾਈ 'ਚ ਲੜਕੀ ਕਾਫ਼ੀ ਹੁਸ਼ਿਆਰ ਸੀ। ਮੇਰੇ ਭਤੀਜੇ ਰਮੇਸ਼ ਦੇ ਨਾਲ ਹੀ ਕਾਲਜ 'ਚ ਪੜ੍ਹਦੀ ਸੀ। ਦੋਵੇਂ ਚੰਗੇ ਦੋਸਤ ਸੀ। ਰਮੇਸ਼ ਵੀ ਹਰ ਦੁੱਖ-ਸੁੱਖ 'ਚ ਉਸ ਦੀ ਮੱਦਦ ਕਰਦਾ ਸੀ। ਦੋਵੇਂ ਇੱਕ ਦੂਜੇ ਨੂੰ ਪਸੰਦ ਕਰਨ ਲੱਗੇ ਤੇ ਫਿਰ ਦੋਹਾਂ ਨੇ ਜ਼ਿੰਦਗੀ ਭਰ ਇੱਕਠੇ ਰਹਿਣ ਦਾ ਵਾਅਦਾ ਕਰ ਲਿਆ। ਪਰ ਘਰ ਦੀਆਂ ਜ਼ਿੰਮੇਵਾਰੀਆਂ ਸਿਰ ਪੈਣ ਕਰਕੇ ਰਮੇਸ਼ ਦੀ ਪੜ੍ਹਾਈ ਅੱਧ-ਵਿਚਕਾਰ ਛੁੱਟਗੀ। ਉਹ ਪ੍ਰਾਈਵੇਟ ਸੱਤ-ਅੱਠ ਹਜ਼ਾਰ ਰੁਪਏ 'ਤੇ ਨੌਕਰੀ ਕਰਨ ਲੱਗ ਗਿਆ। ਦੂਜੇ ਪਾਸੇ ਉਸ ਲੜਕੀ ਨੂੰ ਕਿਸੇ ਚੰਗੇ ਅਹੁਦੇ 'ਤੇ ਸਰਕਾਰੀ ਨੌਕਰੀ ਮਿਲ ਗਈ। ਰਮੇਸ਼ ਦੇ ਦੋਸਤਾਂ ਨੇ ਰਮੇਸ਼ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਲੜਕੀ ਹੁਣ ਤੇਰੇ ਨਾਲ ਕਦੇ ਵੀ ਵਿਆਹ ਨਹੀਂ ਕਰਾਊਗੀ। ਆਪਣੇ ਦੋਸਤਾਂ ਦੇ ਤਾਅਨੇ-ਮਿਹਣਿਆਂ ਤੋਂ ਤੰਗ ਆ ਕੇ ਰਮੇਸ਼ ਨੇ ਘਰੋਂ ਨਿਕਲਣਾ ਬੰਦ ਕਰ ਦਿੱਤਾ। ਦਿਮਾਗ਼ੀ ਤੌਰ 'ਤੇ ਪਰੇਸ਼ਾਨ ਰਹਿਣ ਕਰਕੇ ਉਹ ਗਹਿਰੇ ਸਦਮੇ ਦਾ ਸ਼ਿਕਾਰ ਹੋ ਗਿਆ। ਤੇ ਪਾਗਲਪਣ ਕਰਨ ਲੱਗ ਪਿਆ। ਕਈ ਵਾਰ ਤਾਂ ਉਸ ਨੇ ਆਤਮ-ਹੱਤਿਆ ਕਰਨ ਦੀ ਵੀ ਕੋਸ਼ਿਸ਼ ਕੀਤੀ। ਬਥੇਰੇ ਡਾਕਟਰਾਂ ਨੂੰ ਦਿਖਾਇਆ ਪਰ ਉਹ ਸਦਮੇ 'ਚੋਂ ਬਾਹਰ ਨਾ ਆਇਆ। ਰਮੇਸ਼ ਦੀ ਬੁਰੀ ਹਾਲਤ ਦੇਖ ਕੇ ਉਸ ਲੜਕੀ ਨੂੰ ਵਿਆਹ ਕਰਨ ਲਈ ਕਿਹਾ ਤਾਂ ਉਸ ਨੇ ਸਾਫ਼ ਜਵਾਬ ਦੇ ਦਿੱਤਾ ਪਰ ਇੱਕ ਸ਼ਰਤ 'ਤੇ ਉਸ ਨੇ ਵਿਆਹ ਲਈ ਹਾਂ ਕਰ ਦਿੱਤੀ ਕਿ ਇਸ ਵਿਆਹ ਬਾਰੇ ਕਿਸੇ ਨੂੰ ਇੱਕ ਤੋਂ ਦੂਜੇ ਕੰਨ ਖ਼ਬਰ ਨਹੀਂ ਹੋਣੀ ਚਾਹੀਦੀ। ਆਪਣੇ ਮੁੰਡੇ ਦੀ ਹਾਲਤ ਦੇਖ ਕੇ ਅਸੀਂ ਵੀ ਹਾਂ ਕਰ ਦਿੱਤੀ। ਕੁੜੀ ਆਪਣੇ ਸੂਹੇ ਜੋੜੇ 'ਚ ਤਿਆਰ ਹੋਈ। ਦੂਜੇ ਕਮਰੇ ਵਿੱਚ ਭਤੀਜੇ ਦੇ ਸਿਰ 'ਤੇ ਸਿਹਰਾ ਬੰਨ੍ਹਿਆ। ਘਰ ਦੇ ਇੱਕ ਮੈਂਬਰ ਨੇ ਗੇਟ 'ਚ ਖੜ੍ਹ ਕੇ ਪਹਿਰਾ ਦਿੱਤਾ ਕਿ ਕਿਸੇ ਨੂੰ ਵਿਆਹ ਬਾਰੇ ਭਿਣਕ ਨਾ ਪੈ ਜਾਵੇ। ਪੰਡਿਤ ਨੇ ਲਾਵਾਂ-ਫੇਰੇ ਕਰਵਾਏ ਤੇ ਵਿਆਹ ਹੋ ਗਿਆ। ਬੱਸ ਅੱਧੇ ਘੰਟੇ ਬਾਅਦ ਕੁੜੀ ਨੇ ਵਿਆਹ ਵਾਲਾ ਸੂਹਾ ਜੋੜਾ ਲਾਹ ਕੇ ਆਪਣੇ ਪੁਰਾਣੇ ਕੱਪੜੇ ਪਾ ਲਏ ਤੇ ਆਪਣੇ ਘਰ ਜਾਣ ਨੂੰ ਤਿਆਰ ਹੋ ਗਈ। ਜਾਣ ਲੱਗੀ ਸਾਰਿਆਂ ਨੂੰ ਕਹਿੰਦੀ ਕਿ ਹਾਲਾਤ ਦੇ ਠੀਕ ਹੁੰਦਿਆਂ ਹੀ ਮੈਂ ਜਲਦੀ ਵਾਪਸ ਆ ਜਾਊਂਗੀ। ਪਰ ਓਨੀ ਦੇਰ ਆਪਣੀ ਮਾਂ ਦੇ ਘਰ ਹੀ ਰਹੇਗੀ। ਅਗਲੇ ਦਿਨ ਰਸੋਈ ਦੀਆਂ ਰਸਮਾਂ ਲਈ ਕੁੜੀ ਨੂੰ ਫਿਰ ਫੋਨ ਕੀਤਾ ਕਿ ਬਈ ਆਪਣੀਆਂ ਰਸਮਾਂ ਪੂਰੀਆਂ ਕਰੇ। ਆਪਣੀ ਡਿਊਟੀ 'ਤੇ ਜਾਣ ਤੋਂ ਪਹਿਲਾਂ ਆਪਣੀ ਮਾਂ ਤੋਂ ਅੱਖ ਬਚਾ ਕੇ ਉਹ ਘਰ ਆਈ ਤੇ ਸਾਰਿਆਂ ਲਈ ਜਲਦੀ-ਜਲਦੀ ਹਲਵਾ ਬਣਾ ਕੇ ਰੱਖਗੀ ਅਤੇ ਡਿਊਟੀ ਚਲੀ ਗਈ। ਬਸ ਭੈਣ ਜੀ, ਇਹੀ ਵਿਆਹ ਸੀ। ਵਿਆਹ ਸੀ ਜਾਂ ਨਾਟਕ ਅਜੇ ਇਸ ਬਾਰੇ ਕੁਝ ਨਹੀਂ ਕਹਿ ਸਕਦੇ।" ਨਾਜ਼ੋ ਦੇ ਮੂੰਹੋਂ ਵਿਆਹ ਦੀ ਸਾਰੀ ਵਿਥਿਆ ਸੁਣ ਕੇ ਮੈਂ ਵੀ ਡੂੰਘੀ ਸੋਚ 'ਚ ਡੁੱਬ ਗਈ। ਮੇਰੇ ਆਲੇ-ਦੁਆਲੇ ਵਾਪਰੀਆਂ ਕੁਝ ਇਸ ਤਰ੍ਹਾਂ ਦੀਆਂ ਘਟਨਾਵਾਂ ਹੁਣ ਤਾਜ਼ਾ ਹੋ ਗਈਆਂ ਜਿਨ੍ਹਾਂ ਵਿੱਚ ਕੋਮਲ ਰਿਸ਼ਤਿਆਂ 'ਚ ਆਪਸੀ ਵਿਸਾਹਘਾਤ, ਜਜ਼ਬਾਤ ਦਾ ਖ਼ੂਨ ਅਤੇ ਖ਼ੁਦਕੁਸ਼ੀਆਂ ਦੇ ਮਾਮਲਿਆਂ ਦੀਆਂ ਅਜਿਹੀਆਂ ਦੁਖਾਂਤਕ ਘਟਨਾਵਾਂ ਵਿੱਚ ਲੁੱਟੇ-ਪੁੱਟੇ ਪਰਿਵਾਰਾਂ ਨੂੰ ਰੋਂਦੇ-ਕੁਰਲਾਉਂਦੇ ਹੋਏ ਆਪਣੇ ਅੱਖੀਂ ਤੱਕਿਆ ਸੀ ਮੈਂ। ਕੁਝ ਸਮਾਂ ਚੁੱਪ ਤੋਂ ਬਾਅਦ ਮੇਰੇ ਧੁਰ ਅੰਦਰੋਂ ਆਵਾਜ਼ ਆਈ, 'ਇਨ੍ਹਾਂ ਨਾਜ਼ੁਕ ਰਿਸ਼ਤਿਆਂ ਦੀਆਂ ਬਾਰੀਕ ਤੰਦਾਂ ਨੂੰ ਤਾਂ ਇੱਕ, ਰੂਹ ਦਾ ਹਾਣੀ ਜ਼ਰੂਰੀ ਸਾਂਭ ਕੇ ਰੱਖਦਾ।' ਮੇਰੇ ਧੜਕਦੇ ਹੋਏ ਦਿਲ ਨੇ ਇਸ ਆਵਾਜ਼ ਦੀ ਹਾਮੀ ਭਰੀ। ਹੋਠਾਂ 'ਤੇ ਮੁਸਕਾਨ ਆਪਮੁਹਾਰੇ ਛਾ ਗਈ।

ਮੈਂ ਕੁਰਸੀ ਤੋਂ ਉੱਠੀ ਤੇ ਨਾਜ਼ੋ ਨੂੰ ਹੌਸਲਾ ਦਿੰਦਿਆਂ ਕਿਹਾ, "ਚਿੰਤਾ ਨਾ ਕਰ, ਸਭ ਠੀਕ ਹੋ ਜਾਊਗਾ।" ਉਸ ਨੂੰ ਮੈਂ ਪੀਣ ਲਈ ਪਾਣੀ ਦਾ ਗਿਲਾਸ ਫੜਾਇਆ। ਨਾਜ਼ੋ ਚੁੱਪਚਾਪ ਪੀੜ੍ਹੀ ਤੋਂ ਉੱਠ ਕੇ ਕੰਮ ਵਿੱਚ ਜੁਟ ਗਈ। ਉਸ ਦਿਨ ਤੋਂ ਬਾਅਦ ਉਹ ਜਦੋਂ ਵੀ ਕੰਮ 'ਤੇ ਆਉਂਦੀ ਤਾਂ ਅਕਸਰ ਆਪਣੇ ਪੇਕਿਆਂ ਦੀ ਗੱਲ ਮੇਰੇ ਨਾਲ ਸਾਂਝੀ ਕਰਦੀ। ਦੋ ਮਹੀਨੇ ਬਾਅਦ ਹੀ ਉਸ ਨੇ ਦੱਸਿਆ ਕਿ ਉਸ ਦਾ ਭਤੀਜਾ ਹੁਣ ਬਿਲਕੁਲ ਠੀਕ-ਠਾਕ ਹੈ। ਆਪਣੇ ਕੰਮ 'ਤੇ ਜਾਣ ਲੱਗ ਪਿਆ ਹੈ। 2020 ਤੋਂ 2022 ਆ ਗਿਆ ਪਰ ਨਾਜ਼ੋ ਨੂੰ ਆਪਣੇ ਪੇਕਿਆਂ ਦੇ ਘਰੋਂ ਉਹ ਖ਼ਬਰ ਨਾ ਆਈ ਜਿਸ ਦਾ ਉਸ ਨੂੰ ਬੇਸਬਰੀ ਨਾਲ ਇੰਤਜਾਰ ਰਹਿੰਦਾ ਸੀ। ਪਰ ਅਚਾਨਕ ਮਾਰਚ 2022 ਦੇ ਅਖੀਰਲੇ ਦਿਨਾਂ ਵਿੱਚ ਇੱਕ ਦਿਨ ਉਹ ਭੱਜੀ-ਭੱਜੀ ਆਈ ਤੇ ਕਹਿਣ ਲੱਗੀ, "ਭੈਣ ਜੀ, ਭੈਣ ਜੀ, ਵਿਆਹ ਸੱਚਮੁੱਚ ਪੱਕਾ ਹੋ ਗਿਆ।" "ਕਿਸ ਦਾ ਵਿਆਹ ਨਾਜ਼ੋ?" ਮੈਂ ਗੰਭੀਰਤਾ ਨਾਲ ਪੁੱਛਿਆ। ਮੇਰੇ ਭਤੀਜੇ ਦਾ ਉਸੇ ਕੁੜੀ ਨਾਲ ਹੀ ਹੁਣ ਧੂਮਧਾਮ ਨਾਲ ਵਿਆਹ ਹੋਵੇਗਾ। "ਅੱਛਾ! ਪਹਿਲਾਂ ਤਾਂ ਤੈਨੂੰ ਬਹੁਤ-ਬਹੁਤ ਵਧਾਈਆਂ ਪਰ ਇਹ ਦੱਸ ਕਿ ਹੁਣ ਅਜਿਹਾ ਕੀ ਹੋ ਗਿਆ ਕਿ ਵਿਆਹ ਧੂਮਧਾਮ ਨਾਲ ਹੋ ਰਿਹਾ ਹੈ?"

ਨਾਜ਼ੋ ਖਿੜਖਿੜਾ ਕੇ ਹੱਸੀ ਤੇ ਕਹਿਣ ਲੱਗੀ, "ਉਸ ਲੜਕੀ ਨੇ ਆਪਣੀ ਤਨਖ਼ਾਹ ਜੋੜ-ਜੋੜ ਕੇ ਆਪਣੀ ਮਾਂ ਨੂੰ ਇੱਕ ਘਰ ਖਰੀਦ ਕੇ ਦਿੱਤਾ। ਫਿਰ ਭਤੀਜੇ ਰਮੇਸ਼ ਦੇ ਕਾਰੋਬਾਰ ਵਿੱਚ ਚੰਗੀ ਮੱਦਦ ਕੀਤੀ। ਉਸ ਤੋਂ ਬਾਅਦ ਆਪਣੀ ਮਾਂ ਨਾਲ ਰਮੇਸ਼ ਅਤੇ ਆਪਣੇ ਰਿਸ਼ਤੇ ਦੀ ਗੱਲ ਤੋਰੀ। ਹੁਣ ਉਸ ਦੀ ਮਾਂ ਨੇ ਵਿਆਹ ਲਈ ਹਾਂ ਕਰ ਦਿੱਤੀ ਹੈ। ਅੱਜ ਤੋਂ ਇਕ ਹਫ਼ਤੇ ਬਾਅਦ ਵਿਆਹ ਐ।" ਨਾਜ਼ੋ ਖ਼ੁਸ਼ੀ ਵਿਚ ਬੋਲਦੀ ਹੀ ਜਾ ਰਹੀ ਸੀ। ਉਸ ਨੂੰ ਖ਼ੁਸ਼ ਹੁੰਦਿਆਂ ਦੇਖ ਮੈਨੂੰ ਵੀ ਸਕੂਨ ਮਿਲਿਆ। ਮੈਂ ਹੱਸ ਕੇ ਕਿਹਾ, "ਹੁਣ ਤਾਂ ਤੂੰ ਮਹੀਨਾ ਨਹੀਂ ਮੁੜਦੀ।" ਅਸੀਂ ਦੋਵੇਂ ਖਿੜਖਿੜਾ ਕੇ ਹੱਸ ਪਈਆਂ।

ਸੰਪਰਕ: 89685-94379

# ਡਾ.ਪ੍ਰੀਤਮ ਸਿੰਘ ਦਾ ਨਾਵਲ 'ਦੀਵੇ ਜਗਦੇ ਰਹੇ'

# ਸਮਾਜਿਕਤਾ ਤੇ ਰੁਮਾਂਸਵਾਦ ਦਾ ਸੁਮੇਲ

ਸਰੋਕਾਰ
ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072




ਡਾ.ਪ੍ਰੀਤਮ ਸਿੰਘ ਦਾ ਪਲੇਠਾ ਨਾਵਲ 'ਦੀਵੇ ਵਗਦੇ ਰਹੇ' ਸਮਾਜਿਕ ਸਰੋਕਾਰਾਂ ਅਤੇ ਰੁਮਾਂਸਵਾਦ ਦਾ ਸੁਮੇਲ ਹੈ। ਨਾਵਲਕਾਰ ਨੇ ਆਪਣੇ ਮਨੋਭਾਵਾਂ ਨੂੰ ਲੋਕਾਈ ਦੀ ਦਾਸਤਾਂ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਭਰ ਜਵਾਨੀ ਵਿੱਚ ਲੇਖਕ ਸਮਾਜ ਸੇਵਾ ਅਤੇ ਰੁਮਾਂਸਵਾਦ ਦੀ ਪ੍ਰਵਿਰਤੀ ਗ੍ਰਹਿਣ ਕਰ ਗਿਆ ਸੀ, ਪ੍ਰੰਤੂ ਜੀਵਨ ਵਿੱਚ ਸਫਲ ਹੋਣ ਲਈ ਦੁਨੀਆਂਦਾਰੀ ਦੇ ਚੱਕਰਾਂ ਵਿੱਚ ਆਪਣੀ ਵੇਦਨਾ ਨੂੰ ਪ੍ਰਗਟ ਨਾ ਕਰ ਸਕਿਆ। ਆਪਣੇ ਪਰਿਵਾਰਿਕ ਝਮੇਲਿਆਂ ਤੋਂ ਅਜ਼ਾਦ ਹੋ ਕੇ ਉਸਨੇ ਜਵਾਨੀ ਦੀਆਂ ਲਹਿਰਾਂ ਨੂੰ ਨਾਵਲ ਦਾ ਰੂਪ ਦਿੱਤਾ ਹੈ। ਨਾਵਲ ਦੇ ਨਾਮ ਤੋਂ ਹੀ ਸ਼ਪਸ਼ਟ ਹੁੰਦਾ ਹੈ ਕਿ ਭਰ ਜਵਾਨੀ ਵਿੱਚ ਉਸਦੇ ਮਨ ਵਿੱਚ ਪ੍ਰਜਵਲਿਤ ਹੋਇਆ ਰੁਮਾਂਸ ਦਾ ਦੀਵਾ ਜ਼ਿੰਦਗੀ ਦੇ ਆਖ਼ਰੀ ਸਮੇਂ ਵਿੱਚ ਵੀ ਬਰਕਰਾਰ ਹੈ। ਨਾਵਲ ਦੀ ਕਹਾਣੀ ਬਹੁਤ ਦਿਲਚਸਪ ਢੰਗ ਨਾਲ ਸਰਲ ਭਾਸ਼ਾ ਅਤੇ ਛੋਟੇ-ਛੋਟੇ ਵਾਕਾਂ ਨਾਲ ਲਿਖੀ ਗਈ ਹੈ। ਪਾਠਕ ਦੀ ਅੱਗੇ ਪੜ੍ਹਨ ਦੀ ਦਿਲਚਸਪੀ ਬਰਕਰਾਰ ਰਹਿੰਦੀ ਹੈ, ਜੋ ਨਾਵਲਕਾਰ ਦੀ ਪ੍ਰਾਪਤੀ ਹੈ। ਭਾਵਨਾਵਾਂ ਵਿੱਚ ਵਹਿਕੇ ਨਾਵਲ ਲਿਖਿਆ ਗਿਆ ਹੈ, ਕਿਉਂਕਿ ਪੜ੍ਹਨ ਵਾਲਾ ਨਾਵਲ ਪੜ੍ਹਦਿਆਂ ਖ਼ੁਦ ਭਾਵਨਾਵਾਂ ਦੇ ਵਹਿਣ ਵਿੱਚ ਵਹਿਕੇ ਤਾਰੀਆਂ ਲਾਉਣ ਲੱਗ ਜਾਂਦਾ ਹੈ। ਨਾਵਲ ਦਾ ਸਥਾਨ ਪਹਾੜ ਅਤੇ ਕੁਦਰਤ ਦੀਆਂ ਵਾਦੀਆਂ ਹਨ। ਪਹਾੜੀ ਲੋਕਾਂ ਦੇ ਜਨ ਜੀਵਨ ਦਾ ਬ੍ਰਿਤਾਂਤ ਦਰਸਾਇਆ ਗਿਆ ਹੈ। ਜੰਗਲਾਂ ਦੇ ਵਿੱਚ ਬਹੁਤੀਆਂ ਘਟਨਾਵਾਂ ਵਾਪਰਦੀਆਂ ਹਨ। ਨਾਵਲ ਵਿੱਚ ਕੁਦਰਤ ਦੀ ਕਾਇਨਾਤ ਨੂੰ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਲਿਖਿਆ ਗਿਆ ਹੈ। ਪਹਾੜਾਂ ਦੇ ਦ੍ਰਿਸ਼ ਅਤੇ ਪਹਾੜੀ ਲੋਕਾਂ ਦੇ ਰਹਿਣ ਸਹਿਣ ਅਤੇ ਵਿਚਰਨ ਨੂੰ ਬਾਕਮਾਲ ਢੰਗ ਨਾਲ ਦਰਸਾਇਆ ਗਿਆ ਹੈ। ਕਈ ਵਾਰ ਤਾਂ ਸੀਨ ਅੱਖਾਂ ਦੇ ਸਾਹਮਣੇ ਘੁੰਮਣ ਲੱਗ ਜਾਂਦਾ ਹੈ। ਇਹ ਸਾਰਾ ਕੁਝ ਨਾਵਲਕਾਰ ਦੇ ਜੰਮੂ ਕਸ਼ਮੀਰ ਦੇ ਵਸਿੰਦੇ ਹੋਣ ਕਰਕੇ ਸੰਭਵ ਹੋਇਆ ਹੈ। ਨਾਵਲ ਵਿੱਚ ਦੋ ਰੋਮਾਂਸਵਾਦ ਦੀਆਂ ਕਹਾਣੀਆਂ ਧੀਰਜ ਤੇ ਰਾਣੀ ਅਤੇ ਸ਼ਾਮ ਸੁੰਦਰ ਤੇ ਅੰਜਨਾ ਦੇ ਪਿਆਰ ਦੀ ਕਹਾਣੀ ਨੂੰ ਸਮਾਜਿਕਤਾ ਵਿੱਚ ਲਪੇਟਕੇ ਡਾ.ਪ੍ਰੀਤਮ ਸਿੰਘ ਨੇ ਪਾਠਕਾਂ ਨੂੰ ਪ੍ਰੋਸਕੇ ਦਿੱਤਾ ਹੈ। ਇਹ ਨਾਵਲ ਸਿਰਫ ਰੁਮਾਂਸਵਾਦ ਦੀ ਕਹਾਣੀ ਹੀ ਨਹੀਂ, ਸਗੋਂ ਪਿਆਰ ਵਿੱਚ ਗੜੁੱਚ ਰੂਹਾਂ ਦੀ ਮਾਨਸਿਕਤਾ ਬਾਰੇ ਅਟੱਲ ਸਚਾਈਆਂ ਦਾ ਵੀ ਪ੍ਰਗਟਾਵਾ ਕਰਦੀਆਂ ਹਨ। ਇਹ ਨਾਵਲ ਇਨਸਾਨ ਦੀਆਂ ਮਨੋਭਾਵਨਾਵਾਂ ਦਾ ਵਿਸ਼ਲੇਸ਼ਣ ਵੀ ਕਰਦਾ ਹੈ। ਧੀਰਜ ਤੇ ਰਾਣੀ ਅਤੇ ਸ਼ਾਮ ਸੁੰਦਰ ਤੇ ਅੰਜਨਾ ਆਪੋ ਆਪਣੇ ਮਨਾ ਵਿੱਚ ਇੱਕ ਦੂਜੇ ਬਾਰੇ ਕਿਆਸ ਅਰਾਈਆਂ ਲਗਾਉਂਦੇ ਰਹਿੰਦੇ ਹਨ। ਨਾਵਲਕਾਰ ਨੇ ਸਿੱਟਾ ਕੱਢਿਆ ਹੈ ਕਿ ਗ਼ਮ ਵਿੱਚ ਨਸ਼ਾ ਕਰਨਾ ਕਿਸੇ ਸਮੱਸਿਆ ਦਾ ਹਲ ਨਹੀਂ। ਅਜਿਹੇ ਸਮੇਂ ਨਜ਼ਦੀਕੀਆਂ ਨੂੰ ਲੰਬੇ ਖ਼ਤ ਲਿਖਕੇ ਆਪਣੇ ਮਨ ਦਾ ਭਾਰ ਹਲਕਾ ਕਰਨ ਵਿੱਚ ਹੀ ਭਲਾ ਹੈ। ਇਸ਼ਕ ਦਾ ਰੋਗ ਜਿਥੇ ਸੁਹਾਵਣਾ ਹੁੰਦਾ ਹੈ, ਉਥੇ ਅਨੇਕ ਮੁਸ਼ਕਲਾਂ ਵੀ ਖੜ੍ਹੀਆਂ ਕਰਦਾ ਹੈ। ਇਨਸਾਨ ਨੂੰ ਘੋਰੀ ਬਣਾ ਦਿੰਦਾ ਹੈ, ਜਿਵੇਂ ਧੀਰਜ ਬਣ ਜਾਂਦਾ ਹੈ। ਲੇਖਕ ਨੇ ਇਹ ਵੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ਼ਕ ਵਿੱਚ ਵੀ ਫ਼ਰੇਬ, ਧੋਖੇ ਅਤੇ ਸ਼ੱਕ ਵੀ ਹੁੰਦੇ ਹਨ, ਕਿਉਂਕਿ ਬੇਇਤਵਾਰਾ ਜ਼ਮਾਨਾ ਹੋਣ ਕਰਕੇ ਰੁਮਾਂਟਿਕ ਲੋਕ ਕਿਸੇ ਇੱਕ ਪਾਸੇ ਟਿੱਕ ਕੇ ਨਹੀਂ ਰਹਿੰਦੇ, ਸਗੋਂ ਉਹ ਭੱਟਕਦੇ ਹੋਏ ਕਈ ਪਾਸੇ ਅੱਖ ਮਟੱਕਾ ਕਰਦੇ ਰਹਿੰਦੇ ਹਨ। ਉਹ ਕਦੇ ਵੀ ਬੁਰਾ ਭਲਾ ਨਹੀਂ ਸੋਚਦੇ, ਉਨ੍ਹਾਂ ਦੀ ਸੋਚਣ ਸ਼ਕਤੀ ਖ਼ਤਮ ਹੋ ਜਾਂਦੀ ਹੈ, ਸਿਰਫ ਇੱਕੋ ਮਕਸਦ ਜਾਲ ਵਿੱਚ ਫਸਾਉਣਾ ਤੇ ਆਪਣੀ ਹਵਸ ਪੂਰੀ ਕਰਨ ਦਾ ਨਿਸ਼ਾਨਾ ਮਿਥਕੇ ਚਲਦੇ ਹਨ। ਦੋਹਰਾ ਮਾਪ ਦੰਡ ਤੇ ਦੋਹਰੇ ਕਿਰਦਾਰ ਦੇ ਹੁੰਦੇ ਹਨ। ਉਹ ਰੂਪ ਰੰਗ ਦੇ ਵਿਖਾਵੇ ਨੂੰ ਹੀ ਪਿਆਰ ਸਮਝ ਬੈਠਦੇ ਹਨ, ਪ੍ਰੰਤੂ ਜਿਸਮ ਦੀ ਖਿੱਚ ਤੇ ਭੁੱਖ ਪਿਆਰ ਨਹੀਂ ਹੁੰਦਾ। ਪਿਆਰ ਦੋ ਰੂਹਾਂ ਦਾ ਆਤਮਿਕ ਤੇ ਭਾਵਨਾਤਮਿਕ ਪਵਿਤਰ ਸੁਮੇਲ ਹੁੰਦਾ ਹੈ। ਸੱਚੇ-ਸੁੱਚੇ ਪਿਆਰ ਦੇ ਰਾਹ ਵਿੱਚ ਕਈ ਵਾਰ ਸਮਾਜਿਕ ਤਾਣਾ ਬਾਣਾ ਪਾਬੰਦੀਆਂ/ ਅੜਚਣਾ ਪੈਦਾ ਕਰ ਦਿੰਦਾ ਹੈ। ਪਿਆਰ ਤਾਂ ਪੂਜਾ ਦੇ ਬਰਾਬਰ ਹੁੰਦਾ ਹੈ। ਪਿਆਰ ਤੇ ਇੱਜ਼ਤ ਦੋਵੇਂ ਜ਼ਰੂਰੀ ਹੁੰਦੇ ਹਨ। ਕਈ ਵਾਰ ਪਿਆਰ ਇੱਕਤਰਫਾ ਹੁੰਦਾ ਹੈ, ਜਿਹੜਾ ਘਾਤਕ ਸਾਬਤ ਹੁੰਦਾ ਹੈ। ਪਿਆਰ ਵਿੱਚ ਪਾਗਲ ਹੋਏ ਆਸ਼ਕ ਮਸ਼ੂਕ ਆਪਣੇ ਖ਼ਿਆਲਾਂ ਵਿੱਚ ਮਸਤ ਰਹਿੰਦੇ ਹਨ। ਹਰ ਵਕਤ ਤੁਰਦੇ, ਫਿਰਦੇ, ਉਠਦੇ ਬੈਠਦੇ, ਸਫਰ ਤੇ ਨੌਕਰੀ ਕਰਦੇ ਖ਼ਿਆਲਾਂ ਵਿੱਚ ਡੁੱਬੇ ਰਹਿੰਦੇ ਹਨ, ਜਿਸ ਕਰਕੇ ਕਈ ਵਾਰ ਗ਼ਲਤ ਫ਼ੈਸਲੇ ਲੈ ਲੈਂਦੇ ਹਨ, ਜਿਵੇਂ ਰਾਣੀ ਧੀਰਜ ਦੇ ਪਿਆਰ ਨੂੰ ਠੁਕਰਾਕੇ ਸ਼ੁਮੇਸ਼ ਨਾਲ ਰਹਿਣ ਦਾ ਫ਼ੈਸਲਾ ਕਰ ਲੈਂਦੀ ਹੈ ਪ੍ਰੰਤੂ ਬਾਅਦ ਵਿੱਚ ਉਸਨੂੰ ਪਛਤਾਉਣਾ ਪਿਆ। ਧੀਰਜ ਅਤੇ ਰਾਣੀ ਦਾ ਪਿਆਰ ਕਿਤਨੇ ਉਤਰਾਅ ਚੜ੍ਹਾਅ ਤੋਂ ਬਾਅਦ ਸਿਰੇ ਚੜ੍ਹਦਾ ਹੈ। ਇਸੇ ਤਰ੍ਹਾਂ ਸ਼ਾਮ ਸੁੰਦਰ ਅਤੇ ਅੰਜਨਾ ਦਾ ਮੇਲ ਮਿਲਾਪ ਵੱਧ ਜਾਂਦਾ ਹੈ ਤਾਂ ਮਾਧੋ ਦਾਸ ਠਾਕੁਰ ਆਪਣੇ ਮਨ ਵਿੱਚ ਕਈ ਤਰ੍ਹਾਂ ਦੇ ਖਿਆਲਾਂ ਦੇ ਪਰਵਾਹ ਵਿੱਚ ਮਨੋਵਿਸ਼ਲੇਸ਼ਣ ਕਰਦਾ ਰਹਿੰਦਾ ਹੈ। ਉਹ ਅੰਜਨਾ ਅਤੇ ਸ਼ਾਮ ਸੁੰਦਰ ਦੇ ਪਿਆਰ ਤੋਂ ਦੁਖੀ ਹੁੰਦਾ ਹੋਇਆ ਸੋਚਦਾ ਹੈ ਕਿ ਪਿਆਰ ਇਨਸਾਨ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਦਾ। ਸੋਚਾਂ ਅਤੇ ਪ੍ਰੇਸ਼ਾਨੀਆਂ ਦਾ ਸ਼ਿਕਾਰ ਹੁੰਦਾ ਹੋਇਆ ਕਹਿੰਦਾ ਹੈ ਕਿ ਮੁਹੱਬਤ ਦੀਆਂ ਰਾਤਾਂ ਕਾਲੀਆਂ ਹੁੰਦੀਆਂ ਹਨ। ਇਹ ਇਨਸਾਨ ਨੂੰ ਰਾਖ ਕਰ ਦਿੰਦਾ ਹੈ, ਉਹ ਸਾਰੀ ਉਮਰ ਪਛਤਾਉਂਦਾ ਰਹਿੰਦਾ ਹੈ। ਉਹ ਅੰਜਨਾ ਨੂੰ ਰੋਕਣਾ ਚਾਹੁੰਦਾ ਹੋਇਆ ਵੀ ਕੁਝ ਨਹੀਂ ਕਹਿੰਦਾ ਪ੍ਰੰਤੂ ਉਸਦਾ ਚੈਨ ਗੁਆਚ ਜਾਂਦਾ ਹੈ। ਸ਼ਾਮ ਸੁੰਦਰ ਅੰਜਨਾ ਦੀ ਤਸਵੀਰ ਪੇਂਟ ਕਰਕੇ ਉਸਨੂੰ ਆਪਣੇ ਜਾਲ ਵਿੱਚ ਫਸਾ ਲੈਂਦਾ ਹੈ।

ਇਸ ਨਾਵਲ ਦਾ ਦੂਜਾ ਪੱਖ ਸਮਾਜਿਕ ਸਰੋਕਾਰਾਂ ਨਾਲ ਸੰਬੰਧ ਰੱਖਦਾ ਹੈ, ਜਦੋਂ ਸ਼ਾਮ ਸੁੰਦਰ ਉਚੀ ਪਹਾੜੀ 'ਤੇ ਖੰਡਰ ਹੋਏ ਮੰਦਰ ਦੇ ਸਥਾਨ 'ਤੇ ਸਕੂਲ ਸਥਾਪਤ ਕਰਨ ਦੀ ਪ੍ਰੋੜ੍ਹਤਾ ਕਰਦਾ ਹੈ, ਤਾਂ ਜੋ ਪੱਛੜੇ ਇਲਾਕੇ ਦੇ ਬੱਚੇ ਪੜ੍ਹ ਲਿਖਕੇ ਸਮਾਜਿਕ ਢਾਂਚੇ ਵਿੱਚ ਆਪਣਾ ਉਸਾਰੂ ਯੋਗਦਾਨ ਪਾ ਸਕਣ, ਪ੍ਰੰਤੂ ਵਹਿਮਾ ਭਰਮਾ ਵਿੱਚ ਗ੍ਰਸਤ ਲੋਕਾਂ ਦੀ ਪੜ੍ਹੀਨਿਧਤਾ ਕਰਦਾ ਠਾਕੁਰ ਮਾਧੋ ਦਾਸ ਮੰਦਰ ਦੀ ਥਾਂ ਸਕੂਲ ਬਣਾਉਣ ਦੇ ਸੁਝਾਅ ਦੀ ਵਿਰੋਧਤਾ ਇਸ ਕਰਕੇ ਕਰਦਾ ਹੈ ਕਿ ਦੇਵਤਾ ਨਾਰਾਜ਼ ਹੋ ਕੇ ਕਰੋਪੀ ਕਰੇਗਾ। ਉਦਾਹਰਣਾ ਵੀ ਦਿੰਦਾ ਹੈ ਤੇ ਨਾਲ ਹੀ ਪੜ੍ਹਾਈ ਦੇ ਹੁੰਦਿਆਂ ਬੇਰੋਜ਼ਗਾਰੀ, ਫ਼ੈਸ਼ਨ ਅਤੇ ਨੌਜਵਾਨਾ ਵਿੱਚ ਨਸ਼ਿਆ ਦੀ ਲੱਤ ਦਾ ਜ਼ਿਕਰ ਕਰਦਾ ਹੈ ਕਿ ਅਜਿਹੀ ਪੜ੍ਹਾਈ ਦਾ ਕੋਈ ਲਾਭ ਨਹੀਂ। ਇੱਕ ਕਿਸਮ ਨਾਲ ਉਹ ਬੇਰੋਜ਼ਗਾਰੀ ਅਤੇ ਨਸ਼ਿਆਂ ਦੀ ਲਾਹਣਤ ਦਾ ਖੰਡਨ ਕਰਦਾ ਹੈ। ਉਹ ਕਹਿੰਦਾ ਹੈ, ਪੈਸਾ ਸਭ ਕੁਝ ਨਹੀਂ ਹੁੰਦਾ, ਸੋਚ ਬਦਲਣ ਦੀ ਲੋੜ ਹੈ। ਸ਼ਾਮ ਸੁੰਦਰ ਪੜ੍ਹਾਈ ਦੇ ਲਾਭ ਗਿਣਾਉਂਦਾ ਹੋਇਆ ਦਸਦਾ ਹੈ ਕਿ ਸਮਾਜ ਵਿੱਚ ਸਦਭਾਵਨਾ, ਸਲੀਕਾ, ਭਾਈਚਾਰਾ ਅਤੇ ਅਮਨ ਸ਼ਾਂਤੀ ਰਹੇਗੀ। ਦਿਹਾਤੀ ਲੋਕ ਮਨ ਦੇ ਸਾਫ਼ ਤੇ ਸਪਸ਼ਟ ਹੁੰਦੇ ਹਨ। ਗ਼ਰੀਬੀ ਤੇ ਭੁੱਖਮਰੀ ਖ਼ਤਮ ਹੋਵੇਗੀ। ਅਖ਼ੀਰ ਸ਼ਾਮ ਸੁੰਦਰ ਪਿੰਡ ਦਾ ਵੱਡਾ ਇਕੱਠ ਕਰਕੇ ਲੋਕਾਂ ਨੂੰ ਸਕੂਲ ਦੇ ਲਾਭ ਬਾਰੇ ਦੱਸ ਕੇ ਲੋਕਾਂ ਨੂੰ ਸਕੂਲ ਖੋਲ੍ਹਣ ਲਈ ਰਾਜ਼ੀ ਕਰ ਲੈਂਦਾ ਹੈ ਅਤੇ ਐਲਾਨ ਕਰਦਾ ਹੈ ਕਿ ਸਾਰਾ ਖ਼ਰਚਾ ਉਹ ਖ਼ੁਦ ਕਰੇਗਾ। ਨਾਵਲ ਵਿੱਚ ਦਰਸਾਇਆ ਗਿਆ ਹੈ ਕਿ ਸਰਕਾਰ ਸਹਿਕਾਰੀ ਖੇਤੀ ਦੀਆਂ ਸਕੀਮਾ ਬਣਾਉਂਦੀ ਹੈ, ਪ੍ਰੰਤੂ ਪਹਾੜਾਂ ਵਿੱਚ ਇਹ ਪਹਿਲਾਂ ਹੀ ਲਾਗੂ ਹੋ ਚੁੱਕੀ ਹੈ। ਇੱਕ ਵਾਰ ਤਾਂ ਹਾਲਾਤ ਅਜਿਹੇ ਬਣ ਜਾਂਦੇ ਹਨ, ਅੰਜਨਾ ਦੇ ਬਾਬਾ ਨੂੰ ਸ਼ਾਮ ਸੁੰਦਰ ਦੀ ਨੀਅਤ 'ਤੇ ਸ਼ੱਕ ਹੋ ਜਾਂਦਾ ਹੈ ਕਿ ਉਹ ਲੜਕੀ ਨੂੰ ਧੋਖਾ ਦੇ ਗਿਆ ਹੈ, ਪ੍ਰੰਤੂ ਅਖ਼ੀਰ ਵਿੱਚ ਧੀਰਜ ਤੇ ਰਾਣੀ ਅਤੇ ਸ਼ਾਮ ਸੁੰਦਰ 'ਤੇ ਅੰਜਨਾ ਦਾ ਵਿਆਹ ਇਕੱਠਿਆਂ, ਅੰਜਨਾ ਦੇ ਪਿੰਡ ਵਿੱਚ ਹੋ ਜਾਂਦਾ ਹੈ। ਇੰਝ ਕਰਕੇ ਲੇਖਕ ਨੇ ਦੁਖਾਂਤ ਨੂੰ ਅਖ਼ੀਰ ਸੁਖਾਂਤ ਵਿੱਚ ਬਦਲ ਦਿੱਤਾ ਹੈ। ਨਾਵਕਾਰ ਦੀ ਕਮਾਲ ਹੈ ਕਿ ਉਸਨੇ ਅਖ਼ੀਰ ਤੱਕ ਸਸਪੈਂਸ ਨਾਵਲ ਦੀ ਕਹਾਣੀ ਨੂੰ ਰਸਦਾਇਕ ਤੇ ਦਿਲਚਸਪ ਬਣਾਉਣ ਲਈ ਬਣਾਈ ਰੱਖਿਆ। ਪਹਿਲੇ ਨਾਵਲ ਵਿੱਚ ਲੇਖਕ ਬਾਕਮਾਲ ਦੀ ਰਚਨਾ ਕਰਨ ਵਿੱਚ ਸਫ਼ਲ ਹੋ ਗਿਆ ਹੈ।

ਸੰਪਰਕ:ਡਾ.ਪ੍ਰੀਤਮ ਸਿੰਘ: 9018142269

176 ਪੰਨਿਆਂ ਵਾਲਾ ਇਹ ਨਾਵਲ, ਜਿਸਦੀ ਕੀਮਤ ਨਹੀਂ ਰੱਖੀ ਗਈ ਮਨਜੀਤ ਕੰਪਿਊਟਰ ਗ੍ਰਾਫ਼ਿਕਸ ਕਰਨ ਬਾਗ ਜੰਮੂ ਨੇ ਪ੍ਰਕਾਸ਼ਤ ਕੀਤਾ ਹੈ।




# ਸੋਸ਼ਲ ਮੀਡੀਆ ਦੇ ਤਾਣੇ 'ਚ ਉਲਝੇ ਰਿਸ਼ਤੇ

ਡਾ. ਹਰਗੁਣਪ੍ਰੀਤ ਸਿੰਘ

ਆਧੁਨਿਕ ਯੁੱਗ ਵਿੱਚ ਸੋਸ਼ਲ ਮੀਡੀਆ ਮਨੁੱਖੀ ਜੀਵਨ ਦਾ ਅਟੁੱਟ ਅੰਗ ਬਣ ਗਿਆ ਹੈ ਜੋ ਨਾ ਕੇਵਲ ਜਾਣਕਾਰੀ, ਮਨੋਰੰਜਨ ਅਤੇ ਸੰਚਾਰ ਦਾ ਅਹਿਮ ਸਾਧਨ ਹੈ, ਬਲਕਿ ਇਸ ਨੇ ਮਨੁੱਖੀ ਰਿਸ਼ਤਿਆਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਜੇ ਸੋਸ਼ਲ ਮੀਡੀਆ ਨੂੰ ਸਹੀ ਤਰੀਕੇ ਨਾਲ ਵਰਤਿਆ ਜਾਵੇ ਤਾਂ ਇਹ ਮਨੁੱਖੀ ਰਿਸ਼ਤਿਆਂ ਨੂੰ ਮਜ਼ਬੂਤ ਕਰ ਸਕਦਾ ਹੈ ਅਤੇ ਭਾਵਨਾਤਮਕ ਨਜ਼ਦੀਕੀਆਂ ਨੂੰ ਕਾਇਮ ਰੱਖਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ।

ਇਸ ਦੀ ਸਾਰਥਕ ਅਤੇ ਸਕਾਰਾਤਮਕ ਵਰਤੋਂ ਸਦਕਾ ਮਾਪੇ ਵਿਦੇਸ਼ਾਂ ਵਿੱਚ ਵੱਸਦੇ ਆਪਣੇ ਬੱਚਿਆਂ ਨਾਲ ਜੁੜੇ ਰਹਿੰਦੇ ਹਨ, ਦੋਸਤਾਂ ਅਤੇ ਰਿਸ਼ਤੇਦਾਰਾਂ ਵਿੱਚ ਗੱਲਬਾਤ ਦੇ ਨਵੇਂ ਰਾਹ ਖੁੱਲ੍ਹਦੇ ਹਨ ਅਤੇ ਪੁਰਾਣੇ ਸਹਿਪਾਠੀ ਤੇ ਸਹਿਕਰਮੀ ਇੱਕ ਦੂਸਰੇ ਨਾਲ ਸੰਪਰਕ ਵਿੱਚ ਬਣੇ ਰਹਿੰਦੇ ਹਨ।

ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੈਟਫਾਰਮ ਜਿੱਥੇ ਵੱਧ ਤੋਂ ਵੱਧ ਲੋਕਾਂ ਨਾਲ ਜੁੜਨ ਦਾ ਆਸਾਨ ਮਾਧਿਅਮ ਹਨ, ਉੱਥੇ ਨਾਲ ਹੀ ਇਹ ਮਨੁੱਖੀ ਰਿਸ਼ਤਿਆਂ ਵਿੱਚ ਨਵੀਂ ਕਿਸਮ ਦੀ ਬੇਭਰੋਸਗੀ, ਦੂਰੀਆਂ ਅਤੇ ਗ਼ਲਤਫਹਿਮੀਆਂ ਨੂੰ ਵੀ ਜਨਮ ਦੇ ਰਹੇ ਹਨ। ਸੋਸ਼ਲ ਮੀਡੀਆ ਦੀ ਚਮਕਦਾਰ ਦੁਨੀਆ ਅਕਸਰ ਹਕੀਕਤ ਤੋਂ ਕੋਹਾਂ ਦੂਰ ਹੁੰਦੀ ਹੈ। ਲਾਈਕਸ, ਲਾਸਟ ਸੀਨ, ਸਟੋਰੀ ਅਤੇ ਸਟੇਟਸ ਆਦਿ ਚੀਜ਼ਾਂ ਅੱਜ ਦੀ ਪੀੜ੍ਹੀ ਲਈ ਰਿਸ਼ਤਿਆਂ ਦੀ ਸੱਚਾਈ ਜਾਂ ਝੂਠ ਦੀ ਨਿਸ਼ਾਨੀ ਬਣ ਗਈਆਂ ਹਨ। ਇੱਥੋਂ ਤੱਕ ਕਿ ਘਰ ਦੇ ਮੈਂਬਰ ਇੱਕ ਹੀ ਛੱਤ ਹੇਠ ਬੈਠੇ ਹੋਣ ਦੇ ਬਾਵਜੂਦ ਆਪਣੇ-ਆਪਣੇ ਮੋਬਾਈਲਾਂ 'ਚ ਰੁੱਝੇ ਰਹਿੰਦੇ ਹਨ। ਫਿਲਟਰਾਂ, ਐਡਿਟ ਕੀਤੀਆਂ ਤਸਵੀਰਾਂ ਅਤੇ ਬਣਾਉਟੀ ਜੀਵਨਸ਼ੈਲੀ ਨੇ ਲੋਕਾਂ ਵਿੱਚ ਆਪਣੇ ਰਿਸ਼ਤਿਆਂ ਨੂੰ ਲੈ ਕੇ ਸ਼ੱਕ ਅਤੇ ਅਸੁਰੱਖਿਆ ਪੈਦਾ ਕਰ ਦਿੱਤੀ ਹੈ। ਉਦਾਹਰਨ ਵਜੋਂ ਜਦੋਂ ਇੱਕ ਪਤੀ ਜਾਂ ਪਤਨੀ ਵੱਲੋਂ ਕਿਸੇ ਹੋਰ ਮਹਿਲਾ ਜਾਂ ਪੁਰਸ਼ ਦੀਆਂ ਪੋਸਟਾਂ 'ਤੇ ਲਗਾਤਾਰ ਲਾਈਕ ਜਾਂ ਕਮੈਂਟ ਕੀਤਾ ਜਾਂਦਾ ਹੈ ਜਾਂ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀ ਇੱਕ ਦੂਸਰੇ ਤੋਂ ਗੁਪਤਤਾ ਰੱਖੀ ਜਾਂਦੀ ਹੈ, ਤਾਂ ਪਤੀ-ਪਤਨੀ ਦੇ ਮਨ ਵਿੱਚ ਨਿਸ਼ਚਿਤ ਤੌਰ 'ਤੇ ਬੇਭਰੋਸਗੀ ਜਨਮ ਲੈਂਦੀ ਹੈ ਜੋ ਰਿਸ਼ਤੇ ਵਿਚਲੇ ਪਿਆਰ, ਸਤਿਕਾਰ ਅਤੇ ਵਿਸ਼ਵਾਸ ਦੀ ਮਜ਼ਬੂਤ ਬੁਨਿਆਦ ਨੂੰ ਕਮਜ਼ੋਰ ਕਰ ਦਿੰਦੀ ਹੈ।

ਸੋਸ਼ਲ ਮੀਡੀਆ ਨੇ ਅਨੇਕਾਂ ਵਿਅਕਤੀਆਂ ਨੂੰ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਮਸ਼ਹੂਰ ਕਰ ਦਿੱਤਾ ਹੈ। ਹਰ ਦੂਸਰਾ ਵਿਅਕਤੀ ਬਿਨਾਂ ਕਿਸੇ ਸੰਘਰਸ਼ ਜਾਂ ਪ੍ਰਾਪਤੀ ਤੋਂ ਇਨਫਲੂਐਂਸਰ ਬਣਿਆ ਹੋਇਆ ਹੈ। ਕਿਸੇ ਨੇ ਆਪਣਾ ਯੂਟਿਊਬ ਚੈਨਲ ਸ਼ੁਰੂ ਕੀਤਾ ਹੋਇਆ ਹੈ, ਕੋਈ ਪੌਡਕਾਸਟ ਰਾਹੀਂ ਆਪਣੇ ਵਿਚਾਰ ਸਾਂਝੇ ਕਰ ਰਿਹਾ ਹੈ ਅਤੇ ਕੋਈ ਇੰਸਟਾਗ੍ਰਾਮ 'ਤੇ ਰੀਲਾਂ ਜ਼ਰੀਏ ਪ੍ਰਸਿੱਧੀ ਹਾਸਲ ਕਰ ਰਿਹਾ ਹੈ। ਭਾਵੇਂ ਸੋਸ਼ਲ ਮੀਡੀਆ ਦੀਆਂ ਇਨ੍ਹਾਂ ਗਤੀਵਿਧੀਆਂ ਨੇ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇ ਹਨ ਅਤੇ ਕੰਟੈਂਟ ਕ੍ਰਿਏਟਰਾਂ ਨਾਲ ਲੱਖਾਂ-ਕਰੋੜਾਂ ਲੋਕ ਬਹੁਤ ਘੱਟ ਸਮੇਂ ਅੰਦਰ ਜੁੜ ਗਏ ਹਨ, ਪਰ ਵੱਧ ਵਿਊਅਰਜ਼, ਫਾਲੋਅਰਜ਼ ਅਤੇ ਸਬਸਕ੍ਰਾਈਬਰਜ਼ ਦੀ ਦੌੜ ਵਿੱਚ ਕਈ ਵਾਰ ਅਸਲ ਜੀਵਨ ਦੇ ਰਿਸ਼ਤੇ, ਅੰਦਰੂਨੀ ਖ਼ੁਸ਼ੀ, ਮਾਨਸਿਕ ਸ਼ਾਂਤੀ ਅਤੇ ਨੈਤਿਕ ਕਦਰਾਂ ਕੀਮਤਾਂ ਪਿੱਛੇ ਰਹਿ ਜਾਂਦੀਆਂ ਹਨ। ਅਸੀਂ ਸੋਚ ਵੀ ਨਹੀਂ ਸਕਦੇ ਕਿ ਇਹ ਵਰਚੁਅਲ ਜਗਤ ਕਿਵੇਂ ਸਾਨੂੰ ਹਕੀਕੀ ਜੀਵਨ ਤੋਂ ਦੂਰ ਕਰ ਰਿਹਾ ਹੈ।

ਸਾਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਜੀਵਨ ਦੇ ਚੁਣੌਤੀਪੂਰਨ ਅਤੇ ਸੰਘਰਸ਼ ਭਰੇ ਸਮਿਆਂ ਵਿੱਚ ਸਾਡੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਨਜ਼ਦੀਕੀ ਦੋਸਤਾਂ ਦੀ ਹਾਜ਼ਰੀ, ਹੌਸਲਾ ਅਫਜ਼ਾਈ ਅਤੇ ਸਾਥ ਹੀ ਉਹ ਮਜ਼ਬੂਤ ਕੰਧ ਬਣਦੀ ਹੈ ਜਿਸ ਉੱਪਰ ਅਸੀਂ ਆਪਣਾ ਦੁਖ-ਦਰਦ ਟਿਕਾ ਸਕਦੇ ਹਾਂ, ਜਦਕਿ ਸੋਸ਼ਲ ਮੀਡੀਆ 'ਤੇ ਮਿਲਣ ਵਾਲੀ ਹਮਦਰਦੀ ਸਿਰਫ਼ ਕਮੈਂਟਾਂ, ਲਾਈਕਾਂ ਜਾਂ ਇਮੋਜੀਆਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਬਣੇ ਰਿਸ਼ਤੇ ਕਈ ਵਾਰ ਬਹੁਤ ਮੁਸ਼ਕਿਲਾਂ ਦਾ ਕਾਰਨ ਬਣ ਸਕਦੇ ਹਨ ਜੇਕਰ ਉਨ੍ਹਾਂ ਨੂੰ ਸਮਝਦਾਰੀ ਨਾਲ ਨਾ ਨਿਭਾਇਆ ਜਾਵੇ।

ਅਕਸਰ ਅਜਿਹੀਆਂ ਖ਼ਬਰਾਂ ਸਾਡੇ ਸਾਹਮਣੇ ਆਉਂਦੀਆਂ ਹਨ ਜਿੱਥੇ ਸੋਸ਼ਲ ਮੀਡੀਆ ਰਾਹੀਂ ਬਣੀ ਨੇੜਤਾ ਕਾਰਨ ਵਿਆਹ ਤੋਂ ਇਨਕਾਰ ਹੋਣ 'ਤੇ ਲੜਕੇ ਜਾਂ ਲੜਕੀ ਨੇ ਆਤਮਦਾਹ ਕਰਕੇ ਜਾਂ ਇੱਕ ਦੂਸਰੇ ਦਾ ਕਤਲ ਕਰਕੇ ਆਪਣੀ ਜੀਵਨ ਲੀਲਾ ਹੀ ਸਮਾਪਤ ਕਰ ਦਿੱਤੀ। ਅਜਿਹੇ ਗੰਭੀਰ ਹਾਲਾਤ ਸਮਾਜ ਵਿੱਚ ਵਧ ਰਹੀ ਜਜ਼ਬਾਤੀ ਅਸਥਿਰਤਾ ਅਤੇ ਸੋਸ਼ਲ ਮੀਡੀਆ ਦੀ ਅਯੋਗ ਵਰਤੋਂ ਵੱਲ ਸੰਕੇਤ ਕਰਦੇ ਹਨ।

ਸੋਸ਼ਲ ਮੀਡੀਆ ਦੀ ਬਣਤਰ-ਬਣਾਵਟ ਹੀ ਕੁਝ ਅਜਿਹੀ ਹੈ ਕਿ ਅਸੀਂ ਭਾਵੇਂ ਇਸ ਦੀ ਵਰਤੋਂ ਪ੍ਰਤੀ ਕਿੰਨੇ ਵੀ ਸੁਚੇਤ ਕਿਉਂ ਨਾ ਹੋਈਏ, ਇਹ ਹੌਲੀ-ਹੌਲੀ ਬੁਰੀ ਆਦਤ ਬਣ ਜਾਂਦਾ ਹੈ ਜੋ ਨਾ ਕੇਵਲ ਸਾਡਾ ਕੀਮਤੀ ਸਮਾਂ ਬਰਬਾਦ ਕਰ ਦਿੰਦੀ ਹੈ, ਬਲਕਿ ਸਾਡੀਆਂ ਸਰੀਰਕ ਅਤੇ ਮਾਨਸਿਕ ਗਤੀਵਿਧੀਆਂ 'ਤੇ ਨਕਾਰਾਤਮਕ ਪ੍ਰਭਾਵ ਵੀ ਪਾਉਂਦੀ ਹੈ। ਸਾਨੂੰ ਲੱਗਦਾ ਇਹ ਹੁੰਦਾ ਹੈ ਕਿ ਇਸ ਦੀ ਵਰਤੋਂ ਦੁਆਰਾ ਅਸੀਂ ਦੁਨੀਆ ਨਾਲ ਵਧੇਰੇ ਜੁੜ ਰਹੇ ਹਾਂ, ਪਰ ਅਸਲੀਅਤ ਵਿੱਚ ਅਸੀਂ ਦੁਨੀਆ ਤੋਂ ਟੁੱਟ ਰਹੇ ਹੁੰਦੇ ਹਾਂ। ਇਹ ਇੱਕ ਅਜਿਹਾ ਭਰਮ ਪੈਦਾ ਕਰਦਾ ਹੈ ਜੋ ਨਾ ਕੇਵਲ ਸਾਡੇ ਰਿਸ਼ਤਿਆਂ ਨੂੰ ਖੋਖਲਾ ਕਰਦਾ ਹੈ, ਬਲਕਿ ਮਨੁੱਖ ਵਿੱਚ ਇਕੱਲਪੁਣਾ, ਝੂਠੀ ਮੁਕਾਬਲੇਬਾਜ਼ੀ ਅਤੇ ਮਨੋਵਿਗਿਆਨਕ ਤਣਾਅ ਵੀ ਪੈਦਾ ਕਰਦਾ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਰਿਸ਼ਤੇ-ਨਾਤੇ ਤਕਨਾਲੋਜੀ ਨਾਲ ਨਹੀਂ, ਬਲਕਿ ਸਾਡੀਆਂ ਭਾਵਨਾਵਾਂ, ਇਮਾਨਦਾਰੀ ਅਤੇ ਸਮਝਦਾਰੀ ਨਾਲ ਬਣਦੇ ਹਨ। ਇਸ ਲਈ ਅਸਲ ਰਿਸ਼ਤਿਆਂ ਨੂੰ ਮਜ਼ਬੂਤ ਬਣਾਈ ਰੱਖਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਵਿੱਚ ਸੰਤੁਲਨ ਲਿਆਉਣਾ ਬਹੁਤ ਜ਼ਰੂਰੀ ਹੈ। ਆਪਣੇ ਰੁਝੇਵਿਆਂ ਭਰੇ ਸਮੇਂ ਵਿੱਚੋਂ ਕੁਝ ਸਮਾਂ ਆਪਣੇ ਅਸਲ ਰਿਸ਼ਤਿਆਂ ਲਈ ਨਿਰਧਾਰਤ ਕਰਨਾ ਅਤੇ ਫੋਕੀ ਦਿਖਾਵੇਬਾਜ਼ੀ ਤੋਂ ਪਰਹੇਜ਼ ਕਰਨਾ, ਅੱਜ ਦੇ ਦੌਰ ਦੀ ਸਭ ਤੋਂ ਵੱਡੀ ਲੋੜ ਹੈ। ਜੀਵਨ ਦੀ ਸਫਲਤਾ ਇਸ ਗੱਲ ਵਿੱਚ ਨਹੀਂ ਕਿ ਸਾਡੇ ਕੋਲ ਕਿੰਨੇ ਡਿਜੀਟਲ ਫਾਲੋਅਰਜ਼ ਹਨ, ਸਗੋਂ ਇਸ ਵਿੱਚ ਹੈ ਕਿ ਅਸਲ ਜੀਵਨ ਵਿੱਚ ਸਾਡਾ ਸਾਥ ਦੇਣ ਵਾਲੇ ਕਿੰਨੇ ਲੋਕ ਹਨ।

ਸੰਪਰਕ: 94636-19353

# ਫ਼ਿਲਮ 'ਸਰਬਾਲਾ ਜੀ' ਵਿੱਚ ਵਿਲੱਖਣ ਕਿਰਦਾਰ 'ਚ ਨਜ਼ਰ ਆਉਣਗੇ ਰਾਣਾ ਜੰਗ ਬਹਾਦਰ



ਹੁਣ ਤੱਕ ਬਾਲੀਵੁੱਡ ਦੀਆਂ 150 ਦੇ ਕਰੀਬ ਹਿੰਦੀ ਦੀਆਂ ਸੁਪਰ-ਡੁਪਰ ਹਿੱਟ ਫ਼ਿਲਮਾਂ 'ਰੋਟੀ ਕੀ ਕੀਮਤ', 'ਫੂਲ ਔਰ ਕਾਂਟੇ','ਕੱਲੂ ਕੀ ਆਵਾਜ਼','ਬੇਤਾਜ਼ ਬਾਦਸ਼ਾਹ',ਨਾਰਾਜ਼,ਦੂਲਹੇ ਰਾਜਾ,ਹਮਾਰਾ ਦਿਲ ਆਪ ਕੇ ਪਾਸ ਹੈ, ਦੀਵਾਨਗੀ,ਯਲਗਾਰ,ਅਜਬ ਪ੍ਰੇਮ ਕੀ ਅਜਬ ਕਹਾਣੀ,'ਹਥਿਆਰ','ਅੱਖਿਓ ਸੇ ਗੋਲੀ ਮਾਰੇ','ਬਟਵਾਰਾ','ਡੁਪਲੀਕੈਟ','ਤਰਾਜ਼ੂ','ਗੁੰਡਾ','ਵਾਹ ਤੇਰਾ ਕਿਆ ਕਹਿਨਾ','ਦੇਸ਼ ਧਰੋਹੀ','ਏਕ ਸੇ ਬੜ ਕਰ ਏਕ','ਫਟਾ ਪੋਸਟਰ','ਧਮਾਲ','ਹੀਰਾ ਲਾਲ ਪੰਨਾ ਲਾਲ','ਤਹਿਖਾਨਾ','ਹਮਾਰਾ ਦਿਲ ਆਪ ਕੇ ਪਾਸ','ਵਾਰਿਸ','ਤੂੰ ਹੀ ਤੋ ਹੈ','ਤਮਾਸ਼ਾ ਨਹੀਂ ਦੇਖਾ','ਇਨਸਾਫ਼',ਆਦਿ ਫ਼ਿਲਮਾਂ ਵਿਚ ਯਾਦਗਾਰੀ ਭੂਮਿਕਾਵਾਂ ਨਿਭਾਇਆ ਹਨ। ਕਿਸਮਤ ਦੇ ਧਨੀ ਰਾਣਾ ਜੰਗ ਬਹਾਦਰ ਨੇ ਹਿੰਦੀ ਫ਼ਿਲਮਾਂ ਦੇ ਨਾਲ-ਨਾਲ ਪੰਜਾਬੀ ਫ਼ਿਲਮਾਂ ਵਿੱਚ ਵੀ ਸ਼ਾਨਦਾਰ ਕਿਰਦਾਰ ਨਿਭਾ ਕੇ ਅਮਿੱਟ ਪੈੜਾਂ ਪਾਇਆ ਹਨ। ਰਾਣਾ ਜੰਗ ਬਹਾਦਰ ਨੇ ਨੈਸ਼ਨਲ ਅਵਾਰਡ ਜੇਤੂ ਪੰਜਾਬੀ ਫ਼ਿਲਮ 'ਚੰਨ ਪਰਦੇਸੀ' ਨਾਲ ਪੰਜਾਬੀ ਸਿਨੇਮੇ 'ਚ ਕਦਮ ਰੱਖਿਆ। ਫਿਰ ਉਸ ਨੇ 'ਮੌਲਾ ਜੱਟ','ਜੀਜਾ ਸਾਲੀ','ਜੱਟ ਦਾ ਗੰਡਾਸਾ','ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ','ਜੱਟ ਐਂਡ ਜੂਲੀਅਟ','ਭਾਜੀ ਇੰਨ ਪ੍ਰੋਬਲਮ','ਫੈਮਿਲੀ 420','ਸਰਦਾਰ ਮੁਹੰਮਦ','ਅਫਸਰ','ਕਪਤਾਨ','ਅੰਬਰਸਰੀਆ','ਕਬੱਡੀ ਵਨਸ ਅਗੇਨ','ਠੱਗ ਲਾਈਫ਼','ਪਿੰਕੀ ਮੋਗੇ ਵਾਲੀ','ਮੰਜੇ ਬਿਸਤਰੇ','ਅਰਦਾਸ ਕਰਾਂ','ਬਲੈਕੀਆ','ਡਾਕਾ','ਅਰਦਾਸ ਸਰਬੱਤ ਦੇ ਭਲੇ ਦੀ','ਬੀਬੀ ਰਜਨੀ', ਆਦਿ 160 ਦੇ ਕਰੀਬ ਫ਼ਿਲਮਾਂ ਦੇ ਨਾਲ ਰਾਜਸਥਾਨੀ,ਗੁਜਰਾਤੀ ਹਿੱਟ ਫ਼ਿਲਮਾਂ ਵਿੱਚ ਆਪਣੀ ਦਮਦਾਰ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਹਾਲ ਹੀ ਰਿਲੀਜ਼ ਹੋਣ ਜਾ ਰਹੀ ਪੰਜਾਬੀ ਫ਼ਿਲਮ 'ਸਰਬਾਲਾ ਜੀ' ਨੂੰ ਲੈ ਕੇ ਅਦਾਕਾਰ ਰਾਣਾ ਜੰਗ ਬਹਾਦਰ ਬੇਹੱਦ ਉਤਸ਼ਾਹਿਤ ਹੈ। ਫ਼ਿਲਮ ਵਿੱਚ ਉਨ੍ਹਾਂ ਵੱਖਰਾ ਕਿਰਦਾਰ ਨਿਭਾਇਆ ਹੈ। ਉਸ ਦਾ ਕਹਿਣਾ ਹੈ ਕਿ ਫ਼ਿਲਮ 'ਸਰਬਾਲਾ ਜੀ' ਵਿੱਚ ਉਸ ਦੇ ਚਹੇਤੇ ਦਰਸ਼ਕ ਰਾਣਾ ਜੰਗ ਬਹਾਦਰ ਨੂੰ ਇਸ ਵਾਰੀ ਪਰਦੇ ਤੇ ਇੱਕ ਵੱਖਰੇ ਹੀ ਕਿਰਦਾਰ ਵਿੱਚ ਦੇਖਣਗੇ। ਜਿਸ ਨੂੰ ਲੈ ਕੇ ਉਹ ਬੇਹੱਦ ਉਤਸ਼ਾਹਿਤ ਹੈ। ਅਦਾਕਾਰ ਰਾਣਾ ਜੰਗ ਬਹਾਦਰ ਦੀਆਂ 'ਬੁਲਾਵਾ','ਕਾਲੇ ਕੱਛਿਆ ਵਾਲੇ','ਬਗਲੋਲ', ਆਦਿ ਆਉਣ ਵਾਲਿਆਂ ਫ਼ਿਲਮਾਂ ਹਨ।

ਜ਼ਿਲ੍ਹਾ ਸੰਗਰੂਰ ਦੇ ਪਿੰਡ ਅਮਰਗੜ੍ਹ ਦਾ ਜੰਮਪਲ ਰਾਣਾ ਜੰਗ ਬਹਾਦਰ ਅਭਿਨੈ ਖੇਤਰ ਵਿਚ ਅਜਿਹਾ ਨਾਂ ਹੈ ਜਿਸ ਨੇ ਵੱਡੀ ਘਾਲਣਾ ਘਾਲ ਕੇ ਆਪਣੇ ਆਪ ਨੂੰ ਸਫਲਤਾ ਦੇ ਇਸ ਮੁਕਾਮ 'ਤੇ ਲਿਆ ਖੜ੍ਹਾ ਕੀਤਾ ਹੈ। ਆਪਣੀ ਦਮਦਾਰ ਅਭਿਨੈ ਕਲਾ ਨਾਲ ਸੁਨਹਿਰੀ ਪਰਦੇ 'ਤੇ ਵੱਖ-ਵੱਖ ਕਿਰਦਾਰਾਂ ਨੂੰ ਸੰਜੀਵ ਕਰਨ ਵਾਲਾ ਰਾਣਾ ਜੰਗ ਬਹਾਦਰ ਹਿੰਦੀ ਤੇ ਪੰਜਾਬੀ ਸਿਨੇਮੇ ਦਾ ਸਾਂਝਾ ਅਦਾਕਾਰ ਹੈ। ਬਾਲੀਵੁੱਡ ਅਤੇ ਪਾਲੀਵੁੱਡ ਤੋਂ ਇਲਾਵਾ ਕਈ ਹੋਰ ਭਾਸ਼ਾਵਾਂ ਦੀਆਂ ਫ਼ਿਲਮਾਂ ਵਿਚ ਵੀ ਰਾਣਾ ਜੰਗ ਬਹਾਦਰ ਨੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਬਚਪਨ ਵਿਚ ਐਕਟਰ ਬਣਨ ਦੇ ਜਨੂਨ ਨਾਲ ਉਹ ਵੱਡੇ ਪਰਦੇ ਤੇ ਆਇਆ ਹੈ। ਰਾਣਾ ਜੰਗ ਬਹਾਦਰ ਨੇ ਥੀਏਟਰ ਨਾਲ ਜੁੜ ਕੇ ਇਸ ਰਿਸ਼ਤੇ ਨੂੰ ਏਨਾ ਮਜ਼ਬੂਤ ਕੀਤਾ ਕਿ ਉਸ ਨੇ ਬਲਵੰਤ ਗਾਰਗੀ,,ਸੁਰਜੀਤ ਸਿੰਘ ਸੇਠੀ,ਡਾ. ਹਰਚਰਨ ਸਿੰਘ,ਰਾਮ ਗੋਪਾਲ ਬਜਾਜ,ਆਦਿ ਨਾਮਵਰ ਨਾਟਕ ਨਿਰਦੇਸ਼ਕਾਂ ਨਾਲ ਕਈ ਸਾਲ ਕੰਮ ਕੀਤਾ। ਨਾਟਕ 'ਕੇਸ਼ਰੋ',ਕਣਕ ਦੀ ਬੱਲੀ','ਲੋਹਾ ਕੁੱਟ', ਆਦਿ ਨਾਟਕਾਂ ਦਾ ਅਨੇਕਾਂ ਸ਼ੋਅ ਕਰਦੇ ਹੋਏ ਬਤੌਰ ਲੇਖਕ ਤੇ ਨਾਟਕਕਾਰ 'ਬੋਦੀ ਵਾਲਾ ਤਾਰਾ' ਵੀ ਲਿਖਿਆ ਜਿਸ ਦੇ ਸਟੇਜ ਸ਼ੋਅ ਪੰਜਾਬ ਤੋਂ ਲੈ ਕੇ ਦੇਸ਼ਾਂ-ਵਿਦੇਸ਼ਾਂ ਵਿਚ ਖੇਡੇ ਗਏ। ਅਦਾਕਾਰ ਰਾਣਾ ਜੰਗ ਬਹਾਦਰ ਨੇ ਇੱਕ ਲੰਮੇ ਸੰਘਰਸ਼ ਤੋਂ ਬਾਅਦ ਬਾਲੀਵੁੱਡ ਦੇ ਨਾਮਵਰ ਨਿਰਦੇਸ਼ਕ ਜੇ.ਪੀ ਦੱਤਾ ਦੀ ਦੀ ਹਿੰਦੀ ਫ਼ਿਲਮ 'ਯਤੀਮ' ਨਾਲ ਸ਼ਾਨਦਾਰ ਕਦਮ ਰੱਖ ਕੇ ਇਸ ਫ਼ਿਲਮ ਨਾਲ ਸੰਨੀ ਦਿਓਲ ਅਤੇ ਫਰਹਾ ਨਾਜ਼ ਨਾਲ ਪਰਦੇ ਤੇ ਕੰਮ ਕਰਕੇ ਹਿੰਦੀ ਸਿਨੇਮੇ ਵਿੱਚ ਸ਼ਾਨਦਾਰ ਐਂਟਰੀ ਮਾਰੀ। ਫਿਰ ਜੇ.ਪੀ ਦੱਤਾ ਹੀ ਫ਼ਿਲਮ 'ਹਥਿਆਰ' ਵੀ ਕੀਤੀ। ਉਸ ਨੇ

ਕਾਲਾ ਸਿੰਘ ਸੈਣੀ
99882-80386

## ਸਿਰਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In the Court of**
**Sh. Aashish Abrol**
**Matrimonial Cases Special Courts, Bathinda Camp at Talwandi Sabo**
CNR No:- PBBT01-014064-2024
Next Date:14.08.2025
Jagsir Singh
Versus
Amandeep Kaur
Notice to: Amandeep Kaur Spouse:- Jagsir Singh S/o Bhanta Singh S/o Sadhu Singh Village Dharampura Tehsil Kalianwali district Sirsa Now At House of Major Singh and Gurmail Singh Sons of Darshan Singh at Village Maur Khurd, Near Ravidas Mandir, Tehsil Maur District Bathinda
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 10-07-2025
**Sd/- Matrimonial Cases Special Courts, Bathinda Camp at Talwandi Sabo**

**(U/o 5 Rule 20 CPC)**
**In the Court of**
**Sh. Raman Kumar**
**Principal Judge Family Court, Ludhiana**
CNR No.PBLD01-003300-2025
Next Date:26.08.2025
Surjeet Singh
Versus
Sandeep Kaur
Notice to: Sandeep Kaur W/o Surjeet Singh D/o Surender Singh R/o Village Barchuhi, Near Baba Balaknath Mandir, Tehsil Bhogpur, Distirct Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **26.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 08-07-2025
**Sd/- Principal Judge Family Court, Ludhiana**

**(U/o 5 Rule 20 CPC)**
**In the Court of**
**Sh. P.S. Kaleka**
**Additional District and Sessions Judge, Hoshiarpur**
CNR No.PBHO01-004238-2022
Next Date : 18.08.2025
Parminder Kaur Bains
Versus
Gurpreet Kaur
Notice to: Gurpreet Kaur:- W/o Gurpreet Singh R/o Bassian Bet Tehsil Jagraon Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**08.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 05-07-2025
**Sd/- Additional District and Sessions Judge, Hoshiarpur**

**(U/o 5 Rule 20 CPC)**
**In the Court of**
**Sh. P.S. Kaleka**
**Additional District and Sessions Judge, Hoshiarpur**
CNR No.PBHO01-002852-2025
Next Date: 20.08.2025
Gurnek Singh
Versus
Gurpreet Singh
Notice to: Gurpreet Singh:- S/o Jagdish Singh alias Jagdeep Singh R/o House NO. 40, Street No. 3, Heera Colony, Bahadurgarh, PS Sadar, Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**08.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 11-07-2025
**Sd/- Additional District and Sessions Judge, Hoshiarpur**

**(U/o 5 Rule 20 CPC)**
**In the Court of**
**Ms. Upasna Goyal**
**Civil Judge (Junior Division), Ludhiana**
CNR No.PBLD02-000007-2025
N16ext Date: 12.08.2025
Punjab State Power Corporation Ltd
Versus
Suman Manchanda
Notice to: Suman Manchanda:- R/o House No. 124 Bhamian Kalan Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **12.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 10-07-2025
**Sd/- Civil Judge (Junior Division), Ludhiana**

**(U/o 5 Rule 20 CPC)**
**In the Court of**
**Sh. Amar Jeet Singh**
**Principal Judge Family Court, Moga**
CNR No.PBMO01-004172-2024
Next Date: 18.08.2025
Manpreet Kaur
Versus
Jagjit Singh
Notice to: Jagjit Singh S/o Hakam Singh Village Lakha, Teh. Jagraon, Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**08.2025 at 10:00 A.M.
For details logon to https://highcourtchd.gov.in/?trs=district_notice&district=Moga
Dated, this day of 20-06-2025
**Sd/- Principal Judge Family Court, Moga**

**(U/o 5 Rule 20 CPC)**
**In the Court of**
**Sh. Kaushal Kumar Yadav**
**Civil Judge Jr.Div., Chandigarh**
CNR No.CHCH02-001812-2023
Next Date: 29.08.2025
Canara Bank
Versus
M/s In and Outside Solution
Suit for Recovery
Notice to: 1. M/s In and Outside Solution:- Office At HM 7 PH 2 Mohali 2. Sarita Bedi Spouse:- Beni Prasad HNo 304 PH 1 Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**08.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 03-05-2025
**Sd/- Civil Judge Jr.Div., Chandigarh**

**(U/o 5 Rule 20 CPC)**
**In the Court of**
**Sh. Gurkiran Singh**
**Additional Civil Judge Sr. Division, Sri Anandpur Sahib**
CNR No. PBROA0-000078-2025
Next Date:-19-08-2025
Santokh Singh Son of Hazara Singh Village Sadhewal Tehsil Sri Anandpur Sahib District Rupnagar
Versus
General Public
Petition u/s
Notice to: General Public :- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19.**08.2025 at 10:00 A.M.
For details logon to https://highcourtchd.gov.in/?trs=district_notice&district=Rupnagar
Dated this day of 07-07-2025
**Sd/- Additional Civil Judge Sr. Division, Sri Anandpur Sahib**

**(U/o 5 Rule 20 CPC)**
**In the Court of**
**Ms. Mandeep Kaur**
**Civil Judge (Junior Division), Dasuya**
CNR No. PBHOA0-000313-2024
Next Date:-02-08-2025
Bank of Baroda Branch Dasuya
Versus
Sukhraj Kaur
Notice to: 1. Sukhraj Kaur d/o Anokh Singh W/o Amandeep Singh r/o 10, Ward no. 4, Jattan Mohalla Garhdiwala Tehsil Dasuyal Distt. Hoshiarpur. 2.Sharanjit Kaur w/o Anokh Singh r/o Wrd no. 11, H.no. 256 Basant Vihar VPO Bhogpur, Distt. Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.**08.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 11-07-2025
**Sd/- Civil Judge (Junior Division), Dasuya**

**(U/o 5 Rule 20 CPC)**
**In the Court of**
**Ms. Jaspreet Kaur Simak**
**Additional Civil Judge (Senior Division), Dasuya**
CNR No.PBHOA0-000207-2025
Next Date : 18.08.2025
Manjit Kaur W/o Surjit Singh S/o Hans Raj, 2. Surjit Singh S/o Hans Raj R/o Village Raju Dawakhri, Tehsil Tanda, District Hoshiarpur.
Versus
General Public etc.
Suit for declaration
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**08.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 05-07-2025
**Sd/- Additional Civil Judge (Senior Division), Dasuya**

**DISTRICT CONSUMER DISPUTES REDRESSAL COMMISSION**
1st FLOOR BUILDING OF CIVIL SURGEON OFFICE, FIRST FLOOR MOTA SINGH NAGAR, S.B.S NAGAR-144514 Phone No. 01823-222681
No DCC/SBSN/2025/ 731 Dated: 03/07/2025
C.C. No. 34/2025 Fixed For: 07.08.2025
PUBLIC NOTICE UNDER ORDER 5 RULE 20 CPC
1. M/S Deshraj Agro Food, R/O Khan Khana Road, VPO-Gunachaur, Distt. SBS Nagar through its Proprietor Navpreet S/O Des Raj R/O Kukar Suha Tehsil Nawanshahr District SBS Nagar 2. Navpreet S/o Des Raj R/O Kukar Suha Tehsil Nawanshahr District SBS Nagar Complainant..
Versus
Adavance Agro Tech and anothers.
Respondents.
Whereas it has been proved to the satisfaction of the Commission that the Respondent named Advance Agro Tech R/O #42, Focal Point, Rajpura District Patiala, through its Propreitor Mann Singh R/O #42. Focal Point Rajpura. District Patiala.(OP-1) Jaskaran Singh S/O Mann Singh R/O #42, Focal Point, Rajpura, District Patiala (OP-2) cannot be served in the ordinary way of service Hence, this proclamation under Order 5 Rule 20 CPC is hereby issued against him and should appear personally or through their counsel on 07.08.2025 at 10.30.A.M.
Take notice that, in default of his appearance on the day before mentioned, the above said case will be heard and determined in his absence
Given under my hand and seal of the Commission this 03.07.2025
Presiding Member, District Consumer Disputes Redressal Commission, S.B.S Nagar
SEAL OF THE COMMISSION

## ਬੇਦਖਲੀ ਸੂਚਨਾ

ਅਸੀਂ ਰਾਜਿੰਦਰ ਸਿੰਘ ਪੁੱਤਰ ਸਵਰਨ ਸਿੰਘ, ਬਲਜੀਤ ਕੌਰ ਪਤਨੀ ਰਾਜਿੰਦਰ ਸਿੰਘ ਵਾਸੀਆਨ ਚੈਹਲ ਜ਼ਿਲ੍ਹਾ ਪਟਿਆਲਾ ਆਪਣੇ ਲੜਕੇ ਗੁਰਪਿੰਦਰ ਸਿੰਘ, ਨੂੰਹ ਸੁਮਨਪ੍ਰੀਤ ਕੌਰ ਜੋ ਸਾਡੇ ਕਹਿਣੇ ਤੋਂ ਬਾਹਰ ਹਨ, ਝਗੜਾ ਕਰਦੇ ਹਨ ਨੂੰ ਆਪਣੀ ਚੱਲ, ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਲੈਣ-ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ। ਸਾਰੇ ਨੋਟ ਕਰਨ।

**ਜਨਤਕ ਨੋਟਿਸ**



**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ**
ਵਿਸ਼ਾ:- ਸਵਰਗੀ ਸ਼੍ਰੀ ਰਾਮ ਲਾਲ ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਵਪਾਰਕ ਬੂਥ ਨੰਬਰ 303, ਸੈਕਟਰ 48-ਸੀ, ਚੰਡੀਗੜ੍ਹ (MMKT 303/48) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 100.00% ਹਿੱਸੇਦਾਰੀ ਤੱਕ ਤਬਾਦਲਾ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਰਾਮ ਲਾਲ ਵਪਾਰਕ ਬੂਥ ਨੰਬਰ 303, ਸੈਕਟਰ 48-ਸੀ, ਚੰਡੀਗੜ੍ਹ ਦੇ 100.00% ਹਿੱਸੇਦਾਰੀ ਤੱਕ ਮਾਲਕ ਹਨ।
ਪਰਵੀਨ ਕੌਰ, ਸੀਮਾ, ਸੰਜੀਵ ਸਿੰਘ, ਚੰਦਨ, ਰਜਨੀ ਬਾਲਾ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਰਾਮ ਲਾਲ ਦੀ ਮੌਤ 24.04.2003 ਨੂੰ ਹੋ ਗਈ ਸੀ ਅਤੇ ਉਨ੍ਹਾਂ ਨੇ ਮ੍ਰਿਤਕ ਮਾਲਕ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) **ਆਸ਼ਾ ਰਾਣੀ-ਪਤਨੀ (ਮ੍ਰਿਤਕ)**, (2) **ਸੰਜੀਵ ਸਿੰਘ-ਪੁੱਤਰ**, (3) **ਅਨੀਤਾ ਰਾਣੀ-ਪੁੱਤਰੀ (ਮ੍ਰਿਤਕ)**, (4) **ਰਜਨੀ ਬਾਲਾ-ਪੁੱਤਰੀ**, (5) **ਪਰਵੀਨ ਕੌਰ-ਪੁੱਤਰੀ**, (6) **ਚੰਦਨ-ਪੋਤਾ**, (7) **ਸੀਮਾ-ਪੁੱਤਰੀ**, (8) **ਕਸ਼ਮੀਰ ਸਿੰਘ-ਜਵਾਈ (ਮ੍ਰਿਤਕ)**
ਹੁਣ, ਪਰਵੀਨ ਕੌਰ, ਸੀਮਾ, ਸੰਜੀਵ ਸਿੰਘ, ਚੰਦਨ, ਰਜਨੀ ਬਾਲਾ ਨੇ ਵਪਾਰਕ ਬੂਥ ਨੰਬਰ 303, ਸੈਕਟਰ 48-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਸਵਰਗੀ ਸ਼੍ਰੀ ਰਾਮ ਲਾਲ ਦੁਆਰਾ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ, ਅਣਵੰਡੀ ਮੌਤ ਦੇ ਆਧਾਰ 'ਤੇ, ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਮ੍ਰਿਤਕ ਦੇ ਉਪਰੋਕਤ ਦੱਸੇ ਗਏ ਤੋਂ ਇਲਾਵਾ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਦੇ ਸਮਰਥਨ ਨਾਲ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਜਿਸ ਨਾਲ ਉਕਤ ਜਾਇਦਾਦ ਵਿੱਚ ਉਕਤ ਹਿੱਸਾ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਹੋ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਮਾਂ ਬਗਲਾਮੁਖੀ ਧਾਮ ਵਿਖੇ ਗੁਰੂ ਪੂਰਨਿਮਾ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

ਲੁਧਿਆਣਾ,12 ਜੁਲਾਈ: (ਕਰਨੈਲ ਸਿੰਘ ਐੱਮ.ਏ.): ਪੱਖੋਵਾਲ ਰੋਡ 'ਤੇ ਸਥਿਤ ਮਾਂ ਬਗਲਾਮੁਖੀ ਧਾਮ ਵਿਖੇ ਮਹੰਤ ਪ੍ਰਵੀਨ ਜੀ ਦੀ ਅਗਵਾਈ ਹੇਠ ਗੁਰੂ ਪੂਰਨਿਮਾ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਹਵਨ ਯੱਗ ਵਿੱਚ ਹਜ਼ਾਰਾਂ ਸ਼ਰਧਾਲੂਆਂ ਨੇ ਭੇਟਾਂ ਚੜ੍ਹਾ ਕੇ ਮਾਂ ਬਗਲਾਮੁਖੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਮਹੰਤ ਪ੍ਰਵੀਨ ਜੀ ਨੇ ਆਪਣੇ ਉਪਦੇਸ਼ਾਂ ਰਾਹੀਂ ਗੁਰੂ ਦੀ ਮਹਿਮਾ ਦਾ ਵਰਣਨ ਕੀਤਾ, ਜਦੋਂ ਕਿ ਸ਼ਰਧਾਲੂਆਂ ਨੇ ਤਿਲਕ ਲਗਾ ਕੇ ਅਤੇ ਫੁੱਲਾਂ ਨਾਲ ਹਾਰ ਪਾ ਕੇ ਮਹੰਤ ਪ੍ਰਵੀਨ ਜੀ ਦੀ ਪੂਜਾ ਕੀਤੀ। ਇਸ ਦੌਰਾਨ ਸ਼ਰਧਾਲੂਆਂ ਨੇ ਗੁਰੂ ਮੰਤਰ ਵੀ ਪ੍ਰਾਪਤ ਕੀਤਾ। ਮਹੰਤ ਪ੍ਰਵੀਨ ਜੀ ਨੇ ਗੁਰੂ ਪੂਰਨਿਮਾ ਦੇ ਤਿਉਹਾਰ ਨੂੰ ਗੁਰੂ ਦੇ ਸਤਿਕਾਰ, ਸਤਿਕਾਰ ਅਤੇ ਸ਼ੁਕਰਗੁਜ਼ਾਰੀ ਨੂੰ ਸਮਰਪਿਤ ਦੱਸਿਆ ਅਤੇ ਕਿਹਾ ਕਿ ਇਹ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਸਗੋਂ ਸਾਡੀ ਭਾਰਤੀ ਸੱਭਿਆਚਾਰ ਅਤੇ ਪਰੰਪਰਾ ਦੀ ਆਤਮਾ ਹੈ। ਗੁਰੂ ਦਾ ਸਥਾਨ ਸਾਡੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਹੈ। 'ਗੁ' ਦਾ ਅਰਥ ਹੈ ਹਨੇਰਾ ਅਤੇ 'ਰੂ' ਦਾ ਅਰਥ ਹੈ ਰੋਸ਼ਨੀ, ਯਾਨੀ ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦਾ ਹੈ ਅਤੇ ਗਿਆਨ ਦੀ ਰੋਸ਼ਨੀ ਫੈਲਾਉਂਦਾ ਹੈ, ਉਸ ਨੂੰ ਗੁਰੂ ਕਿਹਾ ਜਾਂਦਾ ਹੈ। ਗੁਰੂ ਸਾਨੂੰ ਨਾ ਸਿਰਫ਼ ਸਿੱਖਿਆ ਦਿੰਦੇ ਹਨ, ਸਗੋਂ ਸਾਡਾ ਚਰਿੱਤਰ, ਸੋਚ, ਨੈਤਿਕਤਾ ਅਤੇ ਆਤਮ-ਵਿਸ਼ਵਾਸ ਵੀ ਬਣਾਉਂਦੇ ਹਨ। ਉਹ ਸਾਨੂੰ ਜੀਵਨ ਦੇ ਔਖੇ ਰਸਤਿਆਂ 'ਤੇ ਸਹੀ ਫੈਸਲੇ ਲੈਣ ਦੀ ਸਿੱਖਿਆ ਦਿੰਦੇ ਹਨ। ਭਾਵੇਂ ਉਹ ਸਾਡੇ ਸਕੂਲ ਅਧਿਆਪਕ ਹੋਣ, ਮਾਤਾ-ਪਿਤਾ ਹੋਣ, ਜਾਂ ਅਧਿਆਤਮਿਕ ਗੁਰੂ - ਹਰ ਕਿਸੇ ਦਾ ਸਾਡੇ ਜੀਵਨ ਵਿੱਚ ਇੱਕ ਵਿਸ਼ੇਸ਼ ਸਥਾਨ ਹੁੰਦਾ ਹੈ। ਇਸ ਲਈ, ਮਨੁੱਖੀ ਜੀਵਨ ਗੁਰੂ ਤੋਂ ਬਿਨਾਂ ਅਧੂਰਾ ਹੈ। ਸਾਨੂੰ ਉਨ੍ਹਾਂ ਦੁਆਰਾ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਜੀਵਨ ਵਿੱਚ ਇੱਕ ਚੰਗਾ ਇਨਸਾਨ ਬਣਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਪੂਰਨਿਮਾ ਤਿਉਹਾਰ ਅਤੇ ਮਾਂ ਬਗਲਾਮੁਖੀ ਦੇ ਦਿਨ ਦਾ ਇਕੱਠੇ ਹੋਣਾ ਸ਼ਰਧਾਲੂਆਂ ਲਈ ਸ਼ੁਭਕਾਮਨਾਵਾਂ ਦਾ ਪ੍ਰਤੀਕ ਹੈ। ਇਸ ਦੌਰਾਨ ਮਾਂ ਬਗਲਾਮੁਖੀ ਧਾਮ ਦੇ ਭਗਤਾਂ ਨੇ ਗੁਰੂ 'ਤੇ ਅਧਾਰਤ ਭਜਨਾਂ ਰਾਹੀਂ ਜੀਵਨ ਵਿੱਚ ਗੁਰੂ ਦੇ ਵਿਸ਼ੇਸ਼ ਮਹੱਤਵ ਦਾ ਵਰਣਨ ਕੀਤਾ। ਇਸ ਮੌਕੇ ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਉੱਤਮ ਸਚਦੇਵਾ, ਸੰਦੀਪ ਸੂਦ, ਜਤਿਨ ਸੂਦ, ਮਨੀਸ਼ ਗੁਪਤਾ, ਧੀਰਜ ਗੁਪਤਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਸੋਲੰਕੀ, ਬੌਬੀ ਗੱਭਰੂ, ਆਰ.ਮਹਿਕਮਾਲ, ਡੀ.ਮਹਿਕਗੜ੍ਹ, ਡੀ.ਤਰੁਣ ਚੌਧਰੀ, ਤਰੁਣ ਜੈਨ ਸੁਰਾਨਾ, ਤਜਿੰਦਰ ਮਿਗਲਾਨੀ, ਵੰਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਹਰਮੋਹਨ ਮਲਹੋਤਰਾ, ਜਨਕ ਰਾਜ ਸਿੰਗਲਾ, ਰੋਹਿਤ ਸ਼ਰਮਾ, ਸੋਮਨਾਥ ਸ਼ਰਮਾ, ਪ੍ਰਵੇਸ਼ ਚੱਡਾ, ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਆਦਿਤਿਆ ਗੁਪਤਾ, ਪੰਡਿਤ ਸ਼ਰਮਾ, ਵਰੁਣ ਭੂਪਿੰਦਰ, ਵਰੁਣ ਬਾਂਸਰ, ਵਰੁਣ ਠਾਕੁਰ, ਅਰੁਣ ਮਹਿਤਾ, ਗੁਨੀਤ ਖੇੜਾ ਆਦਿ ਹਾਜ਼ਰ ਸਨ।

# ਜਲੰਧਰ ਪ੍ਰਸ਼ਾਸਨ ਸੰਭਾਵੀ ਹੜ੍ਹਾਂ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਤਿਆਰ : ਡੀ.ਸੀ.

ਜਲੰਧਰ, 12 ਜੁਲਾਈ:(ਸੰਦੀਪ ਕੌਲ) ਚੱਲ ਰਹੇ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਜਲੰਧਰ ਪ੍ਰਸ਼ਾਸਨ ਜ਼ਿਲ੍ਹੇ ਵਿੱਚ ਸੰਭਾਵੀ ਹੜ੍ਹਾਂ ਵਰਗੀ ਕਿਸੇ ਵੀ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਕਿਉਂਕਿ ਅਜਿਹੇ ਕਿਸੇ ਵੀ ਹਾਲਾਤ ਨਾਲ ਨਿਪਟਣ ਲਈ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਹਾਲਾਤ ਬਿਲਕੁਲ ਆਮ ਵਰਗੇ ਹਨ ਅਤੇ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੜ੍ਹਾਂ ਤੋਂ ਬਚਾਅ ਲਈ ਸ਼ਹਿਰਾਂ ਤੋਂ ਪਿੰਡਾਂ ਵਿੱਚ ਨਹਿਰਾਂ, ਨਾਲਿਆਂ, ਚੋਆਂ, ਡਰੇਨਾਂ ਦੀ ਸਾਫ਼-ਸਫ਼ਾਈ, ਦਰਿਆ ਦੇ ਕਿਨਾਰਿਆਂ ਦੇ ਮਜ਼ਬੂਤੀਕਰਨ, ਪਿੰਡਾਂ ਵਿਚਲੇ ਛੱਪੜਾਂ ਦੀ ਡੀ ਵਾਟਰਿੰਗ ਸਮੇਤ ਵਿਆਪਕ ਉਪਾਵਾਂ ਨੂੰ ਅੰਤਿਮ ਰੂਪ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਹੰਗਾਮੀ ਹਾਲਾਤ ਦੇ ਤੁਰੰਤ ਟਾਕਰੇ ਲਈ ਲੋੜੀਂਦੀ ਗਿਣਤੀ ਵਿੱਚ ਮਿੱਟੀ ਦੇ ਭਰੇ ਬੈਗਾਂ ਦੀ ਉਪਲਬਧਤਾ ਸਮੇਤ ਫਲੱਡ ਲਾਈਟਾਂ, ਸਰਚ ਲਾਈਟਾਂ, ਲਾਈਫ ਜੈਕਟਾਂ, ਰੱਸੇ, ਕਿਸ਼ਤੀਆਂ ਤੋਂ ਇਲਾਵਾ ਹੋਰ ਲੋੜੀਂਦੇ ਇੰਤਜ਼ਾਮ ਪਹਿਲਾਂ ਹੀ ਕਰ ਲਏ ਗਏ ਹਨ। ਇਸ ਦੇ ਨਾਲ ਹੀ ਲੋਕਾਂ ਦੀ ਸਹੂਲਤ ਲਈ ਜ਼ਿਲ੍ਹਾ ਅਤੇ ਸਬ ਡਵੀਜ਼ਨ ਪੱਧਰ 'ਤੇ ਹੜ੍ਹ ਕੰਟਰੋਲ ਰੂਮ ਵੀ ਸਥਾਪਤ ਕੀਤੇ ਗਏ ਹਨ, ਜਿਥੇ ਲੋਕ ਐਮਰਜੈਂਸੀ ਹਾਲਾਤ ਸਮੇਂ ਸੰਪਰਕ ਕਰ ਸਕਦੇ ਹਨ। ਡਾ. ਅਗਰਵਾਲ ਨੇ ਦੱਸਿਆ ਕਿ ਹੜ੍ਹਾਂ ਤੋਂ ਸੁਰੱਖਿਆ ਸਬੰਧੀ ਪ੍ਰਸ਼ਾਸਨ ਨੇ ਕਈ ਮੌਕ ਡਰਿੱਲ ਵੀ ਕਰਵਾਈਆਂ ਹਨ। ਹਾਲ ਹੀ ਵਿੱਚ ਸਤਲੁਜ ਦਰਿਆ ਦੇ ਕੰਢੇ ਪਿੰਡ ਤਲਵੰਡੀ ਮਾਧੋ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤੀ ਫੌਜ, ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ. ਅਤੇ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਫਲੱਡ ਪ੍ਰੋਟੈਕਸ਼ਨ ਐਕਸਰਸਾਈਜ਼ ਕਰਵਾਈ ਗਈ ਸੀ।

# ਕੂੜੇ ਅਤੇ ਪਾਲੀਥੀਨ ਦੀ ਸਮੱਸਿਆ ਨੇ ਕੀਤਾ ਮੋਹਾਲੀ ਵਾਸੀਆਂ ਦਾ ਬੁਰਾ ਹਾਲ: ਬਲਬੀਰ ਸਿੱਧੂ

ਮੋਹਾਲੀ, 12 ਜੁਲਾਈ:(ਹਰਦੀਪ ਕੌਰ) ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਮੋਹਾਲੀ ਵਿੱਚ ਕੂੜੇ ਦੇ ਨਿਪਟਾਰੇ ਲਈ ਡੰਪਿੰਗ ਗਰਾਊਂਡ ਅਤੇ ਪ੍ਰੋਸੈਸਿੰਗ ਯੂਨਿਟ ਦੇ ਨਾ ਹੋਣ 'ਤੇ ਚਿੰਤਾ ਜ਼ਾਹਿਰ ਕਰਦਿਆਂ ਸਰਕਾਰ 'ਤੇ ਸਵਾਲ ਚੁੱਕੇ ਅਤੇ ਸਰਕਾਰ ਨੂੰ ਨਵੇਂ ਡੰਪਿੰਗ ਗਰਾਊਂਡ ਅਤੇ ਪ੍ਰੋਸੈਸਿੰਗ ਪਲਾਂਟ ਲਈ ਢੁੱਕਵੀਂ ਜ਼ਮੀਨ ਦਾ ਪਲਾਟ ਅਲਾਟ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਲਦ ਤੋਂ ਜਲਦ ਹੱਲ ਕਰਨ ਦੀ ਮੰਗ ਕੀਤੀ। ਇੱਥੇ ਜਾਰੀ ਇੱਕ ਬਿਆਨ ਵਿੱਚ ਸਿੱਧੂ ਨੇ ਕਿਹਾ, ਅੱਜ ਸਿਰਫ਼ ਮੋਹਾਲੀ ਹੀ ਨਹੀਂ ਬਲਕਿ ਆਲੇ ਦੁਆਲੇ ਦੇ ਪਿੰਡਾਂ 'ਚ ਵੀ ਕੂੜੇ ਦੀ ਸਮੱਸਿਆ ਵਧਦੀ ਨਜ਼ਰ ਆ ਰਹੀ ਹੈ, ਡੰਪਿੰਗ ਗਰਾਊਂਡ ਲਈ ਪੱਕਾ ਸਥਾਨ ਅਤੇ ਪ੍ਰੋਸੈਸਿੰਗ ਪਲਾਂਟ ਨਾ ਹੋਣ ਕਾਰਨ ਮੋਹਾਲੀ ਦੇ ਵਸਨੀਕਾਂ ਨੂੰ ਅਨੇਕਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੀਂਹ ਦਾ ਮੌਸਮ ਹੋਣ ਕਾਰਨ ਕੂੜੇ ਵਿੱਚ ਮੱਛਰ ਪੈਦਾ ਹੋਣ ਦਾ ਡਰ ਹੁੰਦਾ ਹੈ ਜਿਸ ਕਾਰਨ ਸ਼ਹਿਰ ਵਿੱਚ ਡੇਂਗੂ ਅਤੇ ਮਲੇਰੀਆ ਵਰਗੀਆਂ ਬੀਮਾਰੀਆਂ ਵੀ ਪੈਦਾ ਹੋ ਸਕਦੀਆਂ ਹਨ। ਸਿੱਧੂ ਨੇ ਕਿਹਾ, ਮੋਹਾਲੀ ਸ਼ਹਿਰ ਦੇ ਫੇਜ਼-5 ਵਿਖੇ ਬਣੇ ਆਰਐਮਸੀ ਪਾਇੰਟ ਅਤੇ ਫੇਜ਼-11 ਨੇੜੇ ਰੇਲਵੇ ਲਾਈਨ ਕੋਲ ਸਥਿਤ ਗਾਰਬੇਜ ਪ੍ਰੋਸੈਸਿੰਗ ਪਲਾਂਟਾਂ ਤੋਂ ਪੈਦਾ ਹੋ ਰਹੀ ਬਦਬੂ ਅਤੇ ਹੋਰ ਸਮੱਸਿਆਵਾਂ ਕਾਰਨ ਸਥਾਨਕ ਲੋਕ ਪ੍ਰੇਸ਼ਾਨ ਹੋ ਰਹੇ ਹਨ ਅਤੇ ਇਸ ਗੱਲ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੂੰ ਇਨ੍ਹਾਂ ਦੋਵੇਂ ਪਲਾਂਟਾਂ ਨੂੰ ਤੁਰੰਤ ਕਿਸੇ ਹੋਰ ਥਾਂ 'ਤੇ ਸ਼ਿਫਟ ਕਰਨਾ ਚਾਹੀਦਾ ਹੈ, ਜਾ ਇਸਦੇ ਲਈ ਮੋਹਾਲੀ ਦੇ ਇੰਡਸਟਰੀਅਲ ਏਰੀਆ ਵਿੱਚ ਵੱਡੇ ਏਰੀਆ ਦੀ ਜ਼ਮੀਨ ਲੈਕੇ ਉਥੇ ਇੱਕ ਪ੍ਰੋਸੈਸਿੰਗ ਯੂਨਿਟ ਬਣਾਉਣਾ ਚਾਹੀਦਾ ਹੈ, ਜੋਕਿ ਨਾਲ ਦੀ ਨਾਲ ਕੂੜੇ ਨੂੰ ਪ੍ਰੋਸੈਸ ਕਰਕੇ ਖਾਦ ਅਤੇ ਹੋਰ ਚੀਜ਼ਾਂ ਬਣਾ ਸਕੇ। ਸਿੱਧੂ ਨੇ ਗਮਾਡਾ ਅਤੇ ਸਰਕਾਰ 'ਤੇ ਸਵਾਲ ਚੁੱਕਦਿਆਂ ਕਿਹਾ, ÷ਅੱਜ ਗਮਾਡਾ ਜ਼ਮੀਨਾਂ ਐਕੁਆਇਰ ਕਰਕੇ ਮੋਹਾਲੀ ਸ਼ਹਿਰ ਦੀ ਹੋਂਦ ਨੂੰ ਤਾਂ ਵਧਾਈ ਜਾ ਰਿਹਾ ਹੈ, ਲੇਕਿਨ ਕੂੜਾ ਸੰਭਾਲ ਦੇ ਸਭ ਤੋਂ ਅਹਿਮ ਕੰਮ ਤੋਂ ਹਾਲੇ ਵੀ ਪਿੱਛੇ ਹੀ ਹੈ। ਗਮਾਡਾ ਕੂੜੇ ਦੇ ਪ੍ਰਬੰਧ ਨੂੰ ਲੈ ਕੇ ਫੇਲ ਹੁੰਦਾ ਵਿਖਾਈ ਦੇ ਰਿਹਾ ਹੈ। ਜੇਕਰ ਚੰਡੀਗੜ੍ਹ ਵਰਗੇ ਵੱਡੇ ਸ਼ਹਿਰਾਂ ਦੀ ਗੱਲ ਕਰੀਏ ਤਾਂ ਓਥੇ ਕੂੜੇ ਦੀ 100 ਫ਼ੀਸਦੀ ਪ੍ਰੋਸੈਸਿੰਗ ਹੋ ਰਹੀ ਹੈ, ਪਰ ਮੋਹਾਲੀ ਵਰਗਾ ਸ਼ਹਿਰ, ਜੋਕਿ ਆਪਣੇ ਆਪ ਵਿੱਚ ਪੰਜਾਬ ਦਾ ਇਕ ਬਹੁਤ ਮਹੱਤਵਪੂਰਨ ਸ਼ਹਿਰ ਹੈ, ਓਥੇ ਵੀ ਪ੍ਰੋਸੈਸਿੰਗ ਪਲਾਂਟ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

# ਸੀ.ਟੀ. ਯੂਨੀਵਰਸਿਟੀ 'ਸਾਇਕੋਫੈਸਟ 2025' ਵਿੱਚ ਦਿਲ ਤੇ ਦਿਮਾਗ ਜੋੜੇ ਗਏ



ਲੁਧਿਆਣਾ, 12 ਜੁਲਾਈ:( ਕਰਨੈਲ ਸਿੰਘ ਐੱਮ.ਏ.) ਸੀ.ਟੀ. ਯੂਨੀਵਰਸਿਟੀ ਦੇ ਸਕੂਲ ਆਫ ਆਰਟਸ, ਸਾਇੰਸ, ਹਿਊਮੈਨਿਟੀਜ਼ ਅਤੇ ਫਿਜ਼ੀਕਲ ਐਜੂਕੇਸ਼ਨ ਵੱਲੋਂ ਸਾਇਕੋਫੈਸਟ 2025 ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ। ਇਹ ਇੱਕ ਇੰਟਰ-ਕਾਲਜ ਫੈਸਟਿਵਲ ਸੀ ਜੋ "ਟ?ਰੌਮਾ, ਠੀਕ ਹੋਣਾ ਅਤੇ ਕਹਾਣੀਆਂ ਦੀ ਮਾਨਸਿਕ ਵਿਗਿਆਨ"ਤੇ ਆਧਾਰਿਤ ਸੀ। ਇਸ ਮੇਲੇ ਨੇ ਪੰਜਾਬ ਅਤੇ ਨੇੜਲੇ ਰਾਜਾਂ ਤੋਂ ਆਏ ਵਿਦਿਆਰਥੀਆਂ ਨੂੰ ਇਕੱਠਾ ਕੀਤਾ, ਜੋ ਕਿ ਮਾਨਸਿਕ ਸਿਹਤ ਦੀ ਜਾਗਰੂਕਤਾ ਵਧਾਉਣ ਅਤੇ ਕਲਾ ਰਾਹੀਂ ਆਪਣੇ ਜਜ਼ਬਾਤ ਦਰਸਾਉਣ ਦੇ ਇੱਕ ਸਾਂਝੇ ਉਦੇਸ਼ ਨਾਲ ਆਏ ਸਨ। ਸੀ.ਟੀ. ਯੂਨੀਵਰਸਿਟੀ ਦਾ ਕੰਪਸ ਰੰਗ-ਬਿਰੰਗੀਆਂ ਮੁਕਾਬਲਿਆਂ ਨਾਲ ਰੌਣਕਮਾਨ ਹੋ ਗਿਆ, ਜਿੱਥੇ ਹਰ ਪ੍ਰਦਰਸ਼ਨ ਨੇ ਮਨੁੱਖੀ ਭਾਵਨਾਵਾਂ ਦੀਆਂ ਗਹਿਰਾਈਆਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ। ਚਾਹੇ ਉਹ ਜਜ਼ਬਾਤੀ ਡਾਂਸ ਹੋਣ, ਗਹਿਰੀ ਸੋਚ ਵਾਲੀਆਂ ਸਕਿਟਾਂ, ਖ਼ੂਬਸੂਰਤ ਪੋਸਟਰ ਮੇਕਿੰਗ ਹੋਵੇ ਜਾਂ ਪ੍ਰਭਾਵਸ਼ਾਲੀ ਡਿਕਲੇਮੇਸ਼ਨ - ਹਰ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਆਪਣੀ ਸੋਚ ਅਤੇ ਅਨੁਭਵ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਹਰ ਪ੍ਰਦਰਸ਼ਨ ਇਹ ਦੱਸ ਰਿਹਾ ਸੀ ਕਿ ਕਿਵੇਂ ਨਿੱਜੀ, ਸੱਭਿਆਚਾਰਕ ਅਤੇ ਭਾਵੁਕ ਕਹਾਣੀਆਂ ਮਾਨਸਿਕ ਤੰਦਰੁਸਤੀ ਅਤੇ ਠੀਕ ਹੋਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ 'ਤੇ ਸੀ.ਟੀ. ਯੂਨੀਵਰਸਿਟੀ ਦੇ ਪ੍ਰੋ: ਚਾਂਸਲਰ ਡਾ: ਮਨਬੀਰ ਸਿੰਘ ਨੇ ਇਸ ਯਤਨ ਦੀ ਤਾਰੀਫ਼ ਕਰਦਿਆਂ ਕਿਹਾ: "ਸਾਇਕੋਫੈਸਟ 2025, ਸੀ.ਟੀ. ਯੂਨੀਵਰਸਿਟੀ ਦੇ ਉਸ ਦਰਸ਼ਨ ਨੂੰ ਦਰਸਾਉਂਦਾ ਹੈ, ਜਿੱਥੇ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ 'ਚ ਸਮਵੇਦਨਾ, ਭਾਵਨਾਤਮਕ ਸਮਝ ਅਤੇ ਸਚਾਈਆਂ ਦਾ ਸਾਹਮਣਾ ਕਰਨ ਦੀ ਹ????ਤ ਵਿਕਸਤ ਕੀਤੀ ਜਾਂਦੀ ਹੈ। ਵਿਦਿਆਰਥੀਆਂ ਵੱਲੋਂ ਰਚਨਾਤਮਕ ਢੰਗ ਨਾਲ ਟ?ਰੌਮਾ ਤੇ ਠੀਕ ਹੋਣ ਨੂੰ ਪੇਸ਼ ਕਰਨਾ ਵਾਕਈ ਸ਼ਲਾਘਾਯੋਗ ਹੈ। ਸੀ.ਟੀ. ਯੂਨੀਵਰਸਿਟੀ ਦੇ ਸਕੂਲ ਹੈੱਡ ਡਾ. ਸ਼ਫਾਇਤ ਹੁਸੈਨ ਨੇ ਕਿਹਾ: "ਸਾਇਕੋਫੈਸਟ ਵਰਗੇ ਇਵੈਂਟ ਸਿਰਫ਼ ਮੁਕਾਬਲੇ ਨਹੀਂ ਹੁੰਦੇ, ਇਹ ਖੁੱਲ੍ਹੀਆਂ ਗੱਲਬਾਤਾਂ ਹੁੰਦੀਆਂ ਹਨ ਜੋ ਮਾਨਸਿਕ ਸਿਹਤ ਨਾਲ ਜੁੜੀਆਂ ਗਲਤ ਫਹਿਮੀਆਂ ਨੂੰ ਦੂਰ ਕਰਦੀਆਂ ਹਨ। ਇਹ ਨੌਜਵਾਨਾਂ ਨੂੰ ਆਪਣਾ ਦਰਦ, ਸੋਚ ਅਤੇ ਸਮਝ ਬਿਆਨ ਕਰਨ ਦੀ ਹਿੰਮਤ ਦਿੰਦੀਆਂ ਹਨ। ਮੈਂ ਹਰ ਇੱਕ ਹਿੱਸਾ ਲੈਣ ਵਾਲੇ ਅਤੇ ਆਯੋਜਕ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਵਿਚਾਰ ਨੂੰ ਹਕੀਕਤ ਬਣਾਇਆ। ਸੀ.ਟੀ. ਯੂਨੀਵਰਸਿਟੀ ਦੇ ਡਾਇਰੈਕਟਰ, ਡੀਐੱਸਡਬਲਯੂ, ਇੰਜੀ. ਦਵਿੰਦਰ ਸਿੰਘ ਨੇ ਸਾਰੇ ਇਵੈਂਟ ਦੀ ਯੋਜਨਾ ਅਤੇ ਕਾਰਗੁਜ਼ਾਰੀ ਵਿੱਚ ਅਹੰ ਭੂਮਿਕਾ ਨਿਭਾਈ, ਅਤੇ ਉਨ੍ਹਾਂ ਦੇ ਸਹਿਯੋਗ ਲਈ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਰਾਹਿਆ ਗਿਆ। ਸਾਇਕੋਫੈਸਟ 2025 ਨੇ ਇਹ ਸਾਬਤ ਕਰ ਦਿੱਤਾ ਕਿ ਸੀ.ਟੀ. ਯੂਨੀਵਰਸਿਟੀ ਵਿੱਚ ਸਿੱਖਿਆ ਸਿਰਫ ਪਾਠਕ੍ਰਮ ਤੱਕ ਸੀਮਿਤ ਨਹੀਂ ਹੈ - ਇੱਥੇ ਵਿਦਿਆਰਥੀਆਂ ਦੀ ਮਾਨਸਿਕ ਤੇ ਭਾਵਨਾਤਮਕ ਤੰਦਰੁਸਤੀ ਨੂੰ ਵੀ ਉਤਨਾ ਹੀ ਮਹੱਤਵ ਦਿੱਤਾ ਜਾਂਦਾ ਹੈ। ਇਹ ਮੇਲਾ ਇੱਕ ਉਦਾਹਰਨ ਬਣ ਗਿਆ ਕਿ ਕਿਵੇਂ ਕਲਾ, ਜਜ਼ਬਾਤ ਅਤੇ ਗੱਲਬਾਤ ਰਾਹੀਂ ਸਿਹਤਮੰਦ ਸੋਚ ਤੇ ਹਿੰਮਤ ਨੂੰ ਨਵਾਂ ਰੁਖ ਦਿੱਤਾ ਜਾ ਸਕਦਾ ਹੈ।

# ਬਲੌਜ਼ਮਜ਼ ਕਾਨਵੈਂਟ ਵੱਲੋਂ ਸਵ. ਡਾ.ਨਾਜ਼ ਦੇ ਜਨਮ-ਦਿਨ 'ਤੇ ਨਿੱਘੀ ਸ਼ਰਧਾਂਜਲੀ



ਜਗਰਾਉਂ, 12 ਜੁਲਾਈ: (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਦਵਿੰਦਰ ਜੈਨ) : ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਪਹਿਲੇ ਪ੍ਰਿੰਸੀਪਲ ਸਵ.ਡਾ.ਅਮਰਜੀਤ ਕੌਰ ਨਾਜ਼ ਦੇ ਅੱਜ ਜਨਮ-ਦਿਨ ਮੌਕੇ ਉਹਨਾਂ ਦੀ ਯਾਦ ਨੂੰ ਸਮਰਪਿਤ ਨਿੱਘੀ ਸ਼ਰਧਾਂਜਲੀ ਦਿੱਤੀ ਗਈ ਤੇ ਉਹਨਾਂ ਨਾਲ ਬੀਤੇ ਇਕ ਦਹਾਕੇ ਤੋਂ ਵੱਧ ਸਮੇਂ ਨੂੰ ਉਹਨਾਂ ਦੀ ਯਾਦ ਵਜੋਂ ਸਾਂਝਾ ਕੀਤਾ ਗਿਆ। ਉਸ ਹਰ ਇੱਕ ਇਨਸਾਨ ਨੇ ਉਹਨਾਂ ਲਈ ਅੱਖਾਂ ਨਮ ਕੀਤੀਆਂ ਜਿੰਨਾਂ ਨਾਲ ਉਹਨਾਂ ਨੇ ਸਮਾਂ ਬਿਤਾਇਆ ਉਹਨਾਂ ਦੀ ਖੁਸ਼ਬੂ ਅੱਜ ਵੀ ਸਕੂਲ ਦੇ ਹਰ ਕੋਨੇ ਵਿੱਚੋਂ ਆਉਂਦੀ ਅਤੇ ਉਹਨਾਂ ਦੀਆਂ ਦਿੱਤੀਆਂ ਸਿੱਖਿਆਵਾਂ ਅੱਜ ਵੀ ਸਹਾਈ ਸਿੱਧ ਹੋ ਰਹੀਆਂ ਹਨ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਉਹਨਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਬਲੌਜ਼ਮਜ਼ ਰੂਪੀ ਜਿਹੜੇ ਬਾਗ ਨੂੰ ਡਾ.ਨਾਜ਼ ਨੇ ਆਪਣੀ ਮਿਹਨਤ ਨਾਲ ਸਿੰਜਿਆਂ ਅਸੀਂ ਉਸਨੂੰ ਹੋਰ ਵੀ ਦੂਣਾ-ਚੌਣਾ ਕਰਾਂਗੇ ਇਹ ਸਾਡਾ ਉਸ ਵਿੱਛੜੀ ਰੂਹ ਨਾਲ ਵਾਅਦਾ ਹੈ। ਉਹਨਾਂ ਨੇ ਆਪਣੇ ਜੀਵਨ ਦੇ ਸਫਰ ਦੌਰਾਨ ਜਿੱਥੇ ਅਨੇਕਾਂ ਕਿਤਾਬਾਂ ਸਮਾਜ ਨੂੰ ਸੇਧ ਦੇਣ ਲਈ ਸਾਹਿਤ ਦੀ ਝੋਲੀ ਪਾਈਆਂ ਉਥੇ ਵਿਦਿਆਰਥੀ ਵਰਗ ਅਤੇ ਅਧਿਆਪਕ ਵਰਗ ਲਈ ਰਾਹ ਦਸੇਰੇ ਵਾਂਗ ਕੰਮ ਕੀਤਾ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਸ.ਮਨਪ੍ਰੀਤ ਸਿੰਘ ਬਰਾੜ ਚੇਅਰਮੈਨ ਸ. ਹਰਭਜਨ ਸਿੰਘ ਜੌਹਲ ਨੇ ਵੀ ਉਹਨਾਂ ਦੇ ਜਨਮਦਿਨ ਤੇ ਉਹਨਾਂ ਨੂੰ ਯਾਦ ਕਰਦਿਆਂ ਨਿੱਘੀ ਸ਼ਰਧਾਂਜਲੀ ਦਿੱਤੀ। ਇਸ ਮੌਕੇ ਗੁਰੂ ਸਾਹਿਬ ਅੱਗੇ ਅਰਦਾਸ ਕਰਦੇ ਹੋਏ ਕੜਾਹ ਪ੍ਰਸ਼ਾਦ ਦੀ ਦੇਗ਼ ਵਰਤਾਈ ਗਈ।

# ਸ਼ਿਵਾਲਿਕ ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਲਗਾਈ ਪ੍ਰਦਰਸ਼ਨੀ




ਜਗਰਾਉਂ, 12 ਜੁਲਾਈ (ਵਿਸ਼ਾਲ ਅੱਤਰੇ /ਆਰੀਅਨ ਅੱਤਰੇ):- ਸ਼ਿਵਾਲਿਕ ਮਾਡਲ ਸਕੂਲ ਵਿੱਚ ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਅਤੇ ਉਪ-ਪ੍ਰਧਾਨ ਮੈਡਮ ਈਸ਼ਿਤਾ ਸ਼ਰਮਾ ਜੀ ਦੇ ਨੇਤ੍ਰਤਵ ਹੇਠ ਸਿੱਖਿਆ ਦੇ ਨਾਲ-ਨਾਲ ਇਕ ਸ਼ਾਨਦਾਰ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਸਾਹਿਤ ਨਾਲ ਜੁੜੇ ਮਾਡਲ ਪੇਸ਼ ਕੀਤੇ। ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਨੇ ਵਿਗਿਆਨ, ਸਮਾਜਿਕ ਵਿਦਿਆ, ਗਣਿਤ, ਅੰਗ੍ਰੇਜ਼ੀ, ਸਰੀਰਕ ਸਿੱਖਿਆ, ਖੇਡਾਂ, ਕੰਪਿਊਟਰ ਅਤੇ ਪੰਜਾਬੀ ਵਿਰਾਸਤ ਨਾਲ ਸਬੰਧਤ ਮਾਡਲ ਪੇਸ਼ ਕੀਤੇ।ਅਧਿਆਪਕਾਂ ਅਤੇ ਮਾਪਿਆਂ ਨੇ ਵੀ ਬੱਚਿਆਂ ਦੇ ਉਤਸ਼ਾਹ ਨੂੰ ਵਧਾਉਣ ਲਈ ਪੂਰੀ ਤਰ੍ਹਾਂ ਸਹਿਯੋਗ ਦਿੱਤਾ। ਵਿਦਿਆਰਥੀਆਂ ਵਿਚ ਉਤਸ਼ਾਹ ਦੇਖਣ ਯੋਗ ਸੀ। ਗਣਿਤ ਵਿਭਾਗ ਵਿੱਚ ਪਾਇਥਾਗੋਰਸ ਥਿਊਰਮ, 34 ਆਕਰਤੀਆਂ, ਵਰਤੁਲ ਦਾ ਖੇਤਰਫਲ ਆਦਿ ਦੇ ਮਾਡਲ ਆਪਣੇ ਉਦੇਸ਼ ਨੂੰ ਸਾਫ਼ ਤੌਰ 'ਤੇ ਦਰਸਾ ਰਹੇ ਸਨ। ਵਿਗਿਆਨ ਵਿੱਚ ਸ਼ਵਾਸ ਪ੍ਰਕਿਰਿਆ, ਫੇਫੜਿਆਂ ਆਦਿ ਦੇ ਮਾਡਲ ਹਕੀਕਤ ਨੂੰ ਦਰਸਾ ਰਹੇ ਸਨ।ਪ੍ਰਦਰਸ਼ਨੀ ਵਿੱਚ ਆਏ ਮਾਪਿਆਂ ਨੇ ਬੱਚਿਆਂ ਦੀ ਲਗਨ ਅਤੇ ਮਹਿਨਤ ਦੀ ਸਾਰੀ ਤਹਿ ਦਿਲੋਂ ਸਿਫ਼ਤ ਕੀਤੀ ਅਤੇ ਸਕੂਲ ਪ੍ਰਤੀ ਧੰਨਵਾਦ ਵਿਅਕਤ ਕੀਤਾ। ਡਾਇਰੈਕਟਰ ਸਰ ਅਤੇ ਹੋਰ ਪਦਾਧਿਕਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਜੀ ਨੇ ਆਏ ਹੋਏ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਅੱਗੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ, ਤਾਂ ਜੋ ਭਵਿੱਖ ਵਿੱਚ ਵੀ ਉਹ ਸਿੱਖਿਆ ਦੇ ਨਾਲ-ਨਾਲ ਆਪਣੀ ਕਲਾ ਨੂੰ ਵੀ ਉਜਾਗਰ ਕਰ ਸਕਣ। ਇਸ ਮੌਕੇ 'ਤੇ ਸਾਰੇ ਅਧਿਆਪਕ ਸਟਾਫ ਮੌਜੂਦ ਸੀ।

# ਦਿੱਲੀ ਕਮੇਟੀ ਦੇ ਧਰਮ ਪ੍ਰਚਾਰ ਚੇਅਰਮੈਨ ਵੱਲੋਂ ਦਿੱਲੀ ਦੀਆਂ ਮਹਿਲਾਵਾਂ ਨਾਲ ਮਹੱਤਵਪੂਰਨ ਮੀਟਿੰਗ

## ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਸੰਬੰਧੀ ਪ੍ਰੋਗਰਾਮਾਂ ਦੀ ਕੀਤੀ ਸਮੀਖਿਆ



ਨਵੀਂ ਦਿੱਲੀ, 12 ਜੁਲਾਈ:(ਅੰਮ੍ਰਿਤਪਾਲ ਸਿੰਘ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਚੇਅਰਮੈਨ ਸ. ਜਸਪਰੀਤ ਸਿੰਘ ਕਰਮਸਰ ਵੱਲੋਂ ਦਿੱਲੀ ਦੀ ਸਤਸੰਗ ਸਭਾ ਨਾਲ ਸਬੰਧਤ ਮਹਿਲਾਵਾਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਨੂੰ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੀਬੀ ਰਣਜੀਤ ਕੌਰ ਵੀ ਮੌਜੂਦ ਰਹੀ, ਜਿਨ੍ਹਾਂ ਦੀ ਦੇਖ-ਰੇਖ ਹੇਠ ਕਮੇਟੀ ਨੇ 25 ਅਤੇ 26 ਜੁਲਾਈ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਲੱਖੀਸ਼ਾਹ ਵੰਜਾਰਾ ਹਾਲ ਵਿੱਚ ਮਹਿਲਾਵਾਂ ਦਾ ਕੀਰਤਨ ਪ੍ਰੋਗਰਾਮ ਰੱਖਿਆ ਹੈ। ਮੀਟਿੰਗ ਤੋਂ ਬਾਅਦ ਸ. ਜਸਪਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਮਹਾਸਚਿਵ ਸ. ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਇਹ ਫੈਸਲਾ ਲਿਆ ਗਿਆ ਕਿ ਜੁਲਾਈ ਮਹੀਨੇ ਤੋਂ ਲਗਾਤਾਰ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਕੀਰਤਨ ਦਰਬਾਰ, ਸੈਮੀਨਾਰ, ਸਰਵ ਧਰਮ ਸੰਮੇਲਨ, ਕਵੀ ਦਰਬਾਰ ਆਦਿ ਸ਼ਾਮਲ ਹੋਣਗੇ। ਇਸ ਲੜੀ ਵਿੱਚ ਧਰਮ ਪ੍ਰਚਾਰ ਕਮੇਟੀ ਵੱਲੋਂ ਫੈਸਲਾ ਲਿਆ ਗਿਆ ਕਿ 25 ਅਤੇ 26 ਜੁਲਾਈ ਨੂੰ ਦਿੱਲੀ ਦੀਆਂ ਸਾਰੀਆਂ ਸਤਸੰਗ ਸਭਾ ਦੀਆਂ ਮਹਿਲਾਵਾਂ ਵੱਲੋਂ ਸਾਂਝਾ ਕੀਰਤਨ ਕਰਵਾਇਆ ਜਾਵੇ। ਇਸ ਲਈ ਬੀਬੀ ਰਣਜੀਤ ਕੌਰ ਨੂੰ ਮਹਿਲਾਵਾਂ ਨਾਲ ਸੰਪਰਕ ਅਤੇ ਸਮਨਵਯ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਦੇ ਸਾਰੇ 46 ਵਾਰਡਾਂ ਵਿੱਚ ਸਤਸੰਗ ਸਭਾ, ਸੇਵਾ ਸੋਸਾਇਟੀ ਆਦਿ ਦੀਆਂ ਮਹਿਲਾਵਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਮੂਲਤ ਹੋਣ ਅਤੇ ਕੀਰਤਨ ਕਰਨ ਦਾ ਨਿਯੋਤਾ ਦਿੱਤਾ ਗਿਆ ਹੈ। ਹਰ ਵਾਰਡ ਲਈ ਵੱਖ-ਵੱਖ ਸਮਾਂ ਨਿਰਧਾਰਤ ਕੀਤਾ ਗਿਆ ਹੈ, ਜਿਸ ਵਿੱਚ ਵਾਰਡ ਦੀਆਂ ਸਾਰੀਆਂ ਜਥੇਬੰਦੀਆਂ ਮਿਲਕੇ ਇਕੱਠੇ ਕੀਰਤਨ ਕਰਨਗੀਆਂ। ਸ. ਜਸਪਰੀਤ ਸਿੰਘ ਕਰਮਸਰ ਨੇ ਆਖਿਆ ਕਿ ਇਸ ਰਾਹੀਂ ਵੱਧ ਤੋਂ ਵੱਧ ਮਹਿਲਾਵਾਂ ਨੂੰ ਜੋੜਿਆ ਜਾਵੇਗਾ ਅਤੇ ਜਦ ਮਹਿਲਾਵਾਂ ਜੁੜ ਜਾਣਗੀਆਂ ਤਾਂ ਆਪਣੇ ਆਪ ਹੀ ਸਾਰਾ ਪਰਿਵਾਰ ਜੁੜ ਜਾਵੇਗਾ।

# ਪੰਜਾਬ ਰਾਜ ਪੱਛਮੀ ਸ਼੍ਰੇਣੀ ਕਮਿਸ਼ਨ ਵੱਲੋਂ ਅਚਨਚੇਤ ਨਿਰੀਖਣ

ਫਿਲੌਰ, 12 ਜੁਲਾਈ (ਅਜੇ ਸਿੰਘ ਨਾਗੀ)ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਫਿਲੌਰ ਮੁੰਡੇ ਦਾ ਪੰਜਾਬ ਰਾਜ ਪੱਛਮੀ ਸ਼੍ਰੇਣੀ ਕਮਿਸ਼ਨ ਦੇ ਚੇਅਰਮੈਨ ਸਰਦਾਰ ਡਾਕਟਰ ਮਲਕੀਤ ਥਿੰਦ ਜੀ ਵੱਲੋਂ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਮੌਕੇ ਉਹਨਾਂ ਨੇ ਕਿਹਾ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਨੀਤੀ ਤਹਿਤ ਪੰਜਾਬ ਦੇ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ ਤੇ ਪੰਜਾਬ ਦੇ ਵਿੱਚ ਜੋ ਵੀ ਸਕੂਲਾਂ ਦੇ ਵਿੱਚ ਸਟਾਫ ਦੀ ਘਾਟ ਸੀ ਉਸਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਉਹਨਾਂ ਨੇ ਸਕੂਲ ਦਾ ਦੌਰਾ ਕਰਕੇ ਸਫਾਈ, ਖਾਣ ਤੇ ਹੋਰ ਪ੍ਰਬੰਧ ਵੇਖ ਕੇ ਰਾਜਵਿੰਦਰ ਸਿੰਘ ਤੇ ਸਮੂਹ ਸਕੂਲ ਸਟਾਫ ਦਾ ਧੰਨਵਾਦ ਕੀਤਾ, ਇਸ ਮੌਕੇ ਰਾਜਵਿੰਦਰ ਸਿੰਘ ਸੈਂਟਰ ਹੈਡ ਟੀਚਰ ਮੁੰਡੇ, ਹਰਕਮਲ ਸਿੰਘ ਸੰਧੂ, ਸੁਸ਼ੀਲਾ ਕੁਮਾਰੀ ਪ੍ਰਿੰਸੀਪਲ,ਸ੍ਰੀ ਕ੍ਰਿਸ਼ਨ, ਕੁਲਵਿੰਦਰ ਕੌਰ, ਵੀਨੂ ਗਾਬਾ, ਰਾਕੇਸ਼ ਕੁਮਾਰ, ਸ੍ਰੀ ਅੰਮ੍ਰਿਤ ਪਾਲ ਸਿੰਘ ਸ੍ਰੀ ਅੰਕੁਸ਼ ਮਿੱਤਲ, ਪ੍ਰਵੀਨ ਬਾਲਾ ਜੋਤੀ ਯਾਦਵ, ਕਸ਼ਮੀਰ ਕੌਰ, ਰਸ਼ੀਦ ਖਾਨ ਤੇ ਸਕੂਲ ਸਟਾਫ ਤੇ ਵਿਸ਼ੇਸ਼ ਸ਼ਖਸ਼ੀਅਤਾਂ ਹਾਜਰ ਸਨ।

# ਮਾਣ ਧੀਆਂ 'ਤੇ ਸੰਸਥਾ ਦਾ ਨਾਮ ਏਸ਼ੀਆ ਬੁੱਕ ਵਿੱਚ ਦਰਜ ਹੋਣਾ ਜ਼ਿਲ੍ਹੇ ਲਈ ਮਾਣ ਵਾਲੀ ਗੱਲ: ਰਾਜੇਸ਼ ਸ਼ਰਮਾ




ਭਿੱਖੀਵਿੰਡ 12 ਜੁਲਾਈ ( ਸਵਿੰਦਰ ਬਲੇਹਰ ):- ਜ਼ਿਲ੍ਹੇ ਦੇ ਸਕੂਲ ਮੁੱਖੀਆਂ,ਸਮਾਜ ਸੇਵੀਆ, ਖੇਡ ਪ੍ਰੇਮੀਆਂ ਅਤੇ ਹੋਰ ਪ੍ਰਸਿੱਧ ਸਖ਼ਸ਼ੀਅਤਾਂ ਨੂੰ ਇੱਕ ਮੰਚ 'ਤੇ ਖੜ੍ਹੇ ਕਰ ਕੇ ਪਿੱਛਲੇ ਡੇਢ ਦਹਾਕੇ ਤੋਂ ÷ਬੇਟੀ ਬਚਾਓ, ਬੇਟੀ ਪੜ੍ਹਾਓ÷ ਦੇ ਨਾਅਰੇ ਹੇਠ ਭਰੂਣ ਹੱਤਿਆ ਖ਼ਿਲਾਫ ਅਵਾਜ ਬੁਲੰਦ ਕਰਕੇ (ਇੰਡੀਆ ਬੁੱਕ ਵਿੱਚ ਆਪਣਾ ਨਾਂਅ ਦਰਜ਼ ਕਰਨ ਅਤੇ ਮਹਿਲਾਵਾਂ ਤੇ ਧੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਣ ਵਾਲੀ ਅਤੇ ਸਮਾਜ ਸੇਵਾ ਦੇ ਖੇਤਰ 'ਚ ਵਿਲੱਖਣ ਪਛਾਣ ਬਣਾ ਕੇ ਕੌਮੀ, ਰਾਜ ਅਤੇ ਜ਼ਿਲ੍ਹਾ ਪੱਧਰੀ ਐਵਾਰਡ ਪ੍ਰਾਪਤ ਕਰਨ ਵਾਲੀ ਪੰਜਾਬ ਦੀ ਨਾਮਵਰ ਸਮਾਜ ਸੇਵੀ ਸੰਸਥਾ ÷ਮਾਣ ਧੀਆਂ 'ਤੇ÷ ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਅਤੇ ਪ੍ਰਸਿੱਧ ਸਮਾਜ ਸੇਵਕ ਗੁਰਿੰਦਰ ਸਿੰਘ ਮੱਟੂ (ਇੰਡੀਆ ਬੁੱਕ ਰਿਕਾਰਡ ਹੋਲਡਰ) ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੰਸਥਾ ਨੇ ਪਿੱਛਲੇ 15 ਸਾਲ ਦੌਰਾਨ ਭਰੂਣ ਹੱਤਿਆ ਖ਼ਿਲਾਫ਼ ਚਲਾਈ ਗਈ ਹਸਤਾਖ਼ਰ ਮੁਹਿੰਮ ਵਿੱਚ 148 ਸਕੂਲਾਂ-ਕਾਲਜਾਂ ਦੇ 1 ਲੱਖ 3 ਹਜਾਰ 209 ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਸੀ 9 ਅੱਜ ਇਸ ਮੁਹਿੰਮ ਬੂਰ ਪਿਆ ਹੈ ਜੋ ਕਿ ÷ਮਾਣ ਧੀਆਂ 'ਤੇ÷ ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦਾ ਨਾਂਅ ਏਸ਼ੀਆ ਬੁੱਕ ਆਫ਼ ਰਿਕਾਰਡ ਵਿੱਚ ਦਰਜ਼ ਹੋਇਆ ਹੋਇਆ ਹੈ 9 ਸੰਸਥਾ ਦੇ ਮੁੱਖ ਸਰਪ੍ਰਸਤ ਪੀਸੀਐਸ ਸ਼?ਰੀ ਰਾਜੇਸ਼ ਸ਼ਰਮਾ ਨੇ ਸਰਟੀਫਿਕੇਟ ਅਤੇ ਮੈਡਲ ਦੇਖਦੇ ਹੋਏ ਉਹਨਾਂ ਨੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਅਤੇ ਉਹਨਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਏਨੀ ਵੱਡੀ ਪ੍ਰਾਪਤੀ ਕਰਨ ਤੇ ਵਧਾਈ ਦਿੰਦਿਆਂ ਪਿੱਠ-ਥਾਪੜਾ ਦਿੱਤਾ ਤੇ ਅਗਾਂਹ ਸਮਾਜਿਕ ਬੁਰਾਈਆ ਦਾ ਡਟ ਕੇ ਸਾਹਮਣਾ ਕਰਨ ਦਾ ਹੌਸਲਾ ਵੀ ਦਿੱਤਾ। ਉਹਨਾਂ ਅੱਗੇ ਕਿਹਾ ਇਸ ਮੁਹਿੰਮ ਨਾਲ ਨੌਜਵਾਨ ਪੀੜ੍ਹੀ 'ਚ ਔਰਤਾਂ ਖਿਲਾਫ ਸਮਾਜ ਵਿੱਚ ਫੈਲੀਆਂ ਕੁਰੀਤੀਆਂ 'ਤੇ ਮੁਕੰਮਲ ਰੋਕ ਲਾਉਣ ਨਾਲ ਭਰੂਣ ਹੱਤਿਆ ਖਿਲਾਫ ਜਾਗਰੁਕਤਾ ਪੈਦਾ ਹੋਵੇਗੀ। ਆਖਿਰ ਰਾਜੇਸ਼ ਸ਼ਰਮਾ ਨੇ ਮੱਟੂ ਦੇ ਸਮਾਜ ਭਲਾਈ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੜਕੀਆਂ ਨੂੰ ਪੜ੍ਹਾਈ ਤੇ ਖੇਡਾਂ ਵਿਚ ਉਤਸ਼ਾਹਿਤ ਕਰਨਾ ਇਕ ਵਧੀਆ ਉਪਰਾਲਾ ਹੈ। ਮਾਣ ਧੀਆਂ 'ਤੇ ਸੰਸਥਾ ਦਾ ਨਾਂਅ ਏਸ਼ੀਆ ਬੁੱਕ ਵਿੱਚ ਦਰਜ਼ ਹੋਣਾ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ 9 ਆਖ਼ਿਰ ਵਿੱਚ ਪ੍ਰਧਾਨ ਮੱਟੂ ਨੇ ਕਿਹਾ ਕੇ ਸੰਸਥਾ ਦੇ ਸਮੂਹ ਮੈਂਬਰਾਂ ਚੇਅਰਮੈਨ ਹਰਦੇਸ਼ ਸ਼ਰਮਾ,ਵਾਇਸ ਚੇਅਰਮੈਨ ਮਖਤੂਲ ਸਿੰਘ ਔਲਖ, ਵਾਇਸ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ (ਯੂਕੇ),ਸੀਨੀਅਰ ਮੀਤ ਪ੍ਰਧਾਨ ਨਿਰਵੈਰ ਸਿੰਘ ਸਰਕਾਰੀਆ,ਮੀਤ ਪ੍ਰਧਾਨ ਜੀਤ ਸਲੂਜਾ,ਐਡਵੋਕੇਟ ਅਜੈ ਕੁਮਾਰ ਵਰਮਾਨੀ, ਡਾਇਰੈਕਟਰ ਮੰਗਲ ਸਿੰਘ ਕਿਸ਼ਨਪੁਰੀ, ਨਿਰਵੈਰ ਸਿੰਘ, ਪ੍ਰਿੰ.ਰਾਜੇਸ਼ ਪ੍ਰਭਾਕਰ, ਸ.ਗੁਰਦੇਵ ਸਿੰਘ ਮਾਹਲ, ਸ਼?ਰੀਮਤੀ ਕੰਵਲਜੀਤ ਕੌਰ ਟੀਨਾ,ਸੀਮਾ ਚੋਪੜਾ, ਨਰਿੰਦਰ ਕੌਰ,ਕਰਮਜੀਤ ਕੌਰ ਜੱਸਲ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ।


**ਉੱਤਰ ਰੇਲਵੇ**

**ਖੁਲੀ ਈ-ਟੈਂਡਰ ਸੂਚਨਾ**

ਮੁੱਖ ਵਿਯੁਤ ਇੰਜੀਨੀਅਰ ਪਰਿਯੋਜਨਾ, ਅੰਬਾਲਾ ਕੈਂਟ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮਾਂ ਦੇ ਲਈ ਵੈੱਬਸਾਈਟ www.ireps.gov.in ਉਤੇ ਖੁਲੀ ਈ-ਟੈਂਡਰ ਮੰਗ ਕਰਦੇ ਹਨ। ਟੈਂਡਰਕਾਰ ਅਪਣਾ ਮੂਲ/ਸੰਸ਼ੋਧਿਤ ਪ੍ਰਸਤਾਵ ਨਿਰਧਾਰਿਤ ਸਮਾਪਨ ਸਮੇਂ ਅਤੇ ਮਿਤੀ ਤਕ ਪੇਸ਼ ਕਰ ਸਦੇ ਹਨ। ਕੋਈ ਵੀ ਟੈਂਡਰ ਮੈਨੂਅਲ ਰੂਪ ਤੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

| |
|---|
| Tender No. : NR-Proj-FZR-25005 |
| Tender title : ਫਿਰੋਜ਼ਪੁਰ ਡਵੀਜਨ ਦੇ ਓਐਚਈ/ਪੀਐਸਆਈ ਦਾ ਸੰਸ਼ੋਧਨ ਕੰਮ ਅਤੇ ਏਮਯੂਨਿਸ਼ਨ ਸਾਈਡਿੰਗ ਬੱਦੋਵਾਲ, ਐਫਸੀਆਈ ਸਾਈਡਿੰਗ ਮੋਗਾ, ਅਦਾਨੀ ਸਾਈਡਿੰਗ ਡਗਰੂ ਦਾ ਵਿਯੁਤੀਕਰਣ ਦਾ ਸੰਸ਼ੋਧਨ ਕੰਮ ਅਤੇ ਪੀਕਯੂਆਰਐਸ ਸਾਈਡਿੰਗ ਨਕੋਦਰ ਦੀ ਟਾਪ ਵਾਯਰਿੰਗ ਦਾ ਕੰਮ। ਅੰਬਾਲਾ ਡਵੀਜਨ ਦੇ ਓਐਚਈ/ਪੀਐਸਆਈ ਦਾ ਸੰਸ਼ੋਧਨ ਕੰਮ ਅਤੇ ਅੰਬਾਲਾ ਡਵੀਜਨ ਦੇ ਬਠਿੰਡਾ-ਸ੍ਰੀਗੰਗਾਨਗਰ ਸੈਕਸ਼ਨ ਵਿਚ ਪੰਜਕੋਸੀ ਐਸਐਸਪੀ ਦਾ ਨਿਰਮਾਣ ਕੰਮ। |
| App. Cost (Rs.) : 8.59 Cr. |
| Bid Security (Rs.) : 5,79,600 |
| Completion period (Months) : 12 Month |
| Cost of Tender document (Rs.) : Nil |
| Date of Closing : 11.08.2025, 15:30 Hrs. |

ਟੈਂਡਰ ਦਸਤਾਵੇਜ ਰੇਲਵੇ ਵੈੱਬਸਾਈਟ ਯਾਨੀ www.ireps.gov.in ਉਤੇ ਉਪਲਬਧ ਹੈ ਅਤੇ ਇਨ੍ਹਾਂ ਨੂੰ ਉਥੋਂ ਤੋਂ ਡਾਊਨਲੋਡ ਕੀਤਾ ਜਾਂ ਸਕਦਾ ਹੈ। ਈ-ਟੈਂਡਰਿੰਗ ਦੇ ਸਬੰਧ ਵਿਚ ਬਿਆਨਾ ਰਾਸ਼ੀ/ਬਿਆਨਾ ਰਾਸ਼ੀ ਜਮਾਂ (Bid security) ਅਤੇ ਟੈਂਡਰ ਦਸਤਾਵੇਜ ਲਾਗਤ (TDC) ਕੇਵਲ ਨੇਟ ਬੈਂਕਿੰਗ ਅਤੇ ਭੁਗਤਾਨ ਗੇਟਵੇ ਦੇ ਦੁਵਾਰਾ ਤੋਂ ਸਵੀਕਾਰ ਕੀਤੀ ਜਾਵੇਗੀ। ਸਾਫਟਵੇਯਰ (ਆਈ.ਆਰ.ਈ.ਪੀ.ਐਸ.) ਵਿਚ ਬੈਂਕ ਖਾਤਾ ਨੰਬਰ ਅਤੇ ਤਕਨੀਕੀ ਵੇਰਵੇ ਉਪਲਬਧ ਕਰਾਏ ਗਏ ਹਨ, ਜਿਨ੍ਹਾਂ ਤਕ ਸੰਭਾਵਿਤ ਪੰਜੀਕ੍ਰਿਤ ਟੈਂਡਰ ਕਰਤਾਵਾਂ ਨੂੰ ਟੈਂਡਰ ਦੇ ਸਮੇਜ ਪਹੁੰਚ ਹੋਵੇਗੀ।
ਨੋਟ :- ਤਕਨੀਕੀ ਅਤੇ ਵਿਤੀਯ ਪਾਤਰਤਾ ਅਤੇ ਹੋਰ ਸਾਰੇ ਨਿਯਮ ਅਤੇ ਸ਼ਰਤਾਂ, ਟੈਂਡਰ ਦਸਤਾਵੇਜ ਵਿਚ ਦੇਖੀ ਜਾਂ ਸਕਦੀ ਹੈ ਅਤੇ ਰੇਲਵੇ ਵੇਬਸਾਈਟ ਯਾਨੀ www.ireps.gov.in ਤੋਂ ਡਾਊਨਲੋਡ ਕੀਤੀ ਜਾਂ ਸਕਦੀ ਹੈ।
ਨੰ: NR/Proj/UMB/Advt./12 ਮਿਤੀ : 11.07.2025 2110/2025


ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਵਿਧਾਇਕ ਕਲਸੀ ਨੇ ਬੱਖੇਵਾਲ ਵਾਸੀਆਂ ਨੂੰ ਦਿੱਤਾ ਤੋਹਫ਼ਾ, ਸ਼ਾਨਦਾਰ ਕਮਿਊਨਿਟੀ ਹਾਲ ਕੀਤਾ ਲੋਕ ਸਮਰਪਿਤ




ਬਟਾਲਾ/ਅਲੀਵਾਲ, 12 ਜੁਲਾਈ (ਡਾ.ਨਰਿੰਦਰ ਸਿੰਘ ਘੁਮਾਣ/ਡਾ.ਸਤਨਾਮ ਸਿੰਘ ਸੰਧੂ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰ. 11, ਬੱਖੇਵਾਲ ਬਟਾਲਾ ਦੇ ਵਾਸੀਆਂ ਨੂੰ ਸ਼ਾਨਦਾਰ ਤੋਹਫਾ ਦਿੱਤਾ ਹੈ। ਉਨ੍ਹਾਂ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਮੂਹਿਕ ਘਰੇਲੂ ਤੇ ਧਾਰਮਿਕ ਆਦਿ ਸਮਾਗਮ ਕਰਵਾਉਣ ਲਈ ਕਮਿਊਨਿਟੀ ਹਾਲ (ਨਵੀਂ ਧਰਮਸ਼ਾਲਾ) ਦੀ ਉਸਾਰੀ ਕਰਵਾਈ ਗਈ ਹੈ, ਜਿਸ ਲਈ ਮੁਹੱਲਾ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਕਮਿਊਨਿਟੀ ਹਾਲ ਦੇ ਬਣਨ ਨਾਲ ਲੋਕ ਆਪਣੇ ਘਰੇਲੂ ਤੇ ਧਾਰਮਿਕ ਆਦਿ ਸਮਾਗਮ ਕਰਵਾ ਸਕਣਗੇ, ਜਿਸ ਨਾਲ ਉਨ੍ਹਾਂ ਨੂੰ ਆਪਣੇ ਘਰਾਂ ਦੇ ਨੇੜੇ ਹੀ ਆਰਥਿਕ ਸਹੂਲਤ ਉਪਲੱਬਧ ਹੋ ਗਈ ਹੈ। ਉਨ੍ਹਾਂ ਕਿਹਾ ਕਿ ਉਹ ਬਟਾਲਾ ਸ਼ਹਿਰ ਵਾਸੀਆਂ ਦੀਆਂ ਮੁਸਕਿਲਾਂ ਤੋਂ ਭਲੀਭਾਂਤ ਜਾਣੂੰ ਹਨ ਤੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਚਿਰੋਕਣੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ। ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹੋਰ ਮਿਆਰੀ ਸਿੱਖਿਆ ਦੇਣ ਦੇ ਮੰਤਵ ਨਾਲ ਕਰੀਬ 11 ਕਰੋੜ ਰੁਪਏ ਦੀ ਲਾਗਤ ਨਾਲ ਧਰਮਪੁਰਾ ਕਲੋਨੀ ਵਿਖੇ ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ, ਜਿਥੇ ਬੱਚਿਆਂ ਨੂੰ ਪੜ੍ਹਨ ਲਈ ਅਤਿ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ, ਅੰਮ੍ਰਿਤ ਕਲਸੀ, ਸੀਨੀਅਰ ਆਗੂ ਬਲਬੀਰ ਸਿੰਘ ਬਿੱਟੂ, ਅਵਤਾਰ ਸਿੰਘ ਕਲਸੀ, ਐੱਸ.ਡੀ.ਓ. ਨਿਰਮਲ ਸਿੰਘ, ਗੁਰਪ੍ਰੀਤ ਸਿੰਘ ਰਾਜੂ, ਮਨਜੀਤ ਸਿੰਘ ਬਮਰਾਹ, ਵਿੱਕੀ ਚੌਹਾਨ, ਭੁਪਿੰਦਰ ਸਿੰਘ ,ਵੀਨੂ ਕਾਹਲੋਂ, ਨੰਬਰਦਾਰ ਅਮਰੀਕ ਸਿੰਘ, ਜਗਜੀਤ ਸਿੰਘ ਅਮਿਤ ਸੋਢੀ ਸੰਧੂ ਭੱਟੀ, ਪ੍ਰਦੀਪ ਕੁਮਾਰ, ਰਜਿੰਦਰ ਜੰਬਾ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਮੌਜੂਦ ਸਨ।

# ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਨੇ ਹਾਈਕੋਰਟ ਨੂੰ ਅਬੋਹਰ 'ਚ ਹੋਏ ਝੂਠੇ ਮੁਕਾਬਲੇ ਦੀ ਜਾਂਚ ਲਈ ਲਗਾਈ ਗੁਹਾਰ




ਤਰਨਤਾਰਨ, 12 ਜੁਲਾਈ (ਚ.ਨ.ਸ): ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਤੇ ਮਨੁੱਖੀ ਅਧਿਕਾਰੀ ਸੰਘਰਸ਼ ਕਮੇਟੀ ਦੇ ਆਗੂਆਂ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਬਾਬਾ ਦਰਸ਼ਨ ਸਿੰਘ, ਵਿਰਸਾ ਸਿੰਘ ਬਹਿਲਾ, ਗੋਪਾਲ ਸਿੰਘ ਖਾਲੜਾ, ਹਰਮਨਦੀਪ ਸਿੰਘ ਸਰਹਾਲੀ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਪਿਛਲੇ ਦਿਨੀਂ ਅਬੋਹਰ ਦੇ ਸੰਜੇ ਵਰਮਾ ਨਾਂ ਦੇ ਕਾਰੋਬਾਰੀ ਦੀ ਹੱਤਿਆ ਮਾਮਲੇ ਵਿਚ ਪੁਲਿਸ ਨੇ ਪਟਿਆਲੇ ਤੋਂ 2 ਨੌਜਵਾਨ ਜਸਪ੍ਰੀਤ ਸਿੰਘ ਅਤੇ ਰਾਮ ਰਤਨ ਨੂੰ ਘਰਾਂ ਤੋਂ ਗ੍ਰਿਫਤਾਰ ਕਰਕੇ ਅਬੋਹਰ ਨੇੜੇ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਹੈ। ਉਨ੍ਹਾਂ ਹਾਈਕੋਰਟ ਦੇ ਚੀਫ ਜਸਟਿਸ ਕੋਲੋਂ ਮੰਗ ਕੀਤੀ ਹੈ ਕਿ ਤੁਸੀਂ ਮਾਮਲੇ ਵਿਚ ਦਖਲ ਅੰਦਾਜ਼ੀ ਕਰਕੇ ਅਬੋਹਰ ਵਿਖੇ ਹੋਏ ਝੂਠੇ ਪੁਲਿਸ ਮੁਕਾਬਲੇ ਦੀ ਹੀ ਨਹੀਂ ਸਗੋਂ ਪੰਜਾਬ ਦੀ ਧਰਤੀ 'ਤੇ ਹੋਏ ਹਜ਼ਾਰਾਂ ਝੂਠੇ ਮੁਕਾਬਲਿਆਂ ਦੀ ਜਾਂਚ ਕਰਵਾ ਕੇ ਮੁਲਜ਼ਮਾਂ ਨੂੰ ਕਟਹਿਰੇ ਵਿਚ ਖੜ੍ਹਾ ਕਰੋ।

# ਚੇਅਰਮੈਨ ਬਹਿਲ ਨੇ ਅਮਨ ਅਰੋੜਾ ਤੇ ਹਰਪਾਲ ਸਿੰਘ ਚੀਮਾ ਵਿਰੁੱਧ ਕਾਰਵਾਈ ਦੀ ਨਿੰਦਾ ਕੀਤੀ



ਗੁਰਦਾਸਪੁਰ, 12 ਜੁਲਾਈ (ਜਗੀਰ ਸਿੰਘ ਮੰਡ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਕੈਬਨਿਟ ਮੰਤਰੀਆਂ ਅਮਨ ਅਰੋੜਾ ਅਤੇ ਹਰਪਾਲ ਸਿੰਘ ਚੀਮਾ ਵਿਰੁੱਧ ਦਰਜ ਕੀਤੀ ਗਈ ਐੱਫ.ਆਈ.ਆਰ. 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਇਸ ਨੂੰ ਝੂਠਾ, ਰਾਜਨੀਤਿਕ ਤੌਰ 'ਤੇ ਪ੍ਰੇਰਿਤ ਅਤੇ ਲੋਕਤੰਤਰ ਵਿਰੁੱਧ ਸਾਜ਼ਿਸ਼ ਦੱਸਿਆ ਹੈ। ਇਹ ਐੱਫ.ਆਈ.ਆਰ. ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਹੈ, ਜਿਸ ਵਿੱਚ ਸੋਸ਼ਲ ਮੀਡੀਆ 'ਤੇ ਕਥਿਤ ਜਾਅਲੀ ਵੀਡੀਓ ਸ਼ੇਅਰ ਕਰਨ ਦੇ ਦੋਸ਼ ਲਗਾਏ ਗਏ ਹਨ। ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਰਮਨ ਬਹਿਲ ਨੇ ਕਿਹਾ ਕਿ ਇਹ ਸਿਰਫ ਦੋ ਮੰਤਰੀਆਂ 'ਤੇ ਹਮਲਾ ਨਹੀਂ ਹੈ, ਇਹ ਪੰਜਾਬ ਦੇ ਇਮਾਨਦਾਰ ਸ਼ਾਸਨ ਅਤੇ ਲੋਕਤੰਤਰੀ ਭਾਵਨਾ 'ਤੇ ਹਮਲਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਮਨ ਅਰੋੜਾ ਅਤੇ ਹਰਪਾਲ ਚੀਮਾ ਦੋਵੇਂ ਇਮਾਨਦਾਰ ਅਤੇ ਮਿਹਨਤੀ ਜਨਤਕ ਸੇਵਕ ਹਨ, ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਅਣਥੱਕ ਕੰਮ ਕੀਤਾ ਹੈ। ਉਨ੍ਹਾਂ ਵਿਰੁੱਧ ਝੂਠੇ ਮਾਮਲੇ ਦਰਜ ਕਰਨਾ ਸਿਰਫ ਧਿਆਨ ਭਟਕਾਉਣ ਅਤੇ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਲਈ ਸਸਤੀ ਰਾਜਨੀਤੀ ਹੈ। ਰਮਨ ਬਹਿਲ ਨੇ ਕਿਹਾ ਕਿ ਉਹ ਇਸ ਮੁੱਦੇ ਨੂੰ ਸਬੰਧਤ ਅਧਿਕਾਰੀਆਂ ਕੋਲ ਉਠਾਉਣਗੇ ਅਤੇ ਢੁੱਕਵੀਂ ਕਾਰਵਾਈ ਦੀ ਮੰਗ ਕਰਨਗੇ। ਮੈਂ, ਇੱਕ ਜਨਤਕ ਪ੍ਰਤੀਨਿਧੀ ਹੋਣ ਦੇ ਨਾਤੇ, ਇਸ ਮੁੱਦੇ ਨੂੰ ਉੱਚ ਪੱਧਰ 'ਤੇ ਉਠਾਵਾਂਗਾ। ਅਸੀਂ ਚਾਹੁੰਦੇ ਹਾਂ ਕਿ ਇਸ ਐੱਫ.ਆਈ.ਆਰ. ਦੀ ਨਿਰਪੱਖ ਤੇ ਪਾਰਦਰਸ਼ੀ ਜਾਂਚ ਕੀਤੀ ਜਾਵੇ ਤੇ ਇਸਨੂੰ ਤੁਰੰਤ ਰੱਦ ਕੀਤਾ ਜਾਵੇ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਅਜਿਹੀ ਰਾਜਨੀਤੀ ਕਾਨੂੰਨ ਦੀ ਦੁਰਵਰਤੋਂ ਦੀ ਇੱਕ ਖ਼ਤਰਨਾਕ ਮਿਸਾਲ ਕਾਇਮ ਕਰਦੀ ਹੈ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਜੋ ਵੀ ਸੱਚ ਬੋਲਦਾ ਹੈ ਜਾਂ ਜਨਤਕ ਹਿੱਤਾਂ ਲਈ ਖੜ੍ਹਾ ਹੁੰਦਾ ਹੈ, ਉਸ ਨੂੰ ਚੁੱਪ ਕਰਵਾਉਣ ਲਈ ਝੂਠੇ ਕੇਸਾਂ ਵਿੱਚ ਫਸਾਇਆ ਜਾਵੇਗਾ। ਇਹ ਲੋਕਤੰਤਰ ਲਈ ਵਿਨਾਸ਼ਕਾਰੀ ਹੈ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇੰਸਪੈਕਟਰ ਰਾਜ ਵਰਗੀਆਂ ਪੁਰਾਣੀਆਂ ਪ੍ਰਣਾਲੀਆਂ ਨੂੰ ਖਤਮ ਕਰ ਦਿੱਤਾ ਹੈ ਤੇ ਨਿਆਂ-ਅਧਾਰਤ ਸ਼ਾਸਨ ਨੂੰ ਤਰਜੀਹ ਦਿੱਤੀ ਹੈ। ਅਸੀਂ ਡਰ ਤੇ ਰਾਜਨੀਤਿਕ ਬਦਲਾਖੋਰੀ ਨੂੰ ਦੁਬਾਰਾ ਵਧਣ-ਫੁੱਲਣ ਨਹੀਂ ਦੇਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸੱਚ ਦੀ ਲੋੜ ਹੈ, ਦਿਖਾਵੇ ਦੀ ਨਹੀਂ। ਮੈਂ ਅਮਨ ਅਰੋੜਾ, ਹਰਪਾਲ ਚੀਮਾ ਤੇ ਨਿਆਂ ਲਈ ਬੋਲਣ ਵਾਲੀ ਹਰ ਆਵਾਜ਼ ਦੇ ਨਾਲ ਖੜ੍ਹਾ ਹਾਂ।

# ਰੁੱਖਾਂ ਦੀ ਸੰਭਾਲ ਉਸੇ ਤਰ੍ਹਾਂ ਹੀ ਜ਼ਰੂਰੀ ਜਿਵੇਂ ਮਾਵਾਂ ਨੂੰ ਬੱਚਿਆਂ ਦੀ ਪਾਲਣਾ ਕਰਨਾ: ਸਰਪੰਚ ਛੀਨਾ



ਗੁਰਦਾਸਪੁਰ, 12 ਜੁਲਾਈ (ਜਗਮੋਹਨ ਸਿੰਘ ਬਾਂਗੋਵਾਣੀ): ਰੁੱਖਾਂ ਦੀ ਸੰਭਾਲ ਉਸੇ ਤਰ੍ਹਾਂ ਹੀ ਜ਼ਰੂਰੀ ਹੈ ਜਿਵੇਂ ਮਾਵਾਂ ਨੂੰ ਬੱਚਿਆਂ ਦੀ ਪਾਲਣਾ ਕਰਨਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਰਪੰਚ ਪਲਵਿੰਦਰ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਸਮੁੱਚੇ ਜਨਜੀਵਨ ਵਿਚ ਜੇਕਰ ਮਨੁੱਖ ਨੇ ਸਾਹ ਲੈਣਾ ਹੈ ਤਾਂ ਹਰ ਇਕ ਮਨੁੱਖ ਨੂੰ ਆਪਣੀ ਜ਼ਿੰਦਗੀ ਵਿਚ ਪੰਜ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ। ਸਰਪੰਚ ਪਲਵਿੰਦਰ ਸਿੰਘ ਨੇ ਕਿਹਾ ਕਿ ਜਿਵੇਂ ਮਾਵਾਂ ਆਪਣੇ ਬੱਚਿਆਂ ਨੂੰ ਬੜੇ ਲਾਡਾਂ ਦੇ ਨਾਲ ਇਸ ਕਰਕੇ ਪਾਲਦੀਆਂ ਹਨ, ਕਿਉਂਕਿ ਭਵਿੱਖ ਵਿਚ ਉਹ ਮਾਪਿਆਂ ਦਾ ਸਹਾਰਾ ਬਣਦੇ ਹਨ, ਇਸੇ ਤਰ੍ਹਾਂ ਸਾਨੂੰ ਸਾਰਿਆਂ ਨੂੰ ਰੁੱਖ ਇਸ ਕਰਕੇ ਲਗਾਉਣੇ ਚਾਹੀਦੇ ਹਨ ਕਿ ਨਵੀਂ ਆਉਣ ਵਾਲੀ ਪਨੀਰੀ ਦੇ ਆਪਣੇ ਸਾਹਾਂ ਦੇ ਰਾਖੇ ਬਣ ਸਕੀਏ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਕਰਕੇ ਵਾਤਾਵਰਣ ਇੰਨਾ ਗੰਦਾ ਹੋ ਚੁੱਕਾ ਹੈ ਕਿ ਜੇਕਰ ਆਪਾਂ ਰੁੱਖ ਨਾ ਲਗਾਏ ਤਾਂ ਆਉਣ ਵਾਲੇ ਸਮੇਂ ਵਿਚ ਸਾਨੂੰ ਸਾਹ ਲੈਣਾ ਵੀ ਔਖਾ ਹੋ ਜਾਵੇਗਾ। ਇਸ ਕਰਕੇ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਦਗੀ ਵਿਚ ਪੰਜ ਰੁੱਖ ਲਗਾਉਣ ਦਾ ਪ੍ਰਣ ਜ਼ਰੂਰ ਕਰਨਾ ਚਾਹੀਦਾ ਹੈ।

# ਧੰਨ-ਧੰਨ ਬਾਬਾ ਦੀਪ ਸਿੰਘ ਚੈਰੀਟੇਬਲ ਸੁਸਾਇਟੀ ਵੱਲੋਂ ਬੇਸਹਾਰਾ ਅਨਾਥ ਦੋ ਭੈਣਾਂ ਦੀ ਪੜ੍ਹਾਈ ਲਈ ਵਿੱਤੀ ਸਹਾਇਤਾ



ਧਾਰੀਵਾਲ, 12 ਜੁਲਾਈ (ਅਸ਼ੋਕ ਕੁਮਾਰ): ਧੰਨ-ਧੰਨ ਬਾਬਾ ਦੀਪ ਸਿੰਘ ਚੈਰੀਟੇਬਲ ਸੁਸਾਇਟੀ ਗੁਰਦਾਸਪੁਰ ਵੱਲੋਂ ਐੱਨ.ਆਰ.ਆਈ. ਪੰਜਾਬੀ ਵੀਰਾਂ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਨੂੰ ਹਰ ਮਹੀਨੇ ਰਾਸ਼ਨ ਦੇਣ ਦੀ ਸੇਵਾ ਲਗਾਤਾਰ ਕੀਤੀ ਜਾ ਰਹੀ ਹੈ। ਉਥੇ ਹੀ ਅੱਜ ਪਿੰਡ ਬੱਬਰੀ ਨੰਗਲ ਦੀ ਕਲੋਨੀ ਵਿੱਚ ਰਹਿੰਦੇ ਇੱਕ ਲੋੜਵੰਦ ਅਜਿਹੇ ਪਰਿਵਾਰ ਜਿਸ ਵਿੱਚ ਦੋ ਲੜਕੀ ਜਿਨ੍ਹਾਂ ਦੇ ਸਿਰ 'ਤੇ ਮਾਂ-ਬਾਪ ਦਾ ਸਾਇਆ ਨਹੀਂ ਹੈ ਤੇ ਉਹ ਆਪਣੇ ਬਜ਼ੁਰਗ ਦਾਦਾ-ਦਾਦੀ ਦੇ ਸਹਾਰੇ ਨਾਲ ਪਲ ਅਤੇ ਪੜ੍ਹ ਰਹੀਆਂ ਹਨ ਅਤੇ ਘਰ ਦੀ ਛੱਤ ਵੀ ਕੱਚੀ ਹੈ ਅਤੇ ਅਜੇ ਤੱਕ ਬਾਥਰੂਮ ਦਾ ਦਰਵਾਜ਼ਾ ਤੱਕ ਨਹੀਂ ਹੈ, ਉਥੇ ਕੱਪੜਾ ਤਾਣ ਕੇ ਬਾਥਰੂਮ ਦੀ ਵਰਤੋਂ ਕਰਦੇ ਹਨ। ਧੰਨ-ਧੰਨ ਬਾਬਾ ਦੀਪ ਸਿੰਘ ਚੈਰੀਟੇਬਲ ਸੁਸਾਇਟੀ ਗੁਰਦਾਸਪੁਰ ਦੇ ਸੇਵਾਦਾਰ ਨਿਰਮਲ ਸਿੰਘ ਨੇ ਟੀਮ ਸਮੇਤ ਘਰ ਦੇ ਹਾਲਾਤ ਦੇਖ ਕੇ ਲੜਕੀਆਂ ਦੀ ਪੜ੍ਹਾਈ ਤੇ ਹੋਰ ਖਰਚਿਆਂ ਲਈ 5000 ਰੁਪਏ ਦੀ ਨਗਦ ਸੇਵਾ ਕੀਤੀ ਤੇ ਪੈਰਿਸ ਦੀਆਂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਆਪਣੀ ਨੇਕ ਕਮਾਈ ਦਾ ਦਸਵੰਧ ਭੇਜਦੀਆਂ ਹਨ, ਜਿਸ ਨਾਲ ਮਹੀਨਾਵਾਰ ਰਾਸ਼ਨ ਵੰਡਣ ਸਮੇਤ ਅਜਿਹੇ ਪਰਿਵਾਰਾਂ ਦੀ ਮਦਦ ਕੀਤੀ ਜਾਂਦੀ ਹੈ ਜੋ ਕਿ ਵਾਹਿਗੁਰੂ ਜੀ ਦੀ ਕ੍ਰਿਪਾ ਸਦਕਾ ਭਵਿੱਖ ਵਿੱਚ ਵੀ ਜਾਰੀ ਰਹੇਗੀ। ਇਹ ਸੇਵਾ ਸਤਿਕਾਰਯੋਗ ਮਨਜੀਤ ਸਿੰਘ ਬੱਬੂ ਪੈਰਿਸ ਦੀ ਪ੍ਰੇਰਨਾ ਸਦਕਾ ਰਣਜੋਧ ਸਿੰਘ, ਹਰਦੀਪ ਸਿੰਘ, ਦਲਬੀਰ ਸਿੰਘ, ਹੈਪੀ, ਜਸ਼ਨ, ਗੋਪੀ, ਕੈਂਡੀ ਆਦਿ ਪੈਰਿਸ ਵਾਲਿਆਂ ਵੱਲੋਂ ਭੇਜੀ ਗਈ। ਸੇਵਾ ਪ੍ਰਾਪਤ ਕਰਨ ਵਾਲੇ ਪਰਿਵਾਰ ਨੇ ਬਾਬਾ ਦੀਪ ਸਿੰਘ ਚੈਰੀਟੇਬਲ ਸੁਸਾਇਟੀ ਦੇ ਸੇਵਾਦਾਰ ਤੇ ਵਿਦੇਸ਼ਾਂ 'ਚ ਦਸਵੰਦ ਭੇਜਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਪਿੰਡ ਬੱਬਰੀ ਨੰਗਲ ਦੇ ਸਾਬਕਾ ਸਰਪੰਚ ਲਖਵਿੰਦਰ ਸਿੰਘ ਗਿੱਲ ਮੌਜੂਦ ਸਨ।

# ਅੱਜ ਦੂਜੇ ਦਿਨ ਵੀ ਸ਼ਹਿਰ 'ਚ ਨਾਜਾਇਜ਼ ਤੌਰ 'ਤੇ ਲੱਗੇ ਹੋਰਡਿੰਗਜ਼ ਬੋਰਡ ਹਟਵਾਏ




ਬਟਾਲਾ, 12 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਬਟਾਲਾ ਸ਼ਹਿਰ ਵਿੱਚ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਅੱਜ ਦੂਜੇ ਦਿਨ ਵੀ ਨਾਜਾਇਜ਼ ਤੌਰ 'ਤੇ ਲਗਾਏ ਹੋਰਡਿੰਗਜ਼ ਬੋਰਡ ਉਤਾਰੇ ਗਏ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਦੀ ਸਮੱਸਿਆ ਨੂੰ ਸੁਚਾਰੂ ਢੰਗ ਨਾਲ ਕੀਤੇ ਜਾਣ ਲਈ ਸਹਿਯੋਗ ਕਰਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੀਰਜ ਸ਼ਰਮਾ, ਫਾਇਰ ਬ੍ਰਿਗੇਡ ਅਫਸਰ ਨੇ ਦੱਸਿਆ ਕਿ ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿਖੇ ਟ੍ਰੈਫਿਕ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ, ਨਾਜਾਇਜ਼ ਤੌਰ 'ਤੇ ਲਗਾਏ ਹੋਰਡਿੰਗਜ਼/ਬੋਰਡ ਆਦਿ ਲਾਹੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਬਟਾਲਾ ਸ਼ਹਿਰ ਦੇ ਅੰਦਰੂਨੀ ਖੇਤਰ ਸਿਨੇਮਾ ਰੋਡ, ਸਮਾਧ ਰੋਡ, ਜੱਸਾ ਸਿੰਘ ਰਾਮਗੜ੍ਹੀਆ ਚੌਕ, ਖਜੂਰੀ ਗੇਟ ਅਤੇ ਲਵ-ਕੁਸ਼ ਚੌਕ ਵਿੱਚ ਨਾਜਾਇਜ਼ ਤੌਰ 'ਤੇ ਹੋਰਡਿੰਗਜ਼/ਬੋਰਡ ਅਤੇ ਸੜਕ ਦੇ ਕਿਨਾਰਿਆਂ 'ਤੇ ਫਲੈਕਸ ਬੋਰਡ ਲਗਾਏ ਗਏ ਸਨ, ਜਿਸ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਸੀ ਤੇ ਟ੍ਰੈਫਿਕ ਦੀ ਸਮੱਸਿਆ ਵੀ ਪੈਦਾ ਹੁੰਦੀ ਸੀ। ਉਨ੍ਹਾਂ ਕਿਹਾ ਕਿ ਟ੍ਰੈਫਿਕ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਦੇ ਮੱਦੇਨਜ਼ਰ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਹਿਰ ਵਿੱਚ ਨਾਜਾਇਜ਼ ਤੌਰ 'ਤੇ ਲਗਾਏ ਬੋਰਡ/ਹੋਰਡਿੰਗਜ਼ ਅਤੇ ਕਬਜ਼ਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਦੁਕਾਨ ਦਾ ਸਮਾਨ ਨਿਰਧਾਰਿਤ ਹੱਦ ਅੰਦਰ ਹੀ ਰੱਖਣ ਤਾਂ ਜੋ ਪੈਦਲ ਤੇ ਵਹੀਕਲ ਚਲਾਉਣ ਵਾਲਿਆਂ ਨੂੰ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਨਹੀਂ ਤਾਂ ਨਗਰ ਨਿਗਮ ਵੱਲੋਂ ਸਖ਼ਤ ਕਾਰਵਾਈ ਕਰਦਿਆਂ ਚਲਾਨ ਕੱਟੇ ਜਾਣਗੇ।

# ਡਾ. ਸੰਜੀਵ ਸ਼ਰਮਾ ਈ.ਡੀ.ਐੱਮ.ਏ. ਮਹੀਨਾਵਾਰ ਮੀਟਿੰਗ 'ਚ ਹੋਣਗੇ ਮੁੱਖ ਮਹਿਮਾਨ: ਡਾ. ਸੇਖੋਂ



ਮੋਗਾ, 12 ਜੁਲਾਈ (ਸਰਬਜੀਤ ਰੌਲੀ): ਹਿਮਾਚਲ ਇਲੈਕਟ੍ਰੋਹੋਮਿਉਪੈਥਿਕ ਮੈਡੀਕਲ ਐਸੋਸੀਏਸ਼ਨ ਦੇ ਚੇਅਰਮੈਨ ਡਾ. ਸੰਜੀਵ ਸ਼ਰਮਾ (ਚੰਬਾ) ਇਲੈਕਟ੍ਰੋਹੋਮਿਉਪੈਥਿਕ ਡਾਕਟਰ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ 15 ਜੁਲਾਈ ਨੂੰ ਮਹੀਨਾਵਾਰ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਸ ਗੱਲ ਦਾ ਪ੍ਰਗਟਾਵਾ ਐਸੋਸੀਏਸ਼ਨ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਦਿੱਤਾ। ਇਸ ਸਬੰਧੀ ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡਾ. ਸੰਜੀਵ ਸ਼ਰਮਾ 3 ਦਿਨਾਂ ਦੇ ਪੰਜਾਬ ਦੌਰੇ 'ਤੇ ਹਨ, ਜਿੱਥੇ ਉਹ ਮਹੀਨਾਵਾਰ ਮੀਟਿੰਗ ਵਿੱਚ ਆਪਣੇ ਅਨਮੁੱਲੇ ਵਿਚਾਰ ਤੇ ਇਲੈਕਟ੍ਰੋਹੋਮਿਉਪੈਥਿਕ ਦਵਾਈਆਂ ਦੀ ਜਾਣਕਾਰੀ ਸਾਂਝੀ ਕਰਨਗੇ, ਉੱਥੇ ਉਹ ਨਬਜ਼ ਦੀ ਜਾਂਚ, ਟੈਮਰਾਮੈਂਟ ਦੀ ਪਹਿਚਾਣ ਤੇ ਵੱਖ ਵੱਖ ਰੋਗਾਂ ਸਬੰਧੀ ਜਾਣਕਾਰੀ ਦੇਣਗੇ। ਇਸ ਸਮੇਂ ਡਾ. ਸੇਖੋਂ ਨੇ ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਨੂੰ ਮੀਟਿੰਗ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਤਾਂ ਕਿ ਡਾ. ਸੰਜੀਵ ਸ਼ਰਮਾ ਤੋਂ ਵੱਧ ਤੋਂ ਵੱਧ ਇਲੈਕਟ੍ਰੋਹੋਮਿਉਪੈਥੀ ਦੀ ਜਾਣਕਾਰੀ ਲੈ ਸਕੀਏ। ਇਸ ਸਮੇਂ ਉਨ੍ਹਾਂ ਦੇ ਨਾਲ ਪ੍ਰਧਾਨ ਡਾ. ਜਗਮੋਹਨ ਸਿੰਘ, ਕੋਰ ਕਮੇਟੀ ਮੈਂਬਰ ਡਾ. ਮਨਪ੍ਰੀਤ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਸ਼ਿੰਦਰ ਸਿੰਘ, ਜਨਰਲ ਸਕੱਤਰ ਡਾ. ਪਰਮਿੰਦਰ ਪਾਠਕ, ਆਫਿਸ ਸਕੱਤਰ ਡਾ. ਕਮਲਜੀਤ ਕੌਰ ਸੇਖੋਂ, ਪ੍ਰੈੱਸ ਸਕੱਤਰ ਡਾ. ਅਵਤਾਰ ਸਿੰਘ ਦੇਵਗਨ, ਡਾ. ਜਗਜੀਤ ਸਿੰਘ ਗਿੱਲ ਹਾਜ਼ਰ ਸਨ।

# ਨਸ਼ਾ ਛੁਡਾਊ ਕੇਂਦਰ ਧਿਆਨਪੁਰ ਜਹਾਨੋਂ ਜਾ ਚੁੱਕੇ ਮਰੀਜ਼ਾਂ ਦਾ ਛੁਡਵਾ ਰਿਹੈ ਨਸ਼ਾ

ਡੇਰਾ ਬਾਬਾ ਨਾਨਕ, 12 ਜੁਲਾਈ (ਹੈਪੀ ਕੋਟਲੀ): ਸਰਹੱਦੀ ਹਲਕਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਇਤਿਹਾਸਕ ਕਸਬਾ ਧਿਆਨਪੁਰ ਦੇ ਪ੍ਰਾਇਮਰੀ ਹੈਲਥ ਸੈਂਟਰ 'ਚ ਬਣੇ ਨਸ਼ਾ ਛੁਡਾਊ ਕੇਂਦਰ ਦੇ ਅਧਿਕਾਰੀ ਨਸ਼ੇ 'ਤੇ ਇਥੋਂ ਤੱਕ ਕੰਮ ਕਰ ਰਹੇ ਹਨ ਕਿ ਕਈ ਸਾਲਾਂ ਤੋਂ ਜਾਨ ਗੁਆ ਚੁੱਕੇ ਮਰੀਜ਼ਾਂ ਦਾ ਵੀ ਨਸ਼ਾ ਛੁਡਵਾਇਆ ਜਾ ਰਿਹਾ ਹੈ, ਭਾਵ ਕਿ ਇਸ ਜਹਾਨੋਂ ਚਲੇ ਜਾ ਚੁੱਕੇ ਦਰਜਨਾਂ ਮਰੀਜ਼ਾਂ ਨੂੰ ਉਨ੍ਹਾਂ ਸਮਰੱਥਾ ਅਨੁਸਾਰ ਨਸ਼ਾ ਛੱਡਣ ਵਾਲੀਆਂ ਗੋਲੀਆਂ ਦੇ ਕੇ ਮਰ ਚੁੱਕੇ ਮਰੀਜ਼ਾਂ ਦਾ ਨਸ਼ਾ ਛੁਡਵਾ ਰਹੇ ਹਨ। ਇਸ ਮਾਮਲੇ ਨੂੰ ਲੈ ਕੇ ਜਦੋਂ ਸਿਵਲ ਸਰਜਨ ਗੁਰਦਾਸਪੁਰ ਤੋਂ ਆਰ.ਟੀ.ਆਈ. ਐਕਟ 2005 ਤਹਿਤ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮਾਣਯੋਗ ਸਿਵਲ ਸਰਜਨ ਗੁਰਦਾਸਪੁਰ ਵੱਲੋਂ ਦੋ ਵਾਰ ਪੱਤਰ ਜਾਰੀ ਕਰਦੇ ਹੋਏ ਦਫ਼ਤਰੀ ਕਾਰਵਾਈ ਤਹਿਤ ਪ੍ਰਾਇਮਰੀ ਹੈਲਥ ਸੈਂਟਰ ਧਿਆਨਪੁਰ ਦੇ ਅਧਿਕਾਰੀਆਂ ਨੂੰ ਉਪਰੋਕਤ ਵਿਸ਼ੇ ਦੇ ਸਬੰਧ 'ਚ ਬਿਨੈਕਾਰ ਨੂੰ ਜਾਣਕਾਰੀ ਦੇਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਮਾਮਲੇ ਨੂੰ ਲੈ ਕੇ ਜਦੋਂ ਆਰ.ਟੀ.ਆਈ. ਪਾਉਣ ਵਾਲਾ ਬਿਨੈਕਾਰ ਸਿਵਲ ਸਰਜਨ ਗੁਰਦਾਸਪੁਰ ਵੱਲੋਂ ਭੇਜੇ ਗਏ ਪੱਤਰ ਤਹਿਤ ਜਾਣਕਾਰੀ ਲੈਣ ਲਈ ਪ੍ਰਾਇਮਰੀ ਹੈਲਥ ਸੈਂਟਰ ਧਿਆਨਪੁਰ ਪਹੁੰਚਿਆ ਤਾਂ ਉੱਥੇ ਦੇ ਅਧਿਕਾਰੀਆਂ ਵੱਲੋਂ ਜਾਣਕਾਰੀ ਦੇਣ ਤੋਂ ਸਾਫ ਤੌਰ 'ਤੇ ਇਨਕਾਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਉਹ ਕਿਸੇ ਨੂੰ ਇਸ ਤਰ੍ਹਾਂ ਜਾਣਕਾਰੀ ਨਹੀਂ ਦੇ ਸਕਦੇ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਤੁਸੀਂ ਸਿਵਲ ਸਰਜਨ ਗੁਰਦਾਸਪੁਰ ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਦੱਸਣਯੋਗ ਹੈ ਕਿ ਜਦਕਿ ਇਲਾਕੇ ਭਰ ਦੇ ਜਨਮ ਤੇ ਮੌਤ ਦੇ ਸਰਟੀਫਿਕੇਟ ਪ੍ਰਾਇਮਰੀ ਹੈਲਥ ਸੈਂਟਰ ਧਿਆਨਪੁਰ ਪ੍ਰਾਪਤ ਹੁੰਦੇ ਹਨ ਤਾਂ ਇਥੋਂ ਦੇ ਅਧਿਕਾਰੀ ਕੋਲ ਮਰ ਚੁੱਕੇ ਨਸ਼ੇ ਦੇ ਮਰੀਜ਼ਾਂ ਦੀ ਜਾਣਕਾਰੀ ਕਿਉਂ ਨਹੀਂ ਹੈ, ਇਸਦਾ ਮਤਲਬ ਕੁਝ ਕਾਲਾ ਮਾਲਾ ਚੱਲ ਰਿਹਾ ਹੈ, ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਮਾਣਯੋਗ ਸਿਵਲ ਸਰਜਨ ਗੁਰਦਾਸਪੁਰ ਵੱਲੋਂ ਇਨ੍ਹਾਂ ਲਾਪ੍ਰਵਾਹੀ ਕਰਨ ਵਾਲੇ ਅਧਿਕਾਰੀਆਂ 'ਤੇ ਕੀ ਕਾਰਵਾਈ ਕੀਤੀ ਜਾਂਦੀ ਹੈ।

# ਸਰਕਾਰ ਵੱਲੋਂ ਹੈਲਥ ਕਾਰਡ ਜਾਰੀ ਕਰਨਾ ਸ਼ਲਾਘਾਯੋਗ ਕਦਮ: ਸਰਪੰਚ ਸੈਦੋਕੇ



ਚੌਂਕ ਮਹਿਤਾ, 12 ਜੁਲਾਈ (ਬਲਜਿੰਦਰ ਸਿੰਘ ਰੰਧਾਵਾ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਜੋ ਸਿਹਤ ਯੋਜਨਾ 'ਚ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਇੱਕ ਹੈਲਥ ਕਾਰਡ ਜਾਰੀ ਕਰਨ ਦਾ ਜੋ ਐਲਾਨ ਕੀਤਾ ਹੈ, ਉਹ ਸ਼ਲਾਘਾਯੋਗ ਉਪਰਾਲਾ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸਰਪੰਚ ਬਲਜੀਤ ਸਿੰਘ ਸੈਦੋਕੇ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਕੋਈ ਵਿਅਕਤੀ ਕਿਸੇ ਵਰਗ ਨਾਲ ਸਬੰਧ ਰੱਖਦਾ ਹੋਵੇ ਪੰਜਾਬ ਦਾ ਨਾਗਰਿਕ ਹੋਵੇ ਤੇ ਉਸ ਕੋਲ ਆਪਣਾ ਆਧਾਰ ਕਾਰਡ ਜਾਂ ਵੋਟਰ ਕਾਰਡ ਹੋਵੇ ਤਾਂ ਉਹਨੂੰ ਇਸ ਸੌਖੀ ਪ੍ਰਕਿਰਿਆ ਰਾਹੀਂ ਹੈਲਥ ਕਾਰਡ ਜਾਰੀ ਹੋਵੇਗਾ। ਜਿਸ ਨਾਲ ਉਹ ਆਪਣਾ ਪ੍ਰਾਈਵੇਟ ਜਾਂ ਸਰਕਾਰੀ ਹਸਪਤਾਲ 'ਚੋਂ ਇਲਾਜ ਕਰਵਾ ਸਕਦਾ। ਉਨ੍ਹਾਂ ਕਿਹਾ ਕਿ ਹਰ ਇੱਕ ਇਨਸਾਨ ਨੂੰ ਸਿਹਤ ਸਭ ਤੋਂ ਪਹਿਲਾਂ ਜ਼ਰੂਰੀ ਹੈ ਤੇ ਕਈ ਵਾਰ ਪਰਿਵਾਰ ਦਾ ਮੈਂਬਰ ਬਿਮਾਰ ਹੋਣ 'ਤੇ ਪਰਿਵਾਰ ਕੋਲ ਪੈਸਾ ਵੀ ਨਹੀਂ ਹੁੰਦਾ ਤਾਂ ਬਹੁਤ ਮੁਸ਼ਕਿਲਾਂ ਵਿੱਚੋਂ ਗੁਜ਼ਰਨਾ ਪੈਂਦਾ ਸੀ ਹੁਣ ਇਸ ਕਾਰਡ ਤੋਂ ਉਹ ਆਪਣਾ ਸਮੇਂ ਸਿਰ ਇਲਾਜ ਕਰਵਾ ਸਕੇਗਾ।

# ਸਰਕਾਰੀ ਕਾਲਜ ਦੇ ਬੀ.ਸੀ.ਏ. ਕੋਰਸ ਦਾ ਵਿਦਿਆਰਥੀ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ 'ਚੋਂ ਰਿਹਾ ਅੱਵਲ



ਗੁਰਦਾਸਪੁਰ, 12 ਜੁਲਾਈ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਸਰਕਾਰੀ ਕਾਲਜ ਗੁਰਦਾਸਪੁਰ ਦੇ ਵਿਦਿਆਰਥੀ ਗੁਰਸਿਮਰਨ ਸਿੰਘ ਨੇ ਬੀ.ਸੀ.ਏ. ਕਲਾਸ ਵਿੱਚ 2023/2400 ਨੰਬਰ ਹਾਸਲ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਰਕਾਰੀ ਕਾਲਜ ਗੁਰਦਾਸਪੁਰ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਅੱਵਲ ਰਹਿਣ ਵਾਲੇ ਵਿਦਿਆਰਥੀ ਗੁਰਸਿਮਰਨ ਸਿੰਘ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਹਰੇਕ ਵਿੱਦਿਅਕ ਅਦਾਰੇ ਨੂੰ ਅਜਿਹੇ ਵਿਦਿਆਰਥੀਆਂ 'ਤੇ ਮਾਣ ਹੁੰਦਾ ਹੈ, ਜੋ ਆਪਣੀ ਸਖਤ ਮਿਹਨਤ ਤੇ ਲਗਨ ਪ੍ਰੀਖਿਆਵਾਂ ਵਿੱਚ ਮੋਹਰੀ ਰਹਿ ਕੇ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਉਨ੍ਹਾਂ ਵਿਦਿਆਰਥੀ ਗੁਰਸਿਮਰਨ ਸਿੰਘ ਨੇ ਚੰਗੇਰੇ ਭਵਿੱਖ ਲਈ ਕਾਮਨਾ ਕਰਦੇ ਹੋਏ ਉਸਨੂੰ ਕਿਹਾ ਕਿ ਉਹ ਇਸੇ ਤਰ੍ਹਾਂ ਮਿਹਨਤ ਤੇ ਲਗਨ ਨਾਲ ਆਪਣੀ ਪੜ੍ਹਾਈ ਨੂੰ ਪੂਰੀ ਕਰਕੇ ਉੱਚੇ ਮੁਕਾਮ ਉੱਪਰ ਪਹੁੰਚੇ। ਇਸ ਦੇ ਨਾਲ ਹੀ ਉਨ੍ਹਾਂ ਨੇ ਕਾਲਜ ਦੇ ਬਾਕੀ ਵਿਦਿਆਰਥੀਆਂ ਨੂੰ ਵੀ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਣ ਦੀ ਵਧਾਈ ਦਿੱਤੀ। ਇਸ ਮੌਕੇ 'ਤੇ ਕਾਲਜ ਦੇ ਸਮੂਹ ਸਟਾਫ ਨੇ ਵੀ ਆਪਣੇ ਵਿਦਿਆਰਥੀ ਗੁਰਸਿਮਰਨ ਸਿੰਘ ਨੂੰ ਵਧਾਈ ਦਿੱਤੀ ਤੇ ਉਸ ਦੇ ਰੌਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਆਈ.ਟੀ. ਇੰਡਸਟਰੀ 'ਚ ਸੰਦੀਪ ਨੇ ਕਮਾਇਆ ਰਾਸ਼ਟਰੀ ਮਾਣ




ਗੁਰਦਾਸਪੁਰ, 12 ਜੁਲਾਈ (ਜਸਵਿੰਦਰ ਸਿੰਘ): ਗੁਰਦਾਸਪੁਰ ਦੇ ਐੱਮ.ਡੀ. ਇੰਜੀਨੀਅਰ ਸੰਦੀਪ ਕੁਮਾਰ ਨੂੰ ਨਵੀਂ ਦਿੱਲੀ ਦੇ ਪ੍ਰਧਾਨ ਮੰਤਰੀ ਸੰਗ੍ਰਾਲਾ ਵਿਖੇ ਆਯੋਜਿਤ ਰਾਸ਼ਟਰੀ ਸਮਾਗਮ ਦੌਰਾਨ ਨੈਸ਼ਨਲ ਆਇਕਨ ਐਵਾਰਡ 2025 ਨਾਲ ਸਨਮਾਨਤ ਕੀਤਾ ਗਿਆ। ਇਹ ਐਵਾਰਡ ਉਨ੍ਹਾਂ ਨੂੰ ਆਈ.ਟੀ. ਖੇਤਰ ਵਿੱਚ ਨੌਜਵਾਨਾਂ ਦੀ ਤਕਨੀਕੀ ਤਾਲੀਮ, ਉਨ੍ਹਾਂ ਦੀ ਰੋਜ਼ਗਾਰ ਯੋਗਤਾ ਤੇ ਸਮਾਜ ਭਲਾਈ ਲਈ ਉਤਕ੍ਰਿਸ਼ਟ ਯੋਗਦਾਨ ਦੇਣ ਲਈ ਦਿੱਤਾ ਗਿਆ। ਸਮਾਰੋਹ ਵਿੱਚ ਸਤੀਸ਼ ਚੰਦ ਦਵੀਵੇਦਿ (ਸਾਬਕਾ ਮੂਲ ਸਿੱਖਿਆ ਮੰਤਰੀ, ਉੱਤਰ ਪ੍ਰਦੇਸ਼), ਰਘੁਰਾਜ ਸਿੰਘ (ਮੰਤਰੀ ਕਮਰਸ਼ੀਅਲ ਲੇਬਰ ਐਂਡ ਇੰਪਲਾਇਮੈਂਟ, ਉੱਤਰ ਪ੍ਰਦੇਸ਼), ਡਾ. ਅਭਿਸ਼ੇਕ ਵਰਮਾ (ਚੀਫ ਕੋਆਰਡੀਨੇਟਰ, ਸ਼ਿਵ ਸੈਨਾ, ਐੱਨ.ਡੀ.ਏ. ਅਲਾਇੰਸ ਤੇ ਚੋਣਾਂ) ਅਤੇ ਕੇਂਦਰੀ ਮੰਤਰੀ ਰਾਮਦਾਸ ਅਠਾਵਲੇ (ਮੰਤਰੀ ਆਫ ਸਟੇਟ ਫਾਰ ਸੋਸ਼ਲ ਜਸਟਿਸ ਐਂਡ ਐਮਪਾਵਰਮੈਂਟ) ਵੱਲੋਂ ਇਹ ਸਨਮਾਨ ਭੇਟ ਕੀਤਾ ਗਿਆ। ਇੰਜੀਨੀਅਰ ਸੰਦੀਪ ਕੁਮਾਰ ਨੇ ਇਹ ਐਵਾਰਡ ਪ੍ਰਾਪਤ ਕਰਕੇ ਗੁਰਦਾਸਪੁਰ, ਪੰਜਾਬ ਤੇ ਪੂਰੇ ਖੇਤਰ ਲਈ ਮਾਣ ਦਾ ਮੌਕਾ ਪੈਦਾ ਕੀਤਾ। ਉਨ੍ਹਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਹ ਮਾਣ ਸਿਰਫ ਉਨ੍ਹਾਂ ਦਾ ਨਹੀਂ, ਸਗੋਂ ਗੁਰਦਾਸਪੁਰ ਦੀ ਧਰਤੀ, ਇਥੇ ਦੇ ਨੌਜਵਾਨਾਂ, ਵਿਦਿਆਰਥੀਆਂ ਤੇ ਉਨ੍ਹਾਂ ਦੀ ਟੀਮ ਦਾ ਹੈ। ਉਨ੍ਹਾਂ ਨੇ ਖ਼ਾਸ ਤੌਰ 'ਤੇ ਆਪਣੇ ਮਿਹਨਤੀ ਵਿਦਿਆਰਥੀਆਂ, ਸਥਾਨਕ ਲੋਕਾਂ ਤੇ ਇੰਜੀਨੀਅਰ ਸਿਮਰਨ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਹਮੇਸ਼ਾ ਉਨ੍ਹਾਂ ਨੂੰ ਹਰ ਪਲ ਹੌਸਲਾ ਦਿੱਤਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਨੌਜਵਾਨ ਸੱਚੀ ਲਗਨ ਤੇ ਮਿਹਨਤ ਨਾਲ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਤਾਂ ਥਾਂ ਛੋਟੀ-ਵੱਡੀ ਨਹੀਂ, ਸਫਲਤਾ ਹਮੇਸ਼ਾ ਪੈਰ ਚੁੰਮਦੀ ਹੈ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਕਦੇ ਵੀ ਆਪਣੀ ਪਿੱਠ ਭੂਮੀ ਜਾਂ ਸ਼ਹਿਰ ਦੀ ਛੋਟੀ ਥਾਂ ਨੂੰ ਆਪਣੀ ਕਾਬਲੀਅਤ ਦੀ ਰੁਕਾਵਟ ਨਾ ਬਣਨ ਦਿਓ, ਕਿਉਂਕਿ ਮਿਹਨਤ, ਦ੍ਰਿੜਤਾ ਤੇ ਹੌਸਲੇ ਨਾਲ ਹਰ ਅਸੰਭਵ ਕੰਮ ਵੀ ਸੰਭਵ ਹੋ ਜਾਂਦਾ ਹੈ। ਇੰਜੀਨੀਅਰ ਸੰਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਸੀ.ਬੀ.ਏ. ਇਨਫੋਟੈਕ, ਜੋ ਪਿਛਲੇ 12 ਸਾਲਾਂ ਤੋਂ ਆਈ.ਟੀ. ਖੇਤਰ ਵਿੱਚ ਨੌਜਵਾਨਾਂ ਨੂੰ ਆਧੁਨਿਕ ਤਕਨੀਕੀ ਤਾਲੀਮ ਤੇ ਰੋਜ਼ਗਾਰ ਯੋਗਤਾ ਮੁਹੱਈਆ ਕਰਵਾ ਰਹੀ ਹੈ, ਭਵਿੱਖ ਵਿੱਚ ਹੋਰ ਨਵੇਂ ਕੋਰਸ ਤੇ ਮੌਕੇ ਪੇਸ਼ ਕਰਕੇ ਇਲਾਕੇ ਦੇ ਨੌਜਵਾਨਾਂ ਨੂੰ ਆਤਮਨਿਰਭਰ ਬਣਾਉਣ ਲਈ ਜਤਨ ਕਰਦੀ ਰਹੇਗੀ। ਉਨ੍ਹਾਂ ਨੇ ਅੰਤ ਵਿੱਚ ਕਿਹਾ ਕਿ ਸੁਪਨਾ ਉਹ ਨਹੀਂ ਜੋ ਨੀਂਦ ਵਿੱਚ ਵੇਖਿਆ ਜਾਵੇ, ਸੁਪਨਾ ਉਹ ਹੁੰਦਾ ਜੋ ਤੁਹਾਨੂੰ ਨੀਂਦ ਨਾ ਆਉਣ ਦੇਵੇ ਉਨ੍ਹਾਂ ਨੇ ਗੁਰਦਾਸਪੁਰ ਦੇ ਨੌਜਵਾਨਾਂ ਨੂੰ ਵੱਡਾ ਸੋਚਣ, ਮਿਹਨਤ ਕਰਨ ਤੇ ਹੌਸਲੇ ਨਾਲ ਆਪਣਾ ਨਾਂ ਰੌਸ਼ਨ ਕਰਨ ਦੀ ਪ੍ਰੇਰਣਾ ਦਿੱਤੀ।

# ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ ਵੱਲੋਂ ਭਾਈ ਜੈਤਾ ਜੀ ਸਰਕਾਰੀ ਹਸਪਤਾਲ ਨੂੰ ਇਨਵਰਟਰ ਦਾਨ



ਸ੍ਰੀ ਅਨੰਦਪੁਰ ਸਾਹਿਬ, 12 ਜੁਲਾਈ (ਸੇਵਾ ਸਿੰਘ/ਸਤਿੰਦਰਪਾਲ ਸਿੰਘ): ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਡਾ. ਰਣਵੀਰ ਸਿੰਘ ਲੋਧੀਪੁਰ ਵੱਲੋਂ ਮਾਨਵਤਾ ਦੀ ਸੇਵਾ ਲਈ ਵੱਖ-ਵੱਖ ਤਰ੍ਹਾਂ ਦੇ ਕੰਮ ਕੀਤੇ ਜਾ ਰਹੇ ਹਨ ਜਿਵੇਂ ਕਿ ਪਿੰਡਾਂ ਵਿੱਚ ਗਰੀਬ ਕੁੜੀਆਂ ਦੇ ਲਈ ਸਿਲਾਈ ਸੈਂਟਰ ਖੋਲ੍ਹਣੇ, ਗਰੀਬ ਕੁੜੀਆਂ ਦੇ ਵਿਆਹ ਵਿੱਚ ਮਦਦ ਤੇ ਖਾਸ ਕਰਕੇ ਜਿਹੜੇ ਬੱਚੇ ਵਿਦਿਆਰਥੀ ਜੀਵਨ ਵਿੱਚ ਹਨ ਸਿੱਖਿਆ ਦੇ ਖੇਤਰ ਵਿੱਚ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨੀਆਂ ਤਾਂ ਕਿ ਕੋਈ ਬੱਚਾ ਬਿਨਾਂ ਸਿੱਖਿਆ ਤੋਂ ਨਾ ਰਹਿ ਸਕੇ। ਇਸੇ ਸੰਦਰਭ ਵਿੱਚ ਮਾਨਵਤਾ ਦੀ ਸੇਵਾ ਵਿੱਚ ਭਾਈ ਜੈਤਾ ਜੀ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਡਾ. ਕੇ.ਪੀ. ਸਿੰਘ ਸੀਨੀਅਰ ਮੈਡੀਕਲ ਅਫਸਰ ਦੀ ਹਾਜ਼ਰੀ ਵਿੱਚ ਇਨਵਰਟਰ ਦਾਨ ਕੀਤਾ ਗਿਆ ਤਾਂ ਕਿ ਮਰੀਜ਼ਾਂ ਨੂੰ ਬਿਜਲੀ ਦੇ ਜਾਣ ਨਾਲ ਵੀ ਕੋਈ ਸਮੱਸਿਆ ਨਾ ਆ ਸਕੇ। ਇਸ ਮੌਕੇ 'ਤੇ ਡਾ. ਕੇ.ਪੀ. ਸਿੰਘ ਸੀਨੀਅਰ ਮੈਡੀਕਲ ਅਫਸਰ ਵੱਲੋਂ ਸਾਰੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਸਾਡੀ ਸਾਰੀ ਟੀਮ ਇਸ ਇਲਾਕੇ ਲਈ ਚੰਗੀਆਂ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੀ ਹੈ, ਜਿਸ ਲਈ ਜਨਤਾ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਲਈ ਮੈਂ ਧੰਨਵਾਦ ਕਰਦਾ ਹਾਂ ਸਾਰੇ ਕਲੱਬ ਵਾਲਿਆਂ ਦਾ ਜੋ ਇਸ ਤੋਂ ਇਲਾਵਾ ਪਹਿਲਾਂ ਦੋ ਵੀਲ੍ਹ ਚੇਅਰ ਤੇ ਇੱਕ ਸਟਰੇਚਰ ਵੀ ਦਾਨ ਕਰ ਚੁੱਕੇ ਹਨ। ਮਾਨਵਤਾ ਦੀ ਸੇਵਾ ਲਈ ਲਗਾਤਾਰ ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ ਵੱਲੋਂ ਕੰਮ ਕੀਤੇ ਜਾ ਰਹੇ ਹਨ। ਇਸ ਮੌਕੇ 'ਤੇ ਸਵਰਨ ਸਿੰਘ ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫਸਰ, ਸੁਖਦੇਵ ਸਿੰਘ ਮਹਿਰੌਲੀ ਸੇਵਾ ਮੁਕਤ ਪੰਜਾਬ ਪੁਲਿਸ, ਹਰਮੀਤ ਸਿੰਘ ਸੇਵਾ ਮੁਕਤ ਐੱਸ.ਡੀ.ਓ., ਬਲਦੇਵ ਬੈਂਸ ਸੇਵਾ ਮੁਕਤ ਲੈਕਚਰਾਰ, ਦਰਸ਼ਨ ਸਿੰਘ ਲੈਕਚਰਾਰ, ਅਜੇ ਬੈਂਸ ਮਾਸਟਰ, ਰਵਿੰਦਰ ਸਿੰਘ ਲੋਦੀਪੁਰ ਹੈਲਥ ਵਰਕਰ, ਕਰਨੈਲ ਸਿੰਘ ਅਗੰਮਪੁਰ, ਗੁਰਦੀਪ ਸਿੰਘ ਬੈਂਸ, ਹਰਪ੍ਰੀਤ ਸਿੰਘ ਸੋਨਾ, ਪਰਮਜੀਤ ਸਿੰਘ ਠੇਕੇਦਾਰ, ਚੰਨਣ ਸਿੰਘ ਮਜਾਰਾ, ਕਮਲ ਸਾਇਗਲ, ਰਾਜ ਘਈ ਹਾਜ਼ਰ ਸਨ।

# ਡੀ.ਡੀ.ਆਈ. ਸਕੂਲ 'ਚ ਬੱਚਿਆਂ ਨੂੰ ਆਸਾਨ ਤਰੀਕੇ ਨਾਲ ਕਿਵੇਂ ਪੜ੍ਹਾਇਆ ਜਾ ਸਕਦੈ, ਬਾਰੇ ਸੈਮੀਨਾਰ ਲਗਾਇਆ



ਬਟਾਲਾ, 12 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਜਿੱਥੇ ਇੱਕ ਪਾਸੇ ਡੀ.ਡੀ.ਆਈ. ਸਕੂਲ ਪਿਛਲੇ ਲੰਬੇ ਸਮੇਂ ਤੋਂ ਪੜ੍ਹਾਈ ਤੇ ਖੇਡਾਂ ਵਿੱਚ ਵੱਡੀਆਂ ਮੱਲ੍ਹਾਂ ਮਾਰ ਰਿਹਾ ਹੈ, ਉੱਥੇ ਜੇਕਰ ਦੂਜੇ ਪਾਸੇ ਇਹ ਦੇਖਿਆ ਜਾਵੇ ਤਾਂ ਇਹ ਸਕੂਲ ਦੇ ਅਕੈਡਮਿਕ ਡਾਇਰੈਕਟਰ ਸਤਿੰਦਰ ਕੌਰ ਮਰਵਾਹਾ ਵੱਲੋਂ ਸਮੇਂ-ਸਮੇਂ 'ਤੇ ਬੱਚਿਆਂ ਨੂੰ ਚੰਗੀ ਸਟੱਡੀ ਕਰਵਾਉਣ ਵਾਸਤੇ ਕੋਈ ਨਾ ਕੋਈ ਉਨ੍ਹਾਂ ਵੱਲੋਂ ਉਪਰਾਲਾ ਕੀਤਾ ਜਾਂਦਾ ਹੈ, ਇਸੇ ਲੜੀ ਤਹਿਤ ਉਨ੍ਹਾਂ ਵੱਲੋਂ ਇੱਕ ਨਵਾਂ ਉਪਰਾਲਾ ਕੀਤਾ ਗਿਆ, ਜਿਸ ਵਿੱਚ ਅਧਿਆਪਕ ਬੱਚਿਆਂ ਨੂੰ ਆਸਾਨ ਵਿਧੀ ਨਾਲ ਪੜ੍ਹਾਈ ਕਰਵਾ ਸਕਦੇ ਹਨ। ਇਸੇ ਲੜੀ ਤਹਿਤ ਇੱਕ ਸੈਮੀਨਾਰ ਲਗਾਇਆ ਗਿਆ, ਜੋ ਕਿ ਇਹ ਸੈਮੀਨਾਰ ਰਤਨਾ ਸਾਗਰ ਪਬਲੀਸ਼ਰਜ਼ ਵੱਲੋਂ ਡੀ.ਡੀ.ਆਈ. ਸਕੂਲ ਵਿੱਚ ਲਗਾਇਆ ਗਿਆ। ਇਸ ਸੈਮੀਨਾਰ ਵਿੱਚ ਡੀ.ਡੀ.ਆਈ. ਸਕੂਲ ਦੇ ਅਧਿਆਪਕਾਂ ਤੋਂ ਇਲਾਵਾ ਹੈਬਰਨ ਵਰਲਡ ਸਕੂਲ ਦੇ ਅਧਿਆਪਕ ਵੀ ਪਹੁੰਚੇ। ਇਸ ਦੌਰਾਨ ਰਤਨਾ ਸਾਗਰ ਪਬਲਿਕ ਵੱਲੋਂ ਰਿਸੋਰਸ ਪਰਸਨ ਤਾਨੀਆ ਖੁਰਾਣਾ ਨੇ ਸੈਮੀਨਾਰ ਵਿੱਚ ਆਏ ਸਮੂਹ ਅਧਿਆਕ ਵਰਗ ਨੂੰ ਜਿੱਥੇ ਬੱਚਿਆਂ ਨੂੰ ਆਸਾਨ ਵਿਧੀ ਨਾਲ ਕਿਵੇਂ ਪੜ੍ਹਾਇਆ ਜਾ ਸਕਦਾ ਹੈ ਤੇ ਚੰਗੇ ਤਰੀਕਿਆਂ ਬਾਰੇ ਵੀ ਦੱਸਿਆ, ਉਥੇ ਨਾਲ ਹੀ ਅਧਿਆਪਕਾਂ ਨੇ ਵੀ ਤਾਨੀਆ ਖੁਰਾਣਾ ਨਾਲ ਪੜ੍ਹਾਈ ਸਬੰਧੀ ਆਪਣੇ ਸੁਝਾਅ ਸਾਂਝੇ ਕੀਤੇ। ਆਖਰ ਵਿੱਚ ਸਕੂਲ ਦੇ ਅਕੈਡਮਿਕ ਡਾਇਰੈਕਟਰ ਸਤਿੰਦਰ ਕੌਰ ਮਰਵਾਹਾ, ਵਾਈਸ ਪ੍ਰਿੰਸੀਪਲ ਸਵਲੀਨ ਭਾਟੀਆ ਤੇ ਪ੍ਰਿੰਸੀਪਲ ਸੁਹਾਨੀ ਗੁਲਾਟੀ ਵੱਲੋਂ ਸਾਂਝੇ ਤੌਰ 'ਤੇ ਸੈਮੀਨਾਰ ਲਗਾਏ ਜਾਣ 'ਤੇ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਅਧਿਆਪਕਾਂ ਦਾ ਸੈਮੀਨਾਰ ਲਗਾਇਆ। ਇਸ ਮੌਕੇ ਅਕੈਡਮਿਕ ਡਾਇਰੈਕਟਰ ਸਤਿੰਦਰ ਕੌਰ ਮਰਵਾਹਾ ਵਾਈਸ ਪ੍ਰਿੰਸੀਪਲ ਸਵਲੀਨ ਭਾਟੀਆ ਪ੍ਰਿੰਸੀਪਲ ਸੁਹਾਸਨੀ ਗੁਲਾਟੀ ਤਿੰਨਾਂ ਨੇ ਸਾਂਝੇ ਤੌਰ 'ਤੇ ਤਾਨੀਆ ਖੁਰਾਣਾ ਨੂੰ ਬੁੱਕੇ ਦੇ ਕੇ ਸਨਮਾਨਤ ਕੀਤਾ।

# ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਹਿਰਮਪੁਰ 'ਚ ਪੌਦੇ ਲਗਾਏ



ਬੰਗਾ, 12 ਜੁਲਾਈ (ਪ੍ਰਭਜੋਤ ਸਿੰਘ): ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਹਿਰਮਪੁਰ ਵਿਖੇ ਪੌਦਾ ਲਗਾਉਣ ਦੀ ਰਸਮ ਨਿਭਾਉਂਦਿਆਂ ਐੱਸ.ਐੱਮ.ਸੀ. ਕਮੇਟੀ ਮੈਂਬਰ ਮੀਨਾ ਰਾਣੀ ਤੇ ਹੈੱਡ ਟੀਚਰ ਸਤਨਾਮ ਈ.ਟੀ.ਟੀ. ਨੇ ਪੌਦਿਆਂ ਨਾਲ ਰਿਸ਼ਤੇ ਕਾਇਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸ਼ੁੱਧਤਾ ਤੇ ਕੁਦਰਤੀ ਸੋਮਿਆਂ ਦਾ ਸੰਤੁਲਨ ਬਣਾਉਣ ਲਈ ਸਾਨੂੰ ਇਸ ਮੁੱਦੇ 'ਤੇ ਗੰਭੀਰ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਿੱਥੇ ਨਵੇਂ ਪੌਦੇ ਲਗਾ ਕੇ ਸਾਨੂੰ ਆਪਣੇ ਬਣਦੇ ਫ਼ਰਜ਼ ਨਿਭਾਉਣ ਲਈ ਪਹਿਲ ਦੇਣੀ ਚਾਹੀਦੀ ਹੈ, ਉੱਥੇ ਪੁਰਾਣੇ ਪੌਦਿਆਂ ਦੀ ਸੰਭਾਲ ਲਈ ਵੀ ਵਲੰਟੀਅਰ ਵਜੋਂ ਸੇਵਾ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਪਿੰਡ ਦੇ ਪਤਵੰਤੇ, ਬੱਚਿਆਂ ਦੇ ਮਾਪੇ ਵੀ ਸ਼ਾਮਲ ਸਨ। ਸਕੂਲ ਮੁਖੀ ਨੇ ਇਹ ਵੀ ਕਿਹਾ ਕਿ ਉਹ ਬੱਚਿਆਂ ਨੂੰ ਵੀ ਵਾਤਾਵਰਨ ਦੀ ਸ਼ੁੱਧਤਾ ਕਾਇਮ ਰੱਖਣ ਤਹਿਤ ਪੌਦਿਆਂ ਦੀ ਅਹਿਮੀਅਤ ਬਾਰੇ ਦੱਸਦੇ ਰਹਿੰਦੇ ਹਨ।

# ਵਾੜਾ ਵਰਿਆਮ ਸਿੰਘ ਵਾਲਾ 'ਚ ਲਗਾਇਆ ਯੁੱਧ ਨਸ਼ਿਆਂ ਵਿਰੁੱਧ ਸੈਮੀਨਾਰ



ਜ਼ੀਰਾ, 12 ਜੁਲਾਈ (ਦੀਪਕ ਭਾਰਗੋ): ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਵਿਧਾਨ ਸਭਾ ਹਲਕਾ ਜ਼ੀਰਾ ਦੇ ਪਿੰਡ ਵਾੜਾ ਵਰਿਆਮ ਸਿੰਘ ਵਾਲਾ ਵਿੱਚ ਸੈਮੀਨਾਰ ਲਗਾਇਆ ਗਿਆ, ਜਿਸ ਦਾ ਪ੍ਰਬੰਧ ਪਿੰਡ ਦੇ ਸਰਪੰਚ ਜੁਗਰਾਜ ਸਿੰਘ, ਗੁਰਪ੍ਰੀਤ ਸਿੰਘ ਮੈਂਬਰ, ਕੁਲਵਿੰਦਰ ਸਿੰਘ ਮੈਂਬਰ, ਲਖਵੀਰ ਸਿੰਘ ਮੈਂਬਰ, ਮੰਗਲ ਸਿੰਘ ਮੈਂਬਰ, ਬਲਵਿੰਦਰ ਸਿੰਘ ਮੈਂਬਰ ਵੱਲੋਂ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਐੱਸ.ਪੀ.ਡੀ. ਮਨਜੀਤ ਸਿੰਘ ਉਨ੍ਹਾਂ ਦੇ ਨਾਲ ਵਿਧਾਇਕ ਨਰੇਸ਼ ਕਟਾਰੀਆ ਦੇ ਸਪੁੱਤਰ ਸ਼ੰਕਰ ਕਟਾਰੀਆ, ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਚੰਦ ਸਿੰਘ ਗਿੱਲ, ਚੇਅਰਮੈਨ ਮਾਰਕੀਟ ਕਮੇਟੀ ਇਕਬਾਲ ਸਿੰਘ ਢਿੱਲੋਂ, ਸੰਗਠਨ ਪ੍ਰਧਾਨ ਜਸਪਾਲ ਸਿੰਘ ਵਿਰਕ, ਡਾ. ਬਲਜਿੰਦਰ ਸਿੰਘ ਇੰਚਾਰਜ ਯੁੱਧ ਨਸ਼ਿਆਂ ਵਿਰੁੱਧ, ਰੋਕੀ ਕਥੂਰੀਆ ਆਪ ਆਗੂ, ਡੀ.ਐੱਸ.ਪੀ. ਫਿਰੋਜ਼ਪੁਰ ਬਚਨ ਸਿੰਘ ਬੀ.ਡੀ.ਪੀ.ਓ. ਗੁਰਮੀਤ ਸਿੰਘ ਐੱਸ.ਐੱਚ.ਓ. ਥਾਣਾ ਸਦਰ ਜ਼ੀਰਾ ਬਲਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਰਪੰਚ-ਪੰਚ ਪਹੁੰਚੇ। ਇਸ ਮੌਕੇ ਅਲੱਗ-ਅਲੱਗ ਆਗੂਆਂ ਨੇ ਆਪਣੇ-ਆਪਣੇ ਵਿਚਾਰ ਇਸ ਮੁਹਿੰਮ ਦੇ ਤਹਿਤ ਕੰਮ ਕਰਨ ਵਾਲੇ ਮੁਲਾਜ਼ਮਾਂ ਪ੍ਰਤੀ ਦਿੱਤੇ ਤੇ ਐੱਸ.ਪੀ.ਡੀ. ਮਨਜੀਤ ਸਿੰਘ ਵੱਲੋਂ ਬੋਲਦੇ ਹੋਏ ਕਿਹਾ ਗਿਆ ਕਿ ਜੋ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਗਈ ਹੈ, ਉਸਦੇ ਤਹਿਤ ਵੱਡੀ ਮਾਤਰਾ ਵਿੱਚ ਹੈਰੋਇਨ ਦੀ ਰਿਕਵਰੀ ਕੀਤੀ ਗਈ ਹੈ। ਜਿਸ ਤੋਂ ਇਲਾਵਾ ਨਾਜਾਇਜ਼ ਅਸਲ੍ਹਾ ਡਰੱਗਮਨੀ ਤੇ ਵਹੀਕਲ ਵੀ ਬ੍ਰਾਮਦ ਕੀਤੇ ਗਏ ਹਨ ਤੇ ਨਸ਼ਾ ਵੇਚਣ ਵਾਲੇ ਸਮੱਗਲਰਾਂ ਦੇ ਖਿਲਾਫ਼ ਕਾਰਵਾਈ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ ਹੈ। ਇਸ ਮੌਕੇ ਐੱਸ.ਪੀ.ਡੀ. ਮਨਜੀਤ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਆਤੰਕਵਾਦ ਨੂੰ ਖਤਮ ਕਰਨ ਵਾਸਤੇ ਪਿੰਡਾਂ ਦੇ ਲੋਕਾਂ ਨੇ ਸਾਥ ਦਿੱਤਾ, ਉਸੇ ਤਰ੍ਹਾਂ ਇਸ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਵਾਸਤੇ ਆਮ ਲੋਕਾਂ ਦਾ ਸਰਪੰਚਾਂ-ਪੰਚਾਂ ਦਾ ਸਾਥ ਦੇਣਾ ਬਣਦਾ ਹੈ ਤਾਂ ਹੀ ਇਸ ਨਸ਼ੇ ਨੂੰ ਜਿਸ ਨੇ ਕਈ ਮਾਵਾਂ ਦੀਆਂ ਕੁੱਖਾਂ ਉਜਾੜ ਦਿੱਤੀਆਂ ਤਾਂ ਹੀ ਇਸ ਨੂੰ ਖਤਮ ਕੀਤਾ ਜਾ ਸਕਦਾ ਹੈ। ਚੌਕੀਦਾਰ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਹਰ ਭਗਵਾਨ ਸਿੰਘ ਭੋਲਾ ਬਲਾਕ ਪ੍ਰਧਾਨ ਜ਼ੀਰਾ, ਸਰਪੰਚ ਰਾਮ ਸਿੰਘ ਗਿੱਲ ਲੌਂਗੋਦੇਵਾ, ਸਰਪੰਚ ਮਨਪ੍ਰੀਤ ਸਿੰਘ ਸੇਖਵਾਂ, ਸਰਪੰਚ ਦਲਜੀਤ ਸਿੰਘ ਝੱਤਰਾ, ਸਰਪੰਚ ਦਲਜੀਤ ਸਿੰਘ ਅਵਾਨ, ਸਰਪੰਚ ਸਤਨਾਮ ਸਿੰਘ ਮਨਸੂਰਵਾਲ, ਸਰਪੰਚ ਰੁਪਿੰਦਰ ਰਿਪੂ ਵਾੜਾ ਪੋਹਵਿੰਡ, ਸਰਪੰਚ ਰਣਜੀਤ ਸਿੰਘ ਬਰਾੜ ਮਹਿਆ ਵਾਲਾ ਖੁਰਦ, ਸਰਪੰਚ ਕਾਬਲ ਸਿੰਘ ਟਿੰਡਵਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਇਸੇ ਤਰ੍ਹਾਂ ਹੀ ਬਣਦੇ ਨੇ ਅਮੀਰ ਸਬੰਧ





## ਨਵਜੋਤ ਢਿੱਲੋਂ

ਕਿਸੇ ਵੀ ਚੰਗੀ Script ਦੇ ਨਿਭਾਅ ਲਈ ਜਿੰਨੀ ਲੋੜ ਵਧੀਆ ਡਾਇਰੈਕਟਰ ਅਤੇ ਕਲਾਕਾਰਾਂ ਦੀ ਹੁੰਦੀ ਹੈ, ਓਨੀ ਹੀ ਵਧੀਆ ਪ੍ਰੋਡਿਊਸਰਾਂ ਅਤੇ ਪ੍ਰੋਡਕਸ਼ਨ ਟੀਮ ਦੀ ਵੀ ਹੁੰਦੀ ਹੈ। ਮੇਰੇ ਪਹਿਲੇ ਨਾਟਕ 'ਪੂਅਰ ਕੁਨੈਕਸ਼ਨ' ਦੀ ਪ੍ਰੋਡਕਸ਼ਨ ਦੀ ਨੀਂਹ ਮਜ਼ਬੂਤ ਕੁਨੈਕਸ਼ਨ 'ਤੇ ਰੱਖੀ ਗਈ ਹੋਣ ਕਾਰਨ ਨਾਟਕ ਸ਼ਾਨਦਾਰ ਢੰਗ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਜਾ ਸਕਿਆ।

ਮੈਂ ਪਤਾ ਨਹੀਂ ਕਿਸ ਰੌਅ ਵਿੱਚ Bell Performing Arts Centre ਦੀ ਬੁਕਿੰਗ ਕਰ ਕੇ deposit ਵੀ ਦੇ ਦਿੱਤਾ ਤੇ ਉਸ ਤੋਂ ਛੇਤੀ ਬਾਅਦ ਹੀ ਮਹਿਸੂਸ ਕੀਤਾ ਕਿ Sponsorships ਮੰਗਣ ਵਾਲਾ ਕੰਮ ਕਿੰਨਾ ਔਖਾ ਹੈ।

ਮੈਨੂੰ ਯਾਦ ਆਇਆ ਕਿ ਜੁਲਾਈ 2023 'ਚ ਮੇਰੀ ਸਲਾਹ ਅਤੇ ਸਹਿਯੋਗ ਨਾਲ ਜਦੋਂ Chetna Association of Canada ਵਲੋਂ North Delta Secondary School 'ਚ ਇੱਕ ਨਾਟਕ ਦਾ ਮੰਚਨ ਕਰਵਾਇਆ ਗਿਆ ਸੀ ਤਾਂ ਸੁੱਖੀ ਬਾਠ ਜੀ ਨੇ ਮੈਨੂੰ ਵਿਸ਼ੇਸ਼ ਤੌਰ 'ਤੇ ਕਿਹਾ ਸੀ, ਨਵਜੋਤ! ਜੇ ਕੋਈ ਚੰਗੇ ਸੁਨੇਹੇ ਵਾਲਾ ਪ੍ਰੋਗਰਾਮ ਪੇਸ਼ ਕਰਨਾ ਹੋਵੇ ਤਾਂ ਦੱਸ ਦਿਆ ਕਰੋ, ਚੰਗੇ ਹਾਲ 'ਚ ਹੋ ਸਕਦੈ pay ਕਰ ਦਿਆਂਗਾ ਮੈਨੂੰ ਲੱਗਾ ਕਿ ਹੁਣ ਉਹ ਢੁਕਵਾਂ ਸਮਾਂ ਹੈ, ਮੈਨੂੰ ਸੁੱਖੀ ਬਾਠ ਜੀ ਨਾਲ ਗੱਲ ਕਰਨੀ ਚਾਹੀਦੀ ਹੈ।

ਮੈਂ ਸਮਾਂ ਲੈ ਕੇ ਸੁੱਖੀ ਬਾਠ ਹੁਰਾਂ ਦੇ ਦਫ਼ਤਰ ਪਹੁੰਚੀ, ਉਨ੍ਹਾਂ ਨੇ ਆਪਣੇ ਸੁਭਾਅ ਮੁਤਾਬਕ ਜੋਸ਼ ਨਾਲ ਸੁਆਗਤ ਕੀਤਾ। ਮੇਰਾ ਵੱਡਾ ਮਸਲਾ sponsorship ਮੰਗਣ ਦਾ ਸੀ, ਜਿਸ ਦਾ ਮੇਰਾ ਕੋਈ ਤਜਰਬਾ ਨਹੀਂ ਸੀ,ਮੈਂ uncomfortable ਸਾਂ ਮੈਂ ਜ਼ਰਾ ਝਕਦੀ ਜਿਹੀ ਨੇ ਆਪਣੀ ਗੱਲ ਟੁੱਟਵੇਂ ਜਿਹੇ ਵਾਕਾਂ 'ਚ ਕਹੀ ਕਿ ਨਾਟਕ ਮੈਂ ਲਿਖਿਆ ਤੇ ਡਾ. ਸਾਹਿਬ ਸਿੰਘ ਨੇ ਡਾਇਰੈਕਟ ਕਰਨਾ2-3 ਮਿੰਟ ਦੀ ਗੱਲਬਾਤ ਦੌਰਾਨ ਸੁੱਖੀ ਜੀ ਨੇ ਕਲਾ, ਸਾਹਿਤ ਤੇ ਬੋਲੀ ਦੇ ਖੇਤਰ ਦੇ ਆਪਣੇ ਕੁਝ ਤਜਰਬੇ ਸੰਖੇਪ ਜਿਹੇ ਸਾਂਝੇ ਕੀਤੇ, ਜਿਸ 'ਚੋਂ ਮੈਂ ਏਨਾ ਕੁ ਸਮਝ ਸਕੀ ਕਿ ਉਹ ਇਹ ਪ੍ਰੋਗਰਾਮ ਕਿਸੇ Monetary motive ਲਈ ਨਹੀਂ ਕਰ ਰਹੇ। ਮੈਂ ਉਨ੍ਹਾਂ ਨੂੰ ਗ਼ੌਰ ਨਾਲ ਸੁਣਦਿਆਂ ਕੁਝ ਗਹਿਰਾ ਸਮਝਣ ਦੀ ਕੋਸ਼ਿਸ਼ ਕਰ ਰਹੀ ਸਾਂ, ਕਿ ਸੁੱਖੀ ਬਾਠ ਭਾਵੇਂ ਪਿਛਲੇ 46 ਸਾਲਾਂ ਤੋਂ ਕਾਰਾਂ ਦੇ Business ਵਿੱਚ ਸਿਰ ਕੱਢਵਾਂ ਨਾਮ ਹੈ, ਪਰ ਨਾਲੋ ਨਾਲ ਪੰਜਾਬੀ ਬੋਲੀ, ਕਲਾ, ਸਾਹਿਤ ਤੇ ਰੰਗਮੰਚ ਨੂੰ ਪ੍ਰਫੁੱਲਿਤ ਕਰਨ ਲਈ ਉਨ੍ਹਾਂ ਵੱਲੋਂ ਨਿੱਠ ਕੇ ਕੀਤੇ ਜਾ ਰਹੇ ਕੰਮਾਂ ਕਾਰਨ ਉਨ੍ਹਾਂ ਦੀ ਇੱਕ ਹੋਰ ਵੱਖਰੀ ਪਹਿਚਾਣ ਵੀ ਹੈ। ਹੁਣ ਤੱਕ ਵਿਸ਼ਵ ਪੱਧਰ ਦੀਆਂ 5 ਪੰਜਾਬੀ conferences ਦਾ ਆਯੋਜਨ ਕਰਨਾ, 2016 ਤੋਂ ਪੰਜਾਬ ਭਵਨ ਦੀ ਸਥਾਪਨਾ ਪਿੱਛੋਂ ਹਰ ਮਹੀਨੇ ਸਾਹਿਤ ਤੇ ਕਲਾ ਨਾਲ ਜੁੜੀਆਂ ਗਤੀਵਿਧੀਆਂ ਨੂੰ ਜਾਰੀ ਰੱਖਣਾ, ਬਹੁਤ ਸਾਰੇ ਨਾਟਕਾਂ ਦਾ ਮੰਚਨ ਕਰਵਾਉਣਾ, ਕਿਤਾਬਾਂ ਰਿਲੀਜ਼ ਕਰਨੀਆਂ, ਨਿੱਕੇ ਬੱਚਿਆਂ ਨੂੰ ਪੰਜਾਬੀ ਪੜ੍ਹਨ ਤੇ ਲਿਖਣ ਦੀ ਚੇਟਕ ਲਾਉਣ ਲਈ ਨਿਵੇਕਲਾ ਉਪਰਾਲਾ ਨਵੀਆਂ ਕਲਮਾਂ ਨਵੀਂ ਉਡਾਨ ਸ਼ੁਰੂ ਕਰਨਾ ਤੇ ਪੰਜਾਬ ਅਤੇ ਨਾਲ ਲਗਦੇ ਸੂਬਿਆਂ ਦੇ ਬੱਚਿਆਂ ਦੀ ਕਿਤਾਬਾਂ ਛਾਪਣੀਆਂ ਆਦਿਮੈਂ ਸੋਚ ਰਹੀ ਸਾਂ ਕਿ ਇਹ ਸਭ ਕਿਸੇ ਜਨੂੰਨ ਤੋਂ ਬਿਨਾਂ ਸੰਭਵ ਨਹੀਂ ਹੈ, ਮੈਂ ਆਪਣੀਆਂ ਹੀ ਸੋਚਾਂ ਦੀ ਲੜੀ ਤੋੜਦਿਆਂ ਨਾਟਕ ਦਾ ਸੁਆਲ ਪਾਇਆ ਤਾਂ ਸੁੱਖੀ ਬਾਠ ਹੁਰੀਂ ਸ਼ੁਰੂ ਹੋ ਗਏ,ਤੂੰ ਸਿਆਣੀ ਕੁੜੀ ਏਂ, ਮਿਹਨਤੀ ਏਂਏਨੇ ਸਾਲਾਂ ਤੋਂ ਤੈਨੂੰ ਲੋਕ ਸੁਣਦੇ ਆ ਰਹੇ ਆਂ,ਮੈਂ ਆਪਣੀ ਬੇਟੀ ਨੂੰ ਵੀ ਤੇਰੀ ਉਦਾਹਰਣ ਦਿੰਦਾ ਹੁੰਨਾਂ, ਕੁੜੀਆਂ ਨੂੰ ਐਂ ਹੀ ਵਿਚਰਨਾ ਚਾਹੀਦਾ,ਨਵਜੋਤ ਬਹੁਤ ਨਿਡਰ ਹੈ। ਇਹ ਸੁਣਦਿਆਂ ਮੈਨੂੰ ਯਾਦ ਆ ਰਿਹਾ ਸੀ ਕਿ ਦੋ ਸਾਲ ਪਹਿਲਾਂ ਮੈਨੂੰ ਪੰਜਾਬ ਭਵਨ ਦੀ ਵਿਸ਼ਵ ਪੰਜਾਬੀ ਕਾਨਫਰੰਸ 'ਚ 'ਕੈਨੇਡਾ 'ਚ ਪੰਜਾਬੀ ਮੀਡੀਆ' ਦੇ ਵਿਸ਼ੇ 'ਤੇ ਪੇਪਰ ਪੜ੍ਹਨ ਲਈ ਬੁਲਾਇਆ ਗਿਆ ਸੀ ਤੇ ਉਸ ਪੇਪਰ ਬਾਰੇ ਖ਼ਾਸੀ ਚਰਚਾ ਹੋਈ ਸੀ ਤੇ ਪਿਛਲੇ ਸਾਲ ਉਹੀ ਲੇਖ 'ਪੰਜਾਬ ਤੇ ਪ੍ਰਵਾਸ' ਨਾਮੀ ਕਿਤਾਬ 'ਚ ਪ੍ਰਕਾਸ਼ਿਤ ਹੋਇਆ ਸੀ ਤੇ ਮੈਂ ਇਸ ਬਾਰੇ ਦੱਸਦਿਆਂ ਉਹ ਕਿਤਾਬ ਸੁੱਖੀ ਬਾਠ ਹੁਰਾਂ ਨੂੰ ਭੇਟ ਕੀਤੀ। ਇਸ ਤੋਂ ਪਹਿਲਾਂ ਕਿ ਮੈਂ ਅਗਲੀ ਗੱਲ ਕਰਦੀ, ਉਨ੍ਹਾਂ ਕਿਹਾ, ਨਵਜੋਤ ਤੂੰ ਨਾਟਕ ਲਿਖਿਆ ਹੈ, ਜਾਹ ਪੋਸਟਰ ਬਣਾ ਲੈ ਕੰਮ ਸ਼ੁਰੂ ਕਰ ਦਿਓ। profit ਦਾ ਪਤਾ ਨਹੀਂ ਪਰ ਤੈਨੂੰ ਘਾਟਾ ਨਾ ਪਵੇ, ਮੈਂ ਇਹ ਖ਼ਿਆਲ ਰੱਖਾਂਗਾਡਟ ਜਾਓ।

ਮੈਂ ਕਿਹਾ,ਤੁਸੀਂ ਸਕਰਿਪਟ ਤਾਂ ਸੁਣ ਲਓ, ਕਹਾਣੀ ਤਾਂ ਸੁਣ ਲਓ, ਮੈਂ ਚਾਹੁੰਦੀ ਹਾਂ ਕਿ ਤੁਹਾਨੂੰ ਕੁਝ ਤਾਂ ਪਤਾ ਹੋਵੇ..! ਉਨ੍ਹਾਂ ਨੇ ਮੈਨੂੰ ਟੋਕਦਿਆਂ ਦੋ ਕੁ ਗੱਲਾਂ ਕਹੀਆਂ, ਨਵਜੋਤ ਤੇਰਾ community 'ਚ ਇੱਕ ਨਾਮ ਹੈ, ਸੁੱਖੀ ਬਾਠ ਦਾ ਵੀ ਨਾਮ ਹੈ। ਖ਼ਿਆਲ ਰੱਖਣਾ ਕਿ ਨਾਮ ਨੂੰ ਹੋਰ ਚਮਕਾਉਣਾ ਹੈ, ਬਰਕਰਾਰ ਰੱਖਣਾ ਹੈ। ਮੈਨੂੰ ਤੇਰੇ ਤੇ ਸਾਹਿਬ ਸਿੰਘ ਦੇ ਕੰਮ 'ਤੇ ਭਰੋਸਾ ਹੈ। ਨਾਟਕ ਵਧੀਆ ਹੀ ਹੋਊ। ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਨੇ ਮੈਨੂੰ ਖੰਭ ਲਾ ਦਿੱਤੇ ਮੈਂ ਉਡਾਨ ਭਰੀ ਤੇ ਨਾਟਕ ਦੀ production ਦਾ ਕੰਮ ਸ਼ੁਰੂ ਹੋ ਗਿਆ। 6 ਮਹੀਨਿਆਂ ਦੌਰਾਨ ਮੈਂ ਨਿੱਕੀਆਂ ਨਿੱਕੀਆਂ ਸਲਾਹਾਂ ਲਈ ਉਨ੍ਹਾਂ ਨੂੰ ਬੇਝਿਜਕ ਹੋ ਕੇ ਪਤਾ ਨਹੀਂ ਕਿੰਨੀ ਵਾਰ ਫੋਨ ਕੀਤਾ ਤੇ ਮੀਟਿੰਗਾਂ ਵੀ ਕੀਤੀਆਂ। ਹਰ ਵਾਰ ਉਨ੍ਹਾਂ ਵੱਲੋਂ ਇਹ ਕਹਿਣਾ ਕਿ ਨਵਜੋਤ! ਮੈਨੂੰ ਭਰੋਸਾ ਹੈ ਤੁਸੀਂ ਜੋ ਕਰਨਾ ਹੈ ਕਰੀ ਜਾਓ ਸਗੋਂ ਤੁਸੀਂ ਤੇ ਇੰਦਰਜੀਤ ਬੇਫ਼ਿਕਰੀ ਨਾਲ independently decision ਲਓ ਜਿਸ ਕਿਸੇ ਚੀਜ਼ ਦੀ ਜਾਂ manpower ਦੀ ਲੋੜ ਹੋਈ ਦੱਸ ਦਿਆ ਕਰੋ, ਬਹੁਤ ਮਿਹਨਤ ਕਰ ਰਹੇ ਹੋ ਤੁਸੀਂ, ਸਭ ਵਧੀਆ ਹੀ ਹੋਊ, ਸਾਡੇ ਅੰਦਰ ਨਵੀਂ ਊਰਜਾ ਭਰ ਦਿੰਦਾ ਸੀ।

ਇਸ production ਦੌਰਾਨ ਕਈ ਅਜੀਬ ਸਥਿਤੀਆਂ ਵੀ ਪੈਦਾ ਹੋਈਆਂ ਜੋ ਮੇਰੇ ਹੌਂਸਲੇ ਸਾਹਮਣੇ ਚੁਣੌਤੀ ਬਣ ਕੇ ਖੜ੍ਹੀਆਂ, ਪਰ ਸੁੱਖੀ ਬਾਠ ਜੀ ਨੇ ਮੈਨੂੰ ਹਰ ਪਲ 'ਚ ਆਪਣੀਆਂ ਸ਼ਕਤੀਆਂ ਪਹਿਚਾਨਣ, ਅਸੂਲਾਂ 'ਤੇ ਪੜ੍ਹਨ, ਕੰਮ 'ਤੇ ਫੋਕਸ ਰਹਿਣ ਅਤੇ ਅਗਾਂਹ ਵਧਣ ਦੀ ਪ੍ਰੇਰਨਾ ਦਿੱਤੀ। ਉਹ ਸਾਡਾ ਮੋਢਾ ਥਾਪੜਦੇ ਰਹੇ ਤੇ ਸਾਡੀ ਟੀਮ ਨੇ ਮਿਹਨਤ ਤੇ ਲਗਨ ਨਾਲ ਕੰਮ ਜਾਰੀ ਰੱਖਿਆ।

ਤੇ ਜੁਲਾਈ ਦਾ ਪਹਿਲਾ ਹਫ਼ਤਾ ਉਹ ਟੀਮ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹੇ, ਭਾਵੇਂ 5 ਜੁਲਾਈ ਅਰਥਾਤ ਨਾਟਕ ਵਾਲੀ ਰਾਤ ਨੂੰ ਉਨ੍ਹਾਂ ਨੇ ਇੰਡੀਆ ਲਈ flight ਫੜਨੀ ਸੀ। ਅਣਥੱਕ ਮਿਹਨਤ ਤੇ ਥਕਾਵਟ ਦੇ ਬਾਵਜੂਦ ਉਨ੍ਹਾਂ ਦੇ ਚਿਹਰੇ ਦੀ ਮੁਸਕਾਨ ਤੇ ਉਨ੍ਹਾਂ ਦਾ ਚੜ੍ਹਦੀ ਕਲਾ ਵਾਲਾ ਅੰਦਾਜ਼ ਕਾਇਮ ਸੀ। ਇਸੇ ਤਰ੍ਹਾਂ ਦੀਆਂ ਭਾਵਨਾਵਾਂ ਨਾਲ ਹੀ ਬਣਦੇ ਨੇ Rich Connection. ਸੁੱਖੀ ਬਾਠ Poor Connection ਨਾਟਕ ਦੀ ਪ੍ਰੋਡਕਸ਼ਨ ਅਤੇ ਯਾਦਗਾਰੀ ਪੇਸ਼ਕਾਰੀ ਤੁਹਾਡੇ ਦਿੱਤੇ ਹੌਸਲੇ ਤੇ ਹਰ ਤਰ੍ਹਾਂ ਦੇ ਸਮਰਥਨ ਨਾਲ ਸੰਭਵ ਹੋ ਸਕੀ ਹੈ। ਹੌਸਲੇ ਬੁਲੰਦ ਹੀ ਰਹਿਣ।

# ਪਵਨ ਕੁਮਾਰ ਟੀਨੂ ਵੱਲੋਂ ਅਧੂਰੇ ਕੰਮ ਮੁਕੰਮਲ ਕਰਨ ਦਾ ਉਦਘਾਟਨ

ਭੋਗਪੁਰ, 12 ਜੁਲਾਈ (ਅਮਰਜੀਤ ਸਿੰਘ ਜੰਡੀਰ): ਪੰਜਾਬ ਸਰਕਾਰ ਵੱਲੋਂ 1 ਕਰੋੜ 73 ਲੱਖ 20 ਹਜ਼ਾਰ ਦੀ ਗਰਾਂਟ ਨਾਲ ਸ਼ਹਿਰਾਂ ਦੇ ਵੱਖ-ਵੱਖ ਵਾਰਡਾਂ ਦੀਆਂ ਗਲੀਆਂ ਵਿੱਚ ਵਾਟਰ ਸਪਲਾਈ ਦੇ ਅਧੂਰੇ ਪਏ ਕੰਮਾਂ ਨੂੰ ਮੁਕੰਮਲ ਕਰਨ ਲਈ ਪਾਈਪਲਾਈਨਾਂ ਪਾਉਣ ਦੇ ਕੰਮਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ। ਅੱਜ ਹਲਕਾ ਇੰਚਾਰਜ ਪਵਨ ਕੁਮਾਰ ਟੀਨੂ, ਨਗਰ ਕੌਂਸਲ ਭੋਗਪੁਰ ਦੇ ਪ੍ਰਧਾਨ ਰਾਜ ਕੁਮਾਰ ਰਾਜਾ ਅਤੇ ਨਗਰ ਕੌਂਸਲ ਭੋਗਪੁਰ ਦੇ ਵਾਈਸ ਪ੍ਰਧਾਨ ਰਕੇਸ਼ ਤੇ ਵਾਰਡ ਨੰਬਰ 13 ਦੇ ਕੌਂਸਲਰ ਬੀਬੀ ਜੀਤ ਰਾਣੀ ਅਤੇ ਹੋਰ ਵਾਰਡ ਵਾਸੀਆਂ ਵੱਲੋਂ ਅੱਜ ਭੋਗਪੁਰ ਵਿਖੇ ਉਦਘਾਟਨ ਕੀਤਾ ਗਿਆ ਪਵਨ ਕੁਮਾਰ ਟੀਨੂ ਨੇ ਕਿਹਾ ਕਿ ਅਧੂਰੇ ਪਏ ਹੋਰ ਕੰਮ ਜਲਦ ਪੂਰੇ ਕੀਤੇ ਜਾਣਗੇ, 20 ਸਾਲਾਂ ਤੋਂ ਲੋਕਾਂ ਦੀ ਸੀਵਰ ਪਾਉਣ ਦੀ ਮੰਗ ਚੱਲ ਆ ਰਹੀ ਸੀ ਅਤੇ ਅੱਜ 2 ਸਾਲ ਪਹਿਲੇ ਜੀਤ ਲਾਲ ਭੱਟੀ ਵੱਲੋਂ ਕੰਮ ਸ਼ੁਰੂ ਕੀਤੇ ਗਏ ਸਨ। ਪਰ ਅਜੇ ਤੱਕ ਮੁਕੰਮਲ ਨਹੀਂ ਕੀਤੇ ਗਏ। ਪਵਨ ਕੁਮਾਰ ਟੀਨੂ ਨੇ ਕਿਹਾ ਕਿ ਬਹੁਤ ਜਲਦ ਭੋਗਪੁਰ ਵਿਚ ਸੀਵਰੇਜ ਦੇ ਕੰਮ ਮੁਕੰਮਲ ਕਰ ਦਿੱਤੇ ਜਾਣਗੇ। ਇਸ ਮੌਕੇ 'ਤੇ ਰਾਜ ਕੁਮਾਰ ਰਾਜਾ ਪ੍ਰਧਾਨ ਕੌਂਸਲਰ, ਬੂਟਾ ਸਿੰਘ ਟੀਟੂ, ਪਰਮਜੀਤ ਸਿੰਘ ਪੰਮਾ, ਬਲਵਿੰਦਰ ਸਿੰਘ ਭੰਡਾਰੀ, ਤਰਲੋਕ ਸਿੰਘ ਜੰਡੀਰ, ਬਖਤ ਰਾਮ, ਦੇਵ ਮਨੀ ਚੌਂਜਰ, ਪਰਮਜੀਤ ਸਿੰਘ ਰਾਜਵੰਸ ਆਦਮਪੁਰ, ਗੁਰਦੇਵ ਸਿੰਘ ਚੜਤ, ਮਸਤਾਨ ਸਿੰਘ, ਸਤਨਾਮ ਸਿੰਘ ਸੋਖੋ, ਬਲਵਿੰਦਰ ਸਿੰਘ ਪਤਿਆਲ ਆਦਿ ਹਾਜ਼ਰ ਸਨ।

# ਵਿਦਿਆਰਥੀ ਜੀਵਨ ਵਿੱਚ ਸਮਾਜਿਕ ਵਿਗਿਆਨ ਦੀ ਮਹੱਤਤਾ



**ਅਮਰਪ੍ਰੀਤ ਕੌਰ**
ਸਮਾਜਿਕ ਸਿੱਖਿਆ ਅਧਿਆਪਕ
ਸਰਕਾਰੀ ਮਿਡਲ ਸਕੂਲ

ਜਿਵੇਂ ਇੱਕ ਇਮਾਰਤ ਦੀ ਮਜ਼ਬੂਤੀ ਉਸ ਦੀ ਨੀਂਹ 'ਤੇ ਨਿਰਭਰ ਕਰਦੀ ਹੈ, ਓਸੇ ਤਰ੍ਹਾਂ ਵਿਦਿਆਰਥੀ ਦੀ ਸੋਚ, ਸਮਝ ਅਤੇ ਜ਼ਿੰਦਗੀ ਦੀ ਦਿਸ਼ਾ ਉਸ ਦੀ ਸਿੱਖਿਆ 'ਤੇ ਨਿਰਭਰ ਕਰਦੀ ਹੈ। ਸਮਾਜਿਕ ਵਿਗਿਆਨ ਇੱਕ ਐਸਾ ਵਿਸ਼ਾ ਹੈ ਜੋ ਸਿਰਫ਼ ਕਿਤਾਬੀ ਜਾਣਕਾਰੀ ਨਹੀਂ ਦਿੰਦਾ, ਸਗੋਂ ਵਿਦਿਆਰਥੀ ਨੂੰ ਸੋਚਣ, ਸਮਝਣ ਅਤੇ ਜੀਵਨ ਨੂੰ ਗਹਿਰਾਈ ਨਾਲ ਦੇਖਣ ਦੀ ਕਲਾ ਸਿਖਾਉਂਦਾ ਹੈ। ਇਹ ਵਿਸ਼ਾ ਵਿਦਿਆਰਥੀ ਨੂੰ ਆਪਣੀ ਪਛਾਣ ਬਣਾਉਣ, ਸਮਾਜਿਕ ਵਿਵਸਥਾਵਾਂ ਨੂੰ ਸਮਝਣ ਅਤੇ ਇੱਕ ਸੁਚੱਜਾ ਨਾਗਰਿਕ ਬਣਨ ਵੱਲ ਲੈ ਜਾਂਦਾ ਹੈ। ਸਮਾਜਿਕ ਵਿਗਿਆਨ ਵਿਦਿਆਰਥੀ ਨੂੰ ਇਤਿਹਾਸ, ਭੂਗੋਲ, ਰਾਜਨੀਤੀ, ਆਰਥਿਕਤਾ, ਨੈਤਿਕਤਾ ਅਤੇ ਸਮਾਜਿਕ ਸੰਰਚਨਾਵਾਂ ਬਾਰੇ ਗਿਆਨ ਦਿੰਦਾ ਹੈ। ਜਦੋਂ ਇੱਕ ਵਿਦਿਆਰਥੀ ਭੂਗੋਲ ਪੜ੍ਹਦਾ ਹੈ, ਤਾਂ ਉਹ ਆਪਣੇ ਦੇਸ਼ ਦੀ ਧਰਤੀ, ਹਵਾ-ਪਾਣੀ, ਖੇਤੀ ਅਤੇ ਕੁਦਰਤ ਨਾਲ ਜੁੜਦਾ ਹੈ। ਜਦੋਂ ਉਹ ਇਤਿਹਾਸ ਪੜ੍ਹਦਾ ਹੈ, ਤਾਂ ਉਹ ਆਪਣੀ ਵਿਰਾਸਤ, ਕੁਰਬਾਨੀਆਂ ਅਤੇ ਸੰਘਰਸ਼ਾਂ ਨਾਲ ਜਾਣੂੰ ਹੁੰਦਾ ਹੈ। ਸਮਾਜਿਕ ਵਿਗਿਆਨ ਰਾਹੀਂ ਵਿਦਿਆਰਥੀ ਸਿਰਫ਼ ਜਾਣਕਾਰੀ ਨਹੀਂ ਲੈਂਦਾ, ਸਗੋਂ ਆਪਣੇ ਵਤੀਰੇ, ਸੋਚ ਅਤੇ ਆਚਰਣ 'ਚ ਵੀ ਬਦਲਾਅ ਲਿਆਉਂਦਾ ਹੈ।

ਪੰਜਾਬ ਦੇ ਆਮ ਸਕੂਲਾਂ ਵਿੱਚ, ਜਿੱਥੇ ਜ਼ਿਆਦਾਤਰ ਬੱਚੇ ਕਿਸਾਨ, ਮਜ਼ਦੂਰ ਜਾਂ ਆਮ ਪਿਛੋਕੜ ਤੋਂ ਆਉਂਦੇ ਹਨ, ਉਹਨਾਂ ਲਈ ਸਮਾਜਿਕ ਵਿਗਿਆਨ ਇੱਕ ਅਜਿਹਾ ਸ਼ੀਸ਼ਾ ਹੈ ਜਿਸ ਰਾਹੀਂ ਉਹ ਆਪਣੇ ਆਸ-ਪਾਸ ਦੇ ਸਮਾਜ ਨੂੰ ਨੇੜੇ ਤੋਂ ਦੇਖ ਅਤੇ ਸਮਝ ਸਕਦੇ ਹਨ। ਜਦੋਂ ਉਹ ਰਾਜਨੀਤੀ ਵਿਗਿਆਨ ਪੜ੍ਹਦੇ ਹਨ, ਤਾਂ ਉਹ ਲੋਕਤੰਤਰ, ਹੱਕਾਂ-ਜ਼ਿੰਮੇਵਾਰੀਆਂ, ਚੋਣ ਪ੍ਰਕਿਰਿਆ ਅਤੇ ਸਰਕਾਰੀ ਨੀਤੀਆਂ ਬਾਰੇ ਜਾਣਦੇ ਸਕਦੇ ਹਨ। ਇਹ ਜਾਣਕਾਰੀ ਉਹਨਾਂ ਨੂੰ ਭਾਵੀ ਚੰਗਾ ਨਾਗਰਿਕ ਬਣਾਉਂਦੀ ਹੈ ਜੋ ਨਾ ਸਿਰਫ਼ ਆਪਣੇ ਹੱਕਾਂ ਦੀ ਸਮਝ ਰੱਖਦਾ ਹੈ, ਸਗੋਂ ਆਪਣੇ ਫ਼ਰਜ਼ਾਂ ਨੂੰ ਯਾਦ ਰੱਖਦੇ ਹੋਇਆਂ ਸਮਾਜ ਦੇ ਹਿੱਤ ਲਈ ਵੀ ਸੋਚਦਾ ਹੈ। ਇਹ ਵਿਸ਼ਾ ਉਹਨਾਂ ਦੀ ਨੈਤਿਕਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਉਹਨਾਂ ਵਿੱਚ ਸਹਿਣਸ਼ੀਲਤਾ, ਸਮਝੌਤਾ, ਸਮਰਪਣ ਅਤੇ ਸ਼ਰਾਫਤ ਦੇ ਗੁਣ ਵੀ ਪੈਦਾ ਕਰਦਾ ਹੈ।

ਸਮਾਜਿਕ ਵਿਗਿਆਨ ਦੀ ਖੂਬਸੂਰਤੀ ਇਹ ਹੈ ਕਿ ਇਹ ਵਿਦਿਆਰਥੀ ਦੀ ਜ਼ਿੰਦਗੀ ਨਾਲ ਸਿੱਧਾ ਜੁੜਿਆ ਹੁੰਦਾ ਹੈ। ਇਹ ਉਹਨਾਂ ਸਮਾਜ ਬਾਰੇ ਦੱਸਦੇ ਹੋਇਆਂ ਨੂੰ ਇਹ ਸਿਖਾਉਂਦਾ ਹੈ ਕਿ ਵੱਖ-ਵੱਖ ਧਰਮ, ਜਾਤੀਆਂ, ਭਾਸ਼ਾਵਾਂ ਅਤੇ ਰੀਤੀਆਂ ਵਿਚਕਾਰ ਸਾਂਝ ਕਿਵੇਂ ਬਣਾਈ ਜਾ ਸਕਦੀ ਹੈ। ਜਦੋਂ ਵਿਦਿਆਰਥੀ ਸਮਾਜਿਕ ਸਮੱਸਿਆਵਾਂ—ਜਿਵੇਂ ਕਿ ਜਾਤੀਵਾਦ, ਲਿੰਗ ਅਸਮਾਨਤਾ, ਭ੍ਰਿਸ਼ਟਾਚਾਰ ਅਤੇ ਹਿੰਸਾ ਪੜ੍ਹਦੇ ਹਨ, ਤਾਂ ਉਹ ਇਹਨਾਂ ਬੁਰਾਈਆਂ ਵਿਰੁੱਧ ਜਾਗਰੂਕ ਹੋ ਕੇ ਇਹਨਾਂ ਦੇ ਹੱਲ ਬਾਰੇ ਵੀ ਸੋਚਦੇ ਹਨ। ਅਕਸਰ ਸਮਾਜਿਕ ਵਿਗਿਆਨ ਕਲਾਸਾਂ ਵਿੱਚ ਚਰਚਾ, ਵਿਚਾਰ-ਵਟਾਂਦਰਾ ਅਤੇ ਸਮੂਹਕ ਕੰਮਾਂ ਰਾਹੀਂ ਵਿਦਿਆਰਥੀਆਂ ਦੀ ਆਵਾਜ਼ ਨੂੰ ਮਹੱਤਤਾ ਦਿੱਤੀ ਜਾਂਦੀ ਹੈ, ਜਿਸ ਨਾਲ ਉਹ ਖੁੱਲ੍ਹ ਕੇ ਸੋਚਣਾ ਤੇ ਗੱਲ ਕਰਨਾ ਸਿੱਖਦੇ ਹਨ।

ਸਮਾਜਿਕ ਵਿਗਿਆਨ ਨਾ ਸਿਰਫ਼ ਵਿਦਿਆਰਥੀ ਦੀ ਵਿਅਕਤੀਗਤ ਵਿਕਾਸ ਯਾਤਰਾ ਨੂੰ ਆਕਾਰ ਦਿੰਦਾ ਹੈ, ਸਗੋਂ ਇਹ ਉਸ ਦੀ ਭਵਿੱਖੀ ਸਮਾਜਿਕ ਭੂਮਿਕਾ ਨੂੰ ਵੀ ਨਿਰਧਾਰਤ ਕਰਦਾ ਹੈ। ਇਹ ਵਿਦਿਆਰਥੀ ਨੂੰ ਆਲਸੀ ਨਾਗਰਿਕ ਨਹੀਂ, ਸਗੋਂ ਸਰਗਰਮ, ਸਮਝਦਾਰ ਅਤੇ ਜਵਾਬਦੇਹ ਨਾਗਰਿਕ ਬਣਾਉਂਦਾ ਹੈ। ਇਹ ਵਿਸ਼ਾ ਉਹਨਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਦਾ ਹੈ ਅਤੇ ਸੰਘਰਸ਼ਾਂ ਦਾ ਸਾਹਮਣਾ ਕਰਨ ਦੀ ਤਾਕਤ ਦਿੰਦਾ ਹੈ। ਉਹਨਾਂ ਨੂੰ ਇਹ ਸਮਝ ਆਉਂਦੀ ਹੈ ਕਿ ਇਕੱਲਾ ਵਿਅਕਤੀ ਵੀ ਸਮਾਜਿਕ ਤਬਦੀਲੀ ਲਈ ਆਵਾਜ਼ ਉਠਾ ਸਕਦਾ ਹੈ। ਜਿਵੇਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ — ਕਿਸੇ ਦੇਸ਼ ਦੀ ਅਸਲ ਤਾਕਤ ਉਸ ਦੇ ਜਵਾਨਾਂ ਦੀ ਸੋਚ ਵਿੱਚ ਵੱਸਦੀ ਹੈ — ਸੋ ਇਹ ਸੋਚ ਸਮਾਜਿਕ ਵਿਗਿਆਨ ਰਾਹੀਂ ਹੀ ਤਿਆਰ ਹੋ ਸਕਦੀ ਹੈ। ਸਮਾਜਿਕ ਵਿਗਿਆਨ ਵਿਦਿਆਰਥੀਆਂ ਨੂੰ ਇੱਕ ਗਹਿਰਾ ਅਤੇ ਵਿਆਪਕ ਨਜ਼ਰੀਆ ਦਿੰਦਾ ਹੈ। ਇਹ ਉਨ੍ਹਾਂ ਨੂੰ ਸਿਖਾਉਂਦਾ ਹੈ ਕਿ ਸਿੱਖਿਆ ਸਿਰਫ਼ ਨੌਕਰੀ ਹਾਸਲ ਕਰਨ ਲਈ ਨਹੀਂ, ਸਗੋਂ ਇੱਕ ਚੰਗੀ ਜ਼ਿੰਦਗੀ ਜੀਉਣ ਅਤੇ ਸਮਾਜ ਦੇ ਹਿੱਤ ਲਈ ਕੰਮ ਕਰਨ ਦਾ ਮਾਧਿਅਮ ਹੈ। ਇਸ ਵਿਸ਼ੇ ਰਾਹੀਂ ਵਿਦਿਆਰਥੀ ਵਿਚਾਰਸ਼ੀਲ, ਸਮਝਦਾਰ, ਜਵਾਬਦੇਹ ਅਤੇ ਨੈਤਿਕ ਇਨਸਾਨ ਬਣਦੇ ਹਨ। ਇਸ ਲਈ, ਸਮਾਜਿਕ ਵਿਗਿਆਨ ਨੂੰ ਅਜਿਹਾ ਪੂਰਨ ਵਿਸ਼ਾ ਹੈ ਜੋ ਵਿਦਿਆਰਥੀਆਂ ਨੂੰ ਜੀਵਨ ਦੇ ਹਰ ਪੱਖ ਬਾਰੇ ਮਾਰਗਦਰਸ਼ਨ ਦਿੰਦਾ ਹੈ। ਇਹ ਉਹਨਾਂ ਨੂੰ ਇੱਕ ਚੰਗਾ ਨਾਗਰਿਕ ਬਣਨ ਲਈ ਤਿਆਰ ਕਰਦਾ ਹੈ, ਜੋ ਸਮਾਜ ਵਿੱਚ ਜਵਾਬਦੇਹੀ ਅਤੇ ਸਮਝਦਾਰੀ ਨਾਲ ਆਪਣੀ ਭੂਮਿਕਾ ਨਿਭਾ ਸਕਣ।

# ਤੇਜ਼ ਗਤੀ ਵਿੱਚ ਚੱਲਣ ਵਾਲੇ ਦੋ ਦਰਜਨ ਦੇ ਕਰੀਬ ਵਾਹਨਾਂ ਦੇ ਕੱਟੇ ਚਲਾਨ

ਸ਼੍ਰੀ ਕੀਰਤਪੁਰ ਸਾਹਿਬ, 12 ਜੁਲਾਈ (ਬੀ ਐਸ ਰਾਣਾ) : ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਗੁਲਨੀਤ ਸਿੰਘ ਖੁਰਾਨਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਟਰੈਫਿਕ ਪੁਲਿਸ ਰੂਪਨਗਰ ਅਤੇ ਟਰੈਫਿਕ ਪੁਲਿਸ ਸ਼੍ਰੀ ਕੀਰਤਪੁਰ ਸਾਹਿਬ ਵਲੋਂ ਸਾਂਝੇ ਤੌਰ 'ਤੇ ਨਾਕਾ ਲਗਾ ਕੇ ਪਿੰਡ ਡਾਢੀ ਨਜ਼ਦੀਕ ਤੇਜ਼ ਗਤੀ ਵਿੱਚ ਚੱਲਣ ਵਾਲੇ ਕਰੀਬ ਦੋ ਦਰਜਨ ਵਹੀਕਲਾਂ ਦੇ ਚਲਾਨ ਕੀਤੇ ਗਏ। ਇਸ ਤੋਂ ਇਲਾਵਾ ਜ਼ਿਲ੍ਹਾ ਐਜੂਕੇਸ਼ਨ ਸੈੱਲ ਦੇ ਇੰਚਾਰਜ ਏਐਸਆਈ ਸੁਖਦੇਵ ਸਿੰਘ ਵੱਲੋਂ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਵੀ ਕੀਤਾ ਗਿਆ। ਉਹਨਾਂ ਵਾਹਨ ਚਾਲਕਾਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਕਿਹਾ। ਉਹਨਾਂ ਕਿਹਾ ਕਿ ਦੋ ਪਹੀਆ ਵਹੀਕਲ ਚਲਾਉਂਦੇ ਸਮੇਂ ਸਰਦਾਰ ਵਿਅਕਤੀ ਸਿਰ 'ਤੇ ਦਸਤਾਰ ਅਤੇ ਮੋਨਾ ਵਿਅਕਤੀ ਸਿਰ 'ਤੇ ਹੈਲਮਟ ਜ਼ਰੂਰ ਪਾਉਣ। ਇਸ ਤੋਂ ਇਲਾਵਾ ਉਹਨਾਂ ਲੋਕਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਰ ਆਦਿ ਚਲਾਨ ਸਮੇਂ ਸੀਟ ਬੈਲਟ ਦਾ ਪ੍ਰਯੋਗ ਜ਼ਰੂਰ ਕਰਨ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਗੰਭੀਰ ਸਥਿਤੀ ਦੇ ਵਿੱਚ ਉਨ੍ਹਾਂ ਦੇ ਏਅਰ ਬੈਗ ਖੁੱਲਣ ਨਾਲ ਉਨ੍ਹਾਂ ਦਾ ਬਚਾਅ ਹੋ ਸਕੇ। ਉਹਨਾਂ ਕਿਹਾ ਕਿ ਕਦੇ ਵੀ ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਕੇ ਡਰਾਈਵਿੰਗ ਨਾ ਕੀਤੀ ਜਾਵੇ। ਉਹਨਾਂ ਕਿਹਾ ਕਿ ਅਕਸਰ ਦੇਖਿਆ ਜਾਂਦਾ ਹੈ ਕਿ ਨਸ਼ੇ ਦੀ ਹਾਲਤ ਵਿੱਚ ਬਹੁਤ ਜ਼ਿਆਦਾ ਸੜਕ ਹਾਦਸੇ ਵਾਪਰਦੇ ਹਨ, ਜਿਸ ਨਾਲ ਕਈ ਕੀਮਤੀ ਜਾਨਾਂ ਚਲੇ ਜਾਂਦੀਆਂ ਹਨ। ਇਸ ਮੌਕੇ ਜ਼ਿਲ੍ਹਾ ਟਰੈਫਿਕ ਪੁਲਿਸ ਦੇ ਏਐਸਆਈ ਅਜੇ ਕੁਮਾਰ ਅਤੇ ਏਐਸਆਈ ਬਲਵੰਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜਿੱਥੇ ਉਹਨਾਂ ਵੱਲੋਂ ਸਾਂਝੇ ਤੌਰ 'ਤੇ ਦੋ ਦਰਜਨ ਵਹੀਕਲਾਂ ਦੇ ਚਲਾਨ ਕੱਟੇ ਗਏ, ਉੱਥੇ ਹੀ ਪ੍ਰੈਸ਼ਰ ਹਾਰਨ ਦਾ ਪ੍ਰਯੋਗ ਕਰਨ ਵਾਲੇ ਲੋਕਾਂ ਦੇ ਵੀ ਚਲਾਨ ਕੱਟੇ ਗਏ ਹਨ। ਉਹਨਾਂ ਸਖਤ ਹਦਾਇਤ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਦੱਸਿਆ ਕਿ ਜਿਨ੍ਹਾਂ ਲੋਕਾਂ ਦੇ ਚਲਾਨ ਕੱਟੇ ਗਏ ਹਨ, ਉਹਨਾਂ ਨੂੰ ਭਵਿੱਖ ਵਿੱਚ ਵੀ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਮੌਕੇ ਉਹਨਾਂ ਨਾਲ ਏਐਸਆਈ ਦੀਦਾਰ ਸਿੰਘ, ਏਐਸਆਈ ਕਮਲਜੀਤ ਸਿੰਘ ਆਦਿ ਹਾਜ਼ਰ ਸਨ।




**ਯੂਨੀਅਨ ਬੈਂਕ ਆਫ ਇੰਡੀਆ** ਭਾਰਤ ਸਰਕਾਰ ਦਾ ਅਦਾਰਾ — **Union Bank of India** A Government of India Undertaking

**ਖ਼ੇਤਰੀ ਦਫਤਰ : 41/1, ਵਾਲੀਆ ਕੰਪਲੈਕਸ, ਆਤਮ ਨਗਰ, ਦੁੱਗਰੀ ਰੋਡ, ਲੁਧਿਆਣਾ**

**ਅਚੱਲ ਸੰਪੱਤੀਆਂ/ਅਸਾਸਿਆਂ ਦੀ ਵਿਕਰੀ ਲਈ ਵਿਕਰੀ ਨੋਟਿਸ**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 30.07.2025 ਨੂੰ ਦੁਪਹਿਰ 12:00 ਤੋਂ ਸ਼ਾਮ 05:00 ਵਜੇ ਤੱਕ (10 ਮਿੰਟਾਂ ਦੇ ਅਸੀਮਤ ਸਵੈ ਵਾਧਿਆਂ ਦੇ ਨਾਲ)**

**ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖਰੀ ਮਿਤੀ ਈ-ਨਿਲਾਮੀ ਦੀ ਸ਼ੁਰੂਆਤ 'ਤੇ ਜਾਂ ਪਹਿਲਾਂ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ /ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ **ਯੂਨੀਅਨ ਬੈਂਕ ਆਫ ਇੰਡੀਆ** ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਯੂਨੀਅਨ ਬੈਂਕ ਆਫ ਇੰਡੀਆ ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਨਿਮਨ ਦਰਸਾਈਆਂ ਮਿਤੀ 30.07.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਣਗੇ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ ਨੂੰ ਵੈਬਪੋਰਟਲ/ਵੈਬਸਾਈਟ https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ ਦਾ ਨਾਮ/ਸੰਪਰਕ ਨੰ. ਅਤੇ ਕਰਜ਼ਦਾਰ/ਜ਼ਾਮਨ/ਗਿਰਵੀਕਾਰ | ਬਕਾਇਆ ਰਕਮ | ਸੰਪੱਤੀ ਦਾ ਵੇਰਵਾ ਅਤੇ ਮਾਲਕ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| 1. | ਫੀਲਡਗੰਜ-ਲੁਧਿਆਣਾ - 97859 68601. ਕਰਜ਼ਦਾਰ ਅਤੇ ਗਿਰਵੀਕਾਰ: ਸ਼੍ਰੀ ਅਮਰਜੀਤ ਸਿੰਘ ਪੁੱਤਰ ਬਲਵੰਤ ਸਿੰਘ, ਵਾਸੀ ਮਕਾਨ ਨੰ: 55ਏ, ਗਲੀ ਨੰ: 03, ਗੁਰੂਨਾਨਕ ਨਗਰ ਗਿੱਲ, ਲੁਧਿਆਣਾ-141116, ਸਹਿ-ਕਰਜ਼ਦਾਰ: ਸ਼੍ਰੀਮਤੀ ਹਰਵਿੰਦਰ ਕੌਰ ਪਤਨੀ ਅਮਰਜੀਤ ਸਿੰਘ, ਵਾਸੀ ਮਕਾਨ ਨੰ: 55ਏ, ਗਲੀ ਨੰ: 03, ਗਲੀ ਨੰ: 01, ਲੁਧਿਆਣਾ-141116 | Rs. 12,28,576.11 31.12.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਵਿਕਰੀ ਡੀਡ ਵਸੀਕਾ ਨੰਬਰ 13105 ਮਿਤੀ 23.01.2012 ਅਤੇ 9786 ਮਿਤੀ 09.02.2017 ਸ਼ਾਮਲ ਸ਼੍ਰੀ ਅਮਰਜੀਤ ਸਿੰਘ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ, ਬੇਰਿੰਗ ਨੰ. 0ਬੀ-0ਬੀ-12.2/3ਬੀ ਪੁਖਤਾ ਭਾਵ ਬੀ-01ਬੀ-18ਬੀ ਖਾਮ ਭਾਵ 94.44-ਵਰਗ ਗਜ, ਕੁੱਲ ਖੇਤਰਫਲ ਦਾ 12.2/3/1516 ਤੁਹਾਡਾ ਹਿੱਸਾ ਹੈ ਜਿਸ ਵਿੱਚ 032-152-162 ਪੁਖਤਾ ਭਾਵ ਖਾਤਾ ਖਤੌਨੀ ਨੰਬਰ ਪੁਰਾਣਾ 2566/2506,2567/2506, 2660/3368, 2661/3369 ਨਵਾਂ 2732/3464, 2733/3465 ਸ਼ਾਮਲ ਹੈ। ਖਸਰਾ ਨੰਬਰ 2 ਵਿੱਚ ਸ਼ਾਮਲ ਹਨ। 1204/1(0-4-1), 1205/1(2-2-18), 1198/1(1-8-17) ਸਾਲ 2000-01, 2005-06 ਮਿਤੀ 04.09.2017 ਲਈ ਜਮ੍ਹਾਂਬੰਦੀ ਅਤੇ ਸਾਲ 2010-11 ਮਿਤੀ 05.09.2017 ਅਤੇ 25.10.2017 ਲਈ ਜਮ੍ਹਾਂਬੰਦੀ, ਪਲਾਟ ਨੰ. 12, ਗੁਰੂ ਨਾਨਕ ਕਲੋਨੀ, ਗਿੱਲ-II, ਲੁਧਿਆਣਾ ਵਿਖੇ ਸਥਿਤ, ਹੈ, **ਵਿਕਰੀ ਡੀਡ ਅਨੁਸਾਰ ਹੱਦਬੰਦੀ:** ਪੂਰਬ: ਸ਼੍ਰੀਮਤੀ ਹਰਬੰਸ ਕੌਰ (34'-0"), ਪੱਛਮ: ਗੁਆਂਢਣ ਸ਼੍ਰੀਮਤੀ ਮਨਜੀਤ ਕੌਰ (34'-0"), ਉੱਤਰ: ਗੁਆਂਢਣ (25'-0"), ਦੱਖਣ: ਗਲੀ 20' ਚੌੜੀ, **ਸਾਈਟ ਅਨੁਸਾਰ ਹੱਦਬੰਦੀ:** ਪੂਰਬ: ਖੁੱਲ੍ਹਾ ਪਲਾਟ (34'-0"), ਪੱਛਮ: ਖੁੱਲ੍ਹਾ ਪਲਾਟ (34'-0"), ਉੱਤਰ: ਗੁਆਂਢਣ (25'-0"), ਦੱਖਣ: ਗਲੀ 20' ਚੌੜੀ (ਕਬਜ਼ੇ ਦੀ ਕਿਸਮ: ਸੰਕੇਤਕ) | Rs. 21,70,000/- / Rs. 2,17,000/- / Rs. 20,000/- |
| 2. | ਐਸਡੀਪੀਐਚ, ਲੁਧਿ.- 820 950 4502. ਕਰਜ਼ਦਾਰ: ਮੈਸ. ਗਲਾਈਡਰ ਆਟੋ ਇੰਡਸਟਰੀਜ਼ (ਮਾਲਕ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਪੁੱਤਰ ਸ਼੍ਰੀ ਰਾਮ ਸਿੰਘ ਰਾਹੀਂ ਕਾਲਮ ਨੰਬਰ 2 ਵਿੱਚ ਦੱਸੇ ਗਏ ਕਾਨੂੰਨੀ ਵਾਰਸਾਂ ਰਾਹੀਂ), ਪਲਾਟ ਨੰਬਰ 872 ਗਲੀ ਨੰਬਰ 5 1 ਨਿਰੰਕਾਰੀ ਮੁਹੱਲਾ ਮਿੱਲਰ ਗੰਜ, ਲੁਧਿਆਣਾ 141008, ਕਰਜ਼ਦਾਰ/ਗਿਰਵੀਕਾਰ: ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਪੁੱਤਰ ਸ਼੍ਰੀ ਰਾਮ ਸਿੰਘ, ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿੱਲਰ ਗੰਜ, ਲੁਧਿਆਣਾ 141008 ਹੇਠ ਲਿਖੇ ਕਾਨੂੰਨੀ ਵਾਰਸਾਂ ਰਾਹੀਂ: (ਏ) ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਪੁੱਤਰ ਰਾਮ ਸਿੰਘ ਦੀ ਵਿਧਵਾ ਸ਼੍ਰੀਮਤੀ ਨਿਰਮਲ ਕੌਰ ਨਿਵਾਸੀ ਪਲਾਟ ਨੰਬਰ 872 ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲੀਅਰ ਗੰਜ, ਲੁਧਿਆਣਾ 141008, (ਬੀ) ਸ਼੍ਰੀ. ਭਗਤ ਸਿੰਘ ਪੁੱਤਰ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲਧਿਆਣਾ 141008, ਸ਼੍ਰੀਮਤੀ ਹਰਮੀਤ ਕੌਰ ਪੁੱਤਰੀ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲੁਧਿਆਣਾ 141008, (ਸ) ਸ਼੍ਰੀ ਰਾਜਿੰਦਰ ਸਿੰਘ ਪੁੱਤਰ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲੁਧਿਆਣਾ 141008 (ਜ਼ਾਮਨ), (ਹ) ਹੋਰ ਅਣਜਾਣ ਕਾਨੂੰਨੀ ਵਾਰਸ, ਜ਼ਾਮਨ: ਸ਼੍ਰੀ ਰਾਜਿੰਦਰ ਸਿੰਘ ਪੁੱਤਰ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲੁਧਿਆਣਾ 141008., ਸ਼੍ਰੀ ਇੰਦਰਜੀਤ ਸਿੰਘ ਪੁੱਤਰ ਸ਼੍ਰੀ. ਨਿਹਾਲ ਸਿੰਘ ਵਾਸੀ 879/5 ਗਲੀ ਨੰ. 52, ਨਿਰੰਕਾਰੀ ਮੁਹੱਲਾ, ਮਿਲਰ ਗੰਜ ਲੁਧਿਆਣਾ 141010। | Rs. 20,43,779.70 31.12.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਵਿਕਰੀ ਡੀਡ ਵਸਿਕਾ ਨੰਬਰ 5996 ਮਿਤੀ 08/08/2014, ਅਤੇ ਵਿਕਰੀ ਡੀਡ ਵਸੀਕਾ ਨੰਬਰ 441 ਮਿਤੀ 07/04/1993ਦੇ ਅਧੀਨ ਸੰਤ ਹੁਸ਼ਿਆਰ ਸਿੰਘ ਪੁੱਤਰ ਸ਼੍ਰੀ ਰਾਮ ਸਿੰਘ ਦੇ ਨਾਮ 'ਤੇ 100 ਵਰਗ ਗਜ਼ ਦੀ ਅਚੱਲ ਜਾਇਦਾਦ, ਜੋ ਕਿ ਸਾਲ 2009-2010 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 2630/2369/2138/466, ਖਾਤਾ ਨੰਬਰ 658/942 ਵਿੱਚ ਸ਼ਾਮਲ ਹੈ, ਪਿੰਡ ਢੋਲੇਵਾਲ, ਐਚ.ਬੀ. 174, ਅਬਾਦੀ ਜਿਸਨੂੰ ਮੁਹੱਲਾ ਨਾਰੰਕਾਰੀ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿਖੇ ਸਥਿਤ ਸੰਪੱਤੀ ਦੇਸਾਰੇਭਾਗਅਤੇਹਿੱਸੇ।ਅਤੇ ਇਸ ਪ੍ਰਕਾਰ ਹੱਦਬੰਦੀ: ਪੂਰਬ: ਪਿਆਰਾ ਸਿੰਘ (20'8"), ਪੱਛਮ: ਗਲੀ (20'8"), ਉੱਤਰ: ਮਨਮੋਹਨ ਸਿੰਘ (45'6"), ਦੱਖਣ: ਗੁਰਦਿਆਲ ਸਿੰਘ (45'6") (**ਕਬਜ਼ਾ ਕਿਸਮ: ਸੰਕੇਤਕ**) | Rs. 39,10,000/- / Rs. 3,91,000/- / Rs. 40,000/- |
| 3. | ਫ਼ਤਿਹਗੜ੍ਹ ਸਾਹਿਬ -90126 54014. ਕਰਜ਼ਦਾਰ (ਾਂ): ਸਵ. ਬੁਖਾ ਰਾਮ ਸਪੁੱਤਰ ਮਿੱਠਾ ਰਾਮ (ਰਾਹੀਂ ਉਸਦੇ ਜਾਣੂੰ ਅਤੇ ਅਣਜਾਣੂੰ ਕਾਨੂੰਨੀ ਵਾਰਸ) ਪਿੰਡ ਤਲਾਣੀਆਂ ਹਰਨਾਮਨਗਰ, ਫਤਹਿਗੜ੍ਹ ਸਾਹਿਬ (ੳ) ਕਿਰਪਾਲ ਸਿੰਘ ਸਪੁੱਤਰ ਬੁੱਖਾ ਰਾਮ (ਸਹਿ ਕਰਜ਼ਦਾਰ ਅਤੇ ਕਾਨੂੰਨੀ ਵਾਰਸ) ਵਾਸੀ ਮਕਾਨ ਨੰ. 139, ਵਾਰਡ ਨੰ. 1 ਹਰਨਾਮ ਨਗਰ, ਪਿੰਡ ਤਲਾਣੀਆਂ ਫਤਹਿਗੜ੍ਹ ਸਾਹਿਬ (ਅ) ਨਰੇਸ਼ ਕੁਮਾਰ ਸਪੁੱਤਰ ਬੁੱਖਾ ਰਾਮ ਵਾਸੀ ਮਕਾਨ ਨੰ. 139, ਵਾਰਡ ਨੰ. 1 ਹਰਨਾਮ ਨਗਰ, ਪਿੰਡ ਤਲਾਣੀਆਂ ਫਤਹਿਗੜ੍ਹ ਸਾਹਿਬ (ੲ) ਵਿਜੇ ਕੁਮਾਰ ਸਪੁੱਤਰ ਬੁੱਖਾ ਰਾਮ ਵਾਸੀ ਮਕਾਨ ਨੰ. 139, ਵਾਰਡ ਨੰ. 1 ਹਰਨਾਮ ਨਗਰ, ਪਿੰਡ ਤਲਾਣੀਆਂ ਫਤਹਿਗੜ੍ਹ ਸਾਹਿਬ (ਸ.) ਜਸਵਿੰਦਰ ਕੌਰ ਸਪੁੱਤਰੀ ਬੁੱਖਾ ਰਾਮ ਵਾਸੀ ਪਿੰਡ ਤੇ ਡਾਕਖਾਨਾ ਦਬਖੇੜੀ ਜ਼ਿਲ੍ਹਾ ਕੁਰੂਕਸ਼ੇਤਰ (ਹ) ਸੁਰਿੰਦਰ ਕੌਰ ਸਪੁੱਤਰੀ ਬੁਖਾ ਰਾਮ ਵਾਸੀ ਮਕਾਨ ਨੰ.1796, 38 ਵੈਸਟ ਕਲੋਨੀ ਡੱਡੂਮਾਜਰਾ ਕਲੋਨੀ ਚੰਡੀਗੜ੍ਹ (ਕ) ਕਮਲਾ ਦੇਵੀ ਸਪੁੱਤਰੀ ਬੁਖਾ ਰਾਮ ਵਾਸੀ 1144-2505, 38 ਵੈਸਟ ਕਲੋਨੀ ਡੱਡੂਮਾਜਰਾ ਕਲੋਨੀ ਚੰਡੀਗੜ੍ਹ (ਖ) ਸੁਰਿੰਦਰ ਪਾਲ ਕੌਰ ਸਪੁੱਤਰੀ ਬੁਖਾ ਰਾਮ ਪਿੰਡ ਜੱਬੋਮਾਜਰਾ ਤਹਿਸੀਲ ਰਾਜਪੁਰਾ, ਜ਼ਿਲ੍ਹਾ ਅੰਬਾਲਾ | Rs. 11,49,317.84 31.12.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਸਵ. ਸ਼੍ਰੀ ਬੁਖਾ ਰਾਮ ਸਪੁੱਤਰ ਮਿੱਠਾ ਰਾਮ ਦੇ ਨਾਮ 'ਤੇ ਵਸੀਕਾ ਨੰ. 4076 ਮਿਤੀ 19.02.2002 ਦੇ ਅਧੀਨ ਵਾਰਡ ਨੰ. 1, ਹਰਨਾਮ ਨਗਰ, ਪਿੰਡ ਤੇ ਡਾਕਖਾਨਾ ਤਲਾਣੀਆ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਸਥਿਤ 1210 ਵਰਗ ਫੁੱਟ ਮਾਪ ਵਾਲਾ ਰਿਹਾਇਸ਼ੀ ਮਕਾਨ ਨੰ. 139, ਹੱਦਬੰਦੀ: ਉੱਤਰ: 15' ਚੌੜੀ ਗਲੀ (55'), ਦੱਖਣ: ਨਿਰਮਿਤ ਮਕਾਨ (55'), ਪੂਰਬ: ਨਿਰਮਿਤ ਮਕਾਨ (22'), ਪੱਛਮ: ਨਿਰਮਿਤ ਮਕਾਨ (22')। **ਕਬਜ਼ੇ ਦੀ ਕਿਸਮ: ਸੰਕੇਤਕ।** | Rs. 8,80,000/- / Rs. 88,000/- / Rs. 10,000/- |
| 4. | ਮੋਗਾ -9888527886. **ਕੁਲਦੀਪ ਸਿੰਘ ਪੁੱਤਰ ਸ਼੍ਰੀ ਦਰਸ਼ਨ ਸਿੰਘ**, ਵਾਸੀ ਨੰਬਰ 21, ਪਿੰਡ ਖੋਸਾ ਰਣਧੀਰ, ਤਹਿਸੀਲ ਧਰਮਕੋਟ, ਜਿਲਾ: ਮੋਗਾ, (2) **ਦਰਸ਼ਨ ਸਿੰਘ ਪੁੱਤਰ ਸ਼੍ਰੀ ਜਰਨੈਲ ਸਿੰਘ** ਵਾਸੀ ਮਕਾਨ ਨੰਬਰ 21, ਪਿੰਡ ਖੋਸਾ ਰਣਧੀਰ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ, **ਜ਼ਾਮਨ ਸ਼੍ਰੀ ਇਕਬਾਲ ਸਿੰਘ ਸਪੁੱਤਰ ਟਹਿਲ ਸਿੰਘ** ਵਾਸੀ ਪਿੰਡ ਖੋਸੇ ਰਣਧੀਰ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ | Rs. 5,19,968.39 31.03.2025 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਸ਼੍ਰੀ ਦਰਸ਼ਨ ਸਿੰਘ ਅਤੇ ਸ਼੍ਰੀ ਜਰਨੈਲ ਸਿੰਘ ਦੇ ਨਾਮ 'ਤੇ ਰਿਹਾਇਸ਼ੀ ਮਕਾਨ ਜਿਸਦੀ ਮਾਪ 0 ਕਨਾਲ 13 ਮਰਲੇ 3 ਸਰਸਾਹੀ (403.3 ਵਰਗ ਗਜ਼) ਜ਼ਮੀਨ 2 ਕਨਾਲ-0 ਮਰਲੇ ਦਾ 1/3 ਹਿੱਸਾ ਹੈ, ਜੋ ਕਿ ਖਾਤਾ ਨੰਬਰ 562, ਖਸਰਾ ਨੰਬਰ 52 ਮਰਲੇ//24/1, ਖਤੌਨੀ ਨੰਬਰ 894, ਜਮ੍ਹਾਂਬੰਦੀ 2006-07 ਵਿੱਚ ਸ਼ਾਮਲ ਹੈ। ਇਹ ਪਿੰਡ ਖੋਸਾ ਰਣਧੀਰ ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਵਿਖੇ ਸਥਿਤ ਹੈ। ਇਸਦੀ ਹੱਦ: ਪੂਰਬ: ਪ੍ਰਾਇਮਰੀ ਸਕੂਲ (35'), ਪੱਛਮ: ਸੜਕ 20' ਚੌੜੀ (35'), ਉੱਤਰ: ਸ਼੍ਰੀ ਮਹਿੰਦਰ ਸਿੰਘ ਦਾ ਘਰ (104'), ਦੱਖਣ: ਸ਼੍ਰੀ ਜਰਨੈਲ ਸਿੰਘ ਦਾ ਘਰ (104') (ਕਬਜ਼ਾ ਕਿਸਮ: ਸੰਕੇਤਕ) | Rs. 19,00,000/- / Rs. 1,90,000/- / Rs. 20,000/- |
| 5. | ਫਿਰੋਜ਼ਪੁਰ ਰੋਡ, ਲੁਧਿਆਣਾ.- 9999439338. ਸਵਰਗੀ ਸ਼੍ਰੀ ਇੰਦਰਜੀਤ ਪੁਰੀ ਪੁੱਤਰ ਰਿਸ਼ੀ ਰਾਮ (ਹੇਠਾਂ ਦਿੱਤੇ ਕਾਨੂੰਨੀ ਵਾਰਸਾਂ ਰਾਹੀਂ) ਮਕਾਨ ਨੰ. 4-ਮਿਨ, ਗਲੀ ਨੰ. 1 ਆਬਾਦੀ ਗੌਤਮ ਵਿਹਾਰ, ਪਿੰਡ ਬਾਲੋਕੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਕਾਨੂੰਨੀ ਵਾਰਸ: 1) ਸ਼੍ਰੀਮਤੀ ਪਰਵੀਨ ਪੁਰੀ ਪਤਨੀ ਸਵਰਗਵਾਸੀ ਇੰਦਰਜੀਤ ਪੁਰੀ ਮਕਾਨ ਨੰ. 4-ਮਿਨ, ਗਲੀ ਨੰ. 1 ਆਬਾਦੀ ਗੌਤਮ ਵਿਹਾਰ, ਪਿੰਡ ਬਾਲੋਕੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, 2) ਸ਼੍ਰੀਮਾਨ ਰਵੀ ਪੁਰੀ ਉਰਫ ਸੰਜੀਵ ਪੁਰੀ ਪੁੱਤਰ ਸਵਰਗਵਾਸੀ ਸ਼੍ਰੀ ਇੰਦਰਜੀਤ ਪੁਰੀ ਪਲਾਟ ਨੰਬਰ 4. ਖਸਰਾ 17//18, 23/2, ਹੱਦਬਸਤ ਨੰ. 103, ਗੌਤਮ ਵਿਹਾਰ ਬਾਲੋਕੇ ਰੋਡ, ਨੇੜੇ ਅੰਗਰੇਜ ਕੀ ਚੱਕੀ ਨੇੜੇ ਗ੍ਰੀਨ ਐਵੇਨਿਊ, ਹੈਬੋਵਾਲ ਖੁਰਦ, ਲੁਧਿਆਣਾ-141001, 3) ਮਿਸ ਕਾਜਲ ਪੁੱਤਰੀ ਸਵਰਗੀ ਸ਼੍ਰੀ ਇੰਦਰਜੀਤ ਪੁਰੀ, ਪਲਾਟ ਨੰਬਰ 4. ਖਸਰਾ 17//18, 23/2, ਹੱਦਬਸਤ ਨੰ. 103, ਗੌਤਮ ਵਿਹਾਰ ਬਾਲੋਕੇ ਰੋਡ, ਨੇੜੇ ਅੰਗਰੇਜ ਕੀ ਚੱਕੀ ਨੇੜੇ ਗ੍ਰੀਨ ਐਵੇਨਿਊ, ਹੈਬੋਵਾਲ ਖੁਰਦ, ਲੁਧਿਆਣਾ-141001,4) ਮਿਸ. ਵੰਦਨਾ ਪੁਰੀ ਉਰਫ਼ ਰਿਤਿਕਾ ਸਪੁੱਤਰੀ ਸਵਰਗੀ ਸ਼੍ਰੀ ਇੰਦਰਜੀਤ ਪੁਰੀ ਪਲਾਟ ਨੰਬਰ 4. ਖਸਰਾ 17//18, 23/2, ਹੱਦਬਸਤ ਨੰ. 103, ਗੌਤਮ ਵਿਹਾਰ ਬਾਲੋਕੇ ਰੋਡ, ਨੇੜੇ ਅੰਗਰੇਜ ਕੀ ਚੱਕੀ ਨੇੜੇ ਗ੍ਰੀਨ ਐਵੇਨਿਊ, ਹੈਬੋਵਾਲ ਖੁਰਦ, ਲੁਧਿਆਣਾ-141001, ਹੋਰ ਅਣਪਛਾਤੇ ਕਾਨੂੰਨੀ ਵਾਰਸ, ਸਹਿ ਬਿਨੈਕਾਰ: ਸ਼੍ਰੀਮਤੀ ਪਰਵੀਨ ਪੁਰੀ ਪਤਨੀ ਸਵ. ਇੰਦਰਜੀਤ ਪੁਰੀ, ਮਕਾਨ ਨੰ. 4-ਮਿਨ, ਗਲੀ ਨੰ. 1 ਆਬਾਦੀ ਗੌਤਮ ਵਿਹਾਰ, ਪਿੰਡ ਬਾਲੋਕੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, | Rs. 14,95,664.14 31.03.2025 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਖਸਰਾ ਨੰਬਰ 17//18, 23/2, ਖਾਤਾ ਨੰਬਰ 106/109 ਵਿੱਚ 4 ਮਿਨ ਦੇ ਖੇਤਰ ਵਿੱਚ ਜਾਇਦਾਦ / ਮਕਾਨ ਦੇ ਸਾਰੇ ਭਾਗ ਅਤੇ ਹਿੱਸੇ, ਜਿਵੇਂ ਕਿ ਸਾਲ 2008-09 ਲਈ ਜਮ੍ਹਾਂਬੰਦੀ ਵਿੱਚ ਦਿਖਾਇਆ ਗਿਆ ਹੈ, ਪਿੰਡ ਬੱਲੋਕੇ ਐਚਬੀ ਨੰਬਰ 103, ਆਬਾਦੀ ਗੌਤਮ ਵਿਹਾਰ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸ਼ਿੰਦਰਜੀਤ ਪੁਰੀ ਦੇ ਨਾਮ 'ਤੇ ਸਥਿਤ ਹੈ। ਹੱਦਬੰਦੀ: ਪੂਰਬ: ਗੁਆਂਢੀ (14'), ਪੱਛਮ: ਸੜਕ (14') ਉੱਤਰ: ਪਲਾਟ ਨੰ. 3(39'), ਦੱਖਣ: ਰਜਿੰਦਰ ਭੱਟ/ਪਲਾਟ ਨੰ. 4 ਮਿਨ (39') (ਕਬਜ਼ਾ ਕਿਸਮ: ਸੰਕੇਤਕ) | Rs. 15,00,000/- / Rs. 1,50,000/- / Rs. 15,000/- |
| 6. | ਜਗਰਾਓਂ -8954546896. **ਸਵ. ਸ਼੍ਰੀ ਜਗਰਾਜ ਸਿੰਘ ਪੁੱਤਰ ਗੰਗਾ ਸਿੰਘ (ਕਾਨੂੰਨੀ ਵਾਰਸਾਂ ਰਾਹੀਂ), 1. ਸੁਖਵਿੰਦਰ ਕੌਰ ਪਤਨੀ ਜਗਰਾਜ ਸਿੰਘ**, ਮਕਾਨ ਨੰ. 2396/1, ਮੁਹੱਲਾ ਮਾਈ ਜੀਨਾ, ਵਾਰਡ ਨੰ. -4, ਕੁਸ਼ਠਾ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਤਹਿਸੀਲ ਜਗਰਾਉਂ, ਲੁਧਿਆਣਾ-142026 (ਪੰਜਾਬ), 2. **ਲਖਵੀਰ ਸਿੰਘ ਪੁੱਤਰ ਸਵਰਗੀ ਜਗਰਾਜ ਸਿੰਘ**, ਮਕਾਨ ਨੰ. 2396/1, ਮੁਹੱਲਾ ਮਾਈ ਜੀਨਾ, ਵਾਰਡ ਨੰ. -4, ਕੁਸ਼ਠਾ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਤਹਿਸੀਲ ਜਗਰਾਉਂ, ਲੁਧਿਆਣਾ-142026 (ਪੰਜਾਬ) 3. **ਸਤਨਾਮ ਸਿੰਘ ਪੁੱਤਰ ਸਵਰਗੀ ਜਗਰਾਜ ਸਿੰਘ**, ਮਕਾਨ ਨੰ. 2396/1, ਮੁਹੱਲਾ ਮਾਈ ਜੀਨਾ, ਵਾਰਡ ਨੰ-4, ਕੁਸ਼ਠਾ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਤਹਿਸੀਲ ਜਗਰਾਉਂ, ਲੁਧਿਆਣਾ-142026 (ਪੰਜਾਬ), 4. **ਮਨਿੰਦਰ ਕੌਰ ਪਤਨੀ ਬਲਦੇਵ ਸਿੰਘ**, ਪਿੰਡ ਅਤੇ ਡਾਕਖਾਨਾ ਲਲਹੇੜੀ, ਤਹਿਸੀਲ ਅਤੇ ਜ਼ਿਲ੍ਹਾ ਖੰਨਾ,**ਜ਼ਾਮਨ: ਜਸਵੰਤ ਸਿੰਘ ਪੁੱਤਰ ਸੁਖਦੇਵ ਸਿੰਘ**, ਮਕਾਨ ਨੰ. 240/5, ਪ੍ਰਤਾਪ ਨਗਰ, ਵਾਰਡ ਨੰ: 14, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ | Rs. 7,39,155.49 30.09.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਵਿਕਰੀ ਡੀਡ ਨੰ. 5959 ਮਿਤੀ 25.03.2011 ਅਧੀਨ ਸਵ. ਸ੍ਰੀ ਜਗਰਾਜ ਸਿੰਘ ਸਪੁੱਤਰ ਸ੍ਰੀ ਗੰਗਾ ਸਿੰਘ ਦੇ ਨਾਮ 'ਤੇ ਕੁਸ਼ਟ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਜਗਰਾਓਂ-142026, ਜ਼ਿਲ੍ਹਾ ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 2009-2010 ਅਨੁਸਾਰ ਖੇਵਟ/ਖਤੌਨੀ ਨੰ. 876/912 ਅਧੀਨ ਹੱਦਬਸਤ ਨੰ. 126, ਮਕਾਨ ਨੰ. 2396/33, ਪੈਮਾਇਸ਼ 179 ਵਰਗ ਗਜ਼ (0 ਕਨਾਲ-4-2/3 ਮਰਲੇ ਯਾਨੀ ਜ਼ਮੀਨ 12 ਕਨਾਲ-17 ਮਰਲੇ ਦਾ 14/771ਵਾਂ ਹਿੱਸਾ) ਰੈਕਟ ਨੰ. 191, ਕਿੱਲਾ ਨੰ. 18 (3-17), 19 (9-0) ਵਾਲਾ ਰਿਹਾਇਸ਼ੀ ਮਕਾਨ। **ਹੱਦਬੰਦੀ: ਉੱਤਰ**: ਗੁਆਂਢੀ ਦੀ ਸੰਪੱਤੀ (37 ਫੁੱਟ-6 ਇੰਚ), **ਪੱਛਮ**: ਗੁਆਂਢੀ ਦੀ ਸੰਪੱਤੀ (30 ਫੁੱਟ-6 ਇੰਚ), **ਪੂਰਬ**: ਗੁਆਂਢੀ ਦੀ ਸੰਪੱਤੀ (41 ਫੁੱਟ), **ਦੱਖਣ**: ਰਸਤਾ (25 ਫੁੱਟ-06 ਇੰਚ)। **ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ।** | Rs. 10,10,000/- / Rs. 1,01,000/- / Rs. 10,000/- |
| 7. | ਸੈਕਟਰ 32, ਲੁਧਿਆਣਾ - 87553 88135. **ਸ਼੍ਰੀਮਤੀ ਮਮਤਾ ਰਾਏ** ਸੁਪਤਨੀ ਵਿਕਾਸ ਰਾਏ, ਮਕਾਨ ਨੰ. 198127, ਗਲੀ ਨੰ. 16, ਗੁਰੂ ਗੋਬਿੰਦ ਸਿੰਘ ਨਗਰ, ਸ਼ਿਮਲਾਪੁਰੀ, ਲੁਧਿਆਣਾ, ਪੰਜਾਬ-141008, **ਜ਼ਾਮਨ: ਕਮਲਾ ਰਾਏ** ਸੁਪਤਨੀ ਸੋਹਣ ਲਾਲ, ਮਕਾਨ ਨੰ. 198127, ਗਲੀ ਨੰ. 16, ਗੁਰੂ ਗੋਬਿੰਦ ਸਿੰਘ ਨਗਰ, ਸ਼ਿਮਲਾਪੁਰੀ, ਲੁਧਿਆਣਾ, ਪੰਜਾਬ-141008 | Rs. 12,73,952.90 31.05.2023 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਸ਼੍ਰੀਮਤੀ ਕਮਲਾ ਰਾਏ ਸੁਪਤਨੀ ਸ੍ਰੀ ਸੋਹਣ ਰਾਏ ਦੇ ਨਾਮ 'ਤੇ ਐਮਸੀ ਨੰਬਰ ਬੀ-1-1981/27, ਗਲੀ ਨੰ. 16, ਗੁਰੂ ਗੋਬਿੰਦ ਸਿੰਘ ਨਗਰ, ਬਰੋਟਾ ਰੋਡ, ਸ਼ਿਮਲਾਪੁਰੀ, ਗਿੱਲ ਨੰ. 2, ਲੁਧਿਆਣਾ ਵਿਖੇ ਸਥਿਤ 125 ਵਰਗ ਗਜ਼ ਮਾਪ ਵਾਲੀ ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਅਤੇ **ਹੱਦਬੰਦੀ : ਪੂਰਬ** : ਹੋਰ ਦੀ ਸੰਪੱਤੀ, **ਪੱਛਮ** : ਗਲੀ ਨੰ. 16, **ਉਤਰ** : ਸ੍ਰੀ ਚੰਦਰ ਮੋਹਨ, **ਦੱਖਣ** : ਸ੍ਰੀ ਰਤਨ ਸਿੰਘ। **ਕਬਜ਼ੇ ਦੀ ਕਿਸਮ : ਸੰਕੇਤਕ।** | Rs. 16,20,000/- / Rs. 1,62,000/- / Rs. 15,000/- |
| 8. | ਸੈਕਟਰ 32, ਲੁਧਿਆਣਾ 87553 88135. **ਕਰਜ਼ਦਾਰ:** ਮੈਸ. ਭਾਮੀਆਂ ਬਿਲਡਿੰਗ ਮਟੀਰੀਅਲ ਸਟੋਰ ਪ੍ਰੋਪ ਸ. ਧਰਮਪਾਲ ਸਿੰਘ ਪੁੱਤਰ ਮਨਸਾ ਸਿੰਘ, ਭਾਮੀਆਂ ਰੋਡ, ਸਰਕਾਰੀ ਸਕੂਲ ਨੇੜੇ, ਪਲਾਟ ਨੰ 206, ਭਾਮੀਆਂ ਕਲਾਂ ਲੁਧਿਆਣਾ, ਸ੍ਰੀ ਧਰਮਪਾਲ ਸਿੰਘ ਪੁੱਤਰ ਮਨਸਾ ਸਿੰਘ ਵਾਸੀ ਪਿੰਡ ਭਾਮੀਆਂ ਕਲਾਂ, ਪਾਣੀ ਦੀ ਟੈਂਕੀ ਨੇੜੇ, ਤਾਜਪੁਰ ਰੋਡ ਲੁਧਿਆਣਾ। **ਜ਼ਾਮਨ:** ਸ੍ਰੀ ਜਸਪਾਲ ਸਿੰਘ ਪੁੱਤਰ ਮਨਸਾ ਸਿੰਘ ਵਾਸੀ ਪਿੰਡ ਭਾਮੀਆਂ ਕਲਾਂ, ਪਾਣੀ ਦੀ ਟੈਂਕੀ ਨੇੜੇ, ਤਾਜਪੁਰ ਰੋਡ ਲੁਧਿਆਣਾ। | Rs. 15,11,844.91 30.06.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਵਿਕਰੀ ਡੀਡ 779 ਮਿਤੀ 19.04.2001 ਦੇ ਅਨੁਸਾਰ ਸ੍ਰੀ ਧਰਮਪਾਲ ਸਿੰਘ ਪੁੱਤਰ ਮਨਸਾ ਸਿੰਘ ਦੇ ਨਾਮ 'ਤੇ ਪਿੰਡ ਭਾਮੀਆਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪੂਰਬ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਕ੍ਰਮਵਾਰ ਸਾਲ 1983-84, 1988-89, 1993-94, 1998-99, 2003-04 ਮਿਤੀ 18.07.2016 ਅਤੇ ਜਮ੍ਹਾਂਬੰਦੀ ਸਾਲ 2008-09 ਮਿਤੀ 11.05.2017 ਦੇ ਅਨੁਸਾਰ ਖਸਰਾ ਨੰਬਰ 40//25/7-8, 47//5/7-8 ਵਿੱਚ ਸ਼ਾਮਲ ਖਾਤਾ ਖਤੌਨੀ ਨੰਬਰ ਪੁਰਾਣਾ 203/248, 251/298, 274/323, 324, 303/341, 342, 328/361, 363, ਨਵਾਂ ਨੰਬਰ 348/400, 401 ਦੇ ਅਧੀਨ 14 ਕਨਾਲ-16 ਮਰਲੇ ਮਾਪ ਵਾਲੇ ਕੁੱਲ ਰਕਬੇ ਵਿਚੋਂ 220 ਵਰਗ ਗਜ਼ ਮਾਪ ਵਾਲੇ ਰਿਹਾਇਸ਼ੀ ਮਕਾਨ ਦੀ ਈਐਮਜੀ। **ਹੱਦਬੰਦੀ:** ਪੂਰਬ-ਗਲੀ, ਪੱਛਮ-ਗੁਆਂਢੀ, ਉੱਤਰ-ਗਲੀ, ਦੱਖਣ-ਗੁਆਂਢੀ। **ਕਬਜ਼ੇ ਦੀ ਕਿਸਮ: ਭੌਤਿਕ** | Rs. 18,00,000/- / Rs. 1,80,000/- / Rs. 20,000/- |
| 9. | ਸੈਕਟਰ 32, ਲੁਧਿਆਣਾ - 87553 88135. ਕਰਜ਼ਦਾਰ:- ਮੈਸ. ਖੁਸ਼ ਗਾਰਮੈਂਟਸ ਪ੍ਰੋਪ ਸ਼. ਸਾਬੀ ਸਿੰਘ, ਹਰਵਿੰਦਰ ਨਗਰ, ਬਹਾਦਰ ਕੇ ਰੋਡ, ਲੁਧਿਆਣਾ ਪੰਜਾਬ। ਸ੍ਰੀ ਸੱਬੀ ਸਿੰਘ ਪੁੱਤਰ ਅਨੋਖ ਸਿੰਘ, ਮਕਾਨ ਨੰ: 755 (ਨਵਾਂ) ਪਲਾਟ ਨੰ: 60 ਮਿਨ ਗਲੀ ਨੰ: 1, ਸਰੂਪ ਨਗਰ, ਲੁਧਿਆਣਾ। ਜ਼ਾਮਨ:- ਸ਼੍ਰੀਮਤੀ ਕੁਲਜੀਤ ਕੌਰ ਪਤਨੀਸ੍ਰੀ ਸਾਬੀ ਸਿੰਘ, ਮਕਾਨ ਨੰ: 755 (ਨਵਾਂ) ਪਲਾਟ ਨੰ: 60 ਮਿਨ ਗਲੀ ਨੰ: 1, ਸਰੂਪ ਨਗਰ, ਲੁਧਿਆਣਾ, ਸ਼੍ਰੀ ਅਨੋਖ ਸਿੰਘ ਪੁੱਤਰ ਸ. ਆਤਮਾ ਸਿੰਘ, ਮਕਾਨ ਨੰ: 755 (ਨਵਾਂ) ਪਲਾਟ ਨੰ: 60 ਮਿਨ ਗਲੀ ਨੰ: 1, ਸਰੂਪ ਨਗਰ, ਲੁਧਿਆਣਾ। | Rs. 11,33,157.65 30.06.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਪਲਾਟ ਨੰਬਰ 60 'ਤੇ ਬਣਿਆ ਰਿਹਾਇਸ਼ੀ ਮਕਾਨ 150.00 ਵਰਗ ਗਜ਼ ਦੇ ਕੁੱਲ ਖੇਤਰ ਵਿੱਚੋਂ 26K-10M ਬੇਅਰਿੰਗ ਖਾਤ ਖਟੌਨੀ ਨੰਬਰ 458/483, 468/494, 578/594, 615/632 ਨਵੇਂ, 684/7070, 684/7070 ਵਿੱਚ ਨਵਾਂ ਨੰਬਰ 25//11/1/2(4-5), 20(8-0), 11/2(3-1), 12/1(2-2), 26//15/2/1(1-0), 26/2(7-5), 17/2(0-18) ਸਾਲ 1987-88, 1992-93, 1997-98, 2002-03 ਮਿਤੀ 18-05-2016 ਅਤੇ 20 ਲਈ ਜਮ੍ਹਾਂਬੰਦੀ ਅਨੁਸਾਰ -04-2017 ਅਤੇ ਸਾਲ 2007-08 ਲਈ ਜਮ੍ਹਾਂਬੰਦੀ ਲਈ ਮਿਤੀ 16-05-2017 ਅਤੇ 06-06-2017 ਪਿੰਡ ਜੱਸੀਆਂ ਵਿਖੇ ਸਥਿਤ ਵਿਕਰੀ ਡੀਡ ਨੰ: 37502 ਮਿਤੀ 14.02.1995 ਅਤੇ ਅਸਲ ਵਿਕਰੀ ਡੀਡ ਨੰ: 14.02.1995 ਅਤੇ ਅਸਲ ਵਿਕਰੀ ਡੀਡ ਨੰ: 0183595. ਸ੍ਰੀ ਅਨੋਖ ਸਿੰਘ ਪੁੱਤਰ ਆਤਮਾ ਸਿੰਘ ਦੇ ਨਾਮ ਤੇ ਅਤੇ ਹੱਦਬੰਦੀ: ਪੂਰਬ-ਸਟ੍ਰੀਟ, ਪੱਛਮ-ਨੇਬਰ, ਉੱਤਰ-ਜਰਨੈਲ ਸਿੰਘ, ਦੱਖਣ- ਪਲਾਟ ਨੰਬਰ 59।**ਕਬਜ਼ੇ ਦੀ ਕਿਸਮ: ਸੰਕੇਤਕ** | Rs. 38,30,000/- / Rs. 3,83,000/- / Rs. 40,000/- |
| 10. | ਸੈਕਟਰ 32, ਲੁਧਿਆਣਾ .- 87553 88135. **ਕਰਜ਼ਦਾਰ: 1.ਮੈਸ. ਆਰਕੇ ਇੰਡਸਟਰੀਜ਼ ਪ੍ਰੋਪਰਾਈਟਰ ਸ੍ਰੀ ਰਾਕੇਸ਼ ਕੁਮਾਰ**, ਰਜਿ. ਵਰਕ ਪਤਾ 3553, ਸਾਹਮਣੇ ਟਰਾਂਸਪੋਰਟ ਨਗਰ, ਹੀਰਾ ਨਗਰ, ਲੁਧਿਆਣਾ 141003. 2. ਰਾਕੇਸ਼ ਕੁਮਾਰ ਪੁੱਤਰ ਤਿਲਕ ਕੁਮਾਰ, ਮਕਾਨ ਨੰ. ਈ 10/830, ਸ਼ਨੀ ਦੇਵ ਮੰਦਰ ਨੇੜੇ, ਬਸੰਤ ਵਿਹਾਰ, ਨੂਰਵਾਲਾ, ਲੁਧਿਆਣਾ, ਪੰਜਾਬ 141008. (ii) ਬੀ-XXX -1137/21-ਏ//7, ਗਲੀ ਨੰ 3, ਅਬਾਦੀ ਬਾਬਾ ਨਾਮ ਦੇਵ ਕਾਲੋਨੀ, ਪਿੰਡ ਜਗੀਰਪੁਰ, ਟਿੱਬਾ ਰੋਡ ਪੁਲਿਸ ਚੌਂਕ ਨੇੜੇ, ਭਾਈ ਦਇਆ ਸਿੰਘ ਚੈਰੀਟੇਬਲ ਹਸਪਤਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, **ਜ਼ਾਮਨ:- ਸ਼੍ਰੀਮਤੀ ਨੇਹਾ ਸ਼ਰਮਾ ਸੁਪਤਨੀ ਰਾਕੇਸ਼ ਕੁਮਾਰ**, ਮਕਾਨ ਨੰ: ਈ-1ਡੀ 830 ਨੇੜੇ ਸ਼ਨੀ ਦੇਵ ਮੰਦਰ, ਬਸੰਤ ਵਿਹਾਰ ਨੂਰਵਾਲਾ, ਲੁਧਿਆਣਾ, ਪੰਜਾਬ 141008 | Rs. 25,93,177.86 31.03.2025 ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਬਣਦੇ ਖਰਚੇ। | ਸ੍ਰੀ ਰਾਕੇਸ਼ ਕੁਮਾਰ ਦੇ ਨਾਮ 'ਤੇ ਰਿਹਾਇਸ਼ੀ ਪਲਾਟ/ਮਕਾਨ: ਬੀ-XXXI-1137/21ਏ//7 ਗਲੀ ਨੰ 3, ਅਬਾਦੀ ਬਾਬਾ ਨਾਮ ਦੇਵ ਕਾਲੋਨੀ, ਪਿੰਡ ਜਗੀਰਪੁਰ ਟਿੱਬਾ ਰੋਡ/ਪੁਲਿਸ ਚੌਕੀ ਨੇੜੇ/ਭਾਈ ਦਇਆ ਸਿੰਘ ਚੈਰੀਟੇਬਲ ਹਸਪਤਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪਲਾਟ ਏਰੀਆ 104.00 ਵਰਗ ਗਜ਼ ਸਿੰਗਲ ਸਟੋਰੀ ਬਿਲਡਿੰਗ ਦਾ ਨਿਰਮਾਣ ਕੀਤਾ ਗਿਆ ਹੈ।ਹੱਦਬੰਦੀ ਪੂਰਬੀ-ਗੁਆਂਢੀ 37 ਫੁੱਟ, ਪੱਛਮੀ-ਗੁਆਂਢੀ 37 ਫੁੱਟ, ਉੱਤਰ-ਗੁਆਂਢੀ 25 ਫੁੱਟ, ਦੱਖਣੀ-ਗਲੀ 18 ਫੁੱਟ ਚੌੜੀ।**ਕਬਜ਼ੇ ਦੀ ਕਿਸਮ: ਸੰਕੇਤਕ** | Rs. 15,30,000/- / Rs. 1,53,000/- / Rs. 15,000/- |

ਨਿਯਮ ਅਤੇ ਸ਼ਰਤਾਂ: ਵਿਕਰੀ ਸਰਫ਼ਾਇਸੀ ਐਕਟ ਅਤੇ ਸੁਰੱਖਿਆ ਹਿੱਤ (ਇਨਫੋਰਸਮੈਂਟ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:
1. ਜਾਇਦਾਦਾਂ "ਜਿਵੇਂ ਹੈ ਜਿੱਥੇ ਹੈ ਦੇ ਆਧਾਰ" 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜੋ ਵੀ ਉਥੇ ਹੈ ਦੇ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
3. ਵਿਕਰੀ ਅਧਿਕਾਰਤ ਅਧਿਕਾਰੀ ਦੁਆਰਾ 30.07.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 5.00 ਵਜੇ ਦੇ ਵਿਚਕਾਰ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ। ਉਪਰੋਕਤ ਜਾਇਦਾਦਾਂ ਸੰਬੰਧੀ ਕਿਸੇ ਵੀ ਜਾਣਕਾਰੀ ਲਈ, ਕਿਰਪਾ ਕਰਕੇ ਸੰਬੰਧਤ ਸ਼ਾਖਾ ਪ੍ਰਬੰਧਕ ਨਾਲ ਸੰਪਰਕ ਕਰੋ। 4. ਵਿਕਰੀ ਦੀਆਂ ਵਿਸਤ੍ਰਿਤ ਮਿਆਦ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਵੇਖੋ।
5. ਬੈਂਕ, ਸੁਰੱਖਿਅਤ ਲੈਣਦਾਰ, ਬਿਨਾਂ ਕੋਈ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਸਵੀਕਾਰ/ਅਸਵੀਕਾਰ ਕਰਨ ਜਾਂ ਵਿਕਰੀ ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।
6. ਰਜਿਸਟ੍ਰੇਸ਼ਨ ਅਤੇ ਲੌਗਇਨ ਅਤੇ ਬੋਲੀ ਨਿਯਮਾਂ ਲਈ https://www.unionbankofindia.co.in/auction-property/view-auction-property.aspx ਅਤੇ **www.unionbankofindia.co.in** ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** 'ਤੇ ਜਾਓ।

**ਇਸ ਨੂੰ ਉਪਰੋਕਤ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ/ਗਿਰਵੀਕਾਰ/ਾਂ ਨੂੰ ਉਪਰੋਕਤ ਦੱਸੀ ਗਈ ਮਿਤੀ 'ਤੇ ਈ-ਨਿਲਾਮੀ ਵਿਕਰੀ ਰੱਖਣ ਬਾਰੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 8 (6), ਨਿਯਮ 9(1) ਦੇ ਤਹਿਤ 15 ਦਿਨਾਂ ਦੇ ਨੋਟਿਸ ਵਜੋਂ ਵੀ ਮੰਨਿਆ ਜਾ ਸਕਦਾ ਹੈ।**

ਸੰਪੱਤੀਆਂ ਦੇ ਵੇਰਵੇ ਲਈ ਇੱਛੁਕ ਬੋਲੀਕਾਰਾਂ ਨੂੰ ਕਿਊਆਰ ਕੋਡ ਸਕੈਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

ਮਿਤੀ : 13.07.2025, ਸਥਾਨ : ਲੁਧਿਆਣਾ — (ਅਧਿਕਾਰਤ ਅਧਿਕਾਰੀ), ਯੂਨੀਅਨ ਬੈਂਕ ਆਫ ਇੰਡੀਆ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਚੁਕੰਦਰ ਅਤੇ ਮੁਲਤਾਨੀ ਮਿੱਟੀ ਲਗਾਉਣ ਨਾਲ ਦੂਰ ਹੋਣਗੀਆਂ ਚਿਹਰੇ ਦੀਆਂ ਛਾਈਆਂ

ਅੱਜ ਕਲ ਬਹੁਤ ਸਾਰੀਆਂ ਔਰਤਾਂ ਚਿਹਰੇ 'ਤੇ ਦਾਗਾਂ ਦੇ ਨਾਲ-ਨਾਲ ਛਾਈਆਂ ਦੀ ਸਮੱਸਿਆ ਤੋਂ ਪ੍ਰੇਸ਼ਾਨ ਹਨ। ਇਹ ਛਾਈਆਂ ਚਿਹਰੇ 'ਤੇ ਕਾਲੇ ਧੱਬੇ ਦੀ ਤਰ੍ਹਾਂ ਦਿਖਾਈ ਦਿੰਦੀਆਂ ਹਨ। ਛਾਈਆਂ ਹੋਣ ਦਾ ਮੁੱਖ ਕਾਰਨ ਤੇਜ਼ ਧੁੱਪ 'ਚ ਜ਼ਿਆਦਾ ਦੇਰ ਰਹਿਣਾ, ਹਾਰਮੋਨ ਅਸੰਤੁਲਨ, ਚਮੜੀ ਦੀ ਚੰਗੀ ਤਰ੍ਹਾਂ ਦੇਖਭਾਲ ਨਾ ਹੋਣਾ ਹੋ ਸਕਦਾ ਹੈ। ਇਸ ਨਾਲ ਚਿਹਰੇ ਦੀ ਖ਼ੂਬਸੂਰਤੀ ਵਿਗੜਦੀ ਹੈ ਅਤੇ ਚਮੜੀ ਸਮੇਂ ਤੋਂ ਪਹਿਲਾਂ ਮੁਰਝਾਈ ਹੋਈ ਲੱਗਣੀ ਸ਼ੁਰੂ ਹੋ ਜਾਂਦੀ ਹੈ।ਇਸ ਸਮੱਸਿਆ ਤੋਂ ਬਚਣ ਲਈ ਰਸਾਇਣ ਦੀ ਬਜਾਏ ਕੁਦਰਤੀ ਚੀਜ਼ਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਅਜਿਹੀ ਸਥਿਤੀ ਵਿਚ ਜੇ ਤੁਸੀਂ ਵੀ ਇਸ ਸਮੱਸਿਆ ਤੋਂ ਪ੍ਰੇਸ਼ਾਨ ਹੋ, ਤਾਂ ਆਉ ਅਸੀਂ ਤੁਹਾਨੂੰ ਅੱਜ ਇਕ ਅਜਿਹੇ ਫ਼ੇਸਪੈਕ ਬਾਰੇ ਦਸਦੇ ਹਾਂ ਜਿਸ ਨੂੰ ਚਿਹਰੇ 'ਤੇ ਲਗਾਉਣ ਨਾਲ ਛਾਈਆਂ ਇਕ ਮਹੀਨੇ ਅੰਦਰ ਹੌਲੀ-ਹੌਲੀ ਘਟਣੀਆਂ ਸ਼ੁਰੂ ਹੋ ਜਾਣਗੀਆਂ। ਇਸ ਨਾਲ ਹੀ ਤੁਹਾਡਾ ਚਿਹਰਾ ਸਾਫ਼, ਨਿਖਰਿਆ ਅਤੇ ਚਮਕਦਾਰ ਹੋ ਜਾਵੇਗਾ।



**ਫ਼ੇਸਪੈਕ ਲਗਾਉਣ ਦਾ ਤਰੀਕਾ :** ਸੱਭ ਤੋਂ ਪਹਿਲਾਂ, ਇਕ ਕੌਲੀ ਵਿਚ ਸਾਰੀਆਂ ਸਮੱਗਰੀਆਂ ਨੂੰ ਚੰਗੀ ਤਰ੍ਹਾਂ ਮਿਲਾਉ। ਤਿਆਰ ਪੇਸਟ ਨੂੰ ਹਲਕੇ ਹੱਥਾਂ ਨਾਲ ਪ੍ਰਭਾਵਤ ਥਾਂ 'ਤੇ ਲਗਾਉ। ਜੇ ਤੁਸੀਂ ਚਾਹੋ ਤਾਂ ਇਸ ਨੂੰ ਪੂਰੇ ਚਿਹਰੇ 'ਤੇ ਵੀ ਲਗਾ ਸਕਦੇ ਹੋ। ਇਸ ਨੂੰ 20 ਮਿੰਟਾਂ ਤਕ ਜਾਂ ਉਦੋਂ ਤਕ ਲਗਾਉ ਜਦੋਂ ਤਕ ਸੁਕ ਨਾ ਜਾਏ। ਬਾਅਦ ਵਿਚ ਆਪਣੇ ਮੂੰਹ ਨੂੰ ਤਾਜ਼ੇ ਪਾਣੀ ਨਾਲ ਧੋ ਲਉ। ਚੰਗੇ ਨਤੀਜੇ ਪ੍ਰਾਪਤ ਕਰਨ ਲਈ ਇਸ ਫ਼ੇਸਪੈਕ ਨੂੰ ਹਫ਼ਤੇ ਵਿਚ 2 ਵਾਰ ਲਗਾਉ।

**ਫ਼ੇਸਪੈਕ ਲਗਾਉਣ ਦੇ ਫ਼ਾਇਦੇ:** ਮੁਲਤਾਨੀ ਮਿੱਟੀ ਚਮੜੀ ਦੇ ਮਰੇ ਸੈੱਲਾਂ ਨੂੰ ਡੂੰਘਾਈ ਤੋਂ ਸਾਫ਼ ਕਰਨ ਅਤੇ ਨਵੀਂ ਚਮੜੀ ਬਣਾਉਣ ਵਿਚ ਸਹਾਇਤਾ ਕਰਦੀ ਹੈ। ਚਿਹਰੇ 'ਤੇ ਪਏ ਦਾਗ, ਧੱਬੇ ਅਤੇ ਝੁਰੜੀਆਂ ਨੂੰ ਦੂਰ ਕਰ ਕੇ ਇਹ ਪੈਕ ਚਮੜੀ ਨੂੰ ਪੂਰੀ ਤਰ੍ਹਾਂ ਚਮਕਦਾਰ ਬਣਾ ਦੇਵੇਗਾ। ਵਿਟਾਮਿਨ ਸੀ ਨਾਲ ਭਰਪੂਰ ਚੁਕੰਦਰ ਚਿਹਰੇ ਦੇ ਰੰਗ ਨੂੰ ਵੀ ਸਾਫ਼ ਕਰੇਗਾ ਅਤੇ ਚਮੜੀ ਦਾ ਰੰਗ ਨਿਖਰੇਗਾ ਹੈ। ਦਹੀਂ ਅਤੇ ਬਦਾਮ ਦਾ ਤੇਲ ਸੁਕੀ, ਬੇਜਾਨ ਚਮੜੀ ਨੂੰ ਡੂੰਘਾ ਪੋਸ਼ਣ ਦੇ ਕੇ ਲੰਬੇ ਸਮੇਂ ਲਈ ਨਮੀ ਬਣਾਈ ਰੱਖਣ ਵਿਚ ਸਹਾਇਤਾ ਕਰੇਗਾ।

# ਵੰਦੇ ਭਾਰਤ ਨੇ ਜਪਾਨੀਆਂ ਦਾ ਜਿੱਤ ਲਿਆ ਦਿਲ

## ਓਸਾਕਾ ਐਕਸਪੋ 'ਚ ਭਾਰਤੀ ਰੇਲਵੇ ਮਚਾ ਰਿਹੈ ਧੂਮ

ਟੋਕੀਓ, 12 ਜੁਲਾਈ (ਅੰਮ੍ਰਿਤਪਾਲ ਸਿੰਘ) : ਜਪਾਨ ਦੇ ਓਸਾਕਾ ਵਿੱਚ ਆਯੋਜਿਤ ਹੋ ਰਹੇ ਵਿਸ਼ਵ ਐਕਸਪੋ-2025 ਵਿੱਚ ਭਾਰਤੀ ਰੇਲਵੇ ਧੂਮ ਮਚਾ ਰਿਹਾ ਹੈ। ਨਾ ਸਿਰਫ਼ ਭਾਰਤੀ ਪ੍ਰਵਾਸੀ ਬਲਕਿ ਜਪਾਨੀ ਨਾਗਰਿਕ ਵੀ ਭਾਰਤੀ ਮੰਡਪ ਵਿੱਚ ਆ ਰਹੇ ਹਨ। ਐਕਸਪੋ ਵਿੱਚ ਪਹੁੰਚਣ ਵਾਲੇ ਲੋਕਾਂ ਵਿੱਚ ਵੰਦੇ ਭਾਰਤ ਐਕਸਪ੍ਰੈਸ ਅਤੇ ਚੇਨਾਬ ਪੁਲ ਬਾਰੇ ਬਹੁਤ ਉਤਸੁਕਤਾ ਹੈ। ਲੋਕ ਉਨ੍ਹਾਂ ਬਾਰੇ ਜਾਣਨ ਲਈ ਉਤਸੁਕ ਹਨ। ਬਹੁਤ ਸਾਰੇ ਜਪਾਨੀ ਸੈਲਾਨੀ ਇਹ ਜਾਣ ਕੇ ਹੈਰਾਨ ਹਨ ਕਿ ਇੰਨੀ ਤੇਜ਼ ਰਫ਼ਤਾਰ ਅਤੇ ਅਤਿ-ਆਧੁਨਿਕ ਸਹੂਲਤਾਂ ਵਾਲੀਆਂ ਰੇਲਗੱਡੀਆਂ ਹੁਣ ਭਾਰਤ ਵਿੱਚ ਆਮ ਹੋ ਗਈਆਂ ਹਨ। ਵੰਦੇ ਭਾਰਤ ਦੇ ਏਅਰੋਡਾਇਨਾਮਿਕ ਡਿਜ਼ਾਈਨ, ਇਨਬਿਲਟ ਸੁਰੱਖਿਆ ਵਿਸ਼ੇਸ਼ਤਾਵਾਂ ਅਤੇ ਅਰਧ-ਉੱਚ-ਗਤੀ ਸਮਰੱਥਾਵਾਂ ਨੇ ਤਕਨਾਲੋਜੀ ਪ੍ਰੇਮੀਆਂ ਨੂੰ ਆਕਰਸ਼ਿਤ ਕੀਤਾ ਹੈ।



ਇਸ ਦੇ ਨਾਲ ਹੀ, ਚਿਨਾਬ ਪੁਲ - ਜੋ ਕਿ ਦੁਨੀਆ ਦਾ ਸਭ ਤੋਂ ਉੱਚਾ ਰੇਲਵੇ ਆਰਚ ਪੁਲ ਹੈ। ਭਾਰਤੀ ਰੇਲਵੇ ਇੰਜੀਨੀਅਰਿੰਗ ਸਮਰੱਥਾ ਦੇ ਪ੍ਰਤੀਕ ਵਜੋਂ ਉਭਰਿਆ ਹੈ। ਹਿਮਾਲੀਅਨ ਵਾਦੀਆਂ ਵਿੱਚ ਬਣਿਆ ਇਹ ਪੁਲ ਨਾ ਸਿਰਫ਼ ਤਕਨੀਕੀ ਚੁਣੌਤੀ ਨੂੰ ਹਰਾਉਂਦਾ ਹੈ, ਸਗੋਂ ਭਾਰਤ ਦੇ ਉੱਤਰੀ ਖੇਤਰ ਵਿੱਚ ਸੰਪਰਕ ਅਤੇ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਮਹੱਤਵਪੂਰਨ ਹੈ। ਜਪਾਨੀ ਦਰਸ਼ਕ, ਖਾਸ ਕਰਕੇ ਇੰਜੀਨੀਅਰਿੰਗ ਅਤੇ ਆਰਕੀਟੈਕਚਰ ਦੇ ਵਿਦਿਆਰਥੀ, ਚਿਨਾਬ ਪੁਲ ਦੇ 34 ਪੇਸ਼ਕਾਰੀ ਅਤੇ ਇੰਟਰਐਕਟਿਵ ਮਾਡਲ ਨੂੰ ਧਿਆਨ ਨਾਲ ਦੇਖ ਰਹੇ ਹਨ ਅਤੇ ਇਸਦੇ ਨਿਰਮਾਣ ਨਾਲ ਸਬੰਧਤ ਵੇਰਵਿਆਂ ਨੂੰ ਜਾਣਨ ਵਿੱਚ ਡੂੰਘੀ ਦਿਲਚਸਪੀ ਲੈ ਰਹੇ ਹਨ।

ਵੰਦੇ ਭਾਰਤ ਟ੍ਰੇਨ ਅਤੇ ਚੇਨਾਬ ਪੁਲ ਆਧੁਨਿਕ ਭਾਰਤੀ ਰੇਲਵੇ ਦੇ ਚਮਕਦੇ ਸਿਤਾਰੇ ਹਨ। ਇਹ ਬਦਲਦੇ ਭਾਰਤ ਦੀ ਪਛਾਣ ਹੈ। ਪਿਛਲੇ ਦਹਾਕੇ ਵਿੱਚ, ਵੰਦੇ ਭਾਰਤ ਨੇ ਅਤਿ-ਆਧੁਨਿਕ ਸਹੂਲਤਾਂ ਨਾਲ ਰੇਲ ਯਾਤਰਾ ਨੂੰ ਇੱਕ ਨਵੀਂ ਪਛਾਣ ਦਿੱਤੀ ਹੈ। ਯਾਤਰੀਆਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਹਾਈ-ਸਪੀਡ ਯਾਤਰਾ ਦੀ ਸਹੂਲਤ ਮਿਲ ਰਹੀ ਹੈ। ਭਾਰਤੀ ਰੇਲਵੇ ਨੇ ਦੇਸ਼ ਦੇ ਹਰ ਕੋਨੇ ਵਿੱਚ ਵੰਦੇ ਭਾਰਤ ਚਲਾ ਕੇ ਕਨੈਕਟੀਵਿਟੀ ਦਾ ਇੱਕ ਨਵਾਂ ਅਧਿਆਇ ਲਿਖਿਆ ਹੈ।

ਦੇਸ਼ ਭਰ ਵਿੱਚ ਲਗਭਗ 140 ਵੰਦੇ ਭਾਰਤ ਐਕਸਪ੍ਰੈਸ ਟ੍ਰੇਨਾਂ ਚਲਾਈਆਂ ਜਾ ਰਹੀਆਂ ਹਨ। ਇਸਨੇ ਬਜ਼ੁਰਗ ਨਾਗਰਿਕਾਂ ਦੇ ਨਾਲ-ਨਾਲ ਨੌਜਵਾਨਾਂ ਵਿੱਚ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ।

ਇਸ ਟ੍ਰੇਨ ਵਿੱਚ ਏਅਰ-ਕੰਡੀਸ਼ਨਡ ਕੋਚ, ਆਟੋਮੈਟਿਕ ਦਰਵਾਜ਼ੇ, ਬਾਇਓ-ਟਾਇਲਟ, ਜੀ.ਪੀ.ਐਸ. ਸੂਚਨਾ ਪ੍ਰਣਾਲੀ, ਆਨਬੋਰਡ ਕੇਟਰਿੰਗ, ਵਾਈ-ਫਾਈ ਅਤੇ ਸੀਸੀਟੀਵੀ ਸੁਰੱਖਿਆ ਵਰਗੀਆਂ ਸਹੂਲਤਾਂ ਹਨ। ਇਹ ਸਹੂਲਤਾਂ ਯਾਤਰੀਆਂ ਨੂੰ ਇੱਕ ਪ੍ਰੀਮੀਅਮ ਅਤੇ ਆਰਾਮਦਾਇਕ ਅਨੁਭਵ ਪ੍ਰਦਾਨ ਕਰਦੀਆਂ ਹਨ, ਜੋ ਕਿ ਪਹਿਲਾਂ ਆਮ ਟ੍ਰੇਨਾਂ ਵਿੱਚ ਸੰਭਵ ਨਹੀਂ ਸੀ। ਵੰਦੇ ਭਾਰਤ ਟ੍ਰੇਨਾਂ ਵਿਸ਼ੇਸ਼ ਤੌਰ 'ਤੇ ਸੀਨੀਅਰ ਨਾਗਰਿਕਾਂ, ਵਿਦਿਆਰਥੀਆਂ ਅਤੇ ਔਰਤਾਂ ਲਈ ਲਾਭਦਾਇਕ ਹਨ।

ਵਿਸ਼ਵ ਐਕਸਪੋ 2025, ਜੋ ਕਿ 13 ਅਪ੍ਰੈਲ ਤੋਂ 13 ਅਕਤੂਬਰ, 2025 ਤੱਕ ਚੱਲੇਗਾ, ਭਾਰਤ ਲਈ ਆਪਣੀਆਂ ਪ੍ਰਾਪਤੀਆਂ ਅਤੇ ਨਵੀਨਤਾਵਾਂ ਨੂੰ ਇੱਕ ਵਿਸ਼ਵਵਿਆਪੀ ਪਲੇਟਫਾਰਮ 'ਤੇ ਸਾਂਝਾ ਕਰਨ ਦਾ ਇੱਕ ਸੁਨਹਿਰੀ ਮੌਕਾ ਹੈ। ਜਪਾਨ ਵਿੱਚ ਇੰਡੀਆ ਪੈਵੇਲੀਅਨ ਦੀ ਪ੍ਰਸਿੱਧੀ ਨਾ ਸਿਰਫ ਭਾਰਤ ਦੀ ਵਧਦੀ ਵਿਸ਼ਵਵਿਆਪੀ ਭਰੋਸੇਯੋਗਤਾ ਨੂੰ ਦਰਸਾਉਂਦੀ ਹੈ ਬਲਕਿ ਇਹ ਵੀ ਦਰਸਾਉਂਦੀ ਹੈ ਕਿ ਦੁਨੀਆ ਭਾਰਤ ਦੀ ਤਰੱਕੀ ਨੂੰ ਡੂੰਘੀ ਦਿਲਚਸਪੀ ਅਤੇ ਸਤਿਕਾਰ ਨਾਲ ਦੇਖ ਰਹੀ ਹੈ।

# ਭਾਈ ਘਨੱਈਆ ਜੀ ਦਾ 'ਮਾਨਵ ਸੇਵਾ ਸੰਕਲਪ ਦਿਵਸ' ਮਨਾਉਣ ਸੰਬੰਧੀ ਸਪੀਕਰ ਸੰਧਵਾਂ ਨੂੰ ਮੰਗ ਪੱਤਰ

ਚੰਡੀਗੜ੍ਹ, 12 ਜੁਲਾਈ (ਅੰਮ੍ਰਿਤਪਾਲ ਸਿੰਘ) : ਪੰਜਾਬ ਦੀ ਭਾਈ ਘਨੱਈਆ ਜੀ ਸੇਵਾ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਸਰਦਾਰ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਮਿਲ ਕੇ ਮੰਗ ਕੀਤੀ ਗਈ ਕਿ ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਜੋ ਕਿ ਹਰ ਸਾਲ 20 ਸਤੰਬਰ ਨੂੰ ਮਨਾਇਆ ਜਾਂਦਾ ਹੈ ਦੇ ਮੌਕੇ ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਸਮਾਗਮ ਕਰਵਾਇਆ ਜਾਵੇ ਅਤੇ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ ਲਈ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਗੁਰੂ ਸਾਹਿਬਾਨ ਤੋਂ ਅਸ਼ੀਰਵਾਦ ਲੈਣ ਉਪਰੰਤ ਭਾਈ ਘਨੱਈਆ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੈਦਾਨੇ ਵਿੱਚ ਜ਼ਖ਼ਮੀ ਹੋਏ ਯੋਧਿਆਂ ਦੀ ਬਿਨਾਂ ਕਿਸੇ ਭੇਦ ਭਾਵ ਦੇ ਕੀਤੀ ਸੇਵਾ ਸਾਨੂੰ ਸਰਬ ਸਾਂਝੀ ਵਾਲਤਾ, ਨਿਰਪੱਖਤਾ, ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਅਤੇ ਵਿਸ਼ਵ ਸ਼ਾਂਤੀ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ ।ਭਾਈ ਘਨੱਈਆ ਮਿਸ਼ਨ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਗੁਰਜੀਤ ਸਿੰਘ ਖਾਲਸਾ, ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ, ਰਾੜਾ ਸਾਹਿਬ , ਭਾਈ ਘਨੱਈਆ ਜੀ ਕੈਂਸਰ ਰੋਕੋ ਸੰਸਥਾ ਫਰੀਦਕੋਟ ਦੇ ਪ੍ਰਧਾਨ ਹਰਵਿੰਦਰ ਸਿੰਘ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸਰਦਾਰ ਬਹਾਦਰ ਸਿੰਘ ਖਾਲਸਾ ਨੇ ਸੰਧਵਾਂ ਸਾਹਿਬ ਨੂੰ ਦੱਸਿਆ ਕਿ ਭਾਈ ਘਨੱਈਆ ਜੀ ਵੱਲੋਂ ਕੀਤੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ ਲਈ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਯਤਨਾਂ ਸਦਕਾ ਅੰਤਰਰਾਸ਼ਟਰੀ ਰੈਡ ਕਰਾਸ ਸੁਸਾਇਟੀ ਜਨੇਵਾ ਅਤੇ ਭਾਰਤੀ ਰੈਡ ਕਰਾਸ ਸੁਸਾਇਟੀ ਵੱਲੋਂ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਹੈ ਅਤੇ ਕਿਹਾ ਕਿ ਰੈਡ ਕਰਾਸ ਦੇ ਜਨਮ ਤੋਂ ਤਕਰੀਬਨ 200 ਸਾਲ ਪਹਿਲਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅਸ਼ੀਰਵਾਦ ਲੈਣ ਉਪਰੰਤ ਭਾਈ ਘਨੱਈਆ ਜੀ ਵੱਲੋਂ ਮੈਦਾਨੇ ਜੰਗ ਵਿੱਚ ਜ਼ਖ਼ਮੀ ਹੋਏ ਯੋਧਿਆਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਜਲ ਛਕਾਉਣ ਅਤੇ ਉਨ੍ਹਾਂ ਦੇ ਜ਼ਖਮਾਂ ਤੇ ਮੱਲ੍ਹਮ ਪੱਟੀ ਕਰਨ ਦੀ ਸੇਵਾ ਅਤੇ ਉਨ੍ਹਾਂ ਨੂੰ ਬਚਾਉਣ ਦੀ ਮਹਾਨ ਸੇਵਾ ਕੀਤੀ। ਇਸ ਸੇਵਾ ਨੂੰ ਮਾਣ ਦਿੰਦੇ ਹੋਏ ਭਾਰਤੀ ਰੈਡ ਕਰਾਸ ਸੁਸਾਇਟੀ ਵੱਲੋਂ ਆਪਣੀ ਪ੍ਰਮਾਣਿਤ ਵੈੱਬਸਾਈਟ ਤੇ ਪਬਲਿਸ਼ ਕਰ ਦਿੱਤਾ ਹੈ। ਨੌਜਵਾਨ ਵਰਗ ਨੂੰ ਭਾਈ ਘਨੱਈਆ ਜੀ ਸੇਵਾਵਾਂ ਸਬੰਧੀ ਜਾਣਕਾਰੀ ਦੇਣ ਲਈ ਯੂਨੀਵਰਸਿਟੀਆਂ, ਕਾਲਜਾਂ , ਸਕੂਲਾਂ ਅਤੇ ਸਰਕਾਰੀ ਅਤੇ ਹੋਰ ਅਦਾਰਿਆਂ ਵਿੱਚ ਮਨਾਇਆ ਜਾਵੇ ਹਸਪਤਾਲਾਂ ਦੇ ਐਮਰਜੈਂਸੀ ਵਾਰਡਾਂ ਅਤੇ ਜੰਗੀ ਯੋਧਿਆਂ ਦੀਆਂ ਕੁਰਬਾਨੀਆਂ ਸਬੰਧੀ ਸਥਾਪਤ ਕੀਤੇ ਅਜਾਇਬ ਘਰਾਂ ਅਤੇ ਯਾਦਗਾਰਾਂ , ਰੈਡ ਕਰਾਸ ਭਵਨਾਂ ਵਿੱਚ ਭਾਈ ਘਨੱਈਆ ਜੀ ਦੀਆਂ ਤਸਵੀਰਾਂ ਲਗਾਈਆਂ ਜਾਣ ।ਭਾਈ ਘਨੱਈਆ ਜੀ ਜਿਸ ਅਸਥਾਨ ਤੋਂ ਆਪਣੀ ਮਸ਼ਕ ਨਾਲ ਪਾਣੀ ਭਰ ਕੇ ਲਿਆਂਦੇ ਸਨ ਉਹ ਅਸਥਾਨ ਗੁਦੁਆਰਾ ਬਾਉਲੀਆਂ ਭਾਈ ਘਨੱਈਆ ਜੀ ਨੂੰ ਵੀ ਵਿਕਸਤ ਕਰਨ ਲਈ ਉਪਰਾਲੇ ਕੀਤੇ ਜਾਣ।ਪ੍ਰੋ ਬਹਾਦਰ ਸਿੰਘ ਸੁਨੇਤ ਪ੍ਰਧਾਨ ਭਾਈ ਘਨੱਈਆ ਜੀ ਮਿਸ਼ਨ ਹੁਸ਼ਿਆਰਪੁਰ, ਕੋਆਰਡੀਨੇਟਰ ਭਾਈ ਘਨੱਈਆ ਜੀ ਚੈਰਿਟੀ ਅਤੇ ਪੀਸ ਇੰਟਰਨੈਸ਼ਨਲ ਫਾਉਂਡੇਸ਼ਨ।ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ ਰਾੜਾ ਸਾਹਿਬ ਦੇ ਪ੍ਰਧਾਨ ਗੁਰਜੀਤ ਸਿੰਘ ਖਾਲਸਾ, ਭਾਈ ਘਨ੍ਹਈਆ ਜੀ ਕੇਅਰ ਅਤੇ ਵੈਲਫੇਅਰ ਸੁਸਾਇਟੀ ਮੁਹਾਲੀ ਦੇ ਪ੍ਰਧਾਨ ਸ੍ਰੀ ਕੇ. ਕੇ. ਸੈਣੀ ਵੱਲੋਂ ਜਾਣਕਾਰੀ ਸਾਂਝੀ ਕੀਤੀ ਗਈ।



# ਪੰਜਾਬ ਨੈਸ਼ਨਲ ਬੈਂਕ ਵੱਲੋਂ ਖੇਤੀਬਾੜੀ ਪਹੁੰਚ ਪ੍ਰੋਗਰਾਮ

ਅੰਮ੍ਰਿਤਸਰ, 12 ਜੁਲਾਈ (ਚ.ਨ.ਸ.) : ਪੰਜਾਬ ਨੈਸ਼ਨਲ ਬੈਂਕ, ਡਿਵੀਜ਼ਨਲ ਦਫ਼ਤਰ ਅੰਮ੍ਰਿਤਸਰ ਨੇ 11 ਜੁਲਾਈ 2025 ਨੂੰ ਚਮਿਆਰੀ, ਚੱਬਲ, ਰਈਆ, ਘਰਿਆਲਾ ਅਤੇ ਨੌਸ਼ਹਿਰਾ ਪਨੂਆ ਪਿੰਡਾਂ ਵਿੱਚ ਖੇਤੀਬਾੜੀ ਪਹੁੰਚ ਪ੍ਰੋਗਰਾਮ 2025 ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਸ਼੍ਰੀਮਤੀ ਅੰਜੂ ਮਿੱਤਲ (ਜਨਰਲ ਮੈਨੇਜਰ) ਅਤੇ ਸ਼੍ਰੀ ਰਾਜੇਸ਼ ਕੁਮਾਰ (ਡਿਪਟੀ ਜਨਰਲ ਮੈਨੇਜਰ) ਦੀ ਪ੍ਰੇਰਨਾਦਾਇਕ ਅਗਵਾਈ ਹੇਠ ਸਫਲਤਾਪੂਰਵਕ ਸੰਚਾਲਿਤ ਕੀਤਾ ਗਿਆ।




ਪ੍ਰੋਗਰਾਮ ਦੌਰਾਨ, ਸ਼੍ਰੀਮਤੀ ਮਿੱਤਲ ਨੇ ਕਿਸਾਨਾਂ, ਸਵੈ-ਸਹਾਇਤਾ ਸਮੂਹਾਂ ਅਤੇ ਪੇਂਡੂ ਪ੍ਰਤੀਨਿਧੀਆਂ ਨੂੰ ਸੰਬੋਧਨ ਕੀਤਾ ਅਤੇ ਸਰਕਾਰ ਦੀਆਂ ਵੱਖ-ਵੱਖ ਖੇਤੀਬਾੜੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ।

ਉਸਨੇ KCC ਅਤੇ KGS ਵਰਗੀਆਂ ਰਵਾਇਤੀ ਯੋਜਨਾਵਾਂ ਦੇ ਨਾਲ-ਨਾਲ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (196) ਵਰਗੀਆਂ ਆਧੁਨਿਕ ਯੋਜਨਾਵਾਂ ਦੀਆਂ ਵਿਸ਼ੇਸ਼ਤਾਵਾਂ ਸਾਂਝੀਆਂ ਕੀਤੀਆਂ।ਉਸਨੇ ਦੱਸਿਆ ਕਿ 196 ਯੋਜਨਾ ਦੇ ਤਹਿਤ, ਕਿਸਾਨਾਂ ਨੂੰ ਵੱਧ ਤੋਂ ਵੱਧ 7 ਸਾਲਾਂ ਲਈ 3% ਵਿਆਜ ਸਬਸਿਡੀ ਦੇ ਨਾਲ 2 ਕਰੋੜ ਰੁਪਏ ਤੱਕ ਦੇ ਕਰਜ਼ੇ ਪ੍ਰਦਾਨ ਕੀਤੇ ਜਾਂਦੇ ਹਨ। CGTMSE ਯੋਜਨਾ ਦੇ ਤਹਿਤ ਇਸ ਤੇ ਕਰਜ਼ਾ ਗਰੰਟੀ ਦੀ ਸਹੂਲਤ ਵੀ ਉਪਲਬਧ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰਾਲੇ ਦੁਆਰਾ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਫਾਰਮਲਾਈਜ਼ੇਸ਼ਨ ਆਫ਼ ਮਾਈਕ੍ਰੋ ਫੂਡ ਪ੍ਰੋਸੈਸਿੰਗ ਐਂਟਰਪ੍ਰਾਈਜ਼ਿਜ਼ ਸਕੀਮ ਬਾਰੇ ਜਾਣਕਾਰੀ ਦਿੱਤੀ। ਇਹ ਸਕੀਮ ਸਮਰੱਥਾ ਨਿਰਮਾਣ, ਹੁਨਰ ਵਿਕਾਸ, ਸਿਖਲਾਈ ਸਹਾਇਤਾ ਅਤੇ ਸੂਖਮ ਉੱਦਮਾਂ ਲਈ ਮਾਰਕੀਟ ਪਹੁੰਚ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ। ਇਹ ਸਮਾਗਮ ਨਾ ਸਿਰਫ਼ ਕਿਸਾਨਾਂ ਨੂੰ ਸਸ਼ਕਤ ਬਣਾਉਣ ਵੱਲ ਇੱਕ ਮਹੱਤਵਪੂਰਨ ਯਤਨ ਸੀ, ਸਗੋਂ ਬੈਂਕ ਦੀ ਪੇਂਡੂ ਭਾਗੀਦਾਰੀ ਨੂੰ ਮਜ਼ਬੂਤ ਕਰਨ ਦਾ ਇੱਕ ਸਾਧਨ ਵੀ ਬਣ ਗਿਆ।




# ਰੋਜ਼ਾਨਾ ਚੜ੍ਹਦੀਕਲਾ ਅਦਾਰਾ ਵੱਲੋਂ ਸਿੱਖਿਆ ਦਾ ਵਿਸ਼ੇਸ਼ ਸਪਲੀਮੈਂਟ

# ਉੱਤਰੀ ਭਾਰਤ ਦੀ ਪ੍ਰਮੁੱਖ ਪੋਸਟ ਗ੍ਰੈਜੂਏਟ ਸਹਿ ਸਿੱਖਿਆ ਸੰਸਥਾ ਹੈ ਮੁਲਤਾਨੀ ਮੱਲ ਮੋਦੀ ਕਾਲਜ

ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਉੱਤਰੀ ਭਾਰਤ ਦੀ ਪ੍ਰਮੁੱਖ ਪੋਸਟ-ਗ੍ਰੈਜੂਏਟ ਸਹਿ-ਸਿੱਖਿਆ ਸੰਸਥਾ ਹੈ। ਇਸ ਸੰਸਥਾ ਦੀ ਸਥਾਪਨਾ ਪਦਮ ਭੂਸ਼ਨ ਰਾਏ ਬਹਾਦਰ ਸੇਠ ਗੁੱਜਰ ਮੱਲ ਮੋਦੀ ਨੇ ਆਪਣੇ ਸਵਰਗਵਾਸੀ ਪਿਤਾ ਰਾਏ ਬਹਾਦਰ ਸੇਠ ਮੁਲਤਾਨੀ ਮੱਲ ਮੋਦੀ ਦੀ ਨਿੱਘੀ ਯਾਦ ਵਿਚ 21 ਸਤੰਬਰ 1966 ਨੂੰ ਕੀਤੀ। ਇਸ ਸੰਸਥਾ ਦਾ ਪ੍ਰਬੰਧ ਮੋਦੀ ਐਜੂਕੇਸ਼ਨ ਸੁਸਾਇਟੀ ਦੁਆਰਾ ਚਲਾਇਆ ਜਾਂਦਾ ਹੈ, ਜਿਸ ਦੇ ਚੇਅਰਮੈਨ ਬਹੁਤ ਹੀ ਸੂਝਵਾਨ ਅਤੇ ਦੂਰਅੰਦੇਸ਼ੀ ਉਦਯੋਗਪਤੀ ਸੇਠ ਸੁਦਰਸ਼ਨ ਕੁਮਾਰ ਮੋਦੀ ਹਨ। ਕਾਲਜ ਵਿੱਚ ਆਰਟਸ, ਸਾਇੰਸ, ਕਾਮਰਸ, ਕੰਪਿਊਟਰ ਸਾਇੰਸ ਅਤੇ ਮੈਨੇਜਮੈਂਟ ਖੇਤਰਾਂ ਵਿੱਚ 12 ਅੰਡਰ-ਗ੍ਰੈਜੂਏਟ ਕੋਰਸਾਂ ਦੀ ਪੜ੍ਹਾਈ ਤੋਂ ਇਲਾਵਾ 11 ਵਿਸ਼ਿਆਂ ਵਿਚ ਪੋਸਟ-ਗ੍ਰੈਜੂਏਟ, 2 ਵਿਸ਼ੇ ਵਿੱਚ ਪੋਸਟ-ਗ੍ਰੈਜੂਏਟ ਡਿਪਲੋਮਾ ਚਲ ਰਹੇ ਹਨ ਜਿਨ੍ਹਾਂ ਵਿਚ 4000 ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ। ਸਪੋਕਨ ਇੰਗਲਿਸ਼, ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਤੇ ਕੰਪਿਊਟਰਾਈਜ਼ਡ ਅਕਾਊਂਟਿੰਗ ਵਿੱਚ ਯੂ.ਜੀ.ਸੀ. ਸਪੌਂਸਰਡ ਐਡ ਆਨ ਕੋਰਸ ਅਤੇ 11 ਸਕਿੱਲ ਬੇਸਡ ਸਰਟੀਫ਼ਿਕੇਟ ਕੋਰਸ ਵੀ ਚੱਲ ਰਹੇ ਹਨ। ਇਹਨਾਂ ਕੋਰਸਾਂ ਦੇ ਨਾਲ-ਨਾਲ ਕਾਲਜ ਤੋਂ ਪਾਸ ਹੋ ਚੁੱਕੇ ਵਿਦਿਆਰਥੀਆਂ ਦੀ ਰੁਜ਼ਗਾਰ ਪ੍ਰਾਪਤੀ ਦੀ ਸਮਰੱਥਾ ਨੂੰ ਵਧਾਉਣ ਲਈ ਖ਼ਾਸ ਤੌਰ 'ਤੇ ਕਾਲਜ ਵੱਲੋਂ ਤਿਆਰ ਕੀਤੇ ਗਏ ਫਿਨੀਸ਼ਿੰਗ ਸਕੂਲ ਪ੍ਰੋਗਰਾਮ ਵਰਗੇ ਕੋਰਸ ਵੀ ਚਲਾਏ ਜਾ ਰਹੇ ਹਨ। ਕਾਲਜ ਵਿੱਚ ਐਡਵਾਂਸ ਲਰਨਿੰਗ ਅਤੇ ਰਿਸਰਚ ਦੀਆਂ ਸਹੂਲਤਾਂ ਵੀ ਉਪਲਬਧ ਹਨ।



ਕਾਲਜ ਦੇ ਅਧਿਆਪਕਾਂ ਦੀ ਅਗਵਾਈ ਵਿਚ 29 ਖੋਜਾਰਥੀ ਪੀ-ਐਚ.ਡੀ. ਦੀ ਡਿਗਰੀ ਲਈ ਖੋਜ ਕਾਰਜ ਕਰ ਰਹੇ ਹਨ।ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਵਲੋਂ ਘੋਸ਼ਿਤ ਮੈਰਿਟ ਲਿਸਟ ਵਿੱਚ 2 ਗੋਲਡ ਮੈਡਲ, ਪਹਿਲੇ 2 ਸਥਾਨ ਅਤੇ 52 ਮੈਰਿਟ ਸਥਾਨ ਹਾਸਲ ਕੀਤੇ ਹਨ। ਕਾਲਜ ਨੇ ਐਨ.ਐਸ.ਐਸ., ਐਨ.ਸੀ.ਸੀ. ਅਤੇ ਭਾਰਤ ਸਕਾਉਟਸ ਐਂਡ ਗਾਈਡਜ਼ ਦੀਆਂ ਨਿਰੰਤਰ ਸਰਗਰਮੀਆਂ ਤੋਂ ਇਲਾਵਾ ਸਭਿਆਚਰਕ ਸਰਗਰਮੀਆਂ ਵਿੱਚ ਰਾਸ਼ਟਰੀ ਪੱਧਰ ਤੱਕ ਪ੍ਰਾਪਤੀਆਂ ਕੀਤੀਆਂ ਹਨ।

ਇਸ ਵਰ੍ਹੇ 33 ਖੇਡ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਚੈਂਪੀਅਨ ਤੇ 18 ਮੁਕਾਬਲਿਆਂ ਵਿੱਚ ਰਨਰਜ਼-ਅਪ ਰਹੇ ਕਾਲਜ ਦੇ ਖਿਡਾਰੀ, 4 ਅੰਤਰ-ਰਾਸ਼ਟਰੀ ਤੇ 52 ਰਾਸ਼ਟਰੀ ਮੁਕਾਬਲਿਆਂ ਵਿਚ ਵੀ ਸਨਮਾਨ ਯੋਗ ਪ੍ਰਾਪਤੀਆਂ ਕਰ ਚੁੱਕੇ ਹਨ। ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਕਾਲਜ ਵਿਚ ਕਾਨਫਰੰਸਾਂ, ਸੈਮੀਨਾਰ, ਵਰਕਸ਼ਾਪਾਂ, ਵਿਗਿਆਨ ਮੇਲੇ, ਵਿਸ਼ੇਸ਼ ਲੈਕਚਰ, ਟੂਰਨਾਮੈਂਟ, ਪ੍ਰਦਰਸ਼ਨੀਆਂ, ਵਿਦਿਅਕ ਟੂਰ ਅਤੇ ਮੁਕਾਬਲਿਆਂ ਦੇ ਆਯੋਜਨ ਦੀ ਨਰੋਈ ਪਰੰਪਰਾ ਸਥਾਪਤ ਹੋ ਚੁੱਕੀ ਹੈ।

**ਡਾ. ਨੀਰਜ ਗੋਇਲ**
**ਪ੍ਰਿੰਸੀਪਲ**










# ਸੁਨਹਿਰੀ ਭਵਿੱਖ ਦੀ ਸ਼ੁਰੂਆਤ : ਖ਼ਾਲਸਾ ਕਾਲਜ ਪਟਿਆਲਾ

**ਜਨਰਲ** ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿਘ ਖ਼ਾਲਸਾ ਕਾਲਜ, ਪਟਿਆਲਾ ਪੰਜਾਬ ਦੀਆਂ ਉੱਚੇਰੀ ਸਿੱਖਿਆ ਵਾਲੀਆਂ ਵਿੱਦਿਅਕ ਸੰਸਥਾਵਾਂ 'ਚ ਮੋਹਰੀ ਸਥਾਨ 'ਤੇ ਆਉਣ ਵਾਲੀਆਂ ਸੰਸਥਾਵਾਂ 'ਚ ਸ਼ੁਮਾਰ ਹੈ। ਇੱਥੇ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਜੋ ਉਨ੍ਹਾਂ ਦੀ ਸਰਬਪੱਖੀ ਸ਼ਖ਼ਸੀਅਤ ਉਸਾਰੀ ਲਈ ਬਹੁਮੁੱਲਾ ਯੋਗਦਾਨ ਦਿੰਦੀ ਹੈ। ਇਹ ਸੰਸਥਾ ਆਪਣੇ ਟੀਚੇ 'ਸੰਪੂਰਨਤਾ ਲਈ ਯਤਨ ਤੇ ਸਰਵੋਤਮਤਾ ਦੀ ਪ੍ਰਾਪਤੀ' ਪ੍ਰਤੀ ਲਗਾਤਾਰ ਯਤਨਸ਼ੀਲ ਹੈ। ਸੰਸਥਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਰਾਸ਼ਟਰੀ ਪੱਧਰ 'ਤੇ ਸੰਸਥਾਵਾਂ ਦੀ ਦਰਜਾਬੰਦੀ ਕਰਨ ਵਾਲੀ ਕੌਂਸਲ ਨੈਕ ਵੱਲੋਂ ਕਾਲਜ ਨੂੰ ਅਕਾਦਮਿਕ, ਖੇਡਾਂ ਤੇ ਸਭਿਆਚਾਰਕ ਸਰਗਰਮੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਸਦਕਾ ਰੀ-ਐਕਰੀਡੇਸ਼ਨ ਵਿਚ ਮੁੜ ਜੂਨ 2022 ਵਿਚ 'ਏ' ਗ੍ਰੇਡ (3.18 ਸੀ.ਜੀ.ਪੀ.ਏ.) ਪ੍ਰਦਾਨ ਕੀਤਾ ਗਿਆ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ 2016 ਵਿਚ ਕਾਲਜ ਨੂੰ 'ਕਾਲਜ ਵਿਦ ਪੋਟੈਂਸ਼ੀਅਲ ਫ਼ਾਰ ਐਕਸੀਲੈਂਸ' ਤੇ 'ਆਟੋਨੌਮਸ ਸਟੇਟਸ' ਦਾ ਦਰਜਾ ਦਿੱਤਾ ਗਿਆ ਹੈ। ਸਾਲ 2020 ਵਿਚ ਕਾਲਜ ਨੂੰ ਡੀ.ਬੀ.ਟੀ., ਭਾਰਤ ਸਰਕਾਰ ਵੱਲੋਂ ਸਟਾਰ ਸਟੇਟਸ ਸਕੀਮ ਲਈ ਚੁਣਿਆ ਗਿਆ। ਇਸਦੇ ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ ਹੋਣ ਕਰਕੇ ਨੰਬਰ ਬਿਊਰਾ ਕਾਰਡ ਤੇ ਡਿਗਰੀਆਂ ਯੂਨੀਵਰਸਿਟੀ ਵੱਲੋਂ ਹੀ ਦਿੱਤੀਆਂ ਜਾ ਰਹੀਆਂ ਹਨ।



ਖ਼ਾਲਸਾ ਕਾਲਜ, ਪਟਿਆਲਾ ਦਾ ਆਰੰਭ ਪਦਮਸ਼੍ਰੀ ਡਾ. ਖੁਸ਼ਦੇਵਾ ਸਿੰਘ ਅਤੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਅਣਥੱਕ ਯਤਨਾਂ ਸਦਕਾ 1960 ਈ. ਵਿਚ ਗੁਰਦੁਆਰਾ ਦੂਖਨਿਵਾਰਨ ਸਾਹਿਬ ਦੇ ਪੰਜ ਕਮਰਿਆਂ ਵਿਚ 35 ਵਿਦਿਆਰਥੀਆਂ ਨਾਲ ਹੋਇਆ। ਕਾਲਜ ਨੂੰ ਮੌਜੂਦਾ ਸਥਾਨ 'ਤੇ 1973 ਈ: ਵਿਚ ਗੁਰਦੁਆਰਾ ਸਾਹਿਬ ਤੋਂ ਤਬਦੀਲ ਕਰ ਦਿੱਤਾ ਗਿਆ ਤੇ ਇਸਦੀ ਨੀਂਹ ਤਤਕਾਲੀਨ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਰੱਖੀ ਗਈ। 1991 ਵਿਚ ਇਹ ਕਾਲਜ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਆ ਗਿਆ। ਉਸ ਸਮੇਂ ਕਾਲਜ ਕੋਲ 18 ਕਲਾਸ ਰੂਮ ਤੇ ਤਿੰਨ ਸਾਇੰਸ ਪ੍ਰਯੋਗਸ਼ਾਲਾਵਾਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁਯੋਗ ਸਰਪ੍ਰਸਤੀ ਅਧੀਨ ਕਾਲਜ ਲਗਾਤਾਰ ਵਿਕਾਸ ਦੀਆਂ ਸਿਖ਼ਰਾਂ ਛੂਹ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਜੋ ਕਿ ਸਿੱਖਿਆ ਨੂੰ ਸਮਰਪਿਤ ਤੇ ਦੂਰ ਅੰਦੇਸ਼ ਸ਼ਖ਼ਸੀਅਤ ਹਨ ਦੀ ਸੁਚੱਜੀ ਅਗਵਾਈ ਹੇਠ ਕਾਲਜ ਨਿੱਤ ਨਵੀਆਂ ਪੁਲਾਘਾਂ ਪੁੱਟ ਰਿਹਾ ਹੈ।ਸ. ਸੁਖਮਿੰਦਰ ਸਿੰਘ ਸਕੱਤਰ ਸਿੱਖਿਆ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਕਾਲਜ ਦੀ ਰਹਿਨੁਮਾਈ ਕਰਨ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾ ਰਹੇ ਹਨ।

ਕਾਲਜ ਦਾ ਕੈਂਪਸ ਬਡੂੰਗਰ ਰੋਡ, ਪਟਿਆਲਾ ਦੀ 20.5 ਏਕੜ ਦੀ ਸ਼ਹਿਰੀ ਜਮੀਨ ਤੇ 18.5 ਏਕੜ ਧਬਲਾਨ ਪਿੰਡ ਅਤੇ 36 ਏਕੜ ਬਹਾਦਰਗੜ੍ਹ ਦੀ ਜਮੀਨ ਦੇ ਸ਼ਾਂਤਮਈ ਰਮਣੀਕ ਚੌਗਿਰਦੇ ਵਿਚ ਬਣਿਆ ਹੋਇਆ ਹੈ। ਮੌਜੂਦਾ ਸੈਸ਼ਨ ਦੌਰਾਨ ਕਾਲਜ ਵਿਚ 8200 ਵਿਦਿਆਰਥੀ ਵੱਖ-ਵੱਖ ਅਨੁਸਾਸ਼ਨਾਂ ਵਿਚ ਵਿੱਦਿਆ ਹਾਸਿਲ ਕਰ ਰਹੇ ਹਨ। ਵਿਦਿਆਰਥੀਆਂ ਦੀ ਰਹਿਨੁਮਾਈ ਲਈ 200 ਤੋਂ ਵੱਧ ਸਟਾਫ਼ ਮੈਂਬਰਾਂ ਦੀ ਟੀਮ ਕਾਰਜਸ਼ੀਲ ਹੈ। ਕਾਲਜ ਕੈਂਪਸ ਆਪਣੀਆਂ ਅਤਿ-ਆਧੁਨਿਕ ਸਹੂਲਤਾਂ ਜਿਵੇਂ ਕਿ ਆਨਲਾਈਨ ਲਾਇਬ੍ਰੇਰੀ, ਸਮਾਰਟ ਕਲਾਸ ਰੂਮ, ਆਧੁਨਿਕ ਵਿਗਿਆਨਕ ਪ੍ਰਯੋਗਸ਼ਾਲਾਵਾਂ, ਨਵੀਂ ਤਕਨਾਲੋਜੀ ਵਾਲਾ ਜਿਮਨੇਜੀਅਮ ਹਾਲ, ਖੇਡ ਮੈਦਾਨ ਅਤੇ ਵਾਈ-ਫ਼ਾਈ ਦੀ ਸੁਵਿਧਾ ਕਰਕੇ ਆਪਣੀ ਵਿਸ਼ੇਸ਼ ਪਹਿਚਾਣ ਰੱਖਦਾ ਹੈ। ਸੰਸਥਾ ਕੋਲ ਲੜਕੀਆਂ ਦੀ ਸਹੂਲਤ ਲਈ ਮਾਤਾ ਗੁਜਰੀ ਗਰਲਜ਼ ਹੋਸਟਲ ਵੀ ਹੈ, ਜਿਸ ਵਿਚ ਦੂਰ ਤੋਂ ਆਉਣ ਵਾਲੀਆਂ ਲਗਭਗ 350 ਲੜਕੀਆਂ ਦੇ ਰਹਿਣ ਦੀ ਸਹੂਲਤ ਹੈ। ਮੌਜੂਦਾ ਸਮੇਂ ਵਿਚ ਕਾਲਜ ਵਿਚ ਆਰਟਸ, ਸਾਇੰਸ, ਕੰਪਿਊਟਰ ਸਾਇੰਸ, ਖੇਤੀਬਾੜੀ (ਪੰਜਾਬ ਸਟੇਟ ਕੌਂਸਿਲ ਫ਼ਾਰ ਐਗ੍ਰੀਕਲਚਰਲ ਐਜੂਕੇਸ਼ਨ ਤੋਂ ਮਾਨਤਾ ਪ੍ਰਾਪਤ), ਫ਼ੂਡ ਪ੍ਰੋਸੈਸਿੰਗ ਅਤੇ ਕਾਮਰਸ ਐਂਡ ਮੈਨੇਜਮੈਂਟ ਅਨੁਸਾਸ਼ਨਾਂ ਵਿਚ ਵੱਖ-ਵੱਖ ਕੋਰਸ ਚਲ ਰਹੇ ਹਨ। ਸੰਸਥਾ ਮੌਲਿਕ ਖੋਜ ਦੀ ਲੋੜ ਪ੍ਰਤੀ ਸੰਵੇਦਨਸ਼ੀਲ ਹੈ ਅਤੇ ਇਸ ਮੰਤਵ ਲਈ ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸ ਸਟਡੀਜ਼, ਧਬਲਾਨ ਵਿਖੇ ਸਥਾਪਿਤ ਕੀਤਾ ਗਿਆ ਹੈ। ਇਸ ਸਮੇਂ ਸੰਸਥਾ ਵਿਚ 19 ਪੋਸਟ ਗ੍ਰੈਜੂਏਟ, 25 ਅੰਡਰ ਗ੍ਰੈਜੂਏਟ, 8 ਡਿਪਲੋਮਾ ਕੋਰਸ, 12 ਸਰਟੀਫ਼ਿਕੇਟ ਕੋਰਸ ਅਤੇ 17 ਆਨਲਾਈਨ ਸਰਟੀਫ਼ਿਕੇਟ ਕੋਰਸ ਸਫ਼ਲਤਾਪੂਰਵਕ ਚੱਲ ਰਹੇ ਹਨ। ਇੱਥੇ ਯੂ.ਜੀ.ਸੀ. ਸਕੀਮ ਅਧੀਨ ਨਿਵੇਕਲੇ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਯੂ.ਜੀ.ਸੀ. ਵੱਲੋਂ ਕਾਲਜ ਨੂੰ ਕਮਿਊਨਟੀ ਕਾਲਜ ਚਲਾਉਣ ਲਈ ਵਿਸ਼ੇਸ਼ ਤੌਰ 'ਤੇ ਚੁਣਿਆ ਗਿਆ, ਜਿਸ ਅਧੀਨ ਐਡਵਾਂਸ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਤੇ ਇਲੈਕਟ੍ਰੋਨਿਕਸ ਕੁਸ਼ਲਤਾ ਪੂਰਵਕ ਚੱਲ ਰਹੇ ਹਨ। ਐੱਸ.ਸੀ./ਐੱਸ.ਟੀ., ਬੀ.ਸੀ., ਅੰਮ੍ਰਿਤਧਾਰੀ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਹਨ।

# ਕਿਸਾਨਾਂ ਦੀ ਸਹਾਇਤਾ ਲਈ ਪੰਜਾਬ ਨੈਸ਼ਨਲ ਬੈਂਕ ਨੇ ਲਗਾਏ ਕੈਂਪ




ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ) : ਅੰਮ੍ਰਿਤਸਰ ਦੇ ਵੱਖ-ਵੱਖ ਸਥਾਨਾਂ 'ਤੇ ਸ਼੍ਰੀ ਜਤਿਨ ਸਰਵਣ, ਸਚਿਨ ਕੁਮਾਰ, ਰਾਹੁਲ ਕੁਮਾਰ, ਸੌਰਭ, ਸ਼ਹਿਬਾਜ਼, ਤਰੁਣਵੀਰ, ਰਮਨ, ਰਾਹੁਲ, ਸੰਜੇ, ਗਿਆਨ ਰੰਜਨ ਵਰਗੇ ਗਤੀਸ਼ੀਲ ਸ਼ਾਖਾ ਮੁਖੀਆਂ ਦੀ ਅਗਵਾਈ ਹੇਠ ਭਾਰਤ ਸਰਕਾਰ ਦੇ ਮੈਗਾ ਖੇਤੀਬਾੜੀ ਆਊਟਰੀਚ ਪ੍ਰੋਗਰਾਮ, ਜਨ ਸੁਰੱਖਿਆ ਮੁਹਿੰਮ ਅਤੇ ਸਮਾਜਿਕ ਸੁਰੱਖਿਆ ਯੋਜਨਾਵਾਂ ਸਬੰਧੀ ਪਿੰਡ ਚਮਿਆਰੀ, ਝਬਾਲ, ਰਈਆ, ਨੌਸ਼ਹਿਰਾ ਪਨੂਆ ਅਤੇ ਘਰਿਆਲਾ ਵਿਖੇ ਪੰਜ ਕੈਂਪ ਲਗਾਏ ਗਏ। ਇਸ ਸਮਾਗਮ ਵਿੱਚ ਨੇੜਲੇ ਖੇਤਰਾਂ ਦੇ 1000 ਤੋਂ ਵੱਧ ਕਿਸਾਨਾਂ ਅਤੇ ਗਾਹਕਾਂ ਨੇ ਉਤਸ਼ਾਹ ਨਾਲ ਭਾਗ ਲਿਆ। ਵੱਖ-ਵੱਖ ਸ਼ਾਖਾਵਾਂ ਦੇ ਯੋਗ ਗਾਹਕਾਂ ਨੂੰ ਪ੍ਰਵਾਨਗੀ ਪੱਤਰ ਵੰਡੇ ਗਏ।

ਕੈਂਪ ਨੂੰ ਜਨਰਲ ਮੈਨੇਜਰ ਸ਼੍ਰੀਮਤੀ ਅੰਜਲੀ ਮਿੱਤਲ ਅਤੇ ਡਿਪਟੀ ਜਨਰਲ ਮੈਨੇਜਰ, ਰਾਜੇਸ਼ ਕੁਮਾਰ, ਡਿਪਟੀ ਸਰਕਲ ਮੁਖੀ, ਕਪਿਲ ਗਾਂਧੀ ਅਤੇ ਹੇਮੰਤ ਸੋਂਗਾਰਾ, ਅਪਰਨਾ ਸ਼ਰਮਾ, ਲੀਡ ਜ਼ਿਲ੍ਹਾ ਮੈਨੇਜਰ (ਐਲਡੀਐਮ) ਅਤੇ ਐਲਡੀਐਮ ਤਰਨ ਤਾਰਨ ਕੰਵਲਜੀਤ ਨੇ ਸੰਬੋਧਨ ਕੀਤਾ।

ਜੀਐਮ ਮੈਡਮ ਨੇ ਵੱਖ-ਵੱਖ ਯੋਜਨਾਵਾਂ ਜਿਵੇਂ ਕਿ ਪੀਐਮ ਵਿਸ਼ਵਕਰਮਾ ਯੋਜਨਾ, ਪੀ.ਐਮ.ਐਸ.ਬੀ.ਵਾਈ., ਪੀ.ਐਮ.ਜੇ.ਜੇ.ਬੀ.ਵਾਈ., ਏਪੀਵਾਈ, ਹੋਮ ਲੋਨ, ਸਿੱਖਿਆ ਲੋਨ, ਐਸਐਚਜੀ ਨੂੰ ਵਿੱਤ ਦੇਣ ਦੀ ਯੋਜਨਾ, ਪੀਐਮਐਫਐਮਈ ਆਦਿ ਬਾਰੇ ਸੰਬੋਧਨ ਕੀਤਾ।

ਸ਼੍ਰੀ ਬਲਜਿੰਦਰ ਸਿੰਘ, ਮੁੱਖ ਖੇਤੀਬਾੜੀ ਅਧਿਕਾਰੀ ਅਤੇ ਏਡੀਓ ਸਤਵਿੰਦਰ ਬੀਰ ਸਿੰਘ ਨੇ ਵੀ ਇਸ ਮੌਕੇ 'ਤੇ ਸ਼ਿਰਕਤ ਕੀਤੀ ਅਤੇ ਕਿਸਾਨਾਂ ਨੂੰ ਪੰਜਾਬ ਨੈਸ਼ਨਲ ਬੈਂਕ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਵੱਖ-ਵੱਖ ਯੋਜਨਾਵਾਂ ਦੇ ਲਾਭਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਪ੍ਰਾਪਤ ਕਰਨਾ ਹੈ ਬਾਰੇ ਮਾਰਗਦਰਸ਼ਨ ਕੀਤਾ। ਉਨ੍ਹਾਂ ਦੀ ਸੂਝ ਨੂੰ ਭਾਗੀਦਾਰਾਂ ਦੁਆਰਾ ਚੰਗੀ ਤਰ੍ਹਾਂ ਪ੍ਰਾਪਤ ਕੀਤਾ ਗਿਆ ਅਤੇ ਜਾਗਰੂਕਤਾ ਪਹਿਲਕਦਮੀ ਵਿੱਚ ਬਹੁਤ ਮਹੱਤਵ ਦਿੱਤਾ ਗਿਆ।

ਕਿਸਾਨਾਂ ਨੂੰ ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏਐਚਆਈਡੀਐਫ) ਅਤੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਵਰਗੀਆਂ ਕਈ ਪ੍ਰਭਾਵਸ਼ਾਲੀ ਯੋਜਨਾਵਾਂ ਬਾਰੇ ਜਾਗਰੂਕ ਕੀਤਾ ਗਿਆ, ਜਿਸ ਵਿੱਚ ਬਹੁਤ ਸਾਰੇ ਹਾਜ਼ਰੀਨ ਨੂੰ ਟਿਕਾਊ ਖੇਤੀਬਾੜੀ ਅਭਿਆਸਾਂ ਬਾਰੇ ਸਿੱਧੇ ਲਾਭ ਅਤੇ ਮਾਰਗਦਰਸ਼ਨ ਪ੍ਰਾਪਤ ਹੋਇਆ।

ਇਹ ਸਫਲ ਕੈਂਪ ਪੇਂਡੂ ਵਿਕਾਸ, ਖੇਤੀਬਾੜੀ ਸਸ਼ਕਤੀਕਰਨ ਅਤੇ ਜ਼ਮੀਨੀ ਪੱਧਰ 'ਤੇ ਵਿੱਤੀ ਸਾਖਰਤਾ ਫੈਲਾਉਣ ਲਈ ਪੀਐਨਬੀ ਦੀ ਅਟੁੱਟ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ।

# ਧਾਲੀਵਾਲ ਵੱਲੋਂ ਅਜਨਾਲਾ ਹਲਕੇ ਵਿੱਚ 9 ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੀ ਸ਼ੁਰੂਆਤ



ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ) : ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਅਜਨਾਲਾ ਹਲਕੇ ਵਿੱਚ 9 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੀ ਸ਼ੁਰੂਆਤ ਕਰਦੇ ਕਿਹਾ ਕਿ ਹਲਕੇ ਦੀਆਂ ਸਾਰੀਆਂ ਸੜਕਾਂ ਇਕ ਸਾਲ ਦੇ ਅੰਦਰ ਅੰਦਰ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਉਹਨਾਂ ਹਲਕੇ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਵਿਖਾਈ ਦਰਿਆਦਿਲੀ ਅਤੇ ਜਾਰੀ ਕੀਤੇ ਗਏ ਫੰਡਾਂ ਲਈ ਧੰਨਵਾਦ ਕਰਦੇ ਕਿਹਾ ਕਿ ਉਹਨਾਂ ਦੀ ਬਦੌਲਤ ਹਲਕੇ ਦੇ ਵਿੱਚ ਕੋਈ ਵੀ ਕੰਮ ਅਧੂਰਾ ਨਹੀਂ ਰਹਿਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਵੋਟਾਂ ਤੋਂ ਪਹਿਲਾਂ ਲੋਕਾਂ ਨਾਲ ਜੋ ਵੀ ਵਾਅਦੇ ਕੀਤੇ ਸਨ ਪੂਰੇ ਕੀਤੇ ਜਾ ਰਹੇ ਹਨ ਅਤੇ ਸਾਡੇ ਬਹੁਤੇ ਕੰਮ ਹੋ ਚੁੱਕੇ ਹਨ। ਵੱਡੀਆਂ ਸੜਕਾਂ ਵੀ ਬਣ ਚੁੱਕੀਆਂ ਹਨ ਅਤੇ ਲਿੰਕ ਸੜਕਾਂ ਦਾ ਕੰਮ ਚੱਲ ਰਿਹਾ ਹੈ, ਜਿਸ ਵਿੱਚੋਂ 58 ਸੜਕਾਂ ਬਹੁਤ ਜਲਦੀ ਬਣਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਬਾਕੀ ਸੜਕਾਂ ਦਾ ਕੰਮ ਵੀ ਕੁਝ ਮਹੀਨਿਆਂ ਤੱਕ ਪੂਰਾ ਕਰ ਦਿੱਤਾ ਜਾਵੇਗਾ।

ਉਹਨਾਂ ਦੱਸਿਆ ਕਿ ਅੱਜ ਕਾਮਲਪੁਰ ਤੋਂ ਉੱਚਾ ਤੇੜਾ, ਤੇੜਾ ਕਲਾਂ-ਖਤਰਾਏ ਕਲਾਂ ਤੋਂ ਕੁੱਕੜਾਂਵਾਲਾ ਫਤਿਹਗੜ੍ਹ ਚੂੜੀਆਂ ਰੋਡ (ਸੈਕਸ਼ਨ ਕਿਆਮਪੁਰ ਤੋਂ ਭੰਡੋਰ ਹਰਸ਼ਛੀਨਾ ਫਤਿਹਗੜ੍ਹ ਚੂੜੀਆਂ ਰੋਡ), ਫਤਿਹਗੜ੍ਹ ਚੂੜੀਆਂ ਰੋਡ ਰਮਦਾਸ ਰੋਡ ਤੋਂ ਬੋਹੜਵਾਲਾ (18 ਫੁੱਟ ਚੌੜੀ), ਸੱਕੀ ਨਾਲ੍ਹੇ ਉੱਪਰ ਪੁਲ ਅਤੇ 12 ਫੁੱਟ ਚੌੜੀ ਲਿੰਕ ਸੜਕ ਘੁਮਰਾਏ ਤੋਂ ਬੀ.ਐਸ.ਐਫ ਚੈੱਕ ਪੋਸਟ ਪੰਜਗਰਾਏ ਡਿਫੈਂਸ ਲਾਈਨ ਪਿੰਡ ਘੁਮਰਾਏ ਦੀ ਨਵੀਂ ਉਸਾਰੀ ਸ਼ੁਰੂ ਕਰਵਾਈ ਗਈ ਹੈ। ਇਸ ਮੌਕੇ ਮੰਡੀ ਬੋਰਡ ਦੇ ਐਕਸੀਅਨ ਹਰਚਰਨ ਸਿੰਘ ਅਤੇ ਹੋਰ ਅਧਿਕਾਰੀ ਵੀ ਉਹਨਾਂ ਦੇ ਨਾਲ ਹਾਜ਼ਰ ਸਨ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਕਾਰਜ-ਸਾਧਕ ਅਤੇ ਜਨਰਲ ਹਾਊਸ ਦੀ ਇਕੱਤਰਤਾ

## ਪ੍ਰਧਾਨ ਡਾ.ਨਿੱਜਰ ਅਤੇ ਦੀਵਾਨ ਪ੍ਰਬੰਧਕਾਂ ਨੇ ਸਮੂਹ ਮੈਂਬਰ ਸਾਹਿਬਾਨ ਨੂੰ ਅੰਮ੍ਰਿਤ ਛੱਕ ਕੇ ਭੁੱਲ ਬਖਸ਼ਾਉਣ ਲਈ ਕੀਤੀ ਬੇਨਤੀ



ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਹਿਲਾ ਕਾਰਜ ਸਾਧਕ ਕਮੇਟੀ ਉਪਰੰਤ ਜਨਰਲ ਹਾਊਸ ਦੀ ਇਕੱਤਰਤਾ ਦਾ ਆਯੋਜਿਤ ਕੀਤੀ ਗਈ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਦੀਵਾਨ ਦੇ ਲੋੜੀਂਦੇ ਪ੍ਰਬੰਧਕੀ ਮਸਲੇ ਵਿਚਾਰਨ ਲਈ ਕਾਰਜ-ਸਾਧਕ ਕਮੇਟੀ ਅਤੇ ਜਨਰਲ ਹਾਊਸ ਤੋਂ ਪ੍ਰਵਾਨਗੀ ਲਈ ਗਈ, ਜਿਸ ਉਪਰੰਤ ਮੀਟਿੰਗ ਦਾ ਆਰੰਭ ਮੂਲ ਮੰਤਰ ਦੇ ਪਾਠ ਨਾਲ ਕੀਤਾ ਗਿਆ। ਬਾਅਦ 'ਚ ਅਕਾਲ ਚਲਾਣਾ ਕਰ ਚੁੱਕੇ ਦੀਵਾਨ ਮੈਂਬਰਜ਼ ਗੁਰਬਚਨ ਸਿੰਘ ਕੋਚਰ, ਜਲੰਧਰ ਅਤੇ ਡਾ.ਸੁਖਵਿੰਦਰ ਸਿੰਘ ਵਾਲੀਆ ਅੰਮ੍ਰਿਤਸਰ ਦੇ ਸ਼ੋਕ ਮਤੇ ਪੜ੍ਹਦਿਆਂ ਉਹਨਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕੀਤੀ ਗਈ। ਮੀਟਿੰਗ ਦੌਰਾਨ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ ਅਤੇ ਤੇਜਿੰਦਰ ਸਿੰਘ ਸਰਦਾਰ ਪਗੜੀ ਹਾਊਸ ਨੇ ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਚੱਲ ਰਹੇ ਸਮੂਹ ਅਦਾਰਿਆਂ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ 20 ਜੁਲਾਈ 2025 ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕੰਡਰੀ ਸਕੂਲ, ਜੀ.ਟੀ.ਰੋਡ ਵਿਖੇ ਵਿਸ਼ਾਲ ਪੱਧਰ ਤੇ ਕਰਵਾਏ ਜਾ ਰਹੇ ਕੀਰਤਨ ਦਰਬਾਰ ਬਾਬਤ ਜਾਣਕਾਰੀ ਸਾਂਝੀ ਕੀਤੀ ਅਤੇ ਇਸ ਦੌਰਾਨ ਕੀਰਤਨ ਦਰਬਾਰ ਦੀ ਸ਼ਾਨ ਨੂੰ ਹੋਰ ਵਧਾਉਣ ਲਈ ਤਿਆਰੀਆਂ ਸਬੰਧੀ ਸੁਝਾਅ ਲੈਂਦਿਆਂ ਖਰਚਿਆਂ ਲਈ ਪ੍ਰਵਾਨਗੀ ਲਈ ਗਈ। ਪ੍ਰਧਾਨ ਡਾ.ਨਿੱਜਰ ਨੇ ਸਮੂਹ ਮੈਂਬਰ ਸਾਹਿਬਾਨ ਨੂੰ ਕੀਰਤਨ ਦਰਬਾਰ ਵਿਚ ਪਰਿਵਾਰ ਸਹਿਤ ਹਾਜ਼ਰੀ ਭਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ।

ਮੀਟਿੰਗ ਦੌਰਾਨ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਰਮਨੀਕ ਸਿੰਘ ਫਰੀਡਮ ਵੱਲੋਂ ਜਾਣਕਾਰੀ ਸਾਂਝੀ ਕੀਤੀ ਗਈ ਕਿ ਮਿਤੀ 23-03-2025 ਨੂੰ ਕਾਰਜ-ਸਾਧਕ ਕਮੇਟੀ ਵੱਲੋਂ ਅਤੇ ਮਿਤੀ 30-03-2025 ਨੂੰ ਜਨਰਲ ਹਾਊਸ ਵੱਲੋਂ ਮੈਂਬਰਸ਼ਿਪ ਤੋਂ ਖਾਰਜ ਕੀਤੇ ਗਏ 63 ਮੈਂਬਰਾਂ ਦੀ ਲਿਸਟ ਵਿਚ ਬਹੁਤ ਊਣਤਾਈਆਂ ਹਨ, ਜਿਸ ਕਰਕੇ ਉਹਨਾਂ ਵੱਲੋਂ ਲਿਸਟ ਨੂੰ ਦੁਬਾਰਾ ਜਾਂਚ-ਪੜਤਾਲ ਕਰਵਾਉਣ ਦੇ ਮੱਦੇਨਜ਼ਰ ਖਾਰਜ ਕੀਤੀ ਗਈ ਮੈਂਬਰਸ਼ਿਪ ਸਬੰਧੀ ਮਤਾ ਵਾਪਿਸ ਲੈਣ ਦੀ ਸਿਫਾਰਸ਼ ਕੀਤੀ ਗਈ। ਜਿਸਨੂੰ ਹਾਊਸ ਵੱਲੋਂ ਸਰਬ-ਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ ਗਈ।

ਉਪਰੰਤ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਸਮੂਹ ਮੈਂਬਰ ਸਾਹਿਬਾਨ ਨੂੰ ਓ ਅਤੇ ਓਓ ਫਾਰਮ ਦਰਜ ਵਿਚ ਲਿਖਤ ਅਨੁਸਾਰ ਕੋਈ ਉਕਾਈ ਹੋ ਜਾਣ 'ਤੇ ਅੰਮ੍ਰਿਤ ਛੱਕ ਕੇ ਭੁੱਲ ਬਖਸ਼ਾਉਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਗਈ। ਉਹਨਾਂ ਨੇ ਦੱਸਿਆ ਕਿ ਇਸ ਸਬੰਧੀ ਮਿਤੀ 10-07-2025 ਨੂੰ ਪਹਿਲਾਂ ਵੀ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਪੱਤਰ ਭੇਜਿਆ ਜਾ ਚੁੱਕਾ ਹੈ। ਮੀਟਿੰਗ ਦੌਰਾਨ ਆਨਰੇਰੀ ਸਕੱਤਰ ਰਮਨੀਕ ਸਿੰਘ ਫਰੀਡਮ ਨੇ ਆਪਸੀ ਮੱਤਭੇਦ ਕਾਰਨ ਦੀਵਾਨ ਦੇ ਹੋਏ ਵਿੱਤੀ ਨੁਕਸਾਨ ਅਤੇ ਦੀਵਾਨ ਦੇ ਅਕਸ ਨੂੰ ਢਾਹ ਲਗਾਉਣ ਬਾਬਤ ਜਾਣਕਾਰੀ ਸਾਂਝੀ ਕਰਦਿਆਂ ਨਿੰਦਾ ਪ੍ਰਸਤਾਵ ਪੇਸ਼ ਕੀਤਾ। ਜਿਸ ਨੂੰ ਸਮੂਹ ਮੈਂਬਰ ਸਾਹਿਬਾਨ ਵੱਲੋਂ ਸਹਿਮਤੀ ਪ੍ਰਗਟਾਉਂਦਿਆਂ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ। ਅੰਤ ਦੀਵਾਨ ਦੀਆਂ ਕਾਰਜ-ਸਾਧਕ ਅਤੇ ਜਨਰਲ ਹਾਊਸ ਦੀਆਂ ਮੀਟਿੰਗਾਂ ਦੌਰਾਨ ਹਰ ਫੈਸਲਾ ਬਹੁਤ ਹੀ ਸੁਖਾਵੇਂ ਅਤੇ ਸੁਹਿਰਦਤਾ ਭਰੇ ਮਾਹੌਲ ਵਿਚ ਸਰਬ-ਸੰਮਤੀ ਨਾਲ ਲਿਆ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਐਡੀ.ਆਨਰੇਰੀ ਸਕੱਤਰ ਹਰਿੰਦਰਪਾਲ ਸਿੰਘ ਸੇਠੀ, ਆਨਰੇਰੀ ਜਾਇੰਟ ਸਕੱਤਰ ਇੰਜੀ.ਜਸਪਾਲ ਸਿੰਘ ਸਮੇਤ 150 ਦੀ ਗਿਣਤੀ ਵਿਚ ਮੈਂਬਰ ਸਾਹਿਬਾਨ ਹਾਜ਼ਰ ਸਨ।

# ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਮੁੱਖ ਰਸਤੇ ਦੀ ਸਾਂਭ ਸੰਭਾਲ ਦਾ ਜ਼ਿੰਮਾ ਡੀ.ਸੀ. ਨੇ ਆਪ ਲਿਆ



ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ) : ਸ਼ਹਿਰ ਦੀਆਂ ਸੜਕਾਂ ਨੂੰ ਸਾਫ ਰੱਖਣ ਲਈ ਵੱਖ ਵੱਖ ਅਧਿਕਾਰੀਆਂ ਵੱਲੋਂ ਅਡਾਪਟ ਕੀਤੀਆਂ ਗਈਆਂ ਸੜਕਾਂ ਵਿੱਚੋਂ ਵਿਰਾਸਤੀ ਗਲੀ ਜੋ ਕਿ ਸ੍ਰੀ ਦਰਬਾਰ ਸਾਹਿਬ ਨੂੰ ਜਾਂਦਾ ਮੁੱਖ ਰਸਤਾ ਹੈ, ਦੀ ਸਾਂਭ ਸੰਭਾਲ ਦਾ ਜ਼ਿੰਮਾ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਲਿਆ ਹੈ। ਅੱਜ ਉਹਨਾਂ ਨੇ ਇਸ ਜਿੰਮੇਵਾਰੀ ਨੂੰ ਨਿਭਾਉਂਦੇ ਹੋਏ ਆਪਣੀ ਟੀਮ ਨਾਲ ਹੈਰੀਟੇਜ ਸਟਰੀਟ ਦਾ ਦੌਰਾ ਕੀਤਾ। ਉਹਨਾਂ ਨੇ ਇਸ ਇਲਾਕੇ ਵਿੱਚ ਸੰਗਤ ਦੀ ਆਮਦ ਨੂੰ ਸੁਖਾਲਾ ਕਰਨ ਲਈ ਦੁਕਾਨਦਾਰਾਂ ਵੱਲੋਂ ਕੀਤੇ ਨਜਾਇਜ ਕਬਜ਼ੇ ਹਟਾਉਣ ਅਤੇ ਇੱਥੇ ਵਰਤੀ ਜਾਂਦੀ ਪਲਾਸਟਿਕ ਨੂੰ ਰੋਕਣ ਲਈ ਦੁਕਾਨਦਾਰਾਂ ਨੂੰ ਇੱਕ ਹਫਤੇ ਦਾ ਸਮਾਂ ਦਿੰਦਿਆ ਕਿਹਾ ਕਿ ਵਿਭਾਗ ਵੱਲੋਂ ਇਸ ਸਮਾਂ ਸੀਮਾ ਤੋਂ ਬਾਅਦ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਹਨਾਂ ਨੇ ਕਾਰਪੋਰੇਸ਼ਨ ਅਧਿਕਾਰੀਆਂ ਨੂੰ ਪੁਰਾਣੀ ਸਬਜ਼ੀ ਮੰਡੀ ਚ ਪਏ ਮਲਬੇ ਨੂੰ ਸਾਫ ਕਰਵਾਕੇ ਉੱਥੇ ਪਾਰਕਿੰਗ ਲਈ ਥਾਂ ਬਣਾਉਣ, ਹੈਰੀਟੇਜ ਸਟ੍ਰੀਟ ਵਿੱਚ ਬਣੇ ਸਟੈਚੂ ਅਤੇ ਬੁੱਤਾਂ ਦੇ ਕੋਲੋਂ ਡਸਟਬਿਨ ਹਟਾਏ ਜਾਣ ਅਤੇ ਨਵੇਂ ਡਸਟਬਿਨ ਹੱਟਕੇ ਲਗਾਉਣ ਦੀ ਹਦਾਇਤ ਕੀਤੀ। ਡਿਪਟੀ ਕਮਿਸ਼ਨਰ ਨੇ ਅਗਰਸੈਨ ਮੰਦਿਰ ਦੀ ਕਮੇਟੀ ਨੂੰ ਸਫਾਈ ਅਤੇ ਹੋਰ ਮੁੱਦਿਆਂ ਤੇ ਨਾਲ ਲੈਣ, ਧਰਮ ਸਿੰਘ ਮਾਰਕਿਟ ਦੇ ਬਾਹਰ ਫਾਊਂਟੇਨ ਜਾਂ ਹੋਰ ਕੋਈ ਵਧੀਆ ਢਾਂਚਾ ਤਿਆਰ ਕਰਨ, ਟਾਊਨ ਹਾਲ ਵਿੱਚ ਬਣੇ ਬਾਗ ਦੀ ਸਫਾਈ ਰੱਖਣ ਅਤੇ ਵਾਟਰ ਏਟੀਐਮ ਲਗਾਤਾਰ ਚਾਲੂ ਕਰਨ ਦੀ ਹਦਾਇਤ ਵੀ ਕੀਤੀ।

ਡਿਪਟੀ ਕਮਿਸ਼ਨਰ ਨੇ ਜੱਲ੍ਹਿਆਂਵਾਲਾ ਬਾਗ ਵਿੱਚ ਰੇਨਵਾਟਰ ਹਾਰਵੈਸਟ ਬਣਾਉਣ ਅਤੇ ਇਸ ਇਲਾਕੇ ਦੀਆਂ ਹੋਰ ਸਮੱਸਿਆਵਾਂ ਦੇ ਹੱਲ ਲਈ ਪੁਰਾਤਤਵ ਵਿਭਾਗ ਕੋਲੋਂ ਅਗਵਾਈ ਲੈਣ ਲਈ ਵੀ ਸਬੰਧਿਤ ਅਧਿਕਾਰੀਆਂ ਨੂੰ ਕਿਹਾ। ਇਸ ਮੌਕੇ ਐਸਪੀ ਅਮਨਦੀਪ ਕੌਰ, ਜ਼ਿਲ੍ਹਾ ਸਿਹਤ ਅਫਸਰ ਡਾਕਟਰ ਕਿਰਨ, ਸੈਰ ਸਪਾਟਾ ਭਾਗ ਦੇ ਅਧਿਕਾਰੀ ਸੁਖਮਨਦੀਪ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਲੋੜਵੰਦ ਪਰਿਵਾਰ ਦੀ ਸਹਾਇਤਾ ਲਈ ਪੁੱਜੇ ਦਲਜੀਤ ਸਿੰਘ



ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ) : ਕਹਿੰਦੇ ਹਨ ਕੇ ਜੇਕਰ ਕਿਸੇ ਬੰਦੇ 'ਤੇ ਗਰੀਬੀ ਆਵੇ ਤਾਂ ਆਸਾਨੀ ਨਾਲ ਸਹਿ ਕਰ ਸਕਦਾ ਹੈ। ਪਰ ਨਾਲ ਮੁਸੀਬਤਾਂ ਦਾ ਪਹਾੜ ਆ ਜਾਵੇ ਤਾਂ ਝੱਲਣਾ ਬਹੁਤ ਔਖਾ ਹੋ ਜਾਂਦਾ ਹੈ। ਇਸ ਦੀ ਮਿਸਾਲ ਹਨ, ਪਿੰਡ ਮਿਹਰਬਾਨ ਨੇੜੇ ਟੋਲ ਪਲਾਜ਼ਾ ਜੰਡਿਆਲਾ ਗੁਰੂ। ਇੱਥੋ ਦਾ ਇਕ ਪਰਿਵਾਰ ਹੈ ਰਾਜੂ ਸਿੰਘ ਜਿਸਦੇ ਪੰਜ ਬੱਚੇ ਹਨ ਚਾਰ ਲੜਕੀਆਂ ਅਤੇ ਇਕ ਲੜਕਾ ਹੈ ਅਤੇ ਰਾਜੂ ਸਿੰਘ ਦੀ ਮੌਤ 2020 ਵਿਚ ਹੋ ਗਈ ਸੀ। ਇਹਨਾਂ ਦੀ ਘਰਵਾਲੀ ਦਾ ਪਹਿਲਾ ਪਤੀ ਵੀ ਗੁਜ਼ਰ ਗਿਆ ਸੀ ਅਤੇ ਰੀਤੀ ਰਿਵਾਜਾਂ ਅਨੁਸਾਰ ਉਸਦਾ ਵਿਆਹ ਉਸਦੇ ਦਿਓਰ ਨਾਲ ਕਰ ਦਿੱਤਾ ਸੀ। ਲੋਕਾ ਦੇ ਘਰਾਂ ਵਿਚ ਕੰਮ ਕਰ ਕਰਕੇ ਘਰ ਦਾ ਗੁਜ਼ਾਰਾ ਕਰਦੀ ਸੀ। ਪਰ ਜਿਨ੍ਹਾਂ ਦੇ ਘਰ ਕੰਮ ਕਰਦੀ ਸੀ ਓਹਨਾਂ ਨੇ ਉਸਦੇ ਬੱਚਿਆਂ ਦੀ ਪੜ੍ਹਾਈ ਖ਼ਤਮ ਨਹੀਂ ਹੋਣ ਦਿੱਤੀ ਅਤੇ ਨਾਲ ਹੀ ਇਹਨਾਂ ਦਾ ਘਰ ਵੀ ਬਣਵਾ ਕੇ ਦਿੱਤਾ ਲੈਂਟਰ ਪਵਾ ਕੇ ਦਿੱਤਾ ਅਤੇ ਟਾਈਲਾਂ ਤੱਕ ਲਗਵਾ ਕੇ ਦਿੱਤੀਆਂ ਅਤੇ ਜੋ ਵੀ ਜਰੂਰੀ ਵਸਤਾਂ ਸਨ ਲੈ ਕੇ ਦਿੱਤੀਆਂ। ਇਹਨਾਂ ਦੀ ਇਕ ਲੜਕੀ ਦਾ ਆਨੰਦ ਕਾਰਜ ਓਹਨਾਂ ਦੀ ਮੱਦਦ ਨਾਲ ਹੋਇਆ ਸੀ। ਇਕ ਲੜਕੀ ਕਿਰਨਦੀਪ ਕੌਰ ਜਿਸ ਦੀ ਸ਼ਾਦੀ 21 ਜੁਲਾਈ ਨੂੰ ਹੈ। ਉਹਦੀ ਖ਼ਬਰ ਜਦੋ ਦਲਜੀਤ ਸਿੰਘ ਇੰਚਾਰਜ ਟ੍ਰੈਫਿਕ ਐਜੂਕੇਸ਼ਨ ਸੈੱਲ ਨੂੰ ਲੱਗੀ ਤਾਂ ਓਹਨਾਂ ਨੇ ਦਾਨੀ ਸੱਜਣਾਂ ਦੀ ਮੱਦਦ ਨਾਲ ਉਸ ਪਿੰਡ ਪਹੁੰਚ ਕੇ ਜੋ ਵੀ ਜਰੂਰੀ ਵਸਤਾਂ ਸਨ, ਕੱਪੜੇ, ਚੂੜਾ, ਰਾਸ਼ਨ, ਬਰਤਨ ਅਤੇ ਹੋਰ ਸਾਮਾਨ ਲੈ ਕੇ ਅਤੇ ਕੁਝ ਨਕਦੀ ਲੈ ਕੇ ਉੱਥੇ ਪਹੁੰਚੇ। ਇਹਨਾਂ ਨੇ ਉਹਨਾਂ ਨੂੰ ਪੂਰਾ ਵਿਸ਼ਵਾਸ ਦਿਵਾਇਆ ਕਿ ਅਸੀ ਤੁਹਾਡੀ ਪੂਰੀ ਮਦਦ ਕਰਾਂਗੇ। ਉੱਥੇ ਜਾ ਕੇ ਦੇਖਿਆ ਗਿਆ ਕਿ ਉੱਥੇ ਕੋਈ ਵੀ ਖੁਸ਼ੀ ਦਾ ਮਾਹੌਲ ਨਹੀਂ ਸੀ। ਓਹਨਾਂ ਦੇ ਘਰ ਵਿਚ ਕੋਈ ਮੁਖੀ ਨਹੀਂ ਸੀ। ਦਲਜੀਤ ਸਿੰਘ ਤੇ ਦਾਨੀ ਸੱਜਣਾਂ ਨੇ ਜ਼ਰੂਰੀ ਵਸਤਾਂ ਦੇ ਨਾਲ ਨਾਲ ਬੱਚੀ ਨੂੰ ਤਿਆਰ ਕਰਵਾਉਣ ਤੱਕ ਦੀ ਜ਼ਿੰਮੇਵਾਰੀ ਲਈ ਦਾਨੀ ਸੱਜਣਾਂ ਵੱਲੋਂ ਕਿਹਾ, ਕਿ ਜੇਕਰ ਕੋਈ ਇਹਨਾਂ ਦੀ ਮੱਦਦ ਕਰਨਾ ਚਾਹੁੰਦਾ ਹੈ ਤਾਂ ਜ਼ਰੂਰ ਮੱਦਦ ਕਰੇ। ਯਾਦ ਰਹੇ ਕਿ ਇਹ ਉਹੀ ਦਲਜੀਤ ਸਿੰਘ ਹਨ ਜਿਨ੍ਹਾਂ ਨੇ ਕੋਰੋਨਾ ਕਾਲ ਵਿੱਚ 92 ਕੁੜੀਆਂ ਦੇ ਆਨੰਦ ਕਾਰਜ ਕਰਵਾਏ ਸਨ। ਦਲਜੀਤ ਸਿੰਘ ਓਹੀ ਹਨ ਜਿਨ੍ਹਾਂ ਨੇ ਕਈ ਅੰਗਹੀਣਾਂ ਦੇ ਬਣਾਉਟੀ ਅੰਗ ਵੀ ਲਗਵਾ ਕੇ ਦਿੱਤੇ ਹਨ ਅਤੇ ਕਈ ਬੱਚਿਆਂ ਦੀ ਪੜ੍ਹਾਈ ਲਿਖਾਈ, ਅੱਖਾਂ ਦੇ ਆਪਰੇਸ਼ਨ, ਮੈਡੀਕਲ ਸੁਵਿਧਾ, ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਦੀ ਜਿੰਮੇਵਾਰੀ ਵੀ ਚੁੱਕੀ ਹੈ। ਇਹਨਾਂ ਕਾਰਜਾਂ ਇਹਨਾਂ ਨੂੰ ਪੰਜਾਬ ਸਰਕਾਰ ਅਤੇ ਸੈਂਟਰ ਸਰਕਾਰ ਨੇ ਖਾਸ ਕਰਕੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਵੱਲੋਂ ਕਮਿਸ਼ਨਰ ਸਾਹਿਬ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਅਤੇ ਹੋਰ ਵੀ ਕਈ ਮਹਾਨ ਸ਼ਕਸ਼ੀਅਤਾਂ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਹੈਲਥ ਮਨਿਸਟਰ ਪੰਜਾਬ ਵੱਲੋਂ ਵੀ ਸਨਮਾਨਿਤ ਕੀਤਾ ਗਿਆ। ਕਈ ਫ਼ਿਲਮੀ ਹਸਤੀਆਂ ਦਲਜੀਤ ਸਿੰਘ ਦੇ ਫੈਨ ਹਨ ਅਤੇ ਉਹਨਾਂ ਨੇ ਇਕ ਅਪੀਲ ਕੀਤੀ ਲੋਕਾਂ ਨੂੰ ਕਿ ਇਸ ਲੜਕੀ ਦੇ ਕੰਨਿਆ ਦਾਨ ਵਿੱਚ ਜੋ ਵੀ ਯੋਗਦਾਨ ਪਾ ਸਕਦੇ ਹਨ। ਯੋਗਦਾਨ ਪਾਉਣ ਲਈ ਲੜਕੀ ਦਾ ਫੋਨ ਨੰਬਰ ਦਿੱਤਾ ਗਿਆ ਹੈ। ਨੰਬਰ ਉੱਪਰ ਕੰਟੈਕਟ ਕਰਕੇ ਲੜਕੀ ਦੀ ਮਦਦ ਕਰ ਸਕਦੇ ਹਨ। ਇਸ ਮੌਕੇ ਉਹਨਾਂ ਦੇ ਨਾਲ ਸਮਾਜ ਸੇਵਕ ਚੰਨਾ ਚੂੜੇ ਵਾਲਾ ਸਨ।

# ਪਿਸਤੌਲ ਸਮੇਤ ਨੌਜਵਾਨ ਕਾਬੂ, ਇਕ ਫਰਾਰ



ਤਰਸਿਕਾ, 12 ਜੁਲਾਈ, (ਦਵਿੰਦਰ ਸਿੰਘ ਤਰਸਿੱਕਾ) : ਪੁਲਿਸ ਥਾਣਾ ਤਰਸਿਕਾ ਦੀ ਪੁਲਿਸ ਵੱਲੋਂ ਇੱਕ ਨੌਜਵਾਨ ਨੂੰ ਪਿਸਟਲ ਸਮੇਤ ਕਾਬੂ ਕਰਨ ਦਾ ਸਮਾਂਚਾਰ ਪ੍ਰਾਪਤ ਹੋਇਆ। ਇਸ ਸਬੰਧੀ ਗੱਲਬਾਤ ਕਰਦਿਆਂ ਥਾਣਾ ਤਾਂ ਸਿੱਕਾ ਦੇ ਐਸਐਚ ਓ ਬਲਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਏਐਸ ਆਈ ਨਰਿੰਦਰਪਾਲ ਸਿੰਘ ਪੁਲਿਸ ਪਾਰਟੀ ਸਮੇਤ ਨਹਿਰੀ ਸੂਆ ਤੇਰੀ ਡੇਰੀਵਾਲ ਕੋਲ ਪੁੱਜਾ, ਤਾਂ ਦੋ ਨੌਜਵਾਨ ਮੋਟਰਸਾਈਕਲ ਲੈ ਕੇ ਖੜ੍ਹੇ ਸਨ। ਪੁਲਿਸ ਵੇਖ ਕੇ ਖਿਸਕਣ ਲੱਗੇ। ਜਿਸ 'ਤੇ ਮੋਟਰਸਾਈਕਲ ਸਲਿੱਪ ਹੋਣ 'ਤੇ ਇੱਕ ਨੌਜਵਾਨ ਪਿੱਛੇ ਡਿੱਗ ਪਿਆ ਅਤੇ ਉਹ ਖੇਤਾਂ ਵਿੱਚੋਂ ਭੱਜਣ ਵਿੱਚ ਕਾਮਯਾਬ ਹੋ ਗਿਆ ਤੇ ਮੋਟਰਸਾਈਕਲ ਚਾਲਕ ਨੂੰ ਡਿੱਗਣ ਕਾਰਨ ਗ੍ਰਿਫਤਾਰ ਕਰ ਲਿਆ ਗਿਆ। ਜਿਸ ਦੀ ਪਛਾਣ ਹੁਸਨਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਉਰਫ ਹਰਜਿੰਦਰ ਸਿੰਘ ਵਾਸੀ ਵੈਰੋਵਾਲ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਉਸ ਦੇ ਕੋਲੋਂ ਇੱਕ ਪਿਸਟਲ ਤੇ ਤਿੰਨ ਜਿੰਦਾ ਰੌਂਦ ਇਕ ਮੋਟਰਸਾਈਕਲ ਬਰਾਮਦ ਕਰਕੇ ਮੁਕੱਦਮਾ ਨੰਬਰ 61 ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਭਗਤਾਂ ਵਾਲਾ ਡੰਪ ਦਾ ਕੂੜਾ ਚੁੱਕਣ ਲਈ ਕੰਪਨੀ ਨੂੰ ਦਿੱਤਾ 15 ਮਹੀਨਿਆਂ ਦਾ ਸਮਾਂ : ਡਾ. ਨਿੱਜਰ

## 36 ਕਰੋੜ ਰੁਪਏ ਦੀ ਲਾਗਤ ਨਾਲ ਸਾਫ਼ ਹੋਵੇਗਾ ਡੰਪ



ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਅੰਮ੍ਰਿਤਸਰ ਦੇ ਭਗਤਾਂਵਾਲਾ ਡੰਪ ਸਾਈਟ 'ਤੇ ਪਿਛਲੇ ਕਈ ਸਾਲਾਂ ਤੋਂ ਇਕੱਠਾ ਹੋ ਰਿਹਾ 11 ਲੱਖ ਮੈਟ੍ਰਿਕ ਟਨ ਕੂੜਾ ਹੁਣ ਸਦਾ ਲਈ ਹਟਾਇਆ ਜਾ ਰਿਹਾ ਹੈ। ਇਹ ਗੱਲ ਅੱਜ ਇੱਥੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਦੱਸਦੇ ਹੋਏ ਕਿਹਾ, ਕਿ ਇਸ ਕੰਮ ਲਈ ਨਗਰ ਨਿਗਮ ਵੱਲੋਂ 46.34 ਕਰੋੜ ਦੀ ਲਾਗਤ ਨਾਲ ਬਾਇਓਰੈਮੀਡੈਸ਼ਨ ਪ੍ਰਕਿਰਿਆ ਦੀ ਟੈਂਡਰਿੰਗ ਕਰਵਾਈ ਗਈ ਹੈ। ਉਹਨਾਂ ਨੂੰ ਦੱਸਿਆ 4 ਜੁਲਾਈ ਨੂੰ ਟੈਕਨੀਕਲ ਬਿਡ ਖੋਲ੍ਹੀ ਗਈ, ਜਿਸ ਵਿੱਚ 4 ਕੰਪਨੀਆਂ ਨੇ ਭਾਗ ਲਿਆ ਅਤੇ ਕੱਲ੍ਹ ਫਾਇਨੈਂਸ਼ੀਅਲ ਬਿਡ ਖੋਲ੍ਹਣ ਉਪਰੰਤ ਮੇਸਰਜ਼ ਇਕੋਰੇਸਟ੍ਰੈਨ ਇੰਫਰਾ ਕੰਪਨੀ ਵੱਲੋਂ ਸਭ ਤੋਂ ਘੱਟ 36.53 ਕਰੋੜ ਦੀ ਬਿਡ ਦੇ ਕੇ ਇਹ ਕੰਮ ਹਾਸਲ ਕੀਤਾ ਗਿਆ, ਜੋ ਕਿ ਅੰਦਾਜਨ ਲਾਗਤ ਤੋਂ 21% ਘੱਟ ਹੈ। ਉਹਨਾਂ ਨੇ ਦੱਸਿਆ ਕਿ ਇਹ ਕੂੜਾ ਹਟਾਉਣ ਲਈ ਕੰਪਨੀ ਨੂੰ 15 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ।

ਹੁਣ ਇਹ ਟੈਂਡਰ ਲੋਕਲ ਬਾਡੀ ਵਿਭਾਗ ਦੀ ਚੀਫ ਇੰਜੀਨੀਅਰ ਕਮੇਟੀ ਨੂੰ ਮਨਜ਼ੂਰੀ ਲਈ ਭੇਜਿਆ ਜਾਵੇਗਾ, ਜਿਸ ਦੀ ਪੁਸ਼ਟੀ ਤੋਂ ਬਾਅਦ ਨਗਰ ਨਿਗਮ ਵੱਲੋਂ ਕੰਪਨੀ ਨੂੰ ਵਰਕ ਆਰਡਰ ਜਾਰੀ ਕਰ ਦਿੱਤਾ ਜਾਵੇਗਾ।

ਡਾ. ਨਿੱਜਰ ਨੇ ਦੱਸਿਆ ਕਿ ਕੰਪਨੀ ਨੂੰ 15 ਮਹੀਨੇ ਦੀ ਮਿਆਦ ਵਿੱਚ ਪੂਰਾ ਕੰਮ ਨਿਭਾਉਣਾ ਹੋਵੇਗਾ, ਜਿਸ ਤੋਂ ਬਾਅਦ ਭਗਤਾਂਵਾਲਾ ਸਾਈਟ ਕੂੜੇ ਤੋਂ ਮੁਕਤ ਹੋ ਜਾਵੇਗੀ।

ਉਨ੍ਹਾਂ ਕਿਹਾ ਕਿ ਕੂੜੇ ਦੀ ਸੰਭਾਲ, ਪਰਿਵਾਹਨ, ਪ੍ਰੋਸੈਸਿੰਗ ਅਤੇ ਨਿਪਟਾਰੇ ਲਈ ਵੱਖ-ਵੱਖ ਦੋ ਹੋਰ ਟੈਂਡਰ ਵੀ ਲਗਾਏ ਗਏ ਹਨ, ਜੋ ਕਿ ਸ਼ਹਿਰ ਦੀਆਂ 41 ਵਾਰਡਾਂ ਅਤੇ 44 ਵਾਰਡਾਂ ਦੀ ਸਫਾਈ ਸੰਭਾਲਣਗੇ। ਇਹ ਬਿਡਾਂ ਵੀ ਜਲਦੀ ਹੀ ਖੋਲ੍ਹੀਆਂ ਜਾਣਗੀਆਂ।

ਡਾ. ਨਿੱਜਰ ਨੇ ਕਿਹਾ ਬਹੁਤ ਸਰਕਾਰਾਂ ਆਈਆਂ, ਚੋਣਾਂ ਜਿੱਤਣ ਲਈ ਵਾਅਦੇ ਕੀਤੇ, ਪਰ ਕਿਸੇ ਨੇ ਇਹ ਮਾਮਲਾ ਹੱਲ ਨਹੀਂ ਕੀਤਾ। ਪਰ ਮੈਂ ਸ਼ੁਰੂ ਤੋਂ ਹੀ ਇਸ ਕੰਮ ਨੂੰ ਲੈ ਕੇ ਵਚਨਬੱਧ ਰਿਹਾ ਅਤੇ ਅੱਜ ਉਸ ਵਚਨ ਦੀ ਪੂਰੀ ਹੋਣ ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹੁਣ ਜਲਦੀ ਹੀ ਮਸ਼ੀਨਰੀ ਆ ਕੇ ਡੰਪ ਨੂੰ ਸਾਫ਼ ਕਰਨ ਦਾ ਕੰਮ ਸ਼ੁਰੂ ਕਰੇਗੀ। ਇਹ ਸਿਰਫ਼ ਸਫਾਈ ਨਹੀਂ, ਇਹ ਲੋਕਾਂ ਦੀ ਸਿਹਤ ਅਤੇ ਵਾਤਾਵਰਨ ਦੀ ਰੱਖਿਆ ਵੱਲ ਇੱਕ ਵੱਡਾ ਕਦਮ ਹੈ।

# ਭੂਰੀ ਵਾਲੇ ਬਾਬਿਆਂ ਨੇ ਲਗਾਏ ਅੰਮ੍ਰਿਤਸਰ ਦੇ ਪ੍ਰਵੇਸ਼ ਦਵਾਰ ਨੇੜੇ ਦਰਖ਼ਤ, ਡੀ.ਸੀ. ਨੇ ਕੀਤਾ ਧੰਨਵਾਦ



ਅੰਮ੍ਰਿਤਸਰ, 12 ਜੁਲਾਈ, (ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਵੱਲੋਂ ਜ਼ਿਲ੍ਹੇ ਵਿੱਚ ਬਰਸਾਤ ਦੇ ਇਸ ਮੌਸਮ ਦੌਰਾਨ ਵੱਧ ਤੋਂ ਵੱਧ ਦਰੱਖਤ ਲਗਾਉਣ ਦੀ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਸੰਪਰਦਾਇ ਕਾਰ ਸੇਵਾ ਭੂਰੀ ਵਾਲੇ ਬਾਬਾ ਕਸ਼ਮੀਰ ਸਿੰਘ, ਬਾਬਾ ਸੁਖਵਿੰਦਰ ਸਿੰਘ ਅਤੇ ਉਹਨਾਂ ਦੀ ਵਾਤਾਵਰਣ ਟੀਮ ਵੱਲੋਂ ਮਿਸ਼ਨ ਗ੍ਰੀਨ ਅੰਮ੍ਰਿਤਸਰ, ਕਲੀਨ ਅੰਮ੍ਰਿਤਸਰ ਮੁਹਿੰਮ ਤਹਿਤ ਗੋਲਡਨ ਗੇਟ (ਵਲਾ ਬਾਈਬਸ) ਦੇ ਵਿੱਚਲੇ ਡਿਵਾਈਡਰ ਉੱਤੇ ਖ਼ੂਬਸੂਰਤ ਰੁੱਖ ਲਗਾਏ। ਇਨ੍ਹਾਂ ਛੇ ਕਿਸਮਾਂ ਦੇ ਬੂਟਿਆਂ ਵਿੱਚ ਨਿੰਮ, ਪਿਲਕਣ, ਕਚਨਾਰ, ਕੁਸੁਮ, ਚਕਰਸੀਆ ਅਤੇ ਅਮਲਤਾਸ ਜਿਹੇ 100 ਤੋਂ ਵੱਧ ਵਾਤਾਵਰਣ ਨੂੰ ਸੁੰਦਰ ਬਣਾਉਣ ਵਾਲੇ ਰੁੱਖ ਲਗਾਏ ਗਏ। ਇਹਨਾਂ ਰੁੱਖਾਂ ਦੀ ਸੁਰੱਖਿਆ ਲਈ ਜੰਗਲੇ ( ਟ੍ਰੀ ਗਾਰਡ) ਵੀ ਲਗਾਏ ਗਏ।

ਡਿਪਟੀ ਕਮਿਸ਼ਨਰ ਨੇ ਸੰਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਾਬਾ ਜੀ ਨੇ ਵਾਤਾਵਰਨ ਦੀ ਸੰਭਾਲ ਲਈ ਪਹਿਲਾਂ ਵੀ ਵੱਡੇ ਪ੍ਰੋਜੈਕਟ ਕੀਤੇ ਹਨ ਅਤੇ ਹੁਣ ਉਹਨਾਂ ਵੱਲੋਂ ਫਿਰ ਅੰਮ੍ਰਿਤਸਰ ਦੇ ਚੌਗਿਰਦੇ ਨੂੰ ਸਾਫ ਰੱਖਣ ਲਈ ਦਰਖ਼ਤ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨਾਂ ਨੇ ਹੋਰ ਵੀ ਸੰਸਥਾਵਾਂ ਅਤੇ ਜ਼ਿਲ੍ਹਾ ਵਾਸੀਆਂ ਨੂੰ ਅੱਗੇ ਆਉਣ ਦਾ ਸੱਦਾ ਦਿੰਦੇ ਕਿਹਾ ਕਿ ਬਰਸਾਤ ਦੇ ਇਸ ਮੌਸਮ ਵਿੱਚ ਵੱਧ ਤੋਂ ਵੱਧ ਦਰਖਤ ਆਪਣੇ ਜਿਲ੍ਹੇ ਦੇ ਵਿੱਚ ਲਗਾਈਏ ਤਾਂ ਜੋ ਸਾਡੇ ਜ਼ਿਲ੍ਹੇ ਵਿੱਚ ਵੱਧ ਰਹੀ ਗਰਮੀ ਅਤੇ ਤਾਪਮਾਨ ਨੂੰ ਘੱਟ ਕੀਤਾ ਜਾ ਸਕੇ।

# ਲਾਇਲਪੁਰ ਖ਼ਾਲਸਾ ਕਾਲਜ ਦੇ ਡੀ.ਸੀ.ਏ. ਸਮੈਸਟਰ ਪਹਿਲੇ ਦਾ ਨਤੀਜਾ ਰਿਹਾ ਸ਼ਾਨਦਾਰ



ਜਲੰਧਰ, 12 ਜੁਲਾਈ, (ਸੰਦੀਪ ਕੌਲ) : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨ (ਡੀ.ਸੀ.ਏ.) ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੁਆਰਾ ਐਲਾਨੇ ਗਏ ਨਤੀਜਿਆਂ ਵਿੱਚੋਂ ਵਿਦਿਆਰਥਣ ਤਾਨੀਆ ਮੋਦਗਿੱਲ ਨੇ 10 ਵਿਚੋਂ 8.50 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਤੀਜਾ ਸਥਾਨ, ਨਵਜੋਤ ਅਤੇ ਰਾਧੀਕਾ ਬਾਂਗਰ ਨੇ 7.75 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਛੇਵਾਂ ਸਥਾਨ ਹਾਸਲ ਕੀਤਾ। ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚੋਂ ਵਿਸ਼ੇਸ਼ ਸਥਾਨ ਜਾਂ ਮੈਰਿਟ ਵਿਚ ਆਉਂਦੇ ਹਨ, ਉਨ੍ਹਾਂ ਨੂੰ ਵੀ ਵਿਸ਼ੇਸ਼ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ। ਵਿਦਿਆਰਥਣਾਂ ਨੇ ਆਪਣੀ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਣ ਨੂੰ ਦਿੱਤਾ। ਇਸ ਮੌਕੇ ਵਾਈਸ-ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਪ੍ਰੋ. ਸੰਦੀਪ ਬੱਸੀ, ਪ੍ਰੋ. ਕਰਨਬੀਰ ਸਿੰਘ ਕਲੇਰ ਅਤੇ ਪ੍ਰੋ. ਸ਼ੈਲੀ ਵੀ ਹਾਜ਼ਰ ਸਨ।

# ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ.ਡੀ.ਪੀ.ਓ. ਦਫ਼ਤਰ ਫਿਲੌਰ ਵਿਖੇ ਪੱਕਾ ਧਰਨਾ




ਫਿਲੌਰ, 12 ਜੁਲਾਈ, (ਅਜੇ ਸਿੰਘ ਨਾਗੀ) : ਲੋਕ ਇਨਸਾਫ਼ ਮੰਚ ਵੱਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕਾ ਧਰਨਾ ਅੱਜ ਪੰਜਵੇਂ ਦਿਨ ਵਿੱਚ ਸ਼ਾਮਲ ਹੋ ਗਿਆ। ਅੱਜ ਪੰਜਵੇਂ ਦਿਨ ਵੱਖ ਵੱਖ ਧਾਰਮਿਕ ਸੰਸਥਾਵਾਂ ਭਰਾਤਰੀ ਜਥੇਬੰਦੀਆਂ, ਕਲੱਬਾਂ, ਪੰਚਾਇਤਾ ਦੇ ਆਗੂਆਂ ਵੱਲੋਂ ਪੱਕੇ ਧਰਨੇ ਦੀ ਹਮਾਇਤ ਦਾ ਐਲਾਨ ਕੀਤਾ ਗਿਆ। ਇਸ ਮੌਕੇ ਹਮਾਇਤ ਕਰਨ ਵਾਲੀਆਂ ਧਾਰਮਿਕ ਸੰਸਥਾਵਾਂ ਦੇ ਮੁਖੀ ਜਿਹਨਾਂ ਵਿਚ ਸ਼ੰਭੂ ਜੀ ਡੇਰਾ ਮਈਆ ਭਗਵਾਨ ਫਿਲੌਰ, ਬਾਬਾ ਬਿੱਲੈ ਸ਼ਾਹ ਜੀ ਦਰਬਾਰ ਪਿੰਡ ਕਰੀਹਾ, ਬਾਬਾ ਗਿਆਨ ਚੰਦ ਜੀ ਇੱਛਾਧਾਰੀ ਦਰਬਾਰ ਮੁਕੰਦਪੁਰ, ਬਾਬਾ ਰਣਜੀਤ ਕੌਰ ਜੀ ਦਰਬਾਰ ਮੁਕੰਦਪੁਰ, ਬੀਬੀ ਮੋਬਿਨਾ ਸਾਬਰੀ, ਤਾਜੁਦੀਨ ਡੇਰਾ ਫਿਲੌਰ, ਬੀਬੀ ਵਿੱਦਿਆ ਡੇਰਾ ਲੱਖ ਦਾਤਾ ਸ਼ੇਲਾਪੁਰ, ਬੀਬੀ ਸਰਬਜੀਤ ਕੌਰ ਡੇਰਾ ਗਿਆਰ੍ਹਵੀਂ ਪੀਰ ਫ਼ਗਵਾੜਾ, ਬੀਬੀ ਮਨਜੀਤ ਕੌਰ ਜੀ ਡੇਰਾ ਬਾਬਾ ਬਾਲਕ ਨਾਥ ਗੁਰਾਇਆ, ਸਾਈ ਕਾਲੇ ਸ਼ਾਹ ਜੀ ਡੇਰਾ ਗੁੱਗਾ ਜ਼ਾਹਰ ਪੀਰ ਨੰਗਲ, ਬਾਬਾ ਹਰਜਿੰਦਰ ਕੁਮਾਰ ਜੀ ਡੇਰਾ ਬਾਬਾ ਪੀਰ ਪਲਾਹੀ ਸ਼ਾਹ ਸਮਰਾਏ, ਬਾਬਾ ਸ਼ੌਕਤ ਅਲੀ ਹਜ਼ਰਤ ਬਲ਼ੀ ਥਲਾ, ਬਾਬਾ ਨਿਰਮਲ, ਬਬਾ ਹਰਮੇਸ਼ ਅਲੀ ਸਾਬਰੀ ਡੇਰਾ ਬਾਬਾ ਸੋਢੀ ਸ਼ਾਹ, ਬਾਬਾ ਲੱਡੂ ਡੇਰਾ ਮੇਹਰ ਅਲੀ ਲੁਧਿਆਣਾ ਤੇ ਸਾਰੀ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਵਲੋਂ ਧਰਨੇ ਵਿੱਚ ਹਾਜ਼ਰੀ ਲਗਵਾਈ ਗਈ॥ ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਐਡਵੋਕੇਟ ਸੰਜੀਵ ਕੁਮਾਰ ਭੌਰਾ, ਡਾਕਟਰ ਸੰਦੀਪ ਕੁਮਾਰ, ਲਾਡੀ ਮਹਿਸਮਪੁਰ, ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਰਾਜਵਿੰਦਰ ਸਿੰਘ ਮੁਠੱਡਾ, ਜਸਵੰਤ ਬੋਧ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾ ਇਹ ਧਰਨਾ ਪੱਕੇ ਤੌਰ 'ਤੇ ਚੱਲਦਾ ਰਹੇਗਾ ਅਤੇ 15 ਜੁਲਾਈ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਇਕੱਠ ਕੀਤਾ ਜਾਵੇਗਾ, ਜਿਸ ਦੀ ਤਿਆਰੀ ਪਿੰਡ ਪਿੰਡ ਜਾ ਕੇ ਸ਼ੁਰੂ ਕੀਤੀ ਜਾ ਰਹੀ ਹੈ। ਇਸ ਮੌਕੇ ਪਾਲਾ ਸਿੰਘ ਲੰਬਰਦਾਰ ਰਾਮਗੜ, ਪ੍ਰੀਤਮ ਰਾਮ ਸਰਪੰਚ, ਮੱਘਰ ਜਗਤਪੁਰ, ਸਰੂਪ ਕਲੇਰ, ਪ੍ਰਿਥੀ ਰਾਜ ਰਾਣਾ, ਤਰਸੇਮ ਗੰਨਾ ਪਿੰਡ, ਧਰਮਿੰਦਰ ਗੰਨਾ ਪਿੰਡ, ਖੀਰਾ ਗੰਨਾ ਪਿੰਡ, ਬਲ਼ੀ ਰਾਮ ਗੰਨਾ ਪਿੰਡ, ਮਨਜੀਤ ਕੁਮਾਰ, ਕਸ਼ਮੀਰੀ ਲਾਲ, ਜੋਗਿੰਦਰ ਪਾਲ ਕਾਲ਼ਾ, ਜਸਪ੍ਰੀਤ ਰਵਿਦਾਸ ਪੁਰਾ, ਬੀਬੀ ਸੋਮਾ ਰਾਣੀ, ਸਲਿੰਦਰ ਕੌਰ, ਬੀਬੀ ਹੰਸ ਕੌਰ, ਸੁਨੀਤਾ ਫਿਲੌਰ, ਕਮਲਜੀਤ ਕੌਰ, ਮੰਮਤਾ ਰਾਣੀ, ਗੇਜੋਂ, ਸੁਰਜੀਤ ਕੌਰ, ਮੀਤੋ ਮੁਠੱਡਾ, ਮੀਨੂ ਮੁਠੱਡਾ, ਸੁਰਿੰਦਰ ਕੌਰ, ਗਿਆਨੋ, ਪੰਮੀ ਫਿਲੌਰ, ਸਾਬਕਾ ਸਰਪੰਚ ਪਿਆਰੀ, ਕਮਲ਼ਾ ਬਿੰਦਰ, ਜਸਵਿੰਦਰ ਕੋਰ, ਹਰਬੰਸ ਕੌਰ, ਸੰਦੀਪ ਕੁਮਾਰੀ ਸਰਪੰਚ ਆਦਿ ਹਾਜ਼ਰ ਸਨ।

# ਮਾਸਟਰ ਕਲੋਨੀ ਨੇੜੇ ਪਾਰਕ 'ਚ ਸੁੱਕਾ ਦਰੱਖਤ ਬਿਜਲੀ ਦੀ ਤਾਰ 'ਤੇ ਡਿੱਗਿਆ, ਲੋਕਾਂ 'ਚ ਰੋਸ



ਦੀਨਾ ਨਗਰ, 12 ਜੁਲਾਈ, (ਡਾ.ਰਮੇਸ਼ ਸਰੰਗਲ) : ਦੀਨਾ ਨਗਰ ਦੀ ਮਾਸਟਰ ਕਲੋਨੀ ਦੇ ਨੇੜਲੇ ਜੰਗਲਾਤ ਵਿਭਾਗ ਦੀ ਪਾਰਕ ਵਿਚ ਪਿਛਲੇ ਸੱਤ-ਅੱਠ ਦਿਨਾਂ ਤੋਂ ਇੱਕ ਸੁੱਕਾ ਦਰੱਖਤ ਬਿਜਲੀ ਦੀ ਤਾਰ ਉੱਤੇ ਡਿੱਗਿਆ ਹੋਇਆ ਹੈ। ਇਸ ਗੰਭੀਰ ਮਾਮਲੇ ਵੱਲ ਨਾ ਤਾਂ ਜੰਗਲਾਤ ਵਿਭਾਗ ਨੇ ਧਿਆਨ ਦਿੱਤਾ ਹੈ ਅਤੇ ਨਾ ਹੀ ਬਿਜਲੀ ਵਿਭਾਗ ਵੱਲੋਂ ਕੋਈ ਕਾਰਵਾਈ ਕੀਤੀ ਗਈ ਹੈ।

ਇਹ ਪਾਰਕ ਇਲਾਕੇ ਦੇ ਲੋਕਾਂ ਲਈ ਸਵੇਰ ਦੀ ਸੈਰ ਦਾ ਮੁੱਖ ਕੇਂਦਰ ਹੈ। ਪਾਰਕ ਵਿੱਚ ਆਉਣ ਵਾਲੇ ਸੈਲਾਨੀਆਂ ਅਤੇ ਰਾਹਗੀਰਾਂ ਨੇ ਗੰਭੀਰ ਚਿੰਤਾ ਜਤਾਈ ਹੈ ਕਿ ਇਸ ਤਰ੍ਹਾਂ ਦਾ ਲਾਪਰਵਾਹੀ ਭਰਿਆ ਵਿਵਹਾਰ ਕਿਸੇ ਵੱਡੀ ਅਨਹੋਣੀ ਨੂੰ ਜਨਮ ਦੇ ਸਕਦਾ ਹੈ।

ਇਸ ਸਬੰਧ ਵਿੱਚ ਸੈਰ ਕਰਦੇ ਨਰਿੰਦਰ ਕੁਮਾਰ ਨੇ ਕਿਹਾ, ਮੈਂ ਕਈ ਵਾਰ ਜੰਗਲਾਤ ਮਹਿਕਮੇ ਅਤੇ ਬਿਜਲੀ ਵਿਭਾਗ ਨੂੰ ਫੋਨ ਕਰ ਚੁੱਕਿਆ ਹਾਂ। ਪਰ ਅਫ਼ਸੋਸ ਕਿ ਅਜੇ ਤੱਕ ਕਿਸੇ ਨੇ ਵੀ ਇਸ ਵੱਲ ਧਿਆਨ ਨਹੀਂ ਦਿੱਤਾ।

ਇਲਾਕਾ ਨਿਵਾਸੀਆਂ ਨੇ ਜੰਗਲਾਤ ਵਿਭਾਗ ਅਤੇ ਬਿਜਲੀ ਵਿਭਾਗ ਨੂੰ ਸਖਤ ਅਪੀਲ ਕੀਤੀ ਹੈ ਕਿ ਦਰੱਖਤ ਨੂੰ ਤੁਰੰਤ ਕੱਟ ਕੇ ਬਿਜਲੀ ਦੀ ਤਾਰ ਤੋਂ ਹਟਾਇਆ ਜਾਵੇ, ਤਾਂ ਜੋ ਪਾਰਕ ਵਿਚ ਆਉਣ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਸਥਾਨਕ ਲੋਕਾਂ ਦੀ ਮੰਗ ਹੈ ਕਿ ਜਿੰਨੀ ਜਲਦੀ ਹੋ ਸਕੇ, ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਕਾਰਵਾਈ ਕੀਤੀ ਜਾਵੇ, ਤਾਂ ਜੋ ਕਿਸੇ ਵੀ ਕਿਸਮ ਦੀ ਹਾਦਸੇਵਾਜ਼ੀ ਘਟਨਾ ਤੋਂ ਬਚਿਆ ਜਾ ਸਕੇ। ਇਸ ਮੌਕੇ 'ਤੇ ਰਜਿੰਦਰ ਸੈਣੀ ਤੋਂ ਇਲਾਵਾ ਕਾਫੀ ਲੋਕ ਹਾਜ਼ਰ ਸਨ।

# ਨਵੇਂ ਪਿੰਡ ਅੱਡੇ 'ਚ ਦੁਕਾਨ ਤੇ 'ਚੋਂ ਨਗਦ ਰਾਸ਼ੀ ਤੇ ਸਮਾਨ ਚੋਰੀ



ਤਰਸਿੱਕਾ, 12 ਜੁਲਾਈ, (ਦਵਿੰਦਰ ਤਰਸਿੱਕਾ) : ਬੀਤੀ ਰਾਤ ਨਵਾਂ ਪਿੰਡ ਵਿਖੇ ਵਿਚ ਚੋਰਾਂ ਵੱਲੋਂ ਇੱਕ ਦੁਕਾਨ ਨੂੰ ਨਿਸ਼ਾਨਾ ਬਣਾਇਆ ਗਿਆ। ਜਿਸ ਵਿੱਚੋਂ ਨਗਦ ਰਾਸ਼ੀ ਕਰੀਬ 30,000 ਅਤੇ ਦੁਕਾਨ ਦਾ ਸਮਾਨ ਚੋਰੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਆਪਣੀ ਗੱਲਬਾਤ ਕਰਦਿਆਂ ਬਲਰਾਜ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਛੀਨਾ ਨੇ ਦੱਸਿਆ, ਕਿ ਰਾਤ 9 ਵਜੇ ਦੇ ਕਰੀਬ ਆਪਣੀ ਦੁਕਾਨ ਬੰਦ ਕਰਕੇ ਘਰ ਚਲੇ ਗਏ ਅਤੇ ਸਵੇਰੇ ਜਦ 9 ਵਜੇ 30 ਮਿੰਟ 'ਤੇ ਆਏ, ਤਾਂ ਦੁਕਾਨ ਦਾ ਸ਼ਟਰ ਖੁੱਲ੍ਹਾ ਹੋਇਆ ਸੀ, ਜਿਸ ਦੀ ਦਰਖਾਸਤ ਪੁਲਿਸ ਚੌਂਕੀ ਨਵਾਂ ਪਿੰਡ ਵਿਖੇ ਦਿੱਤੀ ਗਈ ਹੈ। ਇਸ ਸਬੰਧੀ ਪੁਲਿਸ ਚੌਂਕੀ ਨਵਾਂ ਪਿੰਡ ਦੇ ਇੰਚਾਰਜ ਤਰਸੇਮ ਸਿੰਘ ਨਾਲ ਸੰਪਰਕ ਕੀਤਾ, ਤਾਂ ਉਹਨਾਂ ਕਿਹਾ ਕਿ ਇਸ ਮਸਲੇ ਦੀ ਜਾਂਚ ਚੱਲ ਰਹੀ ਹੈ ਅਤੇ ਜਲਦੀ ਦੋਸ਼ੀਆਂ ਨੂੰ ਫੜ ਲਿਆ ਜਾਵੇਗਾ।

# ਮੋਦੀ ਅਤੇ ਸ਼ਾਹ ਬਾਰੇ ਭਗਵੰਤ ਮਾਨ ਦੀਆਂ ਟਿੱਪਣੀਆਂ ਅਫ਼ਸੋਸਜਨਕ : ਧੀਮਾਨ



ਲੁਧਿਆਣਾ, 12 ਜੁਲਾਈ (ਰਵਿੰਦਰ ਸਿੰਘ ਨਿੱਝਰ) : ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੀ ਅਗਵਾਈ ਹੇਠ, ਲੁਧਿਆਣਾ ਭਾਜਪਾ ਨੇ ਭਾਜਪਾ ਦਫ਼ਤਰ ਦੇ ਬਾਹਰ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ। ਜਾਣਕਾਰੀ ਲਈ ਦੱਸ ਦੇਈਏ ਕਿ ਕੱਲ੍ਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਦੇਸ਼ ਦੇ ਗ੍ਰਹਿ ਮੰਤਰੀ ਵਿਰੁੱਧ ਗਲਤ ਸ਼ਬਦਾਂ ਦੀ ਵਰਤੋਂ ਕੀਤੀ ਸੀ। ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਮਾਨ ਦੀਆਂ ਟਿੱਪਣੀਆਂ ਨੂੰ ਗੈਰ-ਜ਼ਿੰਮੇਵਾਰਾਨਾ ਅਤੇ ਅਫਸੋਸਜਨਕ ਦੱਸਿਆ। ਉਨ੍ਹਾਂ ਕਿਹਾ ਕਿ ਇਹ ਬਿਆਨ ਨਾ ਸਿਰਫ਼ ਭਾਰਤ ਦੇ ਕੂਟਨੀਤਕ ਪਹੁੰਚ ਨੂੰ ਚੁਣੌਤੀ ਦਿੰਦਾ ਹੈ, ਸਗੋਂ ਰਾਜਨੀਤਿਕ ਚਰਚਾ ਵਿੱਚ ਇੱਕ ਨਵੀਂ ਬਹਿਸ ਵੀ ਸ਼ੁਰੂ ਕਰਦਾ ਹੈ। ਜ਼ਿਲ੍ਹਾ ਪ੍ਰਧਾਨ ਧੀਮਾਨ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਮਾਨ ਨੇ 2015 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਚਾਨਕ ਪਾਕਿਸਤਾਨ ਦੌਰੇ ਦਾ ਹਵਾਲਾ ਦਿੰਦੇ ਹੋਏ ਇੱਕ ਵਿਅੰਗਾਤਮਕ ਟਿੱਪਣੀ ਕੀਤੀ ਸੀ। ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਆਮ ਨਾਗਰਿਕ ਪਾਕਿਸਤਾਨ ਨਹੀਂ ਜਾ ਸਕਦੇ, ਪਰ ਪ੍ਰਧਾਨ ਮੰਤਰੀ ਬਿਨਾਂ ਸੱਦੇ ਦੇ ਉੱਥੇ ਬਿਰਿਆਨੀ ਖਾਣ ਪਹੁੰਚ ਜਾਂਦੇ ਹਨ। ਇਸ ਮੌਕੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ, ਸੂਬਾ ਖਜ਼ਾਨਚੀ ਗੁਰਦੇਵ ਸ਼ਰਮਾ ਦੇਵੀ, ਸਾਬਕਾ ਜ਼ਿਲ੍ਹਾ ਪ੍ਰਧਾਨ ਪਰਵੀਨ ਬਾਂਸਲ, ਜ਼ਿਲ੍ਹਾ ਜਨਰਲ ਸਕੱਤਰ ਸਰਦਾਰ ਨਰੇਂਦਰ ਸਿੰਘ ਮੱਲੀ, ਮੀਤ ਪ੍ਰਧਾਨ ਡਾ: ਨਿਰਮਲ ਨਈਅਰ, ਮਨੀਸ਼ ਚੋਪੜਾ, ਸੁਮਨ ਵਰਮਾ, ਸਕੱਤਰ ਅੰਕਿਤ ਬੱਤਰਾ, ਕੌਂਸਲਰ ਪਾਰਟੀ ਆਗੂ ਪੂਨਮ ਰਤਾੜਾ, ਮਹਿਲਾ ਮੋਰਚਾ ਸ਼ੀਨੂ ਚੁਗ, ਯੁਵਾ ਮੋਰਚਾ ਪ੍ਰਧਾਨ ਰਵੀ ਬਤਰਾ, ਸੁਖਦੇਵ ਸਿੰਘ ਗਿੱਲ, ਅਮਿਤ ਮਿੱਤਲ, ਯੋਗੇਸ਼ ਸ਼ਰਮਾ, ਅਮਿਤ ਸ਼ਰਮਾ, ਗੁਰਵਿੰਦਰ ਸਿੰਘ ਵਿੱਕੀ, ਸੁਰੇਸ਼ ਅਗਰਵਾਲ, ਰਮੇਸ਼ ਸ਼ਰਮਾ, ਕੇਸ਼ਵ ਗੁਪਤਾ, ਕਪਿਲ ਕਤਿਆਲ, ਹਰਵਿੰਦਰ ਸਿੰਘ, ਅਸ਼ੀਸ਼ ਗੁਪਤਾ, ਰੁਪਿੰਦਰ ਗੁਜਰਾਲ ਆਦਿ ਹਾਜ਼ਰ ਸਨ।

## ਪ੍ਰਚੂਨ ਸਬਜ਼ੀ ਮੰਡੀ 'ਚੋਂ ਨਕਲੀ ਪਨੀਰ ਨਸ਼ਟ ਕਰਵਾਇਆ



ਲੁਧਿਆਣਾ, 12 ਜੁਲਾਈ (ਰਵਿੰਦਰ ਸਿੰਘ ਨਿੱਝਰ) : ਅੱਜ ਮਾਰਕੀਟ ਕਮੇਟੀ ਲੁਧਿਆਣਾ ਦੇ ਚੇਅਰਮੈਨ ਸਰਦਾਰ ਗੁਰਜੀਤ ਸਿੰਘ ਗਿੱਲ ਮੰਡੀ ਦਾ ਦੌਰਾ ਕੀਤਾ ਗਿਆ ਮੰਡੀ ਦਾ ਦੌਰਾ ਕਰਦੇ ਹੋਏ ਉਹਨਾਂ ਦੇਖਿਆ ਕਿ ਪਰਚੂਨ ਸਬਜੀ ਮੰਡੀ ਵਾਲੇ ਪਾਸੇ ਕਰੀਬ ਦੋ ਤਿੰਨ ਦੁਕਾਨਦਾਰ ਨਕਲੀ ਪਨੀਰ ਦਾ ਗੋਰਖਧੰਦਾ ਕਰ ਰਹੇ ਹਨ ਜਿਸ ਨੂੰ ਦੇਖਦਿਆਂ ਹੀ ਚੇਅਰਮੈਨ ਗੁਰਜੀਤ ਸਿੰਘ ਵੱਲੋ ਆਪ ਉਸ ਨਕਲੀ ਬਣੇ ਪਨੀਰ ਨੂੰ ਨਸ਼ਟ ਕਰਵਾ ਦਿੱਤਾ ਅਤੇ ਅੱਗੇ ਚੇਤਾਵਨੀ ਵੀ ਦਿੱਤੀ ਕਿ ਜੇਕਰ ਅੱਗੇ ਤੋਂ ਮੰਡੀ ਵਿੱਚ ਨਕਲੀ ਪਨੀਰ ਵੇਚਦੇ ਦੇਖੇ ਗਏ ਤਾਂ ਉਹਨਾਂ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ ਇਸ ਮੌਕੇ ਚੇਅਰਮੈਨ ਗਿੱਲ ਵੱਲੋ ਸੇਹਤ ਵਿਭਾਗ ਨੂੰ ਵੀ ਅਪੀਲ ਕੀਤੀ ਤੁਸੀਂ ਗਈ ਕਿ ਨਕਲੀ ਪਨੀਰ ਵੇਚਣ ਵਾਲਿਆਂ ਵੱਲ ਧਿਆਨ ਕੀਤਾ ਜਾਵੇ ਤਾ ਜੋ ਸਾਡੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਰੰਗਲਾ ਪੰਜਾਬ ਦਾ ਸੁਪਨਾ ਪੂਰਾ ਕੀਤਾ ਜਾ ਸਕੇ ਕਿਉਂਕਿ ਆਮ ਆਦਮੀ ਪਾਰਟੀ ਪੰਜਾਬ ਵਿੱਚੋਂ ਜਮਾਖੋਰ ਅਤੇ ਮਿਲਾਵਟ ਖੋਰਾਂ ਨੂੰ ਜੜ ਤੋਂ ਪੱਟ ਕੇ ਸੁੱਟ ਦਵੇਗੀ ਅਤੇ ਪੰਜਾਬ ਨੂੰ ਫਿਰ ਰੰਗਲਾ ਪੰਜਾਬ ਬਣਾਵੇਗੀ।

# ਜਾਨਵਰਾਂ 'ਤੇ ਅੱਤਿਆਚਾਰ ਸਬੰਧੀ ਪਾਸ ਕੀਤਾ ਸੋਧ ਬਿੱਲ ਨਿੰਦਣਯੋਗ : ਡਾ. ਸ਼ਰਮਾ



ਲੁਧਿਆਣਾ, 12 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਡਾਕਟਰ ਓਂਕਾਰ ਚੰਦ ਸ਼ਰਮਾ ਨੇ ਆਖਿਆ ਹੈ ਕਿ ਪੰਜਾਬ ਸਰਕਾਰ ਵਿੱਚੋਂ ਹਾਲ ਹੀ ਵਿੱਚ ਹੋਏ ਸੈਸ਼ਨ ਵਿੱਚ ਜਾਨਵਰਾਂ ਤੇ ਜ਼ੁਲਮ ਸਬੰਧੀ ਪਾਸ ਕੀਤਾ ਗਿਆ ਸੋਧ ਬਿੱਲ ਬਹੁਤ ਨਿੰਦਣਯੋਗ ਅਤੇ ਮਾੜੀ ਗੱਲ ਹੈ। ਡਾਕਟਰ ਸ਼ਰਮਾ ਨੇ ਆਖਿਆ ਕਿ ਜਾਨਵਰਾਂ ਤੇ ਹੁੰਦਾ ਜ਼ੁਲਮ ਰੋਕਣ ਲਈ ਇਹ ਬਿਲ ਪਹਿਲਾਂ ਪਾਸ ਕੀਤਾ ਗਿਆ ਸੀ ਜਿਸ ਨੂੰ ਕਿ ਹੁਣ ਸੋਧ ਕੇ ਬਲਦਾਂ ਕੁੱਤਿਆਂ ਤੇ ਹੋਰਾਂ ਜਾਨਵਰਾਂ ਦੀਆਂ ਦੌੜਾਂ ਕਰਵਾਉਣ ਦੀ ਜਿਹੜੀ ਇਜਾਜ਼ਤ ਦਿੱਤੀ ਗਈ ਹੈ ਇਸ ਇਹ ਗਲਤ ਹੈ।

ਉਹਨਾਂ ਕਿਹਾ ਕਿ ਜਾਨਵਰਾਂ ਖਾਸ ਕਰ ਬਲਦਾਂ, ਕੁੱਤਿਆਂ ਜਾਂ ਹੋਰਾਂ ਦੀਆਂ ਦੌੜਾਂ ਕਰਵਾਉਣ ਵੇਲੇ ਉਹਨਾਂ ਨੂੰ ਜਿਤਾਉਣ ਲਈ ਉਹਨਾਂ ਦੇ ਮਾਲਕ ਬਹੁਤ ਹੀ ਘਟੀਆ ਹੱਥ ਕੰਡੇ ਵਾਪਰਦੇ ਹਨ ਕਈ ਜਾਨਵਰਾਂ ਨੂੰ ਨਸ਼ੇ ਦੇ ਟੀਕੇ ਲਾਏ ਜਾਂਦੇ ਹਨ, ਕਈਆਂ ਨੂੰ ਅਜਿਹੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਉਹ ਮੌਕੇ ਤੇ ਤੇਜ਼ ਦੌੜ ਸਕਣ ਜਿਨਾਂ ਦਾ ਉਹਨਾਂ ਦੇ ਸਰੀਰ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਕਈ ਮਾਲਕ ਆਪਣੇ ਬਲਦਾਂ ਨੂੰ ਭਜਾਉਣ ਲਈ ਸੋਟੀ ਉੱਤੇ ਇੱਕ ਮੇਖ ਜਿਸ ਨੂੰ ਕਿ ਆਰ ਕਿਹਾ ਜਾਂਦਾ ਹੈ ਲਗਾ ਕੇ ਬਲਦਾਂ ਦੇ ਚੁਭਾਉਂਦੇ ਹਨ ਤਾਂ ਕਿ ਉਹ ਤੇਜ਼ ਦੌੜਨ ਇਹ ਜਾਨਵਰਾਂ ਉੱਤੇ ਬਹੁਤ ਵੱਡਾ ਜ਼ੁਲਮ ਹੈ। ਡਾਕਟਰ ਸ਼ਰਮਾ ਨੇ ਆਖਿਆ ਕਿ ਪੰਜਾਬ ਸਰਕਾਰ ਨੇ ਇਸ ਨੂੰ ਵਿਰਸੇ ਨਾਲ ਜੋੜਨ ਦੀ ਗੱਲ ਕੀਤੀ ਹੈ ਜੋ ਕਿ ਬਿਲਕੁਲ ਬੇਤੁਕੀ ਹੈ। ਸਾਡਾ ਵਿਰਸਾ ਜਾਂ ਸੱਭਿਆਚਾਰ ਇਕ ਬਿਲਕੁਲ ਨਹੀਂ ਆਖਦਾ ਕਿ ਜਾਨਵਰਾਂ ਤੇ ਜ਼ੁਲਮ ਕੀਤਾ ਜਾਵੇ। ਉਹਨਾਂ ਕਿਹਾ ਕਿ ਕੋਈ ਵੀ ਧਰਮ ਇਹ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਜਾਨਵਰਾਂ ਤੇ ਜ਼ੁਲਮ ਕੀਤਾ ਜਾਵੇ। ਸਾਰੇ ਧਰਮ ਜਾਨਵਰਾਂ ਨਾਲ ਪਿਆਰ ਕਰਨ ਦਾ ਸੰਦੇਸ਼ ਦਿੰਦੇ ਹਨ। ਉਹਨਾਂ ਕਿਹਾ ਕਿ ਸਰਕਾਰ ਨੂੰ ਇਹ ਬਿੱਲ ਵਾਪਸ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਹੁਤ ਸਾਰੇ ਲੋਕਾਂ ਦੇ ਵਿੱਚ ਇਸ ਬਿੱਲ ਕਾਰਨ ਨਿਰਾਸ਼ਾ ਫੈਲ ਗਈ ਹੈ ਜਿਸ ਦਾ ਪ੍ਰਗਟਾਵਾ ਉਹ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਰਨਗੇ ਅਤੇ ਆਮ ਆਦਮੀ ਪਾਰਟੀ ਨੂੰ ਜਾਨਵਰਾਂ ਉੱਤੇ ਜ਼ੁਲਮ ਕਰਨ ਦੀ ਕਥਿਤ ਇਜਾਜ਼ਤ ਦੇਣ ਤੇ ਸਬਕ ਸਿਖਾਉਣਗੇ।

# ਬਾਜਵਾ ਦਾ ਕੇ.ਕੇ. ਬਾਵਾ ਨੇ ਕੀਤਾ ਸਨਮਾਨ



ਲੁਧਿਆਣਾ, 12 ਜੁਲਾਈ (ਰਵਿੰਦਰ ਸਿੰਘ ਨਿੱਝਰ) : ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਤ ਸਿੰਘ ਦਾਖਾ ਅਤੇ ਕਾਂਗਰਸੀ ਆਗੂ ਪਰਮਜੀਤ ਸਿੰਘ ਘਵੱਦੀ ਨੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਹ ਸਨਮਾਨ ਉਨਾਂ ਨੂੰ 14 ਮਈ ਨੂੰ ਚੱਪੜਚਿੜੀ ਦੇ ਇਤਿਹਾਸਿਕ ਮੈਦਾਨ ਵਿੱਚ ਦਿੱਤਾ ਜਾਣਾ ਸੀ ਪਰ ਉਹ ਬਾਹਰ ਹੋਣ ਕਾਰਨ ਲੈ ਨਹੀਂ ਸਕੇ ਸਨ।

ਇਸ ਸਮੇਂ ਸ. ਬਾਜਵਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਦਰਸਾਏ ਰਸਤੇ 'ਤੇ ਚੱਲ ਕੇ ਸਾਨੂੰ ਅੱਜ ਦੀ ਕਿਸਾਨੀ ਨੂੰ ਖੁਸ਼ਹਾਲ ਕਰਨ ਲਈ ਉਸਾਰੂ ਰੋਲ ਅਦਾ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਰਤੀ ਕਿਸਾਨਾਂ ਨੂੰ ਮੁਜਾਰਿਆਂ ਤੋਂ ਜ਼ਮੀਨਾਂ ਦੇ ਮਾਲਕ ਬਣਾਇਆ ਅਤੇ ਪਹਿਲੇ ਸਿੱਖ ਲੋਕ ਰਾਜ ਦੀ ਸਥਾਪਨਾ ਕਰਕੇ 14 ਮਈ 1710 ਨੂੰ ਸਰਹਿੰਦ 'ਤੇ ਫਤਿਹ ਦਾ ਝੰਡਾ ਲਹਿਰਾਇਆ। ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕਾ ਅਤੇ ਮੋਹਰ ਜਾਰੀ ਕੀਤੀ। ਉਹਨਾਂ ਕਿਹਾ ਕਿ 740 ਸਿੰਘਾਂ (ਸਾਥੀਆਂ) ਸਮੇਤ ਦਿੱਲੀ ਮਹਿਰੋਲੀ ਵਿਖੇ 9 ਜੂਨ 1716 ਨੂੰ ਹੋਈ ਸ਼ਹਾਦਤ ਲਾ-ਮਿਸਾਲ ਹੈ। ਉਹਨਾਂ ਕਿਹਾ ਕਿ ਬਾਵਾ ਨੇ 40 ਸਾਲ ਤੋਂ ਸਮਾਜਸੇਵਾ ਦਾ ਝੰਡਾ ਚੁੱਕਿਆ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜਾਈ ਲੜੀ ਹੈ।

## ਜੀ.ਏ.ਡੀ. ਕਾਨਵੈਂਟ ਸਕੂਲ ਵਿਖੇ ਵਿਗਿਆਨ ਪ੍ਰਦਰਸ਼ਨੀ ਲਗਾਈ



ਲੁਧਿਆਣਾ, 12 ਜੁਲਾਈ (ਰਵਿੰਦਰ ਸਿੰਘ ਨਿੱਝਰ) : ਜੀਏਡੀ ਕਾਨਵੈਂਟ ਸੀਨੀ.ਸੈਕੰ.ਸਕੂਲ, ਟੇਡੀ ਰੋਡ, ਸਿਮਲਾਪੁਰੀ ਵਿਖੇ ਸਕੂਲ ਕੈਂਪਸ ਵਿੱਚ ਆਪਣੀ ਸਲਾਨਾ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਕੀਤਾ। ਪ੍ਰਦਰਸ਼ਨੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਉਤਸੁਕਤਾ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨਾ ਸੀ, ਜਿਸ ਨਾਲ ਉਨ੍ਹਾਂ ਦੇ ਪ੍ਰੋਜੈਕਟਾਂ ਅਤੇ ਪ੍ਰਯੋਗਾਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਜਾ ਸਕੇ। ਪ੍ਰਦਰਸ਼ਨੀ ਦਾ ਉਦਘਾਟਨ ਇੰਡੀਅਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਲੋਹਾਰਾ) ਦੀ ਐਮਡੀ ਸ਼੍ਰੀਮਤੀ ਸਰਿਤਾ ਗਰਗ ਅਤੇ ਸਕੂਲ ਦੇ ਡਾਇਰੈਕਟਰ ਡਾ. ਗੌਰਵ ਗਰਗ ਨੇ ਕੀਤਾ। ਉਹਨਾਂ ਵਿਦਿਆਰਥੀਆਂ, ਪ੍ਰਦਰਸ਼ਨੀ ਇੰਚਾਰਜ ਸ਼੍ਰੀ ਰਾਕੇਸ਼ ਅਤੇ ਸਕੂਲ ਦੀ ਵਿਗਿਆਨ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਦੁਕਾਨਾਂ 'ਤੇ ਵਿਕ ਰਿਹਾ ਨਕਲੀ ਪਨੀਰ ਅਤੇ ਦੁੱਧ ਫੜਨ ਲਈ ਵਿਸ਼ੇਸ਼ ਟੀਮਾਂ ਗਠਿਤ ਕੀਤੀਆਂ ਜਾਣ : ਜੱਸ



ਲੁਧਿਆਣਾ, 12 ਜੁਲਾਈ (ਰਵਿੰਦਰ ਸਿੰਘ ਨਿੱਝਰ) : ਮਨੁੱਖੀ ਅਧਿਕਾਰ ਮੰਚ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਜੱਸ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਲਵਾਈਆਂ ਦੀਆਂ ਦੁਕਾਨਾਂ, ਡਾਇਰੀਆਂ ਜਾਂ ਕਰਿਆਨਾ ਦੁਕਾਨਾਂ ਤੇ ਨਕਲੀ ਦੁੱਧ, ਨਕਲੀ ਪਨੀਰ ਅਤੇ ਨਕਲੀ ਖੋਆ ਵਿਕ ਰਿਹਾ ਹੈ ਇਸ ਬਾਰੇ ਕਿਹਾ ਜਾ ਰਿਹਾ ਹੈ ਅਤੇ ਪਿਛਲੇ ਦਿਨੀਂ ਵਿੱਚ ਛਾਪਾ ਮਾਰ ਕੇ ਵੱਡੀ ਮਾਤਰਾ ਵਿੱਚ ਨਕਲੀ ਪਨੀਰ ਫੜਿਆ ਗਿਆ ਹੈ ਇਸ ਲਈ ਦੁਕਾਨਾਂ ਤੇ ਵਿਕ ਰਹੇ ਨਕਲੀ ਦੁੱਧ ਪਨੀਰ ਅਤੇ ਮੱਖਣ ਘਿਓ ਆਦਿ ਨੂੰ ਫੜਨ ਲਈ ਵਿਸ਼ੇਸ਼ ਟੀਮਾਂ ਗਠਿਤ ਕੀਤੀਆਂ ਜਾਣ ਤਾਂ ਜੋ ਕਿ ਦੁਕਾਨਾਂ ਤੇ ਛਾਪੇ ਮਾਰੇ ਜਾਣ ਅਤੇ ਜਿੱਥੇ ਵੀ ਨਕਲੀ ਦੁੱਧ ਪਨੀਰ ਜਾਂ ਕੋਈ ਹੋਰ ਪਦਾਰਥ ਮਿਲਦਾ ਹੈ ਉਹਨਾਂ ਹਲਵਾਈਆਂ ਜਾਂ ਦੁਕਾਨਦਾਰਾਂ ਨੂੰ ਭਾਰੀ ਜੁਰਮਾਨੇ ਕੀਤੇ ਜਾਣ। ਜੱਸ ਨੇ ਕਿਹਾ ਕਿ ਥਾਂ ਥਾਂ ਤੇ ਨਕਲੀ ਪਦਾਰਥ ਵਿਕਣ ਕਾਰਨ ਲੋਕਾਂ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ ਲੋਕਾਂ ਦੇ ਲੀਵਰ, ਕਿਡਨੀਆਂ ਅਤੇ ਹੋਰ ਅੰਗਾਂ ਖਰਾਬ ਹੋ ਰਹੇ ਹਨ। ਇਸ ਕਰਕੇ ਹਸਪਤਾਲਾਂ ਵਿੱਚ ਮਰੀਜ਼ਾਂ ਦੀਆਂ ਭਾਰੀਆਂ ਭੀੜਾਂ ਦੇਖਣ ਨੂੰ ਮਿਲਦੀਆਂ ਹਨ। ਜੱਸ ਨੇ ਸਿਹਤ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਨਕਲੀ ਪਦਾਰਥ ਵੇਚਣ ਵਾਲਿਆਂ ਤੇ ਸਖਤ ਸਿਕੰਜਾ ਕਸਿਆ ਜਾਵੇ। ਉਹਨਾਂ ਕਿਹਾ ਕਿ ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਸਰਕਾਰ ਆਪਣੀ ਜਿੰਮੇਵਾਰੀ ਤੋਂ ਭੱਜ ਰਹੀ ਹੈ ਜੋ ਕਿ ਬਹੁਤ ਦੁੱਖਦਾਈ ਗੱਲ ਹੋਵੇਗੀ।

# ਪੰਜਾਬ ਹਿਤੈਸ਼ੀ ਲੋਕ ਇੱਕ ਮੰਚ 'ਤੇ ਇਕੱਠੇ ਹੋਣ : ਹਾਕਮ ਬਖ਼ਤੜੀਵਾਲਾ



ਲੁਧਿਆਣਾ, 12 ਜੁਲਾਈ (ਰਵਿੰਦਰ ਸਿੰਘ ਨਿੱਝਰ) : ਉੱਘੇ ਸਮਾਜ ਸੇਵਕ ਨਾਮਵਰ ਗਾਇਕ, ਗੀਤਕਾਰ ਤੇ ਲੋਕ ਗਾਇਕ ਕਲਾ ਮੰਚ ਇੰਟਰਨੈਸ਼ਨਲ ਦੇ ਬਾਨੀ ਪ੍ਰਧਾਨ ਹਾਕਮ ਬਖ਼ਤੜੀਵਾਲਾ ਨੇ ਆਖਿਆ ਹੈ ਕਿ ਅੱਜ ਪੰਜਾਬ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਉਸ ਨੇ ਕਿਹਾ ਕਿ ਨਸ਼ਿਆਂ ਨੇ ਨੌਜਵਾਨ ਪੀੜ੍ਹੀ ਨੂੰ ਖਾ ਲਿਆ ਹੈ ਅਤੇ ਖਾ ਰਹੇ ਹਨ, ਗੈਂਗਸਟਰਾਂ ਕਾਰਨ ਪੰਜਾਬ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਕਈ ਵੀ ਖਾਂਦਾ ਪੀਂਦਾ ਵਿਅਕਤੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਮਹਿਸੂਸ ਕਰਦਾ। ਉਹਨਾਂ ਕਿਹਾ ਕਿ ਹੁਣ ਤੱਕ ਆਈਆਂ ਸਰਕਾਰਾਂ ਚੋਂ ਕਿਸੇ ਨੇ ਵੀ ਆਪਣੀ ਜਿੰਮੇਵਾਰੀ ਮੁਸਤੈਦੀ ਨਾਲ ਨਹੀਂ ਨਿਭਾਈ, ਨਹੀਂ ਤਾਂ ਅੱਜ ਪੰਜਾਬ ਦਾ ਰੰਗ ਰੂਪ ਹੀ ਹੋਰ ਹੁੰਦਾ। ਉਹਨਾਂ ਕਿਹਾ ਕਿ ਹੁਣ ਵੇਲਾ ਹੈ ਪੰਜਾਬ ਹਿਤੈਸ਼ੀ ਸਮੂਹ ਲੋਕਾਂ ਅਤੇ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋ ਜਾਣਾ ਚਾਹੀਦਾ ਹੈ ਤਾਂ ਕਿ ਪੰਜਾਬ ਦਾ ਭਵਿੱਖ ਤੈਅ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਜੇਕਰ ਸਮੂਹ ਪੰਜਾਬ ਹਿਤੈਸ਼ੀ ਲੋਕ ਅੱਜ ਵੀ ਇਕੱਠੇ ਨਹੀਂ ਹੁੰਦੇ ਤਾਂ ਇਸ ਦਾ ਖਮਿਆਜ਼ਾ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਭੁਗਤਣਾ ਪਵੇਗਾ। ਉਹਨਾਂ ਕਿਹਾ ਕਿ ਸਾਨੂੰ ਆਪਣੇ ਲਈ ਨਹੀਂ ਬਲਕਿ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਬਚਾਉਣ ਲਈ ਇਕਠੇ ਹੋਣਾ ਹੈ ਇਸ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ। ਉਹਨਾਂ ਕਿਹਾ ਕਿ ਜੇਕਰ ਅਸੀਂ ਅਜੇ ਵੀ ਨਾ ਜਾਗੇ ਤਾਂ ਬਹੁਤ ਦੇਰ ਹੋ ਜਾਵੇਗੀ ਅਤੇ ਉਸ ਤੋਂ ਬਾਅਦ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਪੂਰੀ ਤਰ੍ਹਾਂ ਬਰਬਾਦ ਹੋ ਕੇ ਰਹਿ ਜਾਣਗੀਆਂ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ



ਲੁਧਿਆਣਾ, 12 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਚੁਪਹਿਰਾ ਸਮਾਗਮ ਬੀਤੇ ਦਿਨੀਂ ਬੜੇ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਮਹਾਨ ਜਪ-ਤਪ ਚੁਪਹਿਰਾ ਸਮਾਗਮ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਦੱਸਿਆ ਕਿ ਜਪ-ਤਪ ਚੁਪਹਿਰਾ ਸਮਾਗਮ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨ ਲਈ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾਂਦਾ ਹੈ। ਸ੍ਰ: ਗੁਰਮੀਤ ਸਿੰਘ ਨੇ ਗੁਰੂ ਤੇਗ ਬਹਾਦਰ ਨਗਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰ ਜਪ-ਤਪ ਚੁਪਹਿਰਾ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

# ਵਿਧਾਇਕ ਸਿੱਧੂ ਵੱਲੋਂ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ



ਲੁਧਿਆਣਾ, 12 ਜੁਲਾਈ (ਵਿਸ਼ਾਲ ਸ਼ਰਮਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਅਤੇ ਵਿਕਾਸ ਲਈ ਬੇਹੱਦ ਸੰਵੇਦਨਸ਼ੀਲ ਰਹੀ ਹੈ ਜਿਸਦੇ ਤਹਿਤ ਹੁਣ ਪੰਜਾਬ ਵਾਸੀਆਂ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਹਰ ਇੱਕ ਹਲਕੇ ਵਿੱਚ ਰਹਿੰਦੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਗ੍ਰਾਂਟਾਂ ਦੇ ਗੱਫੇ ਜਾਰੀ ਕੀਤੇ ਜਾ ਰਹੇ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਅੱਜ ਮਹਾਰਾਜਾ ਪਲਾਜ਼ੋ ਮਾਰਕੀਟ, ਫੇਜ਼ 2, ਦੁੱਗਰੀ ਵਿਖੇ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਨੂੰ ਸ਼ੁਰੂ ਕਰਵਾਉਣ ਮੌਕੇ ਕੀਤਾ। ਇਸ ਮੌਕੇ ਕੌਂਸਲਰ ਯੁਵਰਾਜ ਸਿੰਘ ਸਿੱਧੂ ਅਤੇ ਜਤਿੰਦਰ ਸਿੰਘ ਸੇਵਕ ਵੀ ਮੌਜੂਦ ਸਨ। ਵਿਧਾਇਕ ਸਿੱਧੂ ਨੇ ਕਿਹਾ ਕਿ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਅਤੇ ਦੁਕਾਨਦਾਰਾਂ ਅਤੇ ਗਾਹਕਾਂ ਲਈ ਇੱਕ ਸਾਫ਼-ਸੁਥਰਾ ਅਤੇ ਬਿਹਤਰ ਬਾਜ਼ਾਰ ਯਕੀਨੀ ਬਣਾਉਣ ਵੱਲ ਇੱਕ ਬਹੁਤ ਜ਼ਰੂਰੀ ਕਦਮ ਹੈ। ਵਿਧਾਇਕ ਸਿੱਧੂ ਨੇ ਕਿਹਾ ਕਿ 'ਅਸੀਂ ਇਕਜੁੱਟ ਹਾਂ ਕਿ ਨਾਗਰਿਕ ਸਹੂਲਤਾਂ ਨੂੰ ਬਿਹਤਰ ਬਣਾਉਣ ਅਤੇ ਆਪਣੇ ਆਤਮ ਨਗਰ ਪਰਿਵਾਰ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਵਚਨਬੱਧ ਹਾਂ'। ਉਨ੍ਹਾਂ ਅੱਗੇ ਦੱਸਿਆ ਕਿ ਆਮ ਲੋਕਾਂ ਵੱਲੋਂ ਟੈਕਸ ਦੇ ਰੂਪ ਵਿੱਚ ਦਿੱਤਾ ਜਾਂਦਾ ਪੈਸਾ ਹੀ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਲਈ ਵਰਤਿਆਂ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਾਰਡਾਂ ਨੂੰ ਮਾਡਰਨ ਵਾਰਡ ਵਜੋਂ ਵਿਕਸਿਤ ਕਰਨ ਲਈ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੰਮ ਕੀਤੇ ਜਾ ਰਹੇ ਹਨ ਜਿਸਦੇ ਤਹਿਤ ਆਮ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ।

# ਲੈਂਡ ਪੂਲਿੰਗ ਸਕੀਮ ਤਹਿਤ ਕਿਸਾਨਾਂ ਦੀ ਜ਼ਮੀਨ ਐਕਵਾਇਰ ਨਹੀਂ ਹੋਣ ਦਿੱਤੀ ਜਾਵੇਗੀ : ਬਾਦਲ



ਜਗਰਾਓਂ, 12 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਗਰਾਉਂ ਵਿਖੇ ਲੈਂਡ ਪੂਲਿੰਗ ਸਕੀਮ ਖਿਲਾਫ਼ ਕਿਸਾਨਾਂ ਦੇ ਹੱਕਾਂ 'ਚ ਹਾਂ ਪੱਖੀ ਨਾਅਰਾ ਮਾਰਨ ਲਈ ਵਿਸ਼ੇਸ਼ ਤੌਰ 'ਤੇ ਹੋਟਰ ਫਾਈਵ ਰੀਵਰ ਅਤੇ ਪਿੰਡ ਮਲਕ ਵਿਖੇ ਪਹੁੰਚੇ ਗ਼ ਹੋਟਰ ਫਾਈਵ ਰੀਵਰ ਵਿਖੇ ਵਰਕਰਾਂ ਦੇ ਰੱਖੇ ਇਕੱਠ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਕਿਹਾ ਕਿ ਅਸੀਂ ਲੈਂਡ ਪੂਲਿੰਗ ਸਕੀਮ ਨੂੰ ਮੁੱਢੋਂ ਨਕਾਰਦੇ ਹਾਂ ਤੇ ਆਪ ਸਰਕਾਰ ਇਸ ਸਕੀਮ ਰਾਹੀਂ ਦਿੱਲੀ ਦੇ ਬਿਲਡਰਾਂ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਨਾਲ ਡਟਕੇ ਖੜ੍ਹਾ ਹੈ ਤੇ ਹਰ ਸੰਘਰਸ਼ 'ਚ ਸਾਥ ਦੇਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਇਕ ਇੰਚ ਜ਼ਮੀਨ ਐਕਵਾਇਰ ਹੋਣ ਨਹੀਂ ਦਿੱਤੀ ਜਾਵੇਗੀ। ਸ. ਬਾਦਲ ਨੇ ਕਿਹਾ ਕਿ ਇਹ ਨੀਤੀ ਸਾਡੇ ਸਾਰਿਆਂ ਖਿਲਾਫ਼ ਹੈ, ਇਸ ਨੀਤੀ ਨਾਲ ਸਾਡੀਆਂ ਜ਼ਮੀਨਾਂ ਉਜਾੜਾ ਕਰਨ ਜਾ ਰਹੀ ਮਾਨ ਸਰਕਾਰ ਨੂੰ ਇਸ ਮਿਸ਼ਨ 'ਚ ਕਾਮਯਾਬ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਇੰਨ੍ਹਾਂ ਮੂਰਖ ਨਹੀਂ ਕਿ ਉਹ ਇਕ ਏਕੜ ਅੱਤ ਉਪਜਾਊ ਤੇ ਬੇਸ਼ਕੀਮਤੀ ਸੁੱਚੀ ਜ਼ਮੀਨ 'ਤੇ ਕਬਜ਼ਾ ਕਰਵਾ ਕੇ 1200 ਗ਼ਜ਼ ਦੇ ਦੋ ਜੂਠੇ ਟੁਕੜਿਆਂ ਦੀ ਪ੍ਰਾਪਤੀ ਲਈ ਅਣਮਿੱਥੇ ਵਰਿ?ਹਆਂ ਬੱਧੀ ਚੱਲਣ ਵਾਲੇ ਕਾਰਪੋਰੇਟੀ ਵਿਕਾਸ ਦੇ ਊਠ ਦੇ ਬੁੱਲ੍ਹ ਵੱਲ ਝਾਕਦਾ ਰਹੇ। ਸ. ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਕਿਸਾਨਾਂ ਦੇ ਹੱਕਾਂ ਲਈ ਖੜ੍ਹਾ ਹੈ, ਤੁਸੀਂ ਆਪਣੀ ਖੇਤਰੀ ਪਾਰਟੀ ਨੂੰ ਕਾਮਯਾਬ ਬਣਾਉਣ, ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਡਟਕੇ ਤੁਹਾਡੇ ਨਾਲ ਖੜ੍ਹਾਂਗੇ।

## ਜਗਰਾਓਂ ਪੁਲਿਸ ਵੱਲੋਂ ਪੀ.ਓ. ਗ੍ਰਿਫ਼ਤਾਰ



ਜਗਰਾਓਂ, 12 ਜੁਲਾਈ (ਵਿਸ਼ਾਲ ਅੱਤਰੇ /ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਮਾੜੇ ਅਨਸਰਾਂ, ਨਸ਼ਾ ਤਸਕਰਾਂ, ਲੁੱਟਾਂ-ਖੋਹਾਂ ਅਤੇ ਪੀ ਉ ਨੂੰ ਗ੍ਰਿਫਤਾਰ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਐਸਪੀ (ਡੀ) ਹਰਕਮਲ ਕੌਰ ਅਤੇ ਡੀਐਸਪੀ ਜਸਜੋਤ ਸਿੰਘ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਸਿਟੀ ਜਗਰਾਉਂ ਦੇ ਮੁੱਖ ਅਫ਼ਸਰ ਇੰਸਪੈਕਟਰ ਵਰਿੰਦਰਪਾਲ ਸਿੰਘ ਉੱਪਲ ਦੀ ਅਗਵਾਈ ਹੇਠ ਐਸ ਆਈ ਹਰਪ੍ਰੀਤ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਪੀ.ਉ ਭਗੌੜੇ ਨੂੰ ਗਿਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ। ਇੰਸਪੈਕਟਰ ਵਰਿੰਦਰਪਾਲ ਸਿੰਘ ਉੱਪਲ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਵਤਾਰ ਸਿੰਘ ਵੱਲੋਂ ਰੁਪਿੰਦਰ ਕੌਰ ਅਤੇ ਇਸ ਦੇ ਇੱਕ ਹੋਰ ਸਾਥੀ ਬਲਵੀਰ ਸਿੰਘ ਦੇ ਖਿਲਾਫ ਮੁਕਦਮਾ ਅਵਤਾਰ ਸਿੰਘ ਨੂੰ ਪਰਿਵਾਰ ਸਮੇਤ ਵਿਦੇਸ਼ ਭੇਜਣ ਦੇ ਨਾਂ ਤੇ ਸਾਡੇ 11 ਲੱਖ ਰੁਪਏ ਠੱਗੀ ਮਾਰਨ ਤੇ ਦਰਜ ਕਰਵਾਇਆ ਸੀ। ਮੁਕਦਮਾ ਦੋਸ਼ਣ ਪਿਛਲੇ ਤਿੰਨ ਸਾਲਾਂ ਤੋਂ ਫਰਾਰ ਚੱਲ ਰਹੀ ਸੀ, ਜਿਸ ਨੂੰ ਮਾਨਯੋਗ ਅਦਾਲਤ ਵੱਲੋਂ ਪੀ.ਉ ਕਰਾਰ ਦਿੱਤਾ ਗਿਆ ਸੀ। ਜੋ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਆਪਣੇ ਟਿਕਾਣੇ ਬਦਲ-ਬਦਲ ਕੇ ਰਹਿ ਰਹੀ ਸੀ, ਜਸ ਕਰਕੇ ਇਸ ਦੀ ਹੁਣ ਤੱਕ ਗ੍ਰਿਫਤਾਰੀ ਨਹੀਂ ਹੋ ਸਕੀ ਸੀ। ਪੁਲਸ ਪਾਰਟੀ ਵੱਲੋਂ ਗ੍ਰਿਫਤਾਰ ਕਰਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ ਅਤੇ ਜਿਸ ਪਾਸੋਂ ਡੂੰਘਾਈ ਨਾਲ ਪੁੱਛ-ਗਿੱਛ ਕਰਨ ਤੇ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ।

# ਮੰਤਰੀ ਸੌਂਦ ਨੇ ਵੱਖ-ਵੱਖ ਪਿੰਡਾਂ 'ਚ ਵਿਕਾਸ ਕਾਰਜਾਂ ਲਈ ਚੈੱਕ ਵੰਡੇ



ਲੁਧਿਆਣਾ, 12 ਜੁਲਾਈ (ਵਿਸ਼ਾਲ ਸ਼ਰਮਾ) ਹਲਕਾ ਖੰਨਾ ਵਿੱਚ ਵਿਕਾਸ ਕਾਰਜਾਂ ਸਬੰਧੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾ ਰਹੀ ਤੇ ਵਿਕਾਸ ਕਾਰਜਾਂ ਲਈ ਫੰਡ ਬੇਰੋਕ ਦਿੱਤੇ ਜਾ ਰਹੇ ਹਨ ਤਾਂ ਜੋ ਇਹ ਹਲਕਾ ਇੱਕ ਮਿਸਾਲੀ ਹਲਕੇ ਵਜੋਂ ਉਭਰ ਕੇ ਸਾਹਮਣੇ ਆਵੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੇਂਡੂ ਵਿਕਾਸ ਤੇ ਪੰਚਾਇਤ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ ਅਤੇ ਪ੍ਰਾਹੁਣਚਾਰੀ ਮੰਤਰੀ ਪੰਜਾਬ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਹਲਕਾ ਖੰਨਾ ਦੇ ਪਿੰਡ ਬੀਜਾ, ਤੁਰਮਰੀ, ਕਿਸ਼ਨਗੜ੍ਹ, ਇਸਮੈਲਪੁਰ, ਬੀਜਾਪੁਰ ਕੋਠੇ, ਇਕੋਲਾਹਾ, ਈਸੜੂ, ਗੰਢੂਆਂ, ਕੌੜੀ, ਅਸਗਰੀਪੁਰ, ਮਲਕਪੁਰ ਖੰਨਾ ਅਤੇ ਮਹੋਣ ਦੀ ਪੰਚਾਇਤਾਂ ਨੂੰ ਲੋਕ ਨਿਰਮਾਣ ਵਿਭਾਗ ਦੇ ਰੈਸਟ ਹਾਊਸ ਖੰਨਾ ਵਿਖੇ ਵਿਕਾਸ ਕਾਰਜਾਂ ਲਈ 48.90 ਲੱਖ ਰੁਪਏ ਦੇ ਚੈੱਕ ਵੰਡਣ ਲਈ ਰੱਖੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਕੀਤਾ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਪਿੰਡ ਬੀਜਾ ਵਿਖੇ 20 ਲੱਖ ਰੁਪਏ ਦਾ ਚੈੱਕ ਗੰਦੇ ਪਾਣੀ ਦੀ ਨਿਕਾਸੀ ਲਈ ਦਿੱਤਾ ਗਿਆ, ਜਿਸ ਤਹਿਤ ਨਾਲੀਆਂ, ਗਟਰਾਂ ਅਤੇ ਸੀਵਰੇਜ ਲਈ ਕਰੀਬ 02 ਕਿਲੋਮੀਟਰ ਲੰਬੀ ਪਾਈਪ ਲਾਈਨ ਵੀ ਪਾਈ ਜਾਣੀ ਹੈ। ਇਸੇ ਤਰ੍ਹਾਂ ਪਿੰਡ ਤੁਰਮਰੀ ਵਿਖੇ ਫੁੱਟਪਾਥ ਅਤੇ ਰਸਤਿਆਂ ਦੇ ਨਿਰਮਾਣ ਲਈ 2.50 ਲੱਖ ਰੁਪਏ, ਪਿੰਡ ਕਿਸ਼ਨਗੜ੍ਹ ਦੇ ਖੇਡ ਮੈਦਾਨ ਲਈ 2.40 ਲੱਖ ਰੁਪਏ, ਪਿੰਡ ਇਸਮੈਲਪੁਰ ਨੂੰ ਫੁੱਟਪਾਥ ਅਤੇ ਰਸਤਿਆਂ ਦੇ ਨਿਰਮਾਣ ਲਈ 2 ਲੱਖ ਰੁਪਏ, ਪਿੰਡ ਬੀਜਾਪੁਰ ਕੋਠੇ ਨੂੰ ਫੁੱਟਪਾਥ ਅਤੇ ਰਸਤਿਆਂ ਦੇ ਨਿਰਮਾਣ ਕਾਰਜਾਂ ਲਈ 1 ਲੱਖ ਰੁਪਏ, ਪਿੰਡ ਇਕੋਲਾਹਾ ਨੂੰ ਐਸ.ਸੀ ਧਰਮਸ਼ਾਲਾ ਦੇ ਬੁਨਿਆਦੀ ਢਾਂਚੇ ਲਈ 2 ਲੱਖ ਰੁਪਏ ਅਤੇ ਫੁੱਟਪਾਥਾਂ ਤੇ ਪੈਦਲ ਚੱਲਣ ਵਾਲੇ ਰਸਤਿਆਂ ਦੇ ਨਿਰਮਾਣ ਲਈ 4 ਲੱਖ ਰੁਪਏ, ਪਿੰਡ ਈਸੜੂ ਨੂੰ ਐਸ.ਸੀ ਧਰਮਸ਼ਾਲਾ ਦੇ ਬੁਨਿਆਦੀ ਢਾਂਚੇ ਲਈ 1 ਲੱਖ ਰੁਪਏ, ਪਿੰਡ ਗੰਢੂਆਂ ਨੂੰ ਰਾਮਦਾਸੀਆ ਧਰਮਸ਼ਾਲਾ ਦੇ ਬੁਨਿਆਦੀ ਢਾਂਚੇ ਲਈ 5 ਲੱਖ ਰੁਪਏ, ਪਿੰਡ ਕੌੜੀ ਨੂੰ ਫੁੱਟਪਾਥਾਂ ਅਤੇ ਪੈਦਲ ਚੱਲਣ ਵਾਲੇ ਰਸਤਿਆਂ ਦਾ ਨਿਰਮਾਣ ਕਰਨ ਲਈ 5 ਲੱਖ ਰੁਪਏ, ਪਿੰਡ ਅਸਗਰੀਪੁਰ ਨੂੰ ਫੁੱਟਪਾਥ ਅਤੇ ਰਸਤਿਆਂ ਦਾ ਨਿਰਮਾਣ ਕਰਨ ਲਈ 1 ਲੱਖ ਰੁਪਏ, ਪਿੰਡ ਮਲਕਪੁਰ ਖੰਨਾ ਨੂੰ ਜਨਤਕ ਨਿਕਾਸੀ ਲਈ ਗਟਾਰਾਂ ਦਾ ਪ੍ਰਬੰਧ ਕਰਨ ਵਾਸਤੇ 1 ਲੱਖ ਰੁਪਏ ਅਤੇ ਪਿੰਡ ਮਹੋਣ ਨੂੰ ਫੁੱਟਪਾਥਾਂ ਅਤੇ ਰਸਤਿਆਂ ਦਾ ਨਿਰਮਾਣ ਕਰਨ ਲਈ 2 ਲੱਖ ਰੁਪਏ ਦੀ ਗ੍ਰਾਂਟ ਦੇ ਚੈੱਕ ਦਿੱਤੇ ਗਏ ਹਨ।

# ਪਰਮਜੀਤ ਸਿੰਘ ਢਿੱਲੋਂ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਧਾਈਆਂ ਦੇਣ ਪੁੱਜੇ ਵੱਖ-ਵੱਖ ਸਰਕਲਾਂ ਦੇ ਜਥੇਦਾਰ ਅਤੇ ਵਰਕਰ



ਸਮਰਾਲਾ, 12 ਜੁਲਾਈ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਹਲਕਾ ਸਮਰਾਲਾ ਦੇ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਦੀ ਕਾਰਗੁਜਾਰੀ ਨੂੰ ਦੇਖਦੇ ਹੋਏ ਤਰੱਕੀ ਦਿੰਦੇ ਹੋਏ ਲੁਧਿਆਣਾ ਦਿਹਾਤੀ-2 (ਪੁਲਿਸ ਜ਼ਿਲ੍ਹਾ ਖੰਨਾ) ਦੇ ਪ੍ਰਧਾਨ ਨਿਯੁਕਤ ਹੋਣ ਨਾਲ ਇਸ ਜ਼ਿਲ੍ਹੇ ਅਧੀਨ ਪੈਂਦੇ ਚਾਰ ਵਿਧਾਨ ਸਭਾ ਹਲਕਿਆਂ ਸਮਰਾਲਾ, ਪਾਇਲ, ਸਾਹਨੇਵਾਲ ਅਤੇ ਖੰਨਾ ਦੇ ਟਕਸਾਲੀ ਆਗੂਆਂ ਅੰਦਰ ਖੁਸ਼ੀ ਦੀ ਲਹਿਰ ਪੈਦਾ ਹੋ ਗਈ। ਅੱਜ ਇਨ੍ਹਾਂ ਵਿਧਾਨ ਸਭਾ ਹਲਕਿਆਂ ਦੇ ਸਰਕਲ ਜਥੇਦਾਰ, ਬਲਾਕ ਜਥੇਦਾਰ ਅਤੇ ਵਰਕਰ ਵੱਡੀ ਗਿਣਤੀ ਵਿੱਚ ਪਰਮਜੀਤ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਵਧਾਈਆਂ ਦੇਣ ਪੁੱਜੇ। ਵਧਾਈਆਂ ਕਬੂਲਦੇ ਹੋਏ ਢਿੱਲੋਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੁਆਰਾ ਉਨ੍ਹਾਂ ਨੂੰ ਬੀਤੇ ਦਿਨਾਂ ਅੰਦਰ ਜੋ ਅਹੁਦੇ ਨਿਵਾਜੇ ਹਨ ਉਨ੍ਹਾਂ ਦਾ ਉਹ ਤਹਿ ਦਿਲੋਂ ਧੰਨਵਾਦ ਕਰਦੇ ਹਨ। ਅੱਜ ਕੱਲ ਪੰਜਾਬ ਅੰਦਰ ਜੋ ਹਾਲਾਤ ਬਣੇ ਹੋਏ ਹਨ, ਉਹ ਕਿਸੇ ਕੋਲੋਂ ਨਹੀਂ ਛੁਪੇ, ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਸਾਰੇ ਪਾਸੇ ਤੋਂ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ, ਜਿਸ ਤੋਂ ਉਹ ਬੁਖਲਾਹਟ ਵਿੱਚ ਆ ਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਖਿਲਾਫ ਝੂਠੇ ਕੇਸ ਪਾ ਕੇ ਲੋਕਾਂ ਵਿੱਚ ਆਪਣਾ ਦਬਦਬਾ ਬਣਾਉਣਾ ਚਾਹੁੰਦੀ ਹੈ, ਪ੍ਰੰਤੂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਹ ਮਨਸਾ ਕਦੇ ਪੂਰੀ ਨਹੀਂ ਹੋਵੇਗੀ, ਕਿਉਂਕਿ ਭਗਵੰਤ ਸਿੰਘ ਮਾਨ ਆਪ ਦਿੱਲੀ ਵਾਲਿਆਂ ਦੀ ਕਠਪੁਤਲੀ ਬਣੇ ਹੋਏ ਹਨ ਅਤੇ ਪੰਜਾਬ ਦੇ ਲੋਕਾਂ ਨੂੰ ਚੁਟਕਲਿਆਂ ਨਾਲ ਹਸਾ ਕੇ ਕੇਵਲ ਗੱਲਾਂ ਕਰ ਸਕਦੇ ਹਨ, ਪ੍ਰੰਤੂ ਪੰਜਾਬ ਦੇ ਵਿਕਾਸ ਸਬੰਧੀ ਕੁਝ ਨਹੀਂ ਕਰ ਰਹੇ। ਜੇਕਰ ਪੰਜਾਬ ਵਿੱਚ ਵਿਕਾਸ ਹੋਇਆ ਹੈ ਉਹ ਕੇਵਲ ਸ਼੍ਰੋਮਣੀ ਅਕਾਲੀ ਦੀ ਸਰਕਾਰ ਮੌਕੇ ਹੋਇਆ ਹੈ ਅਤੇ ਪੰਜਾਬ ਦੇ ਹਿੱਤਾਂ ਲਈ ਵੀ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਟੱਕਰ ਲੈਣ ਤੋਂ ਗੁਰੇਜ ਨਹੀਂ ਕੀਤੀ।


# ਸ਼ਹੀਦ ਭਾਈ ਮਨੀ ਸਿੰਘ ਦੀ ਸ਼ਹਾਦਤ ਨੇ ਵਿਲੱਖਣ ਇਤਿਹਾਸ ਸਿਰਜਿਆ : ਬੈਨੀਪਾਲ



ਲੁਧਿਆਣਾ, 12 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ, ਲੁਧਿਆਣਾ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਆਤਮਰਸ ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਮਾਨਵ ਸਮਾਜ ਦੇ ਇਤਿਹਾਸ ਵਿੱਚ ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਵਿਚਾਰ ਸੁਤੰਤਰਤਾ ਦੇ ਧਾਰਨੀ ਅਤੇ ਧਰਮ ਦੇ ਖੇਤਰ ਵਿੱਚ ਜੂਝਣ ਵਾਲੇ ਮਰਜੀਵੜਿਆਂ ਵਿੱਚ ਸਤਿਕਾਰਤ ਅਤੇ ਵਿਸ਼ੇਸ਼ ਸਥਾਨ ਦਿੱਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਮਾਨਵ ਜ਼ਮੀਰ ਦੀ ਆਜ਼ਾਦੀ ਨੂੰ ਜਗਾਉਣ, ਜ਼ਬਰ ਤੇ ਜ਼ੁਲਮ ਨਾਲ ਟਕਰਾਉਣ ਅਤੇ ਇਸ ਤੋਂ ਵੱਧ ਹਕੂਮਤ ਦੇ ਜ਼ੁਲਮਾਂ ਤੋਂ ਮਾਨਵ ਸਮਾਜ ਨੂੰ ਬਚਾਉਣ ਲਈ ਆਪਣੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਅਤੇ 90 ਸਾਲ ਦੀ ਉਮਰ ਹੋਣ ਦੇ ਬਾਵਜੂਦ ਆਪਣੇ ਸਰੀਰ ਦਾ ਪੋਟਾ - ਪੋਟਾ ਕਟਵਾ ਕੇ ਇਤਿਹਾਸ ਵਿੱਚ ਨਾ ਡਰੋ, ਨਾ ਡਰਾਉ ਦਾ ਨਵਾਂ ਅਧਿਆਇ ਰਚਿਆ।

ਸ੍ਰ: ਬੈਨੀਪਾਲ ਨੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਅਸੀਂ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਨਿਡਰਤਾ ਵਾਲੀ ਸੋਚ ਦੇ ਹਾਣੀ ਬਣ ਕੇ ਬਾਣੀ ਤੇ ਬਾਣੇ ਦੇ ਸਿਧਾਂਤ ਵਿੱਚ ਪ੍ਰਪੱਕ ਹੋਈਏ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਬਾਣੀ ਪ੍ਰਵਾਹ ਕੌਂਸਲ ਵੱਲੋਂ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਆਤਮਰਸ ਕੀਰਤਨ ਸਮਾਗਮ ਅੰਦਰ ਭਾਈ ਜਸਵਿੰਦਰ ਸਿੰਘ ਜਗਾਧਰੀ ਵਾਲੇ, ਭਾਈ ਅਮਨਦੀਪ ਸਿੰਘ ਲੁਧਿਆਣੇ ਵਾਲੇ ਅਤੇ ਬੀਬੀ ਸਿਮਰਨ ਕੌਰ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥਿਆਂ ਨੇ ਗੁਰਬਾਣੀ ਦਾ ਅਨੰਦਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਭਾਈ ਜਸਵਿੰਦਰ ਸਿੰਘ ਜਗਾਧਰੀ ਵਾਲਿਆਂ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਨਿੱਘੀ ਤੇ ਪਿਆਰੀ ਯਾਦ ਨੂੰ ਸਾਰਥਕ ਢੰਗ ਨਾਲ ਮਨਾਉਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਉਪਰਾਲੇ ਨੂੰ ਸਮੁੱਚੀ ਕੌਮ ਦੇ ਲਈ ਪ੍ਰੇਰਨਾ ਦਾ ਸਰੋਤ ਦੱਸਿਆ। ਸਮਾਗਮ ਦੀ ਸਮਾਪਤੀ ਉਪਰੰਤ ਗੁਰਬਾਣੀ ਕੀਰਤਨ ਕਰਨ ਵਾਲੇ ਬਾਣੀ ਪ੍ਰਵਾਹ ਕੌਂਸਲ ਦੇ ਸਮੂਹ ਕੀਰਤਨੀ ਜੱਥਿਆਂ ਦੇ ਮੈਂਬਰਾਂ ਨੂੰ ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਅਤੇ ਉਨ੍ਹਾਂ ਦੇ ਸਾਥੀ ਮੈਂਬਰਾਂ ਵੱਲੋਂ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਵੀ ਪ੍ਰਗਟ ਕੀਤਾ ਗਿਆ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਸ-1 ਵਿੱਚ ਗੁਰਬਾਣੀ ਕੀਰਤਨ ਲੜੀ ਦੀ ਚਾਰ ਸਾਲ ਸੰਪੂਰਨਤਾ ਨੂੰ ਸਮਰਪਿਤ ਸ਼ੁਕਰਾਨਾ ਸਮਾਗਮ ਅੱਜ



ਲੁਧਿਆਣਾ, 12 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ, ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਰੰਭ ਕੀਤੀ ਗਈ ਹਫ਼ਤਾਵਾਰੀ ਗੁਰਬਾਣੀ ਕੀਰਤਨ ਲੜੀ ਦੀ ਚੌਥੀ ਵਰ੍ਹੇਗੰਢ ਅਤੇ ਪੰਜਵੇਂ ਸਾਲ ਦੀ ਆਰੰਭਤਾ ਨੂੰ ਮੁੱਖ ਰੱਖਦਿਆਂ ਹੋਇਆਂ ਮਿਤੀ 13 ਜੁਲਾਈ ਸ਼ਾਮ ਨੂੰ 7 ਵਜੇ ਤੋਂ ਰਾਤ 9.30 ਵਜੇ ਤੱਕ ਸ਼ੁਕਰਾਨਾ ਸਮਾਗਮ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਆਯੋਜਿਤ ਕੀਤਾ ਜਾਵੇਗਾ। ਜਿਸ ਦੇ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ ਅਤੇ ਭਾਈ ਕਾਰਜ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਅੱਜ ਵਿਸ਼ੇਸ਼ ਤੌਰ ਤੇ ਉਕਤ ਸਮਾਗਮ ਦੀ ਜਾਣਕਾਰੀ ਦਿੰਦਿਆਂ ਹੋਇਆਂ ਕੀਤਾ।

ਉਨ੍ਹਾਂ ਨੇ ਕਿਹਾ ਕਿ ਇਲਾਕੇ ਦੀਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਸਿਧਾਂਤ ਨਾਲ ਜੋੜਨ ਦੇ ਉਦੇਸ਼ ਨੂੰ ਲੈ ਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਸਮੇਂ ਦੌਰਾਨ ਆਰੰਭ ਕੀਤੀ ਗਈ ਗੁਰਬਾਣੀ ਕੀਰਤਨ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਣ ਵਿੱਚ ਸੰਗਤਾਂ ਨੇ ਜੋ ਆਪਣਾ ਭਰਵਾਂ ਤੇ ਨਿੱਘਾ ਸਹਿਯੋਗ ਦਿੱਤਾ ਉਸ ਦੇ ਸਦਕਾ ਗੁਰਬਾਣੀ ਕੀਰਤਨ ਲੜੀ ਪੰਜਵੇਂ ਸਾਲ ਪ੍ਰਵੇਸ਼ ਕਰਨ ਜਾ ਰਹੀ ਹੈ। ਉਨ੍ਹਾਂ ਨੇ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦਿਆਂ ਕਿਹਾ ਕਿ ਉਹ ਆਯੋਜਿਤ ਕੀਤੇ ਜਾਣ ਵਾਲੇ ਸ਼ੁਕਰਾਨਾ ਸਮਾਗਮ ਅੰਦਰ ਆਪਣੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਇਸ ਮੌਕੇ ਸੰਗਤਾਂ ਲਈ ਗੁਰੂ ਕਾ ਅਤੁੱਟ ਲੰਗਰ ਵੀ ਲਗਾਇਆ ਜਾਵੇਗਾ।

# ਦੇਸ਼ ਵਿਆਪੀ ਹੜਤਾਲ ਦੇ ਹੱਕ 'ਚ ਸਮਰਾਲਾ ਵਿਖੇ ਹੋਇਆ ਵਿਸ਼ਾਲ ਰੋਸ ਮੁਜਾਹਰਾ



ਸਮਰਾਲਾ, 12 ਜੁਲਾਈ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) : ਚਾਰ ਮਜ਼ਦੂਰ ਵਿਰੋਧੀ ਲੇਬਰ ਕੋਡਜ਼ ਅਤੇ ਕੇਂਦਰ ਸਰਕਾਰ ਦੁਆਰਾ ਕਾਰਪੋਰੇਟਾਂ ਦੇ ਹੱਕ ਵਿੱਚ ਫੈਸਲੇ ਲੈਣ ਵਿਰੁੱਧ 10 ਕੇਂਦਰੀ ਟਰੇਡ ਯੂਨੀਅਨਾਂ ਅਤੇ 60 ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਦੇਸ਼ ਵਿਆਪੀ ਹੜਤਾਲ ਅੱਜ ਪੂਰੇ ਪੂਰੇ ਭਾਰਤ ਵਿੱਚ ਕੀਤੀ ਗਈ। ਇਸ ਦੇਸ਼ ਵਿਆਪੀ ਹੜਤਾਲ ਨੂੰ ਪੂਰੇ ਦੇਸ਼ ਵਿੱਚ ਭਰਵਾਂ ਹੁੰਗਾਰਾ ਮਿਲਿਆ। ਇਸ ਸਬੰਧ ਵਿੱਚ ਸਮਰਾਲਾ ਵਿਖੇ ਹੜਤਾਲ ਮੌਕੇ ਵਿਸ਼ਾਲ ਰੋਸ ਰੈਲੀ ਐਸ. ਡੀ. ਐਮ. ਸਮਰਾਲਾ ਦੇ ਦਫਤਰ ਅੱਗੇ ਕੀਤੀ ਗਈ ਜਿਸ ਵਿੱਚ ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ, ਟੈਕਸੀ ਯੂਨੀਅਨ, ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ, ਆਂਗਨਵਾੜੀ ਮੁਲਾਜ਼ਮ ਯੂਨੀਅਨ, ਮਨਰੇਗਾ ਮਜ਼ਦੂਰ ਯੂਨੀਅਨ ਦੇ ਕਿਰਤੀ, ਲਾਲ ਝੰਡਾ ਪੇਂਡੂ ਚੌਕੀਦਾਰ ਯੂਨੀਅਨ, ਜੰਗਲਾਤ ਵਿਭਾਗ ਦੇ ਕੱਚੇ ਵਰਕਰਾਂ ਦੀ ਯੂਨੀਅਨ ਦੇ ਕਿਰਤੀ ਸਾਂਝੇ ਇਕੱਠ ਵਿੱਚ ਕਾਫ਼ਲਿਆਂ ਦੇ ਰੂਪ ਵਿੱਚ ਸ਼ਾਮਲ ਹੋਏ। ਰੋਸ ਰੈਲੀ ਦੀ ਪ੍ਰਧਾਨਗੀ ਕਾਮਰੇਡ ਭਜਨ ਸਿੰਘ, ਸੀਟੂ ਪੰਜਾਬ ਦੇ ਸੂਬਾ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ, ਚਰਨਜੀਤ ਕੌਰ ਪੂਨੀਆਂ, ਕੁਲਵੰਤ ਕੌਰ ਨੀਲੋਂ, ਹਰੀ ਰਾਮ ਭੱਟੀ, ਸਿਕੰਦਰ ਬਖ਼ਸ਼ ਮੰਡ ਚੌਂਤਾ, ਹਰਜਿੰਦਰ ਸਿੰਘ, ਪਰਮਜੀਤ ਸਿੰਘ ਨੀਲੋਂ, ਕਰਮਜੀਤ ਭੌਰਲਾ, ਜਗਵੀਰ ਸਿੰਘ ਨਾਗਰਾ ਨੇ ਕੀਤੀ। ਇਸ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਮਜ਼ਦੂਰ ਵਿਰੋਧੀ ਨੀਤੀਆਂ ਅਪਨਾਉਣ ਲਈ ਇੱਕੋ ਥੈਲੀ ਦੇ ਚੱਟੇ ਵੱਟੇ ਹਨ। ਆਗੂਆਂ ਨੇ ਮੰਗਾਂ ਸਬੰਧੀ ਬੋਲਦਿਆਂ ਕਿਹਾ ਕਿ ਚਾਰ ਲੇਬਰ ਕੋਡ ਰੱਦ ਕੀਤੇ ਜਾਣ, ਕੰਮ ਕਰਨ ਲਈ 8 ਘੰਟੇ ਤੋਂ 12 ਘੰਟੇ ਕੰਮ ਕਰਨ ਦਾ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ, ਆਂਗਨਵਾੜੀ ਵਰਕਰਾਂ ਨੂੰ ਮੋਬਾਈਲ ਦਿੱਤੇ ਜਾਣ, ਮਾਣ ਭੱਤੇ ਵਿੱਚ ਦੁੱਗਣਾ ਵਾਧਾ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਨੂੰ 200 ਦਿਨ ਕੰਮ ਦਿੱਤਾ ਜਾਵੇ, 700 ਰੁਪਏ ਦਿਹਾੜੀ ਦਿੱਤੀ ਜਾਵੇ, ਸਕੀਮ ਵਰਕਰਾਂ ਦੇ ਬੱਜਟ ਵਿੱਚ ਕਟੌਤੀਆਂ ਕਰਨੀਆਂ ਬੰਦ ਕੀਤੀਆਂ ਜਾਣ, ਗਰੀਬ ਮਜ਼ਦੂਰਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ, ਸਾਰੇ ਵਰਗਾਂ ਦੇ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ 10 ਹਜ਼ਾਰ ਰੁਪਏ ਪੈਨਸ਼ਨ ਦੇਣ ਸਬੰਧੀ ਸੰਬੋਧਨ ਕੀਤਾ।

ਆਗੂਆਂ ਨੇ ਕੇਂਦਰ ਸਰਕਾਰ ਪ੍ਰਤੀ ਗੁੱਸਾ ਕੱਢਦੇ ਹੋਏ ਕਿਹਾ ਕਿ ਮੋਦੀ ਨੇ ਦੇਸ਼ ਦੀ ਅਰਥ ਵਿਵਸਥਾ ਨੂੰ ਅਜਿਹਾ ਖੋਰਾ ਲਗਾ ਦਿੱਤਾ ਹੈ ਜਿਸ ਨਾਲ ਦੇਸ਼ ਅਰਥਵਿਵਸਥਾ ਪੂਰੀ ਤਰ੍ਹਾਂ ਡਗਮਗਾ ਗਈ ਹੈ। ਇਸ ਲਈ ਅੱਜ ਦੇਸ਼ ਦੇ ਮਜ਼ਦੂਰਾਂ ਅਤੇ ਟਰੇਡ ਯੂਨੀਅਨਾਂ ਨੂੰ ਸਾਂਝੇ ਘੋਲ ਲਈ ਤਿਆਰ ਰਹਿਣਾ ਚਾਹੀਦਾ ਹੈ। ਰੋਸ ਰੈਲੀ ਉਪਰੰਤ ਐਸ. ਡੀ. ਐਮ. ਦਫਤਰ ਤੋਂ ਮੇਨ ਚੌਂਕ ਸਮਰਾਲਾ ਤੱਕ ਵਿਸ਼ਾਲ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਅਤੇ ਚੌਂਕ ਵਿੱਚ ਵੀ ਆਗੂਆਂ ਨੇ ਸੰਬੋਧਨ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਬੁਰੀ ਤਰ੍ਹਾਂ ਕੋਸਿਆ। ਇਸ ਰੋਸ ਮੁਜਾਹਰੇ ਵਿੱਚ ਉਪਰੋਕਤ ਤੋਂ ਇਲਾਵਾ ਕਾਮਰੇਡ ਰਣਜੀਤ ਸਿੰਘ ਮਾਛੀਵਾੜਾ, ਸੰਤੋਖ ਸਿੰਘ ਨਾਗਰਾ, ਹਰਦੀਪ ਕੌਰ ਸਮਰਾਲਾ, ਪਰਮਜੀਤ ਕੌਰ ਮੁਸ਼ਕਾਬਾਦ, ਕੁਲਵਿੰਦਰ ਸਿੰਘ ਪੂਰਬਾ ਬਲਾਕ ਪ੍ਰਧਾਨ ਬੀ. ਕੇ. ਯੂ. (ਰਾਜੇਵਾਲ), ਮਾ. ਕੁਲਵੰਤ ਸਿੰਘ ਤਰਕ, ਬਚਨ ਸਿੰਘ ਰਾਜੇਵਾਲ, ਮਸਤਾ ਸਿੰਘ, ਨਿੰਮਾ ਮੁਗਲੇਵਾਲ, ਬਲਵਿੰਦਰ ਸਿੰਘ ਬੰਬ, ਹਰਜਿੰਦਰਪਾਲ ਸਿੰਘ ਸਮਰਾਲਾ, ਦਲਬਾਰਾ ਸਿੰਘ ਬੌਂਦਲੀ, ਰਣਜੀਤ ਕੌਰ ਲੱਧੜਾਂ, ਪਰਮਜੀਤ ਕੌਰ ਖੱਟਰਾਂ, ਸੁਰਿੰਦਰ ਕੌਰ ਘਰਖਣਾਂ, ਥਾਣੇਦਾਰ ਰਜਿੰਦਰ ਸਿੰਘ, ਥਾਣੇਦਾਰ ਕਰਮ ਸਿੰਘ ਆਦਿ ਵਰਕਰ ਹਾਜ਼ਰ ਸਨ।

# ਗੁਰਦੀਪ ਕੌਰ ਚਾਵਲਾ ਦਾ ਰਾਜੌਰੀ ਗਾਰਡਨ ਤੋਂ ਵਾਈਟ ਹਾਊਸ ਤੱਕ ਦਾ ਸਫ਼ਰ

ਨਵੀਂ ਦਿੱਲੀ, 12 ਜੁਲਾਈ (ਚ.ਨ.ਸ.): ਗੁਰੂ ਨਾਨਕ ਪਬਲਿਕ ਸਕੂਲ, ਰਾਜੌਰੀ ਗਾਰਡਨ ਦੀ ਸਾਬਕਾ ਵਿਦਿਆਰਥਣ ਗੁਰਦੀਪ ਕੌਰ ਚਾਵਲਾ ਨੇ ਤਿੰਨ ਅਮਰੀਕੀ ਰਾਸ਼ਟਰਪਤੀਆਂ-ਬਰਾਕ ਓਬਾਮਾ, ਜੋ ਬਾਈਡਨ ਤੇ ਡੋਨਾਲਡ ਟਰੰਪ ਲਈ ਦੁਭਾਸ਼ੀਏ ਵਜੋਂ ਸੇਵਾ ਕਰਨ ਦਾ ਦੁਰਲੱਭ ਮਾਣ ਪ੍ਰਾਪਤ ਕੀਤਾ ਹੈ। ਉਸ ਦੀ ਭੂਮਿਕਾ ਨੇ ਉਸ ਨੂੰ ਉੱਚ ਪੱਧਰੀ ਕੂਟਨੀਤਕ ਗੱਲਬਾਤ ਦੇ ਕੇਂਦਰ ਵਿਚ ਰੱਖਿਆ ਹੈ, ਜਿਸ ਵਿਚ ਅਮਰੀਕੀ ਰਾਸ਼ਟਰਪਤੀਆਂ ਤੇ ਭਾਰਤ ਦੇ ਪ੍ਰਧਾਨ ਮੰਤਰੀ ਵਿਚਕਾਰ ਮੁਲਾਕਾਤਾਂ ਸ਼ਾਮਲ ਹਨ। ਗੁਰਦੀਪ ਕੌਰ ਦੀ ਇਨ੍ਹਾਂ ਵਿਸ਼ਵ ਨੇਤਾਵਾਂ ਦੇ ਨਾਲ ਤਸਵੀਰਾਂ 'ਤੇ ਇਕ ਹੋਰ ਉਸ ਦੇ ਪਿਤਾ ਨਾਲ, ਦਿੱਲੀ ਦੇ ਇਕ ਸਕੂਲ ਤੋਂ ਵਿਸ਼ਵ ਮੰਚ ਤੱਕ ਉਸ ਦੇ ਸ਼ਾਨਦਾਰ ਸਫ਼ਰ ਨੂੰ ਦਰਸਾਉਂਦੀਆਂ ਹਨ। ਸਾਬਕਾ ਸੰਸਦ ਮੈਂਬਰ ਤਰਲੋਚਨ



ਸਿੰਘ ਗੁਰਦੀਪ ਕੌਰ ਬਾਰੇ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਇਸ ਤਰ੍ਹਾਂ ਦੀਆਂ ਕਹਾਣੀਆਂ ਨੌਜਵਾਨਾਂ ਵਿਚ ਇੱਛਾ ਸ਼ਕਤੀ ਨੂੰ ਜਗਾਉਂਦੀਆਂ ਹਨ ਕਿ ਉਹ ਰਾਜਨੀਤਿਕ ਗਤੀਵਿਧੀਆਂ ਦੀਆਂ ਭਟਕਣਾਂ ਵਿਚ ਫਸਣ ਦੀ ਬਜਾਏ ਉਹ ਸਿੱਖਿਆ ਪ੍ਰਾਪਤ ਕਰਨ। ਉਹ ਕਹਿੰਦੇ ਹਨ ਕਿ ਸਾਨੂੰ ਆਪਣੀ ਸਾਬਕਾ ਵਿਦਿਆਰਥਣ ਗੁਰਦੀਪ ਕੌਰ ਦੀ ਪ੍ਰਾਪਤੀ 'ਤੇ ਬਹੁਤ ਮਾਣ ਹੈ। ਇਤਿਹਾਸ ਰਚਣ ਵਿਚ ਉਸ ਦੇ ਨਾਲ ਜੁੜ ਰਹੀ ਇਕ ਹੋਰ ਔਰਤ ਸਬਰੀਨਾ ਸਿੰਘ ਹੈ, ਜਿਸ ਨੇ ਰਾਸ਼ਟਰਪਤੀ ਕਲਿੰਟਨ ਤੇ ਬਾਈਡਨ ਦੇ ਅਧੀਨ ਡਿਪਟੀ ਪ੍ਰੈਸ ਸਕੱਤਰ ਵਜੋਂ ਸੇਵਾ ਨਿਭਾਈ ਤੇ ਹਾਲ ਹੀ ਵਿਚ ਉਸ ਨੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਮੁਹਿੰਮ ਦੀ ਪ੍ਰੈਸ ਵਿੰਗ ਦੀ ਅਗਵਾਈ ਕੀਤੀ ਸੀ। ਦੋਵੇਂ ਔਰਤਾਂ ਇਸ ਗੱਲ ਦੀਆਂ ਪ੍ਰਤੀਕ ਹਨ ਕਿ ਕਿਵੇਂ ਸਮਰਪਣ ਤੇ ਸਿੱਖਿਆ ਸਾਨੂੰ ਬੁਲੰਦੀਆਂ ਦੇ ਬੂਹੇ ਤੱਕ ਲੈ ਜਾਂਦੇ ਹਨ।

# ਬੈਂਗਲੁਰੂ ਦੇ ਗੁਰਦੁਆਰਾ ਸਾਹਿਬ 'ਚ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਅੱਜ

**ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਤੇ ਐਡ. ਹਰਜਿੰਦਰ ਸਿੰਘ ਧਾਮੀ ਕਰਨਗੇ ਸ਼ਿਰਕਤ**

ਅੰਮ੍ਰਿਤਸਰ, 12 ਜੁਲਾਈ (ਚ.ਨ.ਸ.): ਕਰਨਾਟਕ ਦੀ ਰਾਜਧਾਨੀ ਬੈਂਗਲੁਰੂ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ



ਸਭਾ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 12 ਤੇ 13 ਜੁਲਾਈ ਨੂੰ ਕਰਵਾਏ ਜਾ ਰਹੇ ਗੁਰਮਤਿ ਸਮਾਗਮਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪੰਜਾਬ ਤੋਂ ਹੋਰ ਸ਼ਖ਼ਸੀਅਤਾਂ ਵੀ ਸ਼ਿਰਕਤ ਕਰਨਗੀਆਂ। ਜਾਣਕਾਰੀ ਅਨੁਸਾਰ ਸ੍ਰੀ ਗੁਰੂ ਸਿੰਘ ਸਭਾ ਅਲਸੂਰ ਬੈਂਗਲੁਰੂ ਵੱਲੋਂ 12 ਜੁਲਾਈ ਨੂੰ ਸ਼ਾਮ 6.30 ਤੋਂ ਰਾਤ 10 ਵਜੇ ਅਤੇ 13 ਜੁਲਾਈ ਨੂੰ ਸਵੇਰੇ 7.30 ਵਜੇ ਤੋਂ ਸ਼ਾਮ 4 ਵਜੇ ਤੱਕ ਸਜਾਏ ਜਾ ਰਹੇ ਗੁਰਮਤਿ ਸਮਾਗਮਾਂ ਦੌਰਾਨ ਸਿੰਘ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੇ ਮੁੱਖ ਪ੍ਰਚਾਰਕ ਗਿਆਨੀ ਜਗਦੇਵ ਸਿੰਘ, ਹਜ਼ੂਰੀ ਰਾਗੀ ਭਾਈ ਸੰਦੀਪ ਸਿੰਘ ਸਮੇਤ ਹੋਰ ਕਥਾਵਾਚਕ ਤੇ ਕੀਰਤਨੀ ਜਥੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

# ਖ਼ਾਲਿਸਤਾਨ ਵਿਵਾਦ ਤੋਂ ਬਾਅਦ ਭਾਰਤ-ਕੈਨੇਡਾ ਦੇ ਅਧਿਕਾਰੀ ਪਹਿਲੀ ਵਾਰ ਮਿਲਣਗੇ

**ਭਾਰਤ-ਕੈਨੇਡਾ ਅਗਲੇ ਹਫ਼ਤੇ ਸੁਰੱਖਿਆ ਸਬੰਧਾਂ 'ਤੇ ਚਰਚਾ ਕਰਨਗੇ**

ਨਵੀਂ ਦਿੱਲੀ/ਟੋਰਾਂਟੋ, 12 ਜੁਲਾਈ (ਚ.ਨ.ਸ.): ਭਾਰਤ ਅਤੇ ਕੈਨੇਡਾ ਆਪਣੇ ਸਬੰਧਾਂ ਨੂੰ ਦੁਬਾਰਾ ਮਜ਼ਬੂਤ ਕਰਨ ਲਈ ਅਗਲੇ ਹਫ਼ਤੇ ਮਹੱਤਵਪੂਰਨ ਗੱਲਬਾਤ ਕਰਨ ਜਾ ਰਹੇ ਹਨ। ਇਹ ਮੁਲਾਕਾਤ ਪਿਛਲੇ ਮਹੀਨੇ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਸੁਧਾਰਨ ਲਈ ਹੋਏ ਸਮਝੌਤੇ ਤੋਂ ਬਾਅਦ ਪਹਿਲੀ ਵਾਰ ਹੋਵੇਗੀ। ਗੱਲਬਾਤ ਸੁਰੱਖਿਆ ਮੁੱਦਿਆਂ ਅਤੇ ਕੂਟਨੀਤਕ ਸਬੰਧਾਂ ਨੂੰ ਬਿਹਤਰ ਬਣਾਉਣ 'ਤੇ ਕੇਂਦ੍ਰਿਤ ਹੋਵੇਗੀ। ਕੈਨੇਡਾ ਦੇ ਇੰਡੋ-ਪੈਸੀਫਿਕ ਮਾਮਲਿਆਂ ਦੇ ਸਹਾਇਕ ਉਪ ਮੰਤਰੀ ਵੈਲਡਨ ਐਪ ਅਗਲੇ ਹਫ਼ਤੇ ਨਵੀਂ ਦਿੱਲੀ ਆਉਣਗੇ। ਉਹ ਮਲੇਸ਼ੀਆ ਵਿੱਚ ਆਸੀਆਨ ਨਾਲ ਸਬੰਧਤ ਮੀਟਿੰਗ ਤੋਂ ਬਾਅਦ ਭਾਰਤ ਆਉਣਗੇ ਅਤੇ ਇੱਥੇ ਭਾਰਤ ਦੇ ਵਧੀਕ ਸਕੱਤਰ (ਅਮਰੀਕਾ) ਕੇ ਨਾਗਰਾਜ ਨਾਇਡੂ ਨਾਲ ਮੁਲਾਕਾਤ



ਕਰਨਗੇ। ਪਿਛਲੇ ਮਹੀਨੇ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡੀਅਨ ਰੌਕੀਜ਼ ਵਿੱਚ ਜੀ 77 ਸੰਮੇਲਨ ਦੌਰਾਨ ਮੁਲਾਕਾਤ ਕੀਤੀ ਸੀ। ਉਸ ਮੀਟਿੰਗ ਵਿੱਚ ਦੋਵੇਂ ਦੇਸ਼ ਆਪਣੇ ਆਪਸੀ ਸਬੰਧਾਂ ਨੂੰ ਵਾਪਸ ਪੱਟੜੀ 'ਤੇ ਲਿਆਉਣ ਲਈ ਸੰਤੁਲਿਤ ਅਤੇ ਰਚਨਾਤਮਕ ਕਦਮ ਚੁੱਕਣ 'ਤੇ ਸਹਿਮਤ ਹੋਏ ਸਨ। ਇਸ ਸਮਝੌਤੇ ਤੋਂ ਬਾਅਦ ਵੈਲਡਨ ਐਪ ਭਾਰਤ ਦਾ ਦੌਰਾ ਕਰਨ ਵਾਲਾ ਪਹਿਲਾ ਸੀਨੀਅਰ ਕੈਨੇਡੀਅਨ ਅਧਿਕਾਰੀ ਹੋਵੇਗਾ। ਗੱਲਬਾਤ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਸੁਰੱਖਿਆ ਏਜੰਸੀਆਂ ਵਿਚਕਾਰ ਸਹਿਯੋਗ ਵਧਾਉਣ, ਆਪਸੀ ਖੁਫੀਆ ਜਾਣਕਾਰੀ ਸਾਂਝੀ ਕਰਨ ਅਤੇ ਕਾਨੂੰਨ ਵਿਵਸਥਾ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ।

# ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

ਭੋਗਪੁਰ, 12 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਆਮ ਆਦਮੀ ਪਾਰਟੀ ਹਲਕਾ ਆਦਮਪੁਰ ਦੇ ਇੰਚਾਰਜ ਪਵਨ ਕੁਮਾਰ ਟੀਨੂੰ ਅੱਜ ਭੋਗਪੁਰ ਦੇ ਪ੍ਰੀਤ ਪੈਲੇਸ ਵਿੱਚ ਪਹੁੰਚੇ ਪੀ.ਐਸ.ਈ.ਬੀ ਦੇ ਸੀਨੀਅਰ ਅਧਿਕਾਰੀ ਅਤੇ ਇਲਾਕਾ ਨਿਵਾਸੀਆਂ ਨਾਲ ਭਰਵੀਂ ਬੈਠਕ ਕੀਤੀ ਗਈ। ਬੈਠਕ ਵਿੱਚ ਇਲਾਕਾ ਨਿਵਾਸੀਆਂ ਦੀਆਂ ਬਿਜਲੀ ਨਾਲ ਸਬੰਧਤ ਸਮੱਸਿਆਵਾਂ ਨੂੰ ਸੁਣਿਆ ਗਿਆ। ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਪਹੁੰਚੇ ਲੋਕ ਆਖ ਰਹੇ ਸਨ ਕਿ ਦੋ ਦੋ ਮਹੀਨੇ ਤੋਂ ਬਿਜਲੀ ਸਪਲਾਈ ਖਰਾਬ ਪਈ ਹੈ ਅਤੇ ਕਈਆਂ ਨੂੰ ਕੁਨੈਕਸ਼ਨ ਤੱਕ ਨਹੀਂ ਮਿਲ ਰਿਹਾ, ਲੋਕਾਂ ਨੇ ਇਹ ਵੀ ਦੱਸਿਆ ਕਿ ਕਈਆਂ ਦੇ ਘਰਾਂ ਦੇ ਬਿਜਲੀ ਬੰਦ ਹੋਣ 'ਤੇ ਵੀ ਮੀਟਰ ਘੁੰਮ ਰਹੇ ਹਨ ਅਤੇ ਦੋ ਦੋ ਮਹੀਨੇ ਤੋਂ ਅਧਿਕਾਰੀਆਂ ਦੇ ਤਰਲੇ ਮਾਰ ਰਹੇ ਹਨ, ਸੁਣਵਾਈ ਨਹੀਂ ਹੋ ਰਹੀ, ਦੱਸਿਆ ਕਿ ਅੱਜ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਨੂੰ ਲਿਖਤੀ ਪੱਤਰ ਦਿੱਤਾ ਗਿਆ ਹੈ ਅਤੇ ਪਵਨ ਕੁਮਾਰ ਟੀਨੂੰ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਜਲਦ ਹੀ ਮਸਲੇ ਦੇ ਹੱਲ ਕਰਨਗੇ। ਇਸ ਮੌਕੇ 'ਤੇ ਪੱਤਰਕਾਰਾਂ ਵੱਲੋਂ ਪਵਨ ਕੁਮਾਰ ਟੀਨੂੰ ਨਾਲ ਭੋਗਪੁਰ ਵਿੱਚ ਸੀਵਰੇਜ ਪਾਉਣ ਦੇ ਕੰਮ ਬਾਰੇ ਵੀ ਗੱਲਬਾਤ ਕੀਤੀ ਗਈ ਕਿਉਂਕਿ ਸ਼ੁਰੂ ਕੀਤੇ ਗਏ ਹਨ ਪਰ ਪੂਰੇ ਨਹੀਂ ਹੋ ਰਹੇ। ਪਵਨ ਕੁਮਾਰ ਟੀਨੂੰ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਜਲਦ ਹੀ ਭੋਗਪੁਰ ਦੇ ਮਸਲੇ ਹੱਲ ਕਰਨਗੇ। ਇਸ ਮੌਕੇ 'ਤੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ, ਪਰਮਜੀਤ ਸਿੰਘ ਐਕਸੀਅਨ, ਪਰਮਜੀਤ ਸਿੰਘ ਰਾਜਵੀਰ ਆਦਮਪੁਰ, ਬਲਕਤ ਰਾਮ ਭੋਗਪੁਰ, ਬੂਟਾ ਸਿੰਘ ਟੀਟੂ ਭੋਗਪੁਰ, ਸਰਬਜੀਤ ਸਿੰਘ ਸਾਬੀ ਮਾਧੋਪੁਰ, ਦੇਵ ਮਣੀ ਚੌਹਰ ਭੋਗਪੁਰ, ਆਰ.ਕੇ.ਭੋਗਪੁਰ, ਬਲਵਿੰਦਰ ਭੰਡਾਰੀ ਭੋਗਪੁਰ, ਬਲਵਿੰਦਰ ਸਿੰਘ ਪਤਿਆਲ, ਸਤਨਾਮ ਸਿੰਘ ਸੋਢੀ, ਮਸਤਾਨ ਸਿੰਘ ਰਾਸਪੁਰ, ਗੁਰਦੇਵ ਸਿੰਘ ਚਰੜ ਆਦਿ ਹਾਜ਼ਰ ਸਨ।

# ਦਲਾਈ ਲਾਮਾ 45 ਦਿਨਾਂ ਦੀ ਲੱਦਾਖ ਫੇਰੀ 'ਤੇ ਰਵਾਨਾ

ਧਰਮਸ਼ਾਲਾ, 12 ਜੁਲਾਈ (ਚ.ਨ.ਸ.): ਦਲਾਈ ਲਾਮਾ ਸ਼ਨੀਵਾਰ ਸਵੇਰੇ ਮੈਕਲਿਓਡਗੰਜ ਸਥਿਤ ਆਪਣੇ ਨਿਵਾਸ ਸਥਾਨ ਤੋਂ ਲੱਦਾਖ ਦੇ 45 ਦਿਨਾਂ ਦੇ ਦੌਰੇ ਲਈ ਰਵਾਨਾ ਹੋ ਗਏ ਹਨ। ਜਾਣ ਤੋਂ ਪਹਿਲਾਂ, ਤਿੱਬਤੀ ਅਧਿਆਤਮਿਕ ਨੇਤਾ ਨੇ ਆਪਣੇ 90ਵੇਂ ਜਨਮਦਿਨ 'ਤੇ ਦਿੱਤੀਆਂ ਗਈਆਂ ਨਿੱਘੀਆਂ ਸ਼ੁਭਕਾਮਨਾਵਾਂ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਹਜ਼ਾਰਾਂ ਲੋਕਾਂ ਨੂੰ ਜਸ਼ਨਾਂ ਵਿੱਚ ਹਿੱਸਾ ਲੈਂਦੇ ਦੇਖਣਾ ਬਹੁਤ ਖੁਸ਼ੀ ਦੀ ਗੱਲ ਹੈ। ਇਹ ਦੋ ਸਾਲਾਂ ਵਿੱਚ ਦਲਾਈ ਲਾਮਾ ਦੀ ਲੱਦਾਖ ਦੀ ਪਹਿਲੀ ਫੇਰੀ ਹੈ। ਪਹੁੰਚਣ 'ਤੇ ਉਹ ਖੇਤਰ ਦੀ ਉਚਾਈ ਦੇ ਅਨੁਕੂਲ ਹੋਣ ਲਈ ਕੁਝ ਦਿਨ ਆਰਾਮ ਕਰਨਗੇ। ਉਨ੍ਹਾਂ ਦੇ ਯਾਤਰਾ ਪ੍ਰੋਗਰਾਮ ਵਿੱਚ ਲੇਹ ਅਤੇ ਨੇੜਲੇ ਖੇਤਰਾਂ ਵਿੱਚ ਜਨਤਕ ਸਿੱਖਿਆਵਾਂ ਅਤੇ



ਨਿੱਜੀ ਰੁਝੇਵਿਆਂ ਦੀ ਇੱਕ ਲੜੀ ਸ਼ਾਮਲ ਹੈ। ਇਸ ਦੌਰੇ ਦਾ ਇੱਕ ਮਹੱਤਵਪੂਰਨ ਹਿੱਸਾ ਜ਼ੰਸਕਰ ਹੋਵੇਗਾ, ਜੋ ਕਿ ਇੱਕ ਦੂਰ-ਦੁਰਾਡੇ ਅਤੇ ਅਧਿਆਤਮਿਕ ਤੌਰ 'ਤੇ ਮਹੱਤਵਪੂਰਨ ਖੇਤਰ ਹੈ ਜੋ ਆਪਣੇ ਪ੍ਰਾਚੀਨ ਮੱਠਾਂ ਅਤੇ ਸੁਰੱਖਿਅਤ ਬੋਧੀ ਵਿਰਾਸਤ ਲਈ ਮਸ਼ਹੂਰ ਹੈ। ਲੱਦਾਖ ਬੋਧੀ ਐਸੋਸੀਏਸ਼ਨ ਦੇ ਚੇਅਰਮੈਨ ਸੇਰਿੰਗ ਦੋਰਜੇ ਨੇ ਇਸ ਦੌਰੇ 'ਤੇ ਬਹੁਤ ਖੁਸ਼ੀ ਪ੍ਰਗਟ ਕੀਤੀ, ਹਿਮਾਲੀਅਨ ਖੇਤਰ ਵਿੱਚ ਦਲਾਈ ਲਾਮਾ ਦੀ ਮੌਜੂਦਗੀ ਦੇ ਡੂੰਘੇ ਅਧਿਆਤਮਿਕ ਅਤੇ ਸੱਭਿਆਚਾਰਕ ਮਹੱਤਵ ਨੂੰ ਉਜਾਗਰ ਕੀਤਾ। ਐਸੋਸੀਏਸ਼ਨ ਨੇ ਆਪਣੇ ਸਤਿਕਾਰਯੋਗ ਨੇਤਾ ਦਾ ਸ਼ਾਨਦਾਰ ਸਵਾਗਤ ਕਰਨ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ। ਦਲਾਈ ਲਾਮਾ ਨੇ ਜੁਲਾਈ 2024 ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਗੋਡੇ ਦੀ ਸਰਜਰੀ ਕਾਰਨ ਲੱਦਾਖ ਦੀ ਆਪਣੀ ਨਿਰਧਾਰਤ ਯਾਤਰਾ ਰੱਦ ਕਰ ਦਿੱਤੀ ਸੀ। ਉਸ ਤੋਂ ਬਾਅਦ ਦੇ ਮਹੀਨਿਆਂ ਵਿੱਚ ਲੱਦਾਖ ਦੇ ਧਾਰਮਿਕ ਅਤੇ ਭਾਈਚਾਰਕ ਨੇਤਾ ਸੱਦਾ ਨਵਿਆਉਣ ਲਈ ਉਨ੍ਹਾਂ ਦੇ ਦਫ਼ਤਰ ਨਾਲ ਸਰਗਰਮ ਸੰਚਾਰ ਵਿੱਚ ਰਹੇ, ਜਿਸਨੂੰ ਆਖਰਕਾਰ ਉਨ੍ਹਾਂ ਨੇ ਸਵੀਕਾਰ ਕਰ ਲਿਆ। ਅਕਤੂਬਰ 2024 ਵਿੱਚ, ਇੱਕ ਉੱਚ-ਪੱਧਰੀ ਵਫ਼ਦ, ਜਿਸ ਵਿੱਚ ਵਿਕਸੇ ਰਿਨਪੋਚੇ, ਸੇਰਿੰਗ ਦੋਰਜੇ, ਲੱਦਾਖ ਗੋਂਪਾ ਐਸੋਸੀਏਸ਼ਨ ਦੇ ਸੇਰਿੰਗ ਅੰਗਡਸ ਅਤੇ ਲੱਦਾਖ ਯੂਥ ਐਸੋਸੀਏਸ਼ਨ ਦੇ ਜਿਗਮੇਤ ਰਬਤਾਨ ਸ਼ਾਮਲ ਸਨ, ਨੇ 2025 ਦੀ ਯਾਤਰਾ ਦੇ ਪ੍ਰਸਤਾਵ ਨੂੰ ਅੰਤਿਮ ਰੂਪ ਦੇਣ ਲਈ ਦਲਾਈ ਲਾਮਾ ਨੂੰ ਉਨ੍ਹਾਂ ਦੇ ਧਰਮਸ਼ਾਲਾ ਨਿਵਾਸ 'ਤੇ ਮਿਲਿਆ। ਮੌਜੂਦਾ ਯਾਤਰਾ ਦੌਰਾਨ, ਦਲਾਈ ਲਾਮਾ ਬੋਧੀ ਦਰਸ਼ਨ, ਵਿਸ਼ਵਵਿਆਪੀ ਦਇਆ ਅਤੇ ਅੰਤਰ-ਧਰਮ ਸਦਭਾਵਨਾ 'ਤੇ ਕੇਂਦ੍ਰਿਤ ਸਿੱਖਿਆਵਾਂ ਪੇਸ਼ ਕਰਨਗੇ - ਉਹ ਮੁੱਲ ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਦੌਰਾਨ ਲਗਾਤਾਰ ਅੱਗੇ ਵਧਾਇਆ ਹੈ।

# ਹੁਣ ਹਿਮਾਚਲ 'ਚ ਸਿਰਫ਼ ਇੱਕ ਫੇਰੀ 'ਚ ਜ਼ਮੀਨ ਦੀ ਕਰਵਾਓ ਰਜਿਸਟਰੀ

ਸ਼ਿਮਲਾ, 12 ਜੁਲਾਈ (ਚ.ਨ.ਸ.): ਮਾਈ ਡੀਡ ਐਨਜੀਡੀਆਰਐਸ (ਨੈਸ਼ਨਲ ਜੈਨਰਿਕ ਡੌਕੂਮੈਂਟ ਰਜਿਸਟ੍ਰੇਸ਼ਨ ਸਿਸਟਮ) ਦੇ ਤਹਿਤ, ਨਾਗਰਿਕ ਸਾਰੇ ਦਸਤਾਵੇਜ਼ ਔਨਲਾਈਨ ਜਮ੍ਹਾਂ ਕਰਵਾ ਸਕਦੇ ਹਨ ਅਤੇ ਸਬੰਧਤ ਦਫ਼ਤਰ ਵਿੱਚ ਸਿਰਫ਼ ਇੱਕ ਫੇਰੀ ਵਿੱਚ ਜ਼ਮੀਨ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਸ਼ੁੱਕਰਵਾਰ ਨੂੰ ਰਾਜ ਵਿੱਚ ਜ਼ਮੀਨ ਦੀ ਰਜਿਸਟ੍ਰੇਸ਼ਨ ਨੂੰ ਆਸਾਨ ਬਣਾਉਣ ਲਈ ਇੱਕ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਹ ਪ੍ਰੋਜੈਕਟ ਬਿਲਾਸਪੁਰ ਜ਼ਿਲ੍ਹੇ ਦੀ ਬਿਲਾਸਪੁਰ ਸਦਰ ਤਹਿਸੀਲ, ਚੰਬਾ ਜ਼ਿਲ੍ਹੇ ਦੀ ਡਲਹੌਜ਼ੀ ਤਹਿਸੀਲ, ਹਮੀਰਪੁਰ ਜ਼ਿਲ੍ਹੇ ਦੀ ਗਾਲੌਰ ਤਹਿਸੀਲ, ਕਾਂਗੜਾ ਜ਼ਿਲ੍ਹੇ ਦੀ ਜੈਸਿੰਘਪੁਰ ਤਹਿਸੀਲ, ਕੁੱਲੂ ਜ਼ਿਲ੍ਹੇ ਦੀ ਭੁੰਤਰ ਤਹਿਸੀਲ, ਮੰਡੀ ਜ਼ਿਲ੍ਹੇ ਦੀ ਪਧਰ ਤਹਿਸੀਲ, ਸ਼ਿਮਲਾ ਜ਼ਿਲ੍ਹੇ ਦੀ ਕੁਮਾਰਸੈਨ ਤਹਿਸੀਲ, ਸਿਰਮੌਰ ਜ਼ਿਲ੍ਹੇ ਦੀ ਰਾਜਗੜ੍ਹ ਤਹਿਸੀਲ, ਸੋਲਨ ਜ਼ਿਲ੍ਹੇ ਦੀ ਕੰਡਾਘਾਟ ਤਹਿਸੀਲ ਅਤੇ ਊਨਾ ਜ਼ਿਲ੍ਹੇ ਦੀ ਬੰਗਾਨਾ ਤਹਿਸੀਲ ਵਿੱਚ ਸ਼ੁਰੂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਮਾਲ ਵਿਭਾਗ ਦੇ ਕੰਮਕਾਜ ਨੂੰ ਬਿਹਤਰ ਬਣਾਉਣ ਅਤੇ ਪ੍ਰਕਿਰਿਆ ਨੂੰ ਹੋਰ ਲੋਕ-ਅਨੁਕੂਲ ਬਣਾਉਣ ਲਈ ਜਮ੍ਹਾਂਬੰਦੀ, ਈ-ਰੋਜ਼ਨਾਮਚਾ ਵਾਕਿਆਤੀ ਅਤੇ ਕਾਰਗੁਜ਼ਾਰੀ ਪਹਿਲਕਦਮੀਆਂ ਦਾ ਨਵਾਂ ਫਾਰਮੈਟ ਵੀ ਲਾਂਚ ਕੀਤਾ। ਜਮ੍ਹਾਂਬੰਦੀ ਦਾ ਫਾਰਮੈਟ ਆਸਾਨ ਹਿੰਦੀ ਵਿੱਚ ਸਰਲ ਬਣਾਇਆ ਗਿਆ ਹੈ। ਉਰਦੂ, ਅਰਬੀ ਅਤੇ ਫਾਰਸੀ ਵਰਗੀਆਂ ਪੁਰਾਣੀਆਂ ਭਾਸ਼ਾਵਾਂ ਨੂੰ ਹਟਾ ਦਿੱਤਾ ਗਿਆ ਹੈ ਤਾਂ ਜੋ ਆਮ ਲੋਕ ਜ਼ਮੀਨੀ ਰਿਕਾਰਡ ਨੂੰ ਆਸਾਨੀ ਨਾਲ ਸਮਝ ਸਕਣ। ਈ-ਰੋਜ਼ਨਾਮਚਾ ਵਕਿਆਤੀ ਪਟਵਾਰੀਆਂ ਨੂੰ ਰੋਜ਼ਾਨਾ ਦੇ ਸਮਾਗਮਾਂ ਦਾ ਡਿਜੀਟਲ ਰਿਕਾਰਡ ਰੱਖਣ ਵਿੱਚ ਮਦਦ ਕਰੇਗੀ, ਜਦੋਂ ਕਿ ਕਾਰਗੁਜ਼ਾਰੀ ਦੀ ਵਰਤੋਂ ਰੋਜ਼ਾਨਾ ਹਾਜ਼ਰੀ ਔਨਲਾਈਨ ਦਰਜ ਕਰਨ ਲਈ ਕੀਤੀ ਜਾਵੇਗੀ। ਤਹਿਸੀਲਦਾਰ ਵੀ ਕੀਤੇ ਜਾ ਰਹੇ ਕੰਮ ਦਾ ਬਿਹਤਰ ਢੰਗ ਨਾਲ ਰਿਕਾਰਡ ਰੱਖ ਸਕਣਗੇ। ਇੰਤਕਾਲ ਔਨਲਾਈਨ ਇੰਤਕਾਲ ਰਜਿਸਟਰ ਵੀ ਜਲਦੀ ਹੀ ਜੋੜਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਲੋਕਾਂ ਦੀ ਮਦਦ ਕਰਨ, ਪਾਰਦਰਸ਼ਤਾ ਲਿਆਉਣ ਅਤੇ ਮਾਲ ਸੇਵਾਵਾਂ ਨੂੰ ਵਧੇਰੇ ਕੁਸ਼ਲ ਬਣਾਉਣ ਲਈ ਤਕਨਾਲੋਜੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਹਦਾਇਤ ਕੀਤੀ ਕਿ 10 ਦਿਨਾਂ ਦੇ ਅੰਦਰ-ਅੰਦਰ ਇੱਕ ਡਿਜੀਟਲ ਦਸਤਖਤ ਵਾਲਾ ਜਮ੍ਹਾਂਬੰਦੀ ਮਾਡਿਊਲ ਵਿਕਸਤ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ 'ਫਰਦ' (ਜ਼ਮੀਨ ਰਿਕਾਰਡ ਦੀ ਕਾਪੀ) ਪ੍ਰਾਪਤ ਕਰਨ ਲਈ ਪਟਵਾਰਖਾਨਿਆਂ ਵਿੱਚ ਨਾ ਜਾਣਾ ਪਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ 15 ਦਿਨਾਂ ਦੇ ਅੰਦਰ ਇੱਕ ਔਨਲਾਈਨ, ਕਾਗਜ਼ ਰਹਿਤ ਮਾਲ ਅਦਾਲਤ ਪ੍ਰਬੰਧਨ ਪ੍ਰਣਾਲੀ ਤਿਆਰ ਕੀਤੀ ਜਾਵੇ। ਇਸ ਨਾਲ ਲੋਕ ਔਨਲਾਈਨ ਰਿਟ ਪਟੀਸ਼ਨਾਂ ਦਾਇਰ ਕਰ ਸਕਣਗੇ ਅਤੇ ਡਿਜੀਟਲ ਰੂਪ ਵਿੱਚ ਸੰਮਨ ਅਤੇ ਅਪਡੇਟ ਪ੍ਰਾਪਤ ਕਰ ਸਕਣਗੇ, ਜਿਸ ਨਾਲ ਪ੍ਰਕਿਰਿਆ ਤੇਜ਼ ਅਤੇ ਪਾਰਦਰਸ਼ੀ ਹੋਵੇਗੀ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਬੀ.ਐੱਲ.ਓਜ਼ ਨੂੰ ਟ੍ਰੇਨਿੰਗ ਦਿੱਤੀ



ਅਮਲੋਹ, 12 ਜੁਲਾਈ (ਜਸਵੰਤ ਸਿੰਘ): ਭਾਰਤੀ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ- ਕਮ- ਜ਼ਿਲ੍ਹਾ ਚੋਣ ਅਫ਼ਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਚੇਤਨ ਬੰਗੜ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ-056 ਅਮਲੋਹ ਦੀ ਅਗਵਾਈ 'ਚ ਵਿਧਾਨ ਸਭਾ ਹਲਕਾ ਅਮਲੋਹ ਦੇ ਬੀ ਐਲ ਓਜ਼ ਦਾ ਚਾਰ ਰੋਜ਼ਾ ਸਿਖਲਾਈ ਪ੍ਰੋਗਰਾਮ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰਗਿਆ ਹਾਲ ਵਿੱਚ ਕਰਵਾਇਆ ਗਿਆ। ਇਹ ਪ੍ਰੋਗਰਾਮ ਵੋਟਰ ਸੂਚੀਆਂ ਨੂੰ ਅਪਡੇਟ ਕਰਨ, ਖੇਤਰੀ ਦੌਰੇ ਕਰਨ ਅਤੇ ਵੋਟਰ ਜਾਣਕਾਰੀ ਦੀ ਪੁਸ਼ਟੀ ਕਰਨ ਵਿੱਚ ਬੀ ਐਲ ਓਜ਼ ਦੀਆਂ ਜ਼ਿੰਮੇਵਾਰੀਆਂ ਨੂੰ ਕਵਰ ਕਰਨਾ ਸੀ। ਪ੍ਰੋਗਰਾਮ ਦੌਰਾਨ ਮਾਸਟਰ ਟਰੇਨਰ ਪ੍ਰਿੰਸੀਪਲ ਡਾ. ਆਰ ਕੇ ਸ਼ਰਮਾ, ਬਲਜੀਤ ਸਿੰਘ, ਵਰਿੰਦਰ ਸਿੰਘ ਅਤੇ ਪਰਵਿੰਦਰ ਸਿੰਘ ਨੇ ਬੀਐਲਓਜ਼ ਨੂੰ ਆਮ ਕਰਤੱਵਾਂ ਅਤੇ ਸ਼ਿਸ਼ਟਾਚਾਰ ਜਿਵੇਂ ਕਿ ਘਰ-ਘਰ ਸਰਵੇਖਣ, ਮ੍ਰਿਤਕ, ਸ਼ਿਫਟ ਕੀਤੇ ਗਏ ਜਾਂ ਡੁਪਲੀਕੇਟ ਵੋਟਰਾਂ ਦੀ ਪਹਿਚਾਣ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਇਸ ਬਾਰੇ ਦੱਸਿਆ ਗਿਆ। ਸਿਖਲਾਈ ਦੌਰਾਨ ਵੋਟਰ ਜਾਣਕਾਰੀ ਨੂੰ ਸ਼ਾਮਿਲ ਕਰਨ, ਮਿਟਾਉਣ ਅਤੇ ਸੁਧਾਰ ਲਈ ਵੱਖ-ਵੱਖ ਫਾਰਮਾਂ ਨੂੰ ਸਮਝਣ ਅਤੇ ਵਰਤਣ ਬਾਰੇ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਦੌਰਾਨ ਪੁਰਾਣੇ ਤੇ ਨਵ-ਨਿਯੁਕਤ ਬੀਐਲਓਜ਼ ਦੀ ਟਰੇਨਿੰਗ ਕਰਵਾਈ ਗਈ। ਇਸ ਮੌਕੇ ਪੁਰਾਣੇ ਬੀਐੱਲਓ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਕਰਨ ਦੇ ਮੰਤਵ ਨਾਲ ਅਤੇ ਨਵੇਂ ਬੀਐਲਓਜ਼ ਨੂੰ ਉਨ੍ਹਾਂ ਵੱਲੋਂ ਨਿਭਾਈ ਜਾਣ ਵਾਲੀ ਡਿਊਟੀ ਪ੍ਰਤੀ ਜਾਗਰੂਕ ਕੀਤਾ ਗਿਆ। ਟ੍ਰੇਨਿੰਗ ਮੁਕੰਮਲ ਹੋਣ ਉਪਰੰਤ ਬੀਐਲਓ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਟ੍ਰੇਨਿੰਗ ਦੌਰਾਨ ਸੁਪਰਵਾਈਜ਼ਰ ਸਮੇਤ ਉਪ ਮੰਡਲ ਮੈਜਿਸਟਰੇਟ ਦੇ ਸਟਾਫ਼ ਮੈਂਬਰ ਚੇਤਨ ਕੁਮਾਰ, ਸੁਰਿੰਦਰ ਸਿੰਘ ਤੇ ਭਗਤ ਸਿੰਘ ਆਦਿ ਹਾਜ਼ਰ ਸਨ।

# ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਨਹੀਂ ਕੀਤਾ ਤਾਂ ਕਰਾਂਗੇ ਤਿੱਖਾ ਸੰਘਰਸ਼: ਪ੍ਰਧਾਨ ਜੱਸ ਰਾਵਣ



ਭੋਗਪੁਰ, 12 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਟਾਈਗਰ ਫੋਰਸ ਵਾਲਮੀਕਨ ਪ੍ਰਧਾਨ ਜਸ ਰਾਵਣ ਅਤੇ ਹੋਰ ਸੀਨੀਅਰ ਆਗੂ ਜਸਵਿੰਦਰ ਪ੍ਰਿੰਸ ਦੀ ਮੌਤ 'ਤੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਇਕੱਤਰ ਹੋਏ ਉਹਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਕੁਲਦੀਪ ਕੌਰ ਪਤਨੀ ਗੁਰਮੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਮਕਾਨ ਨੰਬਰ 84 ਸ਼ਕਤੀ ਨਗਰ ਵਾਰਡ ਨੰਬਰ 11 ਭੋਗਪੁਰ ਜਲੰਧਰ ਹਾਲ ਵਾਸੀ ਕਿਰਾਏਦਾਰ ਸੀ 911 ਏ ਜੀ ਆਈ ਫਲੈਟ ਜੀਟੀ ਰੋਡ ਖਜੂਰਲਾ ਕਪੂਰਥਲਾ ਥਾਣਾ ਸਦਰ 50 ਵੱਲੋਂ ਬਿਆਨ ਦਿੱਤਾ ਗਿਆ ਸੀ ਕਿ ਉਸ ਦਾ ਪਤੀ ਇੰਗਲੈਂਡ ਵਿੱਚ ਰਹਿੰਦਾ ਹੈ, ਏਜੰਟਾਂ ਕੋਲ ਪੈਸੇ ਫਸ ਜਾਣ ਕਰਕੇ ਹੀ ਕਿਰਾਏ 'ਤੇ ਰਹਿ ਰਹੇ ਸਨ । ਉਹਨਾਂ ਕਿਹਾ ਲੜਕੇ ਜਸਵਿੰਦਰ ਸਿੰਘ ਪ੍ਰਿੰਸ ਨੇ ਬਾਹਰ ਜਾਣ ਲਈ ਏਜੰਟਾਂ ਨੂੰ ਆਪਣਾ ਮਕਾਨ ਗੱਡੀ ਅਤੇ 18 ਲੱਖ ਦੇ ਚੁੱਕਾ ਸੀ ਪਰ ਏਜੰਟਾਂ ਵੱਲੋਂ ਨਾ ਬਾਹਰ ਭੇਜਿਆ ਗਿਆ ਅਤੇ ਨਾ ਪੈਸੇ ਵਾਪਸ ਕੀਤੇ ਗਏ, ਗੱਡੀ ਅਤੇ ਮਕਾਨ ਵੀ ਵਾਪਸ ਨਹੀਂ ਦਿੱਤਾ ਗਿਆ, ਜਿਸ ਕਰਕੇ ਪ੍ਰਿੰਸ ਨੇ ਰਾਤ ਤਕਰੀਬਨ 9 ਵਜੇ ਖਾਣਾ ਖਾਣ ਤੋਂ ਬਾਅਦ ਬਾਥਰੂਮ ਵਿੱਚ ਜਾ ਕੇ ਗਲ ਨੂੰ ਫਾਹਾ ਲਗਾ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਸੀ ਅਤੇ ਪੁਲਿਸ ਨੇ ਬਿਆਨਾਂ 'ਤੇ 194 ਬੀ ਐਨ.ਐਸ.ਐਸ ਅਤੇ ਹੋਰ ਧਰਾਵਾਂ ਨਾਲ ਕਾਰਵਾਈ ਕਰ ਦਿੱਤੀ ਸੀ। ਜਿਸ ਵਿੱਚ ਸੁਰਜੀਤ ਸਿੰਘ ਭੱਟੀ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਲਾਹਦੜਾ ਥਾਣਾ ਭੋਗਪੁਰ ਤੇ ਜੱਸੀ ਵਾਸੀ ਸੀ। ਕਰਮ ਸਿੰਘ ਕਲੋਨੀ ਭੋਗਪੁਰ ਨੇ ਪ੍ਰਿੰਸ ਨੂੰ ਬਾਹਰ ਭੇਜਣ ਲਈ 45 ਲੱਖ ਵਿੱਚ ਗੱਲ ਮੁਕਾਈ ਸੀ। 17 ਲੱਖ ਰੁਪਏ ਅਤੇ ਪ੍ਰਿੰਸ ਦਾ ਪਾਸਪੋਰਟ ਨਾਲ ਲੈ ਗਏ ਸਨ! ਕਿਹਾ ਸੀ ਕਿ ਪ੍ਰਿੰਸ ਨੂੰ ਅਮਰੀਕਾ ਭੇਜ ਦੇਵਾਂਗੇ ਅਤੇ ਬਾਕੀ ਪੈਸਿਆਂ ਦਾ ਇੰਤਜ਼ਾਮ ਨਾ ਹੋਣ ਕਰਕੇ ਗੱਡੀ ਅਤੇ ਮਕਾਨ ਇਹ ਕਹਿ ਕੇ ਲਿਖਾ ਲਿਆ ਸੀ ਕਿ ਬਾਹਰ ਭੇਜਣ ਤੋਂ ਬਾਅਦ ਵਾਪਿਸ ਮੋੜ ਦੇਵਾਂਗੇ। ਜੱਸੀ ਤੇ ਸਰਜੀਤ ਸਿੰਘ ਨੇ ਘਰ ਆ ਕੇ ਮਕਾਨ ਅਤੇ ਗੱਡੀ ਨੰਬਰ ਪੀ.ਬੀ 09 ਏ.ਐਚ 78 13 ਰੰਗ ਚਿੱਟਾ ਨਾਲ ਲੈ ਗਏ ਸਨ, ਕਿਹਾ ਸੀ ਕਿ ਇਹਨਾਂ ਦਾ ਮੇਨ ਏਜੰਟ ਸੁਮਿਤ ਵਧਵਾ ਪੁੱਤਰ ਰਾਮ ਕ੍ਰਿਸ਼ਨ ਵਾਸੀ ਸੁਦਰਸ਼ਨ ਪਾਰਕ ਮਕਸੂਦਾ ਥਾਣਾ ਜ਼ਿਲ੍ਹਾ ਜਲੰਧਰ ਅਤੇ ਨਾਲ ਹੀ ਰਕੇਸ਼ ਮੱਟੂ ਪੁੱਤਰ ਸਤਪਾਲ ਸਿੰਘ ਪਿੰਡ ਜੰਡੀਰ ਜ਼ਿਲ੍ਹਾ ਜਲੰਧਰ ਥਾਣਾ ਭੋਗਪੁਰ ਸਾਰਿਆਂ ਦੇ ਖਿਲਾਫ ਪ੍ਰਿੰਸ ਦੀ ਮੌਤ ਹੋ ਜਾਣ ਦਾ ਥਾਣਾ ਸਦਰ ਫਗਵਾੜਾ ਜ਼ਿਲ੍ਹਾ ਕਪੂਰਥਲਾ 18 ਜੂਨ 2025 ਨੂੰ ਮੁਕੱਦਮਾ ਦਰਜ ਕੀਤਾ ਗਿਆ ਸੀ। ਆਗੂਆਂ ਨੇ ਕਿਹਾ ਕਿ ਨਾ ਤਾਂ ਕਿਸੇ 'ਤੇ ਕਾਨੂੰਨੀ ਕਾਰਵਾਈ ਕੀਤੀ ਗਈ ਹੈ ਅਤੇ ਨਾ ਹੀ ਕਿਸੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਥੇਬੰਦੀਆਂ ਦੇ ਪ੍ਰਧਾਨ ਜਸ ਰਾਵਣ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਪ੍ਰਸ਼ਾਸਨ ਨੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਨਹੀਂ ਕੀਤਾ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

# ਪਾਵਰਕਾਮ ਦੇ ਦਫ਼ਤਰ ਅੱਗੇ ਲੱਗਣ ਵਾਲੇ ਧਰਨੇ ਦੀਆਂ ਤਿਆਰੀਆਂ ਮੁਕੰਮਲ



ਮੱਲਾਂਵਾਲਾ, 12 ਜੁਲਾਈ (ਹਰਪਾਲ ਸਿੰਘ ਖ਼ਾਲਸਾ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਆਰਿਫ਼ ਕੇ (ਫਿਰੋਜ਼ਪੁਰ) ਵੱਲੋਂ 14 ਜੁਲਾਈ ਨੂੰ ਪਾਵਰਕੌਮ ਦੇ ਫਿਰੋਜ਼ਪੁਰ ਦੇ ਦਫ਼ਤਰ ਅੱਗੇ ਲੱਗਣ ਜਾ ਰਹੇ ਧਰਨੇ ਦੀ ਤਿਆਰੀ ਜ਼ੋਨ ਪ੍ਰਧਾਨ ਹਰਫੂਲ ਸਿੰਘ ਦੂਲੇ ਵਾਲਾ ਜ਼ੋਨ ਸਕੱਤਰ ਭੁਪਿੰਦਰ ਸਿੰਘ ਫਰੀਦਕੋਟੀਆ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਜਿਵੇਂ ਕਿ ਅੱਛੇ ਵਾਲਾ ਢੋਲੇ ਵਾਲਾ ਟੱਲੀ ਸੈਦਾ ਸ਼ਾਹ ਵਸਤੀ ਵਕੀਲਾਂ ਆਰਿਫ਼ ਕੇ ਫਰੀਦੇ ਵਾਲਾ ਕਮਾਲਾ ਬੋਦਲਾ ਬੰਡਾਲਾ ਆਦਿ ਪਿੰਡਾਂ ਵਿੱਚ ਕਰਵਾਈ ਗਈ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਬਚਿੱਤਰ ਸਿੰਘ ਕੁਤਬਦੀਨ ਵਾਲਾ ਨੇ ਕਿਹਾ ਹੈ ਕਿ ਬਿਜਲੀ ਅਦਾਰੇ ਨੂੰ ਮੋਦੀ ਸਰਕਾਰ ਨਿੱਜੀ ਕਰਨ ਦੀ ਨੀਤੀ ਤਹਿਤ ਫੇਰ ਦੁਬਾਰਾ ਬਿਜਲੀ ਸੋਧ ਬਿੱਲ 2025 ਮਾਨਸੂਨ ਸੈਸ਼ਨ ਵਿੱਚ ਸੰਸਦ 'ਚ ਪੇਸ਼ ਕਰਨਾ ਚਾਹੁੰਦੀ ਹੈ। ਉਹਨਾਂ ਕਿਹਾ ਹੈ ਕਿ ਮੋਦੀ ਸਰਕਾਰ ਨੇ ਪਿਛਲੀ ਸਰਕਾਰ ਸਮੇਂ ਬਿਜਲੀ ਵੰਡ ਕਨੂੰਨ ਰਾਹੀਂ ਸਮਾਰਟ ਮੀਟਰ (ਪ੍ਰੀਪੇਡ ਮੀਟਰ) ਲਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ ਜੋ ਕਿ ਇਹ ਮੀਟਰ ਕਿਸੇ ਵੀ ਕੀਮਤ 'ਤੇ ਨਹੀ ਲੱਗਣ ਦਿੱਤੇ ਜਾਣਗੇ। 14 ਜੁਲਾਈ ਨੂੰ ਪਾਵਰਕੌਮ ਦੇ ਐਸੀ ਦਫ਼ਤਰ ਫ਼ਿਰੋਜ਼ਪੁਰ ਵਿਖੇ ਲੱਗਣ ਵਾਲੇ ਧਰਨੇ ਵਿਚ ਜ਼ੋਨ ਆਰਿਫਕੇ ਤੋਂ ਕਿਸਾਨ ਮਜ਼ਦੂਰ ਤੇ ਬੀਬੀਆਂ ਦੀ ਵੱਡੀ ਗਿਣਤੀ ਵਿਚ ਪਹੁੰਚਣਗੇ। ਇਸ ਮੌਕੇ ਕਿਸਾਨ ਆਗੂ ਬਚਿੱਤਰ ਸਿੰਘ, ਪੁਸ਼ਪਿੰਦਰ ਸਿੰਘ ਬਹਾਦਰ ਸਿੰਘ, ਨਿਰੰਜਨ ਸਿੰਘ, ਮੋਹਨ ਸਿੰਘ, ਕਸ਼ਮੀਰ ਸਿੰਘ, ਪੂਰਨ ਸਿੰਘ, ਅਜਮੇਰ ਸਿੰਘ, ਲਖਵਿੰਦਰ ਸਿੰਘ, ਗੁਰਦੇਵ ਸਿੰਘ ਆਦਿ ਆਗੂ ਹਾਜ਼ਰ ਸਨ।

# ਪ੍ਰਕਿਰਤੀ ਕਲੱਬ ਨੇ ਨਿੰਮ ਤੇ ਅੰਬ ਦੇ ਬੂਟੇ ਲਗਾਏ

ਜ਼ੀਰਾ, 12 ਜੁਲਾਈ (ਦੀਪਕ ਭਾਰਗੋ): ਪ੍ਰਕਿਰਤੀ ਕਲੱਬ ਜ਼ੀਰਾ ਵੱਲੋਂ ਮੌਨਸੂਨ ਦੀ ਆਮਦ 'ਤੇ ਪ੍ਰਕਿਰਤੀ ਪਾਰਕ



ਵਿੱਚ ਵੱਡੇ ਪੱਧਰ 'ਤੇ ਪੌਦੇ ਲਗਾਏ ਗਏ। ਕਲੱਬ ਦੇ ਪ੍ਰਧਾਨ ਜਰਨੈਲ ਸਿੰਘ ਭੁੱਲਰ ਨੇ ਦੱਸਿਆ ਕਿ ਪ੍ਰਕਿਰਤੀ ਕਲੱਬ ਦੇ ਮੈਂਬਰਾਂ ਨੇ ਮਿਲ ਕੇ ਅੱਜ ਵੀਹ ਨਿੰਮ ਅਤੇ ਪੰਜ ਅੰਬ ਦੇ ਬੂਟੇ ਲਗਾਏ ਹਨ। ਉਨ੍ਹਾਂ ਨੇ ਇਹ ਦੱਸਿਆ ਕਿ ਬੂਟਿਆਂ ਦੇ ਪਸ਼ੂਆਂ ਆਦਿ ਤੋਂ ਬਚਾਅ ਲਈ ਟਰੀਗਾਰਡ ਵੀ ਲਗਾਏ ਗਏ ਹਨ। ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਪੰਡੋਰੀ ਨੇ ਦੱਸਿਆ ਕਿ ਪ੍ਰਕਿਰਤੀ ਕਲੱਬ ਵੱਲੋਂ ਬੂਟਿਆਂ ਦੀ ਵਧੀਆ ਢੰਗ ਨਾਲ ਸਾਂਭ ਸੰਭਾਲ ਲਈ ਪੱਕੇ ਤੌਰ 'ਤੇ ਇਕ ਮਾਲੀ ਵੀ ਰੱਖਿਆ ਗਿਆ ਹੈ। ਇਸ ਮੌਕੇ 'ਤੇ ਜਰਨੈਲ ਸਿੰਘ ਭੁੱਲਰ, ਹਰਪਾਲ ਸਿੰਘ ਪੰਡੋਰੀ, ਜਸਵੰਤ ਸਿੰਘ ਨਾਮਦੇਵ, ਪ੍ਰਿੰਸੀਪਲ ਚਮਕੌਰ ਸਿੰਘ ਸਰਾਂ, ਡਾਕਟਰ ਗੁਰਪ੍ਰੀਤ ਸਿੰਘ ਗਿੱਲ, ਸੁਰਜੀਤ ਕੁਮਾਰ ਚੌਧਰੀ, ਬਲਦੇਵ ਸਿੰਘ ਬਾਵਾ, ਜੁਗਰਾਜ ਸਿੰਘ ਭੂਈ, ਅੰਗਰੇਜ ਸਿੰਘ ਜੇ ਈ, ਮਨਦੀਪ ਸਿੰਘ ਸੱਗੂ, ਮਾਸਟਰ ਦਲਜੀਤ ਸਿੰਘ ਗਿੱਲ, ਨਿੱਕਾ ਬਜਾਜ, ਡਾਕਟਰ ਜਸਵੰਤ ਸਿੰਘ, ਸਰਦੂਲ ਸਿੰਘ ਨੰਬਰਦਾਰ ਮਰਖਾਈ, ਗੁਰਚਰਨ ਸਿੰਘ ਢਿੱਲੋਂ ਅਤੇ ਦਿਨੇਸ਼ ਜੋਸ਼ੀ ਆਦਿ ਹਾਜ਼ਰ ਸਨ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਕੀਤੇ 7 ਚਲਾਨ

ਫਾਜ਼ਿਲਕਾ/ਅਬੋਹਰ, 12 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਸੇਫ ਸਕੂਲ ਵਾਹਨ ਪਾਲਿਸੀ ਸਖਤੀ ਨਾਲ ਲਾਗੂ ਕਰਨ ਲਈ ਡਿਪਟੀ ਕਮਿਸ਼ਨਰ ਫਾਜ਼ਿਲਕਾ ਦੇ ਹੁਕਮਾਂ



ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਅਤੇ ਸੇਫ ਸਕੂਲ ਵਾਹਨ ਦੀ ਟੀਮ ਵੱਲੋਂ ਲਗਾਤਾਰ ਜ਼ਿਲ੍ਹੇ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਨਿਯਮ ਦੀ ਉਲੰਘਣਾ ਕਰਨ ਵਾਲੀਆਂ ਸਕੂਲ ਬੱਸਾਂ ਦੇ ਲਗਾਤਾਰ ਚਲਾਨ ਕੱਟੇ ਜਾ ਰਹੇ ਹਨ ਅਤੇ ਖਰਾਬ ਬੱਸਾਂ ਨੂੰ ਜਬਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੀਤੂ ਬਾਲਾ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਸੇਫ ਸਕੂਲ ਵਾਹਨ ਟੀਮ ਵੱਲੋਂ ਅਬੋਹਰ ਅਤੇ ਫਾਜ਼ਿਲਕਾ ਵਿਖੇ ਸਕੂਲੀ ਵੈਨਾਂ ਦੀ ਚੈਕਿੰਗ ਕੀਤੀ ਗਈ ਅਤੇ ਚੈਕਿੰਗ ਦੌਰਾਨ ਅਬੋਹਰ 07 ਚਲਾਨ ਕੀਤੇ ਗਏ। ਉਹਨਾਂ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਅਧੀਨ ਵੈਨ ਡਰਾਈਵਰਾਂ ਨੂੰ ਜਾਗਰੂਕ ਕੀਤਾ ਗਿਆ, ਜਿਸ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ ਦੀ ਪਾਲਣਾ ਸਖਤੀ ਨਾਲ ਲਾਗੂ ਹੋ ਰਹੇ ਹਨ ਅਤੇ ਇਸ ਸਬੰਧੀ ਕੋਈ ਵੀ ਅਣਗਹਿਲੀ ਸਬੰਧੀ ਛੂਟ ਦੇਣ ਯੋਗ ਨਹੀਂ ਹੋਵੇਗੀ। ਬੱਚਿਆਂ ਦੇ ਪਰਿਵਾਰਾਂ ਅਤੇ ਸਕੂਲਾਂ ਨੂੰ ਅਪੀਲ ਹੈ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਆਦੇਸ਼ ਅਨੁਸਾਰ ਸਕੂਲੀ ਬੱਸਾਂ ਦੇ ਸ਼ੀਸ਼ਿਆਂ ਦੇ ਬਾਹਰ ਗਰਿੱਲਾਂ ਹੋਣੀਆਂ ਲਾਜ਼ਮੀ, ਸਕੂਲ ਬੱਸ ਵਿੱਚ ਸਪੀਡ ਗਵਰਨਰ ਲਾਜ਼ਮੀ, ਸਕੂਲ ਬੱਸ ਦੀਆਂ ਤਾਕੀਆਂ ਦੇ ਲੌਕ ਲਾਜ਼ਮੀ ਹੋਣਾ ਚਾਹੀਦਾ ਹੈ। ਉਕਤ ਨਿਯਮਾਂ ਨੂੰ ਨਾ ਮੰਨਣ ਵਾਲੇ ਖਿਲਾਫ ਧਾਰਾ 188 ਅਧੀਨ ਮਾਮਲਾ ਦਰਜ ਕੀਤਾ ਜਾਵੇਗਾ। ਚੈਕਿੰਗ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਦੇ ਟੀਮ ਦੇ ਮੈਂਬਰ, ਭੁਪਿੰਦਰਦੀਪ ਸਿੰਘ ਕਾਊਂਸਲਰ ਅਤੇ ਜਸਵਿੰਦਰ ਕੌਰ ਸ਼ੋਸ਼ਲ ਵਰਕਰ, ਰੁਪਿੰਦਰ ਸਿੰਘ ,ਟ੍ਰੈਫਿਕ ਪੁਲਿਸ ਇੰਚਾਰਜ ਏ. ਐਸ. ਆਈ ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ ਅਤੇ ਸਿੱਖਿਆ ਵਿਭਾਗ ਦੇ ਨੁਮਾਇੰਦੇ ਰਾਕੇਸ਼ ਕੁਮਾਰ ਹਾਜ਼ਰ ਸਨ।

# ਸਿਹਤ ਵਿਭਾਗ ਵੱਲੋਂ ਡੇਂਗੂ ਜਾਗਰੂਕਤਾ ਕੈਂਪ

ਫਾਜ਼ਿਲਕਾ, 12 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ ਅਤੇ ਜ਼ਿਲ੍ਹਾ ਐਪਡੀਮੋਲੋਜਿਸਟ ਡਾ. ਸੁਨੀਤਾ ਕੰਬੋਜ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਐਸ ਐਮ ਓ. ਡਾ. ਕਵਿਤਾ ਦੀ ਯੋਗ ਅਗਵਾਈ ਹੇਠ ਅਤੇ ਐਸਆਈ ਵਿਜੇ ਨਾਗਪਾਲ ਦੀ ਰਹਿਨੁਮਾਈ ਹੇਠ ਆਮ ਆਦਮੀ ਕਲੀਨਿਕ ਕਰਨੀਖੇੜਾ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ 'ਤੇ ਮੈਡੀਕਲ ਅਫਸਰ ਡਾਕਟਰ ਸੁਰਭੀ ਗਾਰਗ ਨੇ ਇਕੱਠੇ ਹੋਏ ਲੋਕਾਂ ਨੂੰ ਡੇਂਗੂ ਬੁਖਾਰ ਦੇ ਲੱਛਣਾਂ ਅਤੇ ਬਚਾਓ ਬਾਰੇ ਜਾਣਕਾਰੀ ਦਿੱਤੀ। ਇਹ ਬੁਖਾਰ ਅਡਿਗੇ ਅਜੈਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਡੇਂਗੂ



ਬੁਖਾਰ ਦੇ ਲੱਛਣ ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ 'ਚ ਦਰਦ, ਚਮੜੀ 'ਤੇ ਲਾਲ ਦਾਣੇ ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਮਸੂੜਿਆਂ ਵਿੱਚ ਨੱਕ ਵਿੱਚੋਂ ਖੂਨ ਦਾ ਵਗਣਾ। ਬਚਾਓ ਦੇ ਤਰੀਕੇ: ਕੂਲਰਾਂ ਤੇ ਗਮਲਿਆਂ ਦੀ ਟਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰੋ। ਸੌਣ ਵੇਲੇ ਮੱਛਰਦਾਨੀ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦਾ ਇਸਤੇਮਾਲ ਕਰੋ। ਬੁਖਾਰ ਹੋਣ 'ਤੇ ਐਸਪਰੀਨ ਬਰੂਫਨ ਨਾ ਲਵੋ ਬੁਖਾਰ ਹੋਣ ਦੀ ਸੂਰਤ ਵਿੱਚ ਪੈਰਾਸੀਟਾਮੋਲ ਹੀ ਲਵੋ। ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰਾਂ ਬੰਦ ਕਰੋ। ਟੁੱਟੇ ਬਰਤਨਾਂ ਡਰੰਮਾਂ ਅਤੇ ਟਾਇਰਾਂ ਆਦੀ ਨੂੰ ਖੁੱਲੇ ਵਿੱਚ ਨਾ ਰੱਖੋ, ਪਾਣੀ 'ਚ ਤਰਲ ਚੀਜ਼ਾਂ ਜ਼ਿਆਦਾ ਪੀਓ ਤੇ ਆਰਾਮ ਕਰੋ। ਡੇਂਗੂ ਦਾ ਇਲਾਜ ਸਰਕਾਰੀ ਹਸਪਤਾਲ ਵਿੱਚ ਬਿਲਕੁਲ ਮੁਫਤ ਕੀਤਾ ਜਾਂਦਾ ਹੈ।

# ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਵਿਖੇ ਸ਼ਖਸੀਅਤ ਵਿਕਾਸ ਪ੍ਰੋਗਰਾਮ ਦਾ ਉਦਘਾਟਨ

ਮੰਡੀ ਗੋਬਿੰਦਗੜ੍ਹ, 12 ਜੁਲਾਈ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ



ਸਕੂਲ ਦੇ ਹਾਲ ਵਿੱਚ 'ਸ਼ਖਸੀਅਤ ਵਿਕਾਸ ਪ੍ਰੋਗਰਾਮ' ਉਤਸ਼ਾਹ ਅਤੇ ਖੁਸ਼ੀ ਨਾਲ ਸ਼ੁਰੂ ਹੋਇਆ। ਇਹ ਵਿਸ਼ੇਸ਼ ਪਹਿਲ ਰਿਮਟ ਯੂਨੀਵਰਸਿਟੀ ਦੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾ. ਅਦਿੱਤੀ ਅਤੇ ਉਨ੍ਹਾਂ ਦੀ ਊਰਜਾਵਾਨ ਟੀਮ ਦੇ ਸਹਿਯੋਗ ਨਾਲ ਕੀਤਾ ਗਿਆ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਪ੍ਰਭਾਵਸ਼ਾਲੀ ਸੰਚਾਰ ਹੁਨਰ ਅਤੇ ਜੀਵਨ ਕਦਰਾਂ-ਕੀਮਤਾਂ ਨੂੰ ਵਿਕਸਤ ਕਰਨਾ ਹੈ। ਉਦਘਾਟਨੀ ਸੈਸ਼ਨ ਦਾ ਵਿਸ਼ਾ ਸੀ 'ਕਿ ਤੁਸੀਂ ਆਪਣੇ ਆਪ ਨੂੰ ਜਾਣਦੇ ਹੋ ?'। ਮੁੱਖ ਬੁਲਾਰੇ ਡਾ. ਅਦਿੱਤੀ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਅਤੇ ਸੰਚਾਰ ਸ਼ੈਲੀ ਰਾਹੀਂ ਵਿਦਿਆਰਥੀਆਂ ਨੂੰ ਸਵੈ-ਪ੍ਰਤੀਬਿੰਬ ਅਤੇ ਆਤਮ-ਨਿਰੀਖਣ ਵੱਲ ਪ੍ਰੇਰਿਤ ਕੀਤਾ। ਉਨ੍ਹਾਂ ਸਰਲ ਸ਼ਬਦਾਂ ਵਿੱਚ ਦੱਸਿਆ ਕਿ ਆਪਣੀ ਪਛਾਣ ਨੂੰ ਜਾਣਨਾ ਸਫ਼ਲਤਾ ਵੱਲ ਪਹਿਲਾ ਕਦਮ ਹੈ। ਵਿਦਿਆਰਥੀਆਂ ਨੇ ਕਈ ਸਵਾਲ ਪੁੱਛੇ, ਜਿਸ ਨਾਲ ਮਾਹੌਲ ਇੰਟਰਐਕਟਿਵ ਅਤੇ ਜੀਵੰਤ ਹੋ ਗਿਆ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ਼ਖਸੀਅਤ ਵਿਕਾਸ ਸਿੱਖਿਆ ਦਾ ਇੱਕ ਅਨਿੱਖੜਵਾਂ ਅੰਗ ਹੈ। ਸਾਡਾ ਉਦੇਸ਼ ਹੈ ਕਿ ਵਿਦਿਆਰਥੀ ਕਿਤਾਬਾਂ ਤੱਕ ਸੀਮਤ ਨਾ ਰਹਿਣ ਸਗੋਂ ਬਿਹਤਰ ਨਾਗਰਿਕ ਅਤੇ ਆਤਮ-ਵਿਸ਼ਵਾਸੀ ਇਨਸਾਨ ਵਜੋਂ ਵਿਕਸਤ ਹੋਣ। ਉਨ੍ਹਾਂ ਡਾ. ਅਦਿੱਤੀ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਵੀ ਕੀਤਾ।

# ਬਿਜਲੀ ਬੋਰਡ ਦੀਆਂ ਢਿੱਲੀਆਂ ਤਾਰਾਂ ਨੇ ਲਈ ਨੌਜਵਾਨ ਦੀ ਜਾਨ

ਮੰਡੀ ਗੋਬਿੰਦਗੜ੍ਹ, 12 ਜੁਲਾਈ (ਸੂਦ): ਅਮਲੋਹ ਰੋਡ ਮੰਡੀ ਗੋਬਿੰਦਗੜ੍ਹ ਉਪਰ ਕਰੰਟ ਲੱਗਣ ਕਾਰਣ 19 ਸਾਲਾ ਨੌਜਵਾਨ ਦੀ ਮੌਤ ਹੋ ਗਈ। ਉਸ ਦੇ ਪ੍ਰੀਵਾਰਕ ਮੈਂਬਰਾਂ ਨੇ ਦੱਸਿਆ ਕਿ ਬਿਜਲੀ ਬੋਰਡ ਦੀ ਲਾਪਰਵਾਹੀ ਕਾਰਣ ਤਾਰਾਂ ਢਿੱਲੀਆਂ ਸਨ, ਜਿਸ ਕਾਰਣ ਇਹ ਹਾਦਸਾ ਵਾਪਰਿਆ। ਪੁਲਿਸ ਨੇ ਦੱਸਿਆ ਕਿ ਮਹਾਂਵੀਰ ਵਾਸੀ ਪਿੰਡ ਦਾਨਸ਼ੀਆ ਜ਼ਿਲ੍ਹਾ ਹਨੂੰਮਾਨਗੜ ਰਾਜਸਥਾਨ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ 19 ਸਾਲਾ ਲੜਕਾ ਮਦਨ ਲਾਲ ਜੋ ਟਰੱਕ ਨੰਬਰ ਆਰਜੇ10ਜੀਏ-3705 'ਤੇ ਡਰਾਇਵਰ ਓਮ ਪ੍ਰਕਾਸ ਵਾਸੀ ਦਾਨਸ਼ੀਆ ਨਾਲ ਬਤੌਰ ਹੈਲਪਰ ਕੰਮ ਕਰਦਾ ਸੀ। ਉਸ ਨੂੰ ਓਮ ਪ੍ਰਕਾਸ਼ ਦਾ ਫੋਨ ਆਇਆ ਕਿ ਉਹ ਅਤੇ ਮਦਨ ਲਾਲ ਬਲਦੇਵ ਦਾ ਢਾਬਾ ਅਮਲੋਹ ਰੋਡ ਮੰਡੀ ਗੋਬਿੰਦਗੜ੍ਹ ਪਾਸ ਬਾਰਿਸ਼ ਕਾਰਣ ਖੜੇ ਸੀ ਅਤੇ ਮਦਨ ਲਾਲ ਬਾਰਸ਼ ਕਾਰਨ ਟਰੱਕ ਦੀ ਛੱਤ ਉਪਰ ਚੜ੍ਹ ਕੇ ਤਰਪਾਲ ਸੈੱਟ ਕਰ ਰਿਹਾ ਸੀ, ਜਿਸ ਦਾ ਅਚਾਨਕ ਬਿਜਲੀ ਦੀਆਂ ਤਾਰਾਂ ਜੋ ਨੀਵੀਆਂ ਹੇਠਾਂ ਲੱਟਕ ਰਹੀਆਂ ਸਨ, ਨਾਲ ਹੱਥ ਲੱਗਣ ਕਰਕੇ ਕਰੰਟ ਲੱਗ ਗਿਆ, ਜਿਸ ਨੂੰ ਇਲਾਜ ਲਈ ਪ੍ਰਾਈਵੇਟ ਵਾਹਨ ਰਾਹੀਂ ਸਿਵਲ ਹਸਪਤਾਲ ਲਿਆਂਦਾ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਮ੍ਰਿਤਕ ਦੇ ਪਿਤਾ ਮਹਾਂਵੀਰ ਦੇ ਬਿਆਨਾਂ 'ਤੇ ਧਾਰਾ 194 ਬੀ.ਐਨ.ਐਸ ਤਹਿਤ ਕਾਰਵਾਈ ਕਰਦੇ ਹੋਏ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਉਪਰੰਤ ਵਾਰਸਾਂ ਦੇ ਹਵਾਲੇ ਕਰ ਦਿੱਤੀ।

# ਕੁਲਵਿੰਦਰ ਸਿੰਘ ਢਿੱਲੋਂ ਪ੍ਰਧਾਨ ਕੋਟ ਮੁਹੰਮਦ ਖਾਂ ਤੇ ਬੋਹੜ ਸਿੰਘ ਸੀਨੀ. ਮੀਤ ਪ੍ਰਧਾਨ ਨਿਯੁਕਤ: ਭਾਕਿਯੂ ਬਹਿਰਾਮਕੇ



ਕੋਟ ਈਸੇ ਖਾਂ, 12 ਜੁਲਾਈ (ਗਾਂਧੀ/ਖੁਰਾਣਾ): ਸਥਾਨਕ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ, ਸੂਬਾ ਐਗਜੈਕਟਿਵ ਮੈਂਬਰ ਬਾਜ ਸਿੰਘ ਸੰਗਲਾ, ਜ਼ਿਲ੍ਹਾ ਪ੍ਰਧਾਨ ਜਗਰੂਪ ਸਿੰਘ ਰੰਡਿਆਲਾ, ਜੀਤ ਸਿੰਘ ਅਮੀਵਾਲਾ, ਜੰਗੀਰ ਸਿੰਘ ਫੌਜੀ ਹੈਡ ਕੈਸ਼ੀਅਰ, ਗੁਰਮੇਲ ਸਿੰਘ ਗਿੱਲ ਸ਼ਹਿਰੀ ਪ੍ਰਧਾਨ ਧਰਮਕੋਟ, ਜੀਤ ਸਿੰਘ ਇੱਜ਼ਤ ਵਾਲਾ, ਬਲਦੇਵ ਸਿੰਘ ਭੋਇਪੁਰ, ਦਰਸ਼ਨ ਸਿੰਘ ਰੌਸ਼ਨਵਾਲਾ ਪ੍ਰਧਾਨ, ਮੋਹਰ ਸਿੰਘ ਸਰਪੰਚ ਰੌਸ਼ਨਵਾਲਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਕੋਟ ਮੁਹੰਮਦ ਖਾਂ ਨਗਰ ਨੇ ਜੁੜ ਕੇ ਸਰਬ-ਸੰਮਤੀ ਨਾਲ ਕੁਲਵਿੰਦਰ ਸਿੰਘ ਇਕਾਈ ਪ੍ਰਧਾਨ, ਬੋਹੜ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਬੀਰ ਸਿੰਘ ਮੱਲ ਮੀਤ ਪ੍ਰਧਾਨ, ਰਣਜੀਤ ਸਿੰਘ ਕਾਲਾ ਮੀਤ ਪ੍ਰਧਾਨ, ਨਿਰਮਲ ਸਿੰਘ ਸੰਧੂ ਜਨਰਲ ਸਕੱਤਰ, ਬੂਟਾ ਸਿੰਘ ਬਹਿੜਵਾਲੀਆ ਸਕੱਤਰ, ਊਧਮ ਸਿੰਘ ਪ੍ਰਚਾਰ ਸਕੱਤਰ, ਗੁਰਚਰਨ ਸਿੰਘ ਐਗਜੈਕਟਿਵ ਮੈਂਬਰ, ਜਤਿੰਦਰ ਬੀਰ ਸਿੰਘ ਐਗਜੈਕਟਿਵ ਮੈਂਬਰ, ਅਮਰਜੀਤ ਸਿੰਘ, ਸੁਖਦੇਵ ਸਿੰਘ ਵਲਟੋਹੀਆਂ, ਜਗਦੀਪ ਸਿੰਘ ਮੱਲ, ਦਲੇਰ ਸਿੰਘ, ਮੇਵਾ ਸਿੰਘ, ਪ੍ਰੀਤਮ ਸਿੰਘ ਮੈਂਬਰ, ਕੁਲਦੀਪ ਸਿੰਘ, ਅਜੈਬ ਸਿੰਘ ਜਥੇਦਾਰ, ਗੁਰਵਿੰਦਰ ਸਿੰਘ, ਅਨੂਪ ਸਿੰਘ ਸਿੱਧੂ, ਗੁਰਜੀਤ ਸਿੰਘ ਮੱਲ, ਗੁਰਮੁਖ ਸਿੰਘ ਮੱਲ, ਮੈਂਬਰ ਨਿਯੁਕਤ ਕੀਤੇ ਗਏ। ਬਹਿਰਾਮਕੇ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰਾਂ ਵਲੋ ਬਿਜਲੀ ਬੋਰਡ ਨੂੰ ਨਿੱਜੀਕਰਨ ਕਾਰਪੋਰੇਟਾਂ ਦੇ ਹੱਥਾਂ ਵਿੱਚ ਦੇਣ ਦਾ ਤੇ ਚਿੱਪ ਵਾਲੇ ਸਮਾਰਟ ਮੀਟਰਾਂ ਦਾ ਡੱਟਵਾਂ ਵਿਰੋਧ ਕੀਤਾ ਜਾਵੇ। ਇਸੇ ਦੌਰਾਨ ਕਿਸਾਨਾਂ ਨੂੰ ਅਪੀਲ ਕੀਤੀ ਕਿ 17 ਜੁਲਾਈ ਨੂੰ ਪੰਜਾਬ ਦੇ ਸਮੂਹ ਬਿਜਲੀ ਬੋਰਡ ਦੇ ਐਕਸੀਅਨ ਦਫ਼ਤਰਾਂ ਮੂਹਰੇ 3 ਘੰਟੇ ਦਾ ਧਰਨਾ ਦਿੱਤਾ ਜਾਵੇਗਾ। ਅੰਤ ਵਿੱਚ ਉਹਨਾਂ ਨੇ ਨਵੇਂ ਬਣੇ ਸਾਰੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਮਾਂ ਆ ਗਿਆ ਜਵਾਨੀ ਤੇ ਕਿਸਾਨੀ, ਫਸਲਾਂ ਤੇ ਨਸਲਾਂ ਦੀ ਰਾਖੀ ਕਰੀਏ ਤੇ ਆਪਣੀਆਂ ਜ਼ਮੀਨਾਂ ਬਚਾਈਏ। ਇਸ ਮੌਕੇ ਜੱਸ ਸਿੰਘ, ਸੁਖਵਿੰਦਰ ਸਿੰਘ ਮਸੀਤਾਂ ਆਦਿ ਕਿਸਾਨ ਆਗੂ ਤੇ ਵਰਕਰ ਹਾਜ਼ਰ ਸਨ।

## ਸਿਕੰਦਰ ਸਿੰਘ ਮਲੂਕਾ ਦਾ ਸਨਮਾਨ



ਭਗਤਾ ਭਾਈ ਕਾ, 12 ਜੁਲਾਈ (ਸਵਰਨ ਸਿੰਘ ਭਗਤਾ): ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ 15 ਸੀਨੀਅਰ ਮੀਤ ਪ੍ਰਧਾਨਾਂ ਦੀ ਸੂਚੀ ਜਾਰੀ ਕੀਤੀ ਗਈ, ਜਿਸ ਵਿੱਚ ਸਾਬਕਾ ਵਜ਼ੀਰ ਸਿਕੰਦਰ ਸਿੰਘ ਮਲੂਕਾ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਨਿਯੁਕਤੀ ਨੂੰ ਲੈਕੇ ਹਲਕਾ ਰਾਮਪੁਰਾ ਫੂਲ ਦੇ ਆਗੂਆਂ ਅਤੇ ਵਰਕਰਾਂ ਅੰਦਰ ਬੇਹੱਦ ਖੁਸ਼ੀ ਪਾਈ ਜਾ ਰਹੀ ਹੈ। ਮਲੂਕਾ ਦੇ ਸੀਨੀਅਰ ਮੀਤ ਪ੍ਰਧਾਨ ਬਣਨ 'ਤੇ ਘੰਡਾਬੰਨਾ ਦੀ ਜਥੇਬੰਦੀ ਵੱਲੋਂ ਸਿਕੰਦਰ ਸਿੰਘ ਮਲੂਕਾ ਦਾ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਕੁਲਵੰਤ ਸਿੰਘ ਘੰਡਾਬੰਨਾ, ਗੁਰਪ੍ਰੀਤ ਸਿੰਘ ਘੰਡਾਬੰਨਾ,ਸੁਖਦਰਸ਼ਨ ਸਿੰਘ ਪ੍ਰਧਾਨ ਘੰਡਾਬੰਨਾ, ਭੂਸ਼ਨ ਜ਼ਿੰਗਲਾ ਘੰਡਾਬੰਨਾ,ਹਰਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

## 'ਆਪ' ਦੀਆਂ ਵਧੀਕੀਆਂ ਸਮਾਂ ਆਉਣ 'ਤੇ ਜਵਾਬ ਦਿੱਤਾ ਜਾਵੇਗਾ : ਗੋਲਡੀ ਖੰਗੂੜਾ



ਧੂਰੀ, 12 ਜੁਲਾਈ (ਰਾਜੇਸ਼ਵਰ ਪਿੰਟੂ): ਅੱਜ ਆਪਣੇ ਗ੍ਰਹਿ ਵਿਖੇ ਕਾਂਗਰਸੀ ਵਰਕਰਾਂ ਦੀ ਸੱਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਆਮ ਆਦਮੀ ਪਾਰਟੀ ਨੂੰ ਵੱਡੇ ਰਗੜੇ ਲਗਾਉਂਦਿਆ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਵਾਲੀ ਆਮ ਆਦਮੀ ਪਾਰਟੀ ਦਾ ਥੋੜਾ ਸਮਾਂ ਰਹਿ ਗਿਆ ਹੈ। ਉਨ੍ਹਾਂ ਵਰਕਰਾਂ ਨੂੰ ਨਾ ਦੱਬਣ ਅਤੇ ਹੋਰ ਤਕੜੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਸਿਆਸੀ ਕੁਰਸੀਆਂ ਆਉਂਦੀਆਂ ਜਾਂਦੀਆਂ ਰਹਿੰਦੀਆ ਹਨ।ਅੱਜ 'ਆਪ' ਪਾਰਟੀ ਵੱਲੋਂ ਜੋ ਵਧੀਕੀਆਂ ਅਤੇ ਜਿਆਦਤੀਆਂ ਕੀਤੀਆਂ ਜਾ ਰਹੀਆਂ ਹਨ, ਸਭ ਦਾ ਬਦਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵੀ.ਆਈ.ਪੀ. ਕਲਚਰ ਖ਼ਤਮ ਕਰਨ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਅੱਜ ਖੁਦ 1000 ਬੰਦਿਆਂ ਦੀ ਸਕਿਊਰਿਟੀ ਲੈਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਜਿੱਤਣ ਤੋਂ ਬਾਅਦ ਕਦੇ ਵੀ ਹਲਕੇ ਦੇ ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਤਾਂ ਕੀ ਹੋਣਾ ਸੀ, ਸਗੋਂ ਜਿੱਤ ਬਦਲੇ ਧੰਨਵਾਦ ਵੀ ਕਰਨਾ ਮੁਨਾਸਿਬ ਨਹੀ ਸਮਝਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਰੁਜ਼ਗਾਰ ਦੇਣ ਦੀਆਂ ਗੱਲਾਂ ਕਰਨ ਵਾਲੇ ਮੁੱਖ ਮੰਤਰੀ ਆਪਣੇ ਹਲਕੇ ਦੀ ਖੁਦ ਸ਼ੂਗਰ ਮਿੱਲ ਨੂੰ ਨਹੀਂ ਚਲਾ ਸਕੇ। ਉਨ੍ਹਾਂ ਹਲਕੇ ਦੇ ਕੁੱਝ ਕ ਆਪ ਆਗੂਆਂ ਦੇ ਨਾਮ ਲਏ ਬਗੈਰ ਉਨ੍ਹਾਂ 'ਤੇ ਨਿਸ਼ਾਨਾ ਸੇਧਦਿਆਂ ਹਲਕੇ ਦੇ ਵੱਖ ਵਖ ਪਿੰਡਾਂ ਦੇ ਲੋਕਾਂ ਨਾਲ ਕਥਿਤ ਵਧੀਕੀਆਂ ਵੀ ਗਿਣਾਈਆਂ।

## ਡੇਂਗੂ ਤੋਂ ਬਚਾਅ ਲਈ ਬਰਸਾਤੀ ਮੌਸਮ ਦੌਰਾਨ ਪਾਣੀ ਦੀ ਸਾਫ਼ ਸਫ਼ਾਈ ਅਤਿ ਜ਼ਰੂਰੀ



ਮੂਨਕ,12 ਜੁਲਾਈ (ਸ਼ਮਸ਼ੇਰ ਸਿੰਘ ਭੁਟਾਲ):ਸਿਵਲ ਸਰਜਨ ਸੰਗਰੂਰ ਡਾ ਸੰਜੇ ਕਾਮਰਾ ਦੇ ਦਿਸ਼ਾਂ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਮੂਨਕ ਡਾ ਲਵਰਾਜ ਪਵਾਰ ਦੀ ਯੋਗ ਅਗਵਾਈ ਵਿੱਚ ਆਮ ਆਦਮੀ ਕਲੀਨਿਕ ਪਿੰਡ ਮਨਿਆਣਾ ਵਿਖੇ ਮਲਟੀਪਰਪਜ਼ ਹੈਲਥ ਸੁਪਰਵਾਈਜਰ (ਮੇਲ) ਬਲਕਾਰ ਸਿੰਘ ਅਤੇ ਬਹੁ ਮੰਤਵੀ ਸਿਹਤ ਕਰਮਚਾਰੀ ਬਲਿੰਦਰ ਸਿੰਘ ਨੈਨ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਡੇਂਗੂ ਦੀ ਬਿਮਾਰੀ ਮੱਛਰਾਂ ਦੇ ਕੱਟਣ ਨਾਲ ਫੈਲਦੀ ਹੈ।ਆਮ ਤੌਰ ਤੇ ਡੇਂਗੂ ਦਾ ਲਾਰਵਾ ਅਜਿਹੀਆਂ ਥਾਵਾਂ 'ਤੇ ਫੈਲਦਾ ਹੈ, ਜਿਸ ਵਿਚ ਜਮ੍ਹਾਂ ਹੋਏ ਸਾਫ਼ ਪਾਣੀ, ਘਰਾਂ ਦੇ ਵਿੱਚ ਪਾਣੀ, ਪਾਣੀ ਵਾਲੇ ਕੰਨਟੇਨਰ ਅਤੇ ਹੋਰ ਅਜਿਹੀਆਂ ਥਾਵਾਂ ਸ਼ਾਮਿਲ ਹਨ,ਜਦੋਂ ਮਾਦਾ ਏਡੀਜ਼ ਅਜਿਪਟੀ ਮੱਛਰ ਕੱਟਦਾ ਹੈ ਅਤੇ ਸਾਡੇ ਸਰੀਰ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦਾ ਹੈ।ਡੇਂਗੂ ਬੁਖਾਰ ਦੇ ਲੱਛਣ ਮਾਦਾ ਏਡੀਜ਼ ਅਜਿਪਟੀ ਮੱਛਰ ਦੇ ਕੱਟਣ ਤੋਂ ਬਾਅਦ ਲਗਭਗ ਪੰਜ -ਸੱਤ ਦਿਨਾਂ ਦੇ ਅੰਦਰ ਦਿਖਾਈ ਦਿੰਦੇ ਹਨ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੱਛਰ ਦੇ ਸਰੀਰ ਉਤੇ ਕਾਲੇ ਤੇ ਚਿੱਟੇ ਰੰਗ ਦੀਆ ਧਾਰੀਆ ਹੁੰਦੀਆਂ ਹਨਅਤੇ ਆਕਾਰ ਵਿੱਚ ਇਹ ਮੱਛਰ( ਮਾਂਦਾ ਅਜਿਪਟੀ) ਆਮ ਮੱਛਰਾਂ ਨਾਲੋਂ ਥੋੜ੍ਹਾ ਵੱਡਾ ਹੁੰਦਾ ਹੈ। ਇਹ ਮੱਛਰ ਦਿਨ ਸਮੇਂ ਕੱਟਦਾ ਹੈ। ਇਹ ਮਾਦਾ ਮੱਛਰ ਆਪਣੇ ਆਂਡੇ ਸਾਫ਼ ਪਾਣੀ ਦੇ ਕੰਨਟੇਨਰਾਂ ਵਿਚ ਹੀ ਦਿੰਦਾ ਹੈ। ਇਸ ਲਈ ਸਾਨੂੰ ਪਾਣੀ ਵਾਲੇ ਸਾਰੇ ਕੰਨਟੇਨਰਾ ਦੀ ਸਫ਼ਾਈ ਕਰਨੀ ਚਾਹੀਦੀ ਹੈ। ਇਸ ਮੌਕੇ ਡਾ ਸੰਜਮ ਪ੍ਰੀਤ ਮੈਡੀਕਲ ਅਫ਼ਸਰ ਅਤੇ ਹੋਰ ਹਾਜ਼ਰ ਸਨ।

## ਚੰਗੇ ਭਵਿੱਖ ਲਈ ਪਰਿਵਾਰ ਨਿਯੋਜਨ ਜ਼ਰੂਰੀ : ਡਾ. ਲਵਰਾਜ ਪਵਾਰ

ਮੂਨਕ, 12 ਜੁਲਾਈ(ਸ਼ਮਸ਼ੇਰ ਸਿੰਘ ਭੁਟਾਲ):ਸਿਵਲ ਸਰਜਨ ਡਾ. ਸੰਜੇ ਕਾਮਰਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਲਵਰਾਜ ਪਵਾਰ ਦੀ ਅਗਵਾਈ ਵਿੱਚ ਸਬ ਡਵੀਜਨਲ ਹਸਪਤਾਲ ਮੂਨਕ ਵਿਖੇ ਵਿਸ਼ਵ ਅਬਾਦੀ ਦਿਵਸ ਮਨਾਇਆ ਗਿਆ। ਡਾ. ਲਵਰਾਜ ਪਵਾਰ ਨੇ ਕਿਹਾ ਕਿ ਚੰਗੇਰੇ ਭਵਿੱਖ ਲਈ ਪਰਿਵਾਰ ਨਿਯੋਜਨ ਜ਼ਰੂਰੀ ਹੈ। ਨਰਿੰਦਰ ਪਾਲ ਸਿੰਘ ਬਲਾਕ ਐਜੂਕੇਟਰ ਅਤੇ ਸਤੀਸ਼ ਕੁਮਾਰ ਜੂਨੀਅਰ ਸਹਾਇਕ ਨੇ ਪਰਿਵਾਰ ਨਿਯੋਜਨ ਦੀ ਮਹੱਤਤਾ ਅਤੇ ਇਸਦੇ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਵਿਸ਼ਵ ਆਬਾਦੀ ਦਿਵਸ 'ਤੇ,ਅਸੀਂ ਸਾਰਿਆਂ ਨੂੰ ਪਰਿਵਾਰ ਨਿਯੋਜਨ ਦੇ ਮਹੱਤਵ ਨੂੰ ਸਮਝਣ ਦੀ ਲੋੜ ਹੈ। ਪਰਿਵਾਰ ਨਿਯੋਜਨ ਸਿਰਫ਼ ਆਬਾਦੀ ਨੂੰ ਕੰਟਰੋਲ ਕਰਨ ਬਾਰੇ ਹੀ ਨਹੀਂ, ਸਗੋਂ ਇਹ ਮਾਂ ਅਤੇ ਬੱਚੇ ਦੀ ਸਿਹਤ ਨੂੰ ਸੁਧਾਰਨ, ਸਿੱਖਿਆ ਦੇ ਮੌਕੇ ਵਧਾਉਣ ਅਤੇ ਪਰਿਵਾਰਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਵੀ ਜ਼ਰੂਰੀ ਹੈ।ਉਨ੍ਹਾਂ ਨੇ ਪਰਿਵਾਰ ਨਿਯੋਜਨ ਦੇ ਵੱਖ-ਵੱਖ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ, ਜਿਸ ਵਿੱਚ ਅਸਥਾਈ ਅਤੇ ਸਥਾਈ ਵਿਧੀਆਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸਿਹਤ ਕੇਂਦਰਾਂ ਵਿੱਚ ਕੰਡੋਮ, ਗਰਭ ਨਿਰੋਧਕ ਗੋਲੀਆਂ, 9"34 (ਕਾਪਰ-ਟੀ) ਵਰਗੀਆਂ ਅਸਥਾਈ ਵਿਧੀਆਂ ਮੁਫ਼ਤ ਉਪਲਬਧ ਹਨ। ਇਸ ਤੋਂ ਇਲਾਵਾ, ਪੁਰਸ਼ਾਂ ਅਤੇ ਔਰਤਾਂ ਲਈ ਨਸਬੰਦੀ/ਨਲਬੰਦੀ ਵਰਗੀਆਂ ਸਥਾਈ ਵਿਧੀਆਂ ਵੀ ਮੁਫ਼ਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜੋ ਕਿ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ।

## ਕੈਮਿਸਟ 27 ਜੁਲਾਈ ਨੂੰ ਸਾਲਾਨਾ ਸਮਾਗਮ ਦਾ ਆਯੋਜਨ ਕਰਨਗੇ : ਨਰੇਸ਼ ਜਿੰਦਲ

### ਅਮਨ ਅਰੋੜਾ ਮੁੱਖ ਮਹਿਮਾਨ ਹੋਣਗੇ

ਸੁਨਾਮ ਊਧਮ ਸਿੰਘ ਵਾਲਾ, 12 ਜੁਲਾਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ):ਕੈਮਿਸਟ ਐਸੋਸੀਏਸ਼ਨ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਰੇਸ਼ ਜਿੰਦਲ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸੁਨਾਮ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਹਿੱਸਾ ਲਿਆ। ਮੈਂਬਰਾਂ ਨੇ ਨਰੇਸ਼ ਜਿੰਦਲ ਨੂੰ ਜ਼ਿਲ੍ਹਾ ਪ੍ਰਧਾਨ ਵਜੋਂ ਦੁਬਾਰਾ ਚੁਣੇ ਜਾਣ 'ਤੇ ਵਧਾਈ ਦਿੱਤੀ ਅਤੇ ਸੁਨਾਮ ਐਸੋਸੀਏਸ਼ਨ ਦੇ ਸਾਲਾਨਾ ਸਮਾਗਮ ਦੀ ਰੂਪ-ਰੇਖਾ ਤਿਆਰ ਕੀਤੀ ਗਈ। 27 ਜੁਲਾਈ ਨੂੰ ਸਾਲਾਨਾ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਗਿਆ। ਨਰੇਸ਼ ਜਿੰਦਲ ਨੇ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸੁਰਿੰਦਰ ਦੁੱਗਲ, ਜਨਰਲ ਸਕੱਤਰ ਜੀਐਸ ਚਾਵਲਾ, ਖਜ਼ਾਨਚੀ ਅਮਰਦੀਪ ਸਿੰਘ ਅਤੇ ਪੰਜਾਬ ਫਾਰਮੇਸੀ ਕੌਂਸਲ ਦੇ ਚੇਅਰਮੈਨ ਸੁਸ਼ੀਲ ਬਾਂਸਲ, ਡਰੱਗ ਵਿਭਾਗ ਦੇ ਡੀਸੀਓ ਡਾ. ਸੰਤੋਸ਼ ਜਿੰਦਲ, ਰਾਜੀਵ ਜੈਨ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹਿਣਗੇ। ਨਰੇਸ਼ ਜਿੰਦਲ ਨੇ ਕਿਹਾ ਕਿ ਕਾਰੋਬਾਰ ਨਾਲ ਸਬੰਧਤ ਆ ਰਹੀਆਂ ਸਮੱਸਿਆਵਾਂ 'ਤੇ ਸਮਾਗਮ ਵਿੱਚ ਚਰਚਾ ਕੀਤੀ ਜਾਵੇਗੀ। ਸਮੱਸਿਆਵਾਂ ਬਾਰੇ ਜਾਣਕਾਰੀ ਵਿਸ਼ੇਸ਼ ਤੌਰ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਦਿੱਤੀ ਜਾਵੇਗੀ ਇਸ ਮੌਕੇ ਆਰ.ਐਨ. ਕਾਂਸਲ, ਅਜਾਇਬ ਸੈਣੀ, ਗੁਰਮੀਤ ਸਿੰਘ, ਦੀਪਕ ਮਿੱਤਲ, ਉਪ ਪ੍ਰਧਾਨ ਰਜਨੀਸ਼ ਗਰਗ, ਅਸ਼ੋਕ ਕਾਲੜਾ ਆਦਿ ਮੌਜੂਦ ਸਨ।

# ਕਾਰ ਚੋਰਾਂ ਦਾ ਪਰਦਾਫਾਸ਼: ਮਕੈਨਿਕ ਸਮੇਤ 3 ਗ੍ਰਿਫ਼ਤਾਰ

## ਕਾਰਾਂ ਚੋਰੀ ਕਰਕੇ ਕਬਾੜੀਆਂ ਨੂੰ ਵੇਚਦਾ ਸੀ ਮਕੈਨਿਕ



ਬਠਿੰਡਾ, 12 ਜੁਲਾਈ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਇੱਕ ਵੱਡੇ ਕਾਰ ਚੋਰ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿੱਚ ਇੱਕ ਕਾਰ ਮਕੈਨਿਕ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਗਿਰੋਹ ਲੋਕਾਂ ਦੀਆਂ ਕਾਰਾਂ ਚੋਰੀ ਕਰਕੇ ਉਨ੍ਹਾਂ ਦੇ ਪੁਰਜ਼ੇ ਕਬਾੜੀਆਂ ਨੂੰ ਵੇਚ ਦਿੰਦਾ ਸੀ। ਪੁਲਿਸ ਨੇ ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਚੋਰੀ ਕੀਤੀਆਂ ਕਾਰਾਂ ਦੀਆਂ ਬਾਡੀਆਂ, ਇੰਜਣ ਅਤੇ ਸਪੇਅਰ ਪਾਰਟਸ ਬਰਾਮਦ ਕੀਤੇ ਹਨ।ਇਹੀ ਕਾਰਵਾਈ ਨੂੰ ਥਾਣਾ ਸਿਵਲ ਲਾਈਨ ਦੀ ਪੁਲਿਸ ਵੱਲੋਂ ਅੰਜਾਮ ਦਿੱਤਾ ਗਿਆ ਹੈ। ਪੁਲਿਸ ਅਨੁਸਾਰ, ਇਸ ਗਿਰੋਹ ਦਾ ਸਰਗਨਾ ਇੱਕ ਕਾਰ ਮਕੈਨਿਕ ਹੈ, ਜੋ ਗਿੱਦੜਬਾਹਾ ਤੋਂ ਰੇਲ ਗੱਡੀ ਰਾਹੀਂ ਬਠਿੰਡਾ ਆਉਂਦਾ ਸੀ ਅਤੇ ਇੱਥੋਂ ਕਾਰਾਂ ਚੋਰੀ ਕਰਕੇ ਫਰਾਰ ਹੋ ਜਾਂਦਾ ਸੀ। ਮੁਲਜ਼ਮ ਚੋਰੀ ਕੀਤੀਆਂ ਕਾਰਾਂ ਦੇ ਪੁਰਜ਼ੇ ਗਿੱਦੜਬਾਹਾ ਵਿੱਚ ਦੋ ਕਬਾੜੀਆਂ ਨੂੰ ਵੇਚ ਦਿੰਦਾ ਸੀ। ਪੁਲਿਸ ਨੇ ਮੁਲਜ਼ਮ ਕਾਰ ਮਕੈਨਿਕ ਅਤੇ ਕਬਾੜ ਦਾ ਕੰਮ ਕਰਨ ਵਾਲੇ ਦੋ ਵਿਅਕਤੀਆਂ 'ਤੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਅਜੀਤ ਰੋਡ ਤੋਂ ਘਰਾਂ ਦੇ ਬਾਹਰ ਖੜ੍ਹੀਆਂ ਜ਼ੈਨ, ਆਲਟੋ ਅਤੇ ਵੈਗਨਆਰ ਕਾਰਾਂ ਚੋਰੀ ਹੋਈਆਂ ਸਨ। ਇਸ ਸਬੰਧ ਵਿੱਚ 19 ਜੂਨ ਅਤੇ 30 ਜੂਨ 2025 ਨੂੰ ਥਾਣਾ ਸਿਵਲ ਲਾਈਨ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਸਨ। ਇਸ ਸਬੰਧੀ ਐਸਐਸਪੀ ਅਮਨੀਤ ਕੌਂਡਲ ਨੇ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ। ਟੀਮ ਨੇ ਚੋਰੀ ਦੀਆਂ ਵਾਰਦਾਤਾਂ ਵਾਲੀਆਂ ਥਾਵਾਂ ਦੇ ਸੀਸੀਟੀਵੀ ਫੁਟੇਜ ਖੰਗਾਲੇ। ਬਠਿੰਡਾ ਅਤੇ ਗਿੱਦੜਬਾਹਾ ਰੇਲਵੇ ਸਟੇਸ਼ਨਾਂ ਦੇ ਸੀਸੀਟੀਵੀ ਕੈਮਰਿਆਂ ਤੋਂ ਪੁਲਿਸ ਨੂੰ ਅਹਿਮ ਸੁਰਾਗ ਮਿਲੇ। ਸੀਸੀਟੀਵੀ ਫੁਟੇਜ ਤੋਂ ਇਲਾਵਾ ਮਨੁੱਖੀ ਅਤੇ ਤਕਨੀਕੀ ਸੋਤਾਂ ਦੀ ਵਰਤੋਂ ਕਰਦਿਆਂ ਹੋਇਆਂ ਪੁਲਿਸ ਨੇ ਸਭ ਤੋਂ ਪਹਿਲਾਂ ਗੁਰਜੀਤ ਸਿੰਘ ਉਰਫ਼ ਕਾਲਾ ਨੂੰ ਗ੍ਰਿਫਤਾਰ ਕੀਤਾ, ਜੋ ਇੱਕ ਕਾਰ ਮਕੈਨਿਕ ਹੈ। ਉਸ ਤੋਂ ਪੁੱਛਗਿੱਛ ਤੋਂ ਬਾਅਦ ਇਸ ਮਾਮਲੇ ਵਿੱਚ ਰਾਜੇਸ਼ ਕੁਮਾਰ ਅਤੇ ਵੇਦ ਪ੍ਰਕਾਸ਼ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਤਿੰਨਾਂ ਦੇ ਕਬਜ਼ੇ ਵਿੱਚੋਂ ਚੋਰੀ ਕੀਤੀਆਂ ਗਈਆਂ ਆਲਟੋ ਅਤੇ ਵੈਗਨਆਰ ਕਾਰਾਂ ਦੀਆਂ ਬਾਡੀਆਂ, ਇੰਜਣ ਅਤੇ ਸਪੇਅਰ ਪਾਰਟਸ ਬਰਾਮਦ ਕੀਤੇ ਗਏ ਹਨ ਗੁਰਜੀਤ ਸਿੰਘ ਉਰਫ ਕਾਲਾ ਹੀ ਇਸ ਗਿਰੋਹ ਦਾ ਮਾਸਟਰਮਾਈਂਡ ਸੀ। ਉਹ ਗਿੱਦੜਬਾਹਾ ਤੋਂ ਰਾਤ ਦੇ ਸਮੇਂ ਬਠਿੰਡਾ ਆਉਂਦਾ ਸੀ।ਇੱਥੇ ਉਹ ਘਰ ਦੇ ਬਾਹਰ ਖੜ੍ਹੀਆਂ ਕਾਰਾਂ ਦੀ ਰੇਕੀ ਕਰਦਾ ਅਤੇ ਫਿਰ ਉਨ੍ਹਾਂ ਨੂੰ ਚੋਰੀ ਕਰ ਲੈਂਦਾ ਸੀ। ਚੋਰੀ ਕੀਤੀਆਂ ਗਈਆਂ ਕਾਰਾਂ ਨੂੰ ਉਹ ਰਾਜੇਸ਼ ਕੁਮਾਰ ਗਿੱਦੜਬਾਹਾ ਅਤੇ ਵੇਦ ਪ੍ਰਕਾਸ਼ ਨੂੰ ਵੇਚ ਦਿੰਦਾ ਸੀ। ਰਾਜੇਸ਼ ਕੁਮਾਰ ਗਿੱਦੜਬਾਹਾ ਵਿੱਚ ਕਬਾੜ ਦਾ ਕੰਮ ਕਰਦਾ ਹੈ, ਜਦੋਂ ਕਿ ਵੇਦ ਪ੍ਰਕਾਸ਼ ਵੀ ਕਬਾੜੀ ਹੈ।ਇਹ ਦੋਵੇਂ ਚੋਰੀ ਕੀਤੀਆਂ ਗਈਆਂ ਕਾਰਾਂ ਦੇ ਇੰਜਣ ਅਤੇ ਸਪੇਅਰ ਪਾਰਟਸ ਖਰੀਦਦੇ ਸਨ, ਜਿਨ੍ਹਾਂ ਨੂੰ ਉਹ ਅੱਗੇ ਵੇਚ ਦਿੰਦੇ ਸਨ। ਇਨ੍ਹਾਂ ਖ਼ਿਲਾਫ਼ ਥਾਣਾ ਸਿਵਲ ਲਾਈਨ ਵਿੱਚ ਮੁਕੱਦਮਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਇਸ ਗਿਰੋਹ ਨਾਲ ਜੁੜੇ ਹੋਰ ਲੋਕਾਂ ਅਤੇ ਉਨ੍ਹਾਂ ਦੀਆਂ ਹੋਰ ਵਾਰਦਾਤਾਂ ਬਾਰੇ ਵੀ ਪੁੱਛਗਿੱਛ ਕਰ ਰਹੀ ਹੈ।

## ਦੇਸ਼ ਭਗਤ ਗਲੋਬਲ ਸਕੂਲ ਵਿਖੇ ਕਰਵਾਈ ਇੱਕ ਰੋਜ਼ਾ ਇਨ ਹਾਊਸ ਪਿਕਨਿਕ/ਪੂਲ ਪਾਰਟੀ

ਸ੍ਰੀ ਮੁਕਤਸਰ ਸਾਹਿਬ 12 ਜੁਲਾਈ( ਐਚ ਐਸ ਕਪੂਰ)ਦੇਸ਼ ਭਗਤ ਕੈਂਪਸ , ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਅਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਇਕ ਰੋਜਾ਼ ਇਨ ਹਾਊਸ ਪਿਕਨਿਕ/ਪੂਲ ਪਾਰਟੀ ਦਾ ਆਯੋਜਨ ਕੀਤਾ ਗਿਆ। ਇਹ ਪਾਰਟੀ ਸਕੂਲ ਪਾਰਕ 'ਚ ਮਨਾਈ ਗਈ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਨੇ ਹਿੱਸਾ ਲਿਆ।ਪਿਕਨਿਕ ਦੌਰਾਨ ਬੱਚਿਆਂ ਨੇ ਖੇਡਾਂ, ਨਾਚ-ਗੀਤ, ਅਤੇ ਖਾਣ-ਪੀਣ ਦਾ ਖੂਬ ਆਨੰਦ ਮਾਣਿਆ। ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨਾਲ ਮਿਲ ਕੇ ਵੱਖ-ਵੱਖ ਮਨੋਰੰਜਕ ਗਤੀਵਿਧੀਆਂ ਵਿੱਚ ਭਾਗ ਲਿਆ। ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਦੱਸਿਆ ਕਿ ਇਸ ਪਾਰਟੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ ਮਨੋਰੰਜਨ ਅਤੇ ਆਤਮ-ਵਿਕਾਸ ਦੇ ਮੌਕੇ ਪ੍ਰਦਾਨ ਕਰਨਾ ਸੀ। ਇਸ ਮੌਕੇ ਡਾਕਟਰ ਜਿੰਦਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਪ੍ਰੋਗਰਾਮਾਂ ਰਾਹੀਂ ਬੱਚਿਆਂ ਵਿੱਚ ਸਮੂਹਕਤਾ, ਸਹਿਯੋਗ ਅਤੇ ਸਿੱਖਣ ਦੀ ਨਵੀਂ ਉਤਸ਼ਾਹਨਾ ਪੈਦਾ ਹੁੰਦੀ ਹੈ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਅਸੀਂ ਅੱਗੇ ਤੋਂ ਵੀ ਇਹੋ ਜਿਹੀਆਂ ਗਤੀਵਿਧੀਆਂ ਰਾਹੀ ਮਨੋਰੰਜਨ ਕਰਵਾ ਕੇ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਦੇ ਰਹਾਂਗੇ।

## ਸਾਬਕਾ ਬੈਂਕ ਮੈਨੇਜਰ ਨਾਲ 30 ਲੱਖ ਦੀ ਠੱਗੀ ਸਬੰਧੀ ਮਾਮਲਾ ਦਰਜ

### ਦੋ ਬੇਟਿਆਂ ਅਤੇ ਇਕ ਰਿਸ਼ਤੇਦਾਰ ਨੂੰ ਨੌਕਰੀ ਦਿਵਾਉਣ ਦੇ ਨਾਮ 'ਤੇ ਮਾਰੀ ਠੱਗੀ

ਸ੍ਰੀ ਮੁਕਤਸਰ ਸਾਹਿਬ 12 ( ਐਚ ਐਸ ਕਪੂਰ) :ਸਟੇਟ ਬੈਂਕ ਆਫ ਇੰਡੀਆ ਸ੍ਰੀ ਮੁਕਤਸਰ ਸਾਹਿਬ ਅਤੇ ਹੋਰ ਬ੍ਰਾਂਚਾਂ ਚ ਬਤੌਰ ਮੈਨੇਜਰ ਸੇਵਾਵਾਂ ਦੇ ਕੇ ਸੇਵਾਮੁਕਤ ਹੋਏ ਓਮ ਪ੍ਰਕਾਸ਼ ਤਨੇਜਾ ਨਾਲ 30 ਲੱਖ ਰੁਪਏ ਦੀ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਚ ਓਮ ਪ੍ਰਕਾਸ਼ ਤਨੇਜਾ ਨੇ ਦੱਸਿਆ ਕਿ ਉਸ ਦੀ ਜਾਣ ਪਛਾਣ ਐਸ ਬੀ ਆਈ ਲਾਈਫ ਇੰਸ਼ੋਰੈਂਸ ਚ ਕੰਮ ਕਰਦੇ ਸ੍ਰੀ ਮੁਕਤਸਰ ਸਾਹਿਬ ਦੀ ਨਾਰੰਗ ਕਾਲੋਨੀ ਵਾਸੀ ਅਜੇ ਕੁਮਾਰ ਸ਼ਰਮਾ ਨਾਲ ਸੀ। ਅਜੇ ਕੁਮਾਰ ਸ਼ਰਮਾ ਨੇ ਉਸਨੂੰ ਕਿਹਾ ਕਿ ਉਹ ਗੁਰੂਗਰਾਮ ਵਾਸੀ ਅਨਿਲ ਕੁਮਾਰ ਜੈਸਵਾਲ ਨੂੰ ਜਾਣਦਾ ਹੈ ਜਿਸਦੀ ਕਿ ਕੇਂਦਰ ਸਰਕਾਰ 'ਚ ਚੰਗੀ ਜਾਣ ਪਛਾਣ ਹੈ ਅਤੇ ਉਹ ਉਹਨਾਂ ਦੇ ਬੇਟੇ ਨੂੰ ਇਨਕਮ ਟੈਕਸ ਜਾ ਸੇਲ ਟੈਕਸ ਵਿਭਾਗ 'ਚ ਸਰਕਾਰੀ ਨੌਕਰੀ ਲਵਾ ਦੇਵੇਗਾ ਅਤੇ ਇਸ ਬਦਲੇ ਪੈਸੇ ਲੱਗਣਗੇ। ਤਨੇਜਾ ਅਨੁਸਾਰ ਉਸਨੇ ਇਸ ਸਬੰਧੀ ਨਾਹ ਕਰ ਦਿੱਤੀ। ਪਰ ਅਜੇ ਕੁਮਾਰ ਉਹਨਾਂ ਨੂੰ ਵਾਰ ਵਾਰ ਕਹਿੰਦਾ ਰਿਹਾ ਅਤੇ ਉਸਨੇ ਅਨਿਲ ਕੁਮਾਰ ਜੈਸਵਾਲ ਨਾਲ ਫੋਨ ਤੇ ਗੱਲਬਾਤ ਵੀ ਕਰਵਾਈ। ਗੱਲਬਾਤ ਦੌਰਾਨ ਤਨੇਜਾ ਦੇ ਦੋਵੇ ਬੇਟਿਆਂ ਅਤੇ ਇਕ ਰਿਸ਼ਤੇਦਾਰ ਨੂੰ ਨੌਕਰੀ ਦਿਵਾਉਣ ਲਈ 60 ਲੱਖ ਰੁਪਏ ਦੀ ਮੰਗ ਕੀਤੀ। 30 ਲੱਖ ਰੁਪਏ ਐਡਵਾਂਸ ਅਤੇ 30 ਲੱਖ ਰੁਪਏ ਜੁਆਇਨਿੰਗ ਪੱਤਰ ਉਪਰੰਤ ਦੇਣ ਦੀ ਗੱਲ ਹੋਈ। ਤਨੇਜਾ ਅਨੁਸਾਰ ਇਹ ਗੱਲਬਾਤ ਮਾਰਚ 2023 ਦੀ ਹੈ। ਇਸ ਤੇ ਉਕਤ ਦੋਵਾਂ ਦੇ ਕਹਿਣ ਤੇ ਉਹਨਾਂ ਮਈ 2023 ਤੋਂ ਅਕਤੂਬਰ 2024 ਤਕ ਵੱਖ ਵੱਖ ਕਿਸ਼ਤਾਂ ਚ 30 ਲੱਖ ਰੁਪਏ ਦੇ ਦਿਤਾ। ਇਸ ਜੁਆਇਨਿੰਗ ਲਈ ਦਸੰਬਰ 2024 ਦਾ ਸਮਾਂ ਮਿੱਥਿਆ ਗਿਆ। ਪਰ ਦਸੰਬਰ 2024 ਉਪਰੰਤ ਦੋਵੇ ਜਣੇ ਹੀ ਲਾਰੇ ਲਗਾਉਣ ਲੱਗੇ। ਬਿਆਨਕਰਤਾ ਅਨੁਸਾਰ ਜਦ ਉਸਨੇ ਦੋਵਾਂ ਤੋਂ ਪੈਸਿਆਂ ਦੀ ਵਾਪਸੀ ਦੀ ਮੰਗ ਕੀਤੀ ਤਾਂ ਉਸਨੂੰ ਧਮਕੀਆਂ ਦਿੱਤੀਆ ਗਈਆ। ਜਿਸ ਉਪਰੰਤ ਉਹਨਾਂ ਪੁਲਿਸ ਨੂੰ ਸਿਕਾਇਤ ਦਿੱਤੀ। ਫਿਲਹਾਲ ਪੁਲਿਸ ਨੇ ਸ੍ਰੀ ਮੁਕਤਸਰ ਸਾਹਿਬ ਵਾਸੀ ਅਜੇ ਕੁਮਾਰ ਸ਼ਰਮਾ ਨੂੰ ਜਾਂਚ ਚ ਸ਼ਾਮਿਲ ਕਰਦਿਆ ਗੁਰੂਗਰਾਮ ਵਾਸੀ ਅਨਿਲ ਕੁਮਾਰ ਜੈਸਵਾਲ ਤੇ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿਤੀ ਹੈ।

## ਤਰਕਸ਼ੀਲ ਇਕਾਈ ਦਿੜ੍ਹਬਾ ਨੇ ਸੈਮੀਨਾਰ ਕਰਵਾਇਆ



ਦਿੜ੍ਹਬਾ ਮੰਡੀ, 12 ਜੁਲਾਈ (ਸੁਖਵਿੰਦਰ ਸਿੰਘ ਵਿਰਕ): ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਨਾਲ ਜੋੜਣ ਲਈ ਕਿਤਾਬੀ ਸਾਹਿਤ ਨਾਲ ਰੁਚੀ ਪੈਦਾ ਕਰਨ ਦੇ ਮਨੋਰਥ ਨਾਲ ਸਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾ ਰਹੀ ਹੈ। ਇਸ ਦੀ ਤਿਆਰੀ ਸਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਦਿੜ੍ਹਬਾ ਇਕਾਈ ਵੱਲੋਂ ਬਰਾਇਟ ਸਟਾਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿੜ੍ਹਬਾ ਅੰਦਰ ਤਰਕਸ਼ੀਲ ਆਗੂ ਨਾਇਬ ਸਿੰਘ ਰਟੋਲਾਂ ਦਾ ਅਗਵਾਈ ਹੇਠ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਦਿੜ੍ਹਬਾ ਇਕਾਈ ਦਾ ਮੁੱਖੀ ਹਰਮੇਸ਼ ਸਿੰਘ ਮੇਸ਼ੀ ਵੀ ਸ਼ਾਮਿਲ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਤਰਕਸ਼ੀਲ਼ ਆਗੂ ਨਾਇਬ ਸਿੰਘ ਰਟੋਲਾਂ ਨੇ ਕਿਹਾ ਕਿ ਪੰਜਾਬ ਅੰਦਰ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ 29 ਅਤੇ 31 ਅਗਸਤ ਨੂੰ ਸਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾ ਰਹੀ ਹੈ। ਇਹ ਪ੍ਰੀਖਿਆ ਗਦਰੀ ਲਹਿਰ ਦੀ ਆਗੂ ਗਦਰੀ ਗੁਲਾਬ ਕੌਰ ਦੇ ਜੀਵਨ ਨੂੰ ਸਮਰਪਿਤ ਹੈ। ਇਸ ਤੋਂ ਪਹਿਲਾ ਛੇ ਵਾਰ ਸਫਲਤਾ ਨਾਲ ਪ੍ਰੀਖਿਆ ਲਈ ਜਾ ਚੁੱਕੀ, ਜਿਸ ਵਿੱਚ ਹਰ ਸਾਲ ਹਜ਼ਾਰਾਂ ਵੱਖ-ਵੱਖ ਵਰਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਵੱਲੋਂ ਵਿਖਾਈ ਜਾ ਰਹੀ ਰੁਚੀ ਨੂੰ ਵੇਖ ਦੇ ਹੋਏ ਉਮੀਦ ਹੈ ਕਿ ਇਸ ਵਾਰ ਵੀ ਪਹਿਲਾਂ ਨਾਲੋਂ ਵੱਧ ਵਿਦਿਆਰਥੀਆਂ ਦੇ ਪ੍ਰੀਖਿਆ ਵਿੱਚ ਭਾਗ ਲੈਣਗੇ। ਵਰਤਮਾਨ ਸਮਾਂ ਮੁਕਾਬਲੇ ਦਾ ਸਮਾਂ ਹੈ। ਇਸ ਕਰਕੇ ਵਿਦਿਆਰਥੀਆਂ ਨੂੰ ਸਿਲੇਬਸ ਦੇ ਗਿਆਨ ਤੋਂ ਬਿਨਾਂ ਹੋਰ ਵੀ ਗਿਆਨ ਦਾ ਜਰੂਰਤ ਪੈਂਦੀ ਹੈ। ਇਹ ਗਿਆਨ ਆਮ ਕਿਤਾਬਾਂ ਵਿੱਚੋਂ ਪ੍ਰਾਪਤ ਹੋਵੇਗਾ। ਇਸ ਕਰਕੇ ਤਰਕਸ਼ੀਲ ਸੁਸਾਇਟੀ ਵੱਲੋਂ ਜਿੱਥੇ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਨਾਲ ਜੋੜਿਆ ਜਾ ਰਿਹਾ ਹੈ ਉੱਥੇ ਹੀ ਕਿਤਾਬ ਕਲਚਰ ਨਾਲ ਜੋੜਣ ਦਾ ਉਪਰਾਲਾ ਵੀ ਕੀਤਾ ਜਾ ਰਿਹਾ ਹੈ। ਇਸ ਪ੍ਰੀਖਿਆ ਅੰਦਰ ਵਿਸ਼ੇਸ਼ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਸਕੂਲ ਪ੍ਰਬੰਧਕ ਬਲਵਿੰਦਰ ਸਿੰਘ ਘੁਮਾਣ ਨੇ ਤਰਕਸ਼ੀਲ ਆਗੂਆਂ ਦਾ ਧੰਨਵਾਦ ਕਰਦੇ ਹੋਏ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਭਾਗ ਲੈਣ ਲਈ ਜੋਰ ਦਿੱਤਾ। ਇਸ ਮੌਕੇ ਪ੍ਰਿੰਸੀਪਲ ਗਗਨਦੀਪ ਕੌਰ ਅਤੇ ਹੋਰ ਸਟਾਫ ਹਾਜ਼ਰ ਸੀ। ਇਸ ਮੌਕੇ ਪ੍ਰਿੰਸੀਪਲ ਗਗਨਦੀਪ ਕੌਰ ਅਤੇ ਹੋਰ ਸਟਾਫ ਹਾਜ਼ਰ ਸੀ।

## ਸੂਬਾ ਪੱਧਰੀ ਕਲਾ ਸੱਥ ਪ੍ਰੋਗਰਾਮ ਵਿੱਚ ਬਠਿੰਡਾ ਜ਼ਿਲ੍ਹੇ ਦਾ ਵਧੀਆ ਪ੍ਰਦਰਸ਼ਨ



ਬਠਿੰਡਾ, 12 ਜੁਲਾਈ ( ਇੰਦਰਪਾਲ ਬਾਂਸਲ ): ਐਸ. ਸੀ. ਈ. ਆਰ. ਟੀ. ਅਤੇ ਸਲੈਮ ਆਉਟ ਲਾਊਡ ਸੰਸਥਾ ਵੱਲੋਂ ਪੰਜਾਬ ਦੇ ਸਕੂਲਾਂ ਵਿੱਚ ਚੱਲ ਰਹੇ ਪ੍ਰੋਜੈਕਟ ਆਵਾਜ਼ ਅਧੀਨ ਸਟੇਟ ਪੱਧਰੀ ਕਲਾਂ ਸੱਥ ਪ੍ਰੋਗਰਾਮ ਟੈਗੋਰ ਥੀਏਟਰ ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਜਿਸ ਵਿੱਚ ਪ੍ਰੋਜੈਕਟ ਆਵਾਜ਼ ਦੀ ਟੀਮ ਵੱਲੋਂ ਸਟੇਟ ਪੱਧਰੀ ਕਲਾਂ ਸੱਥ ਲਈ ਅੱਠ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਦੀ ਚੋਣ ਕੀਤੀ ਗਈ ਸੀ,ਜਿਸ ਵਿੱਚ ਬਠਿੰਡਾ ਜ਼ਿਲ੍ਹੇ ਦੇ ਤਿੰਨ ਵਿਦਿਆਰਥੀ ਜਾਸੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਥੋ, ਸਨਮ ਰੱਤੀ ਸਰਕਾਰੀ ਹਾਈ ਸਕੂਲ ਡਿੱਖ ਅਤੇ ਆਕੂਸ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਦੀ ਚੋਣ ਕੀਤੀ ਗਈ ਇਹਨਾਂ ਵਿਦਿਆਰਥੀਆਂ ਨੂੰ ਬਠਿੰਡਾ ਜ਼ਿਲ੍ਹੇ ਵੱਲੋਂ ਆਪਣੀ ਕਲਾਂ ਦਿਖਾਉਣ ਲਈ ਮੌਕਾ ਮਿਲਿਆ ਇਹ ਵਿਦਿਆਰਥੀ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਮੰਮਤਾ ਖੁਰਾਣਾ ਅਗਵਾਈ ਹੇਠ ਅਤੇ ਜ਼ਿਲ੍ਹਾ ਆਰਟ ਮੈਂਟਰਸ ਰਜਨੀਸ਼ ਬਾਂਸਲ, ਸੁਰਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਸਿੱਧੂ ਦੀ ਦੇਖਰੇਖ ਹੇਠ ਸਟੇਟ ਪੱਧਰੀ ਕਲਾਂ ਸੱਥ ਵਿੱਚ ਭਾਗ ਲਿਆ ।ਜਾਸੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਥੋ ਅਤੇ ਸਨਮ ਰੱਤੀ ਸਰਕਾਰੀ ਹਾਈ ਸਕੂਲ ਡਿੱਖ ਵੱਲੋਂ ਪ੍ਰਜੇਕਟ ਆਵਾਜ਼ ਤੇ ਪੰਜਾਬੀ ਗੀਤ ਦੀ ਟੈਗੋਰ ਥੀਏਟਰ ਵਿੱਚ ਪੇਸ਼ਕਾਰੀ ਕੀਤੀ ਗਈ ਜਿਸ ਦਾ ਦਰਸ਼ਕਾਂ ਖੂਬ ਅਨੰਦ ਮਾਣਿਆ ਅਤੇ ਪ੍ਰਸੰਸਾ ਕੀਤੀ। ਇਸ ਤਰ੍ਹਾਂ ਬਠਿੰਡਾ ਜ਼ਿਲ੍ਹੇ ਵੱਲੋਂ ਕਲਾਂ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਦੀ ਪੇਂਟਿੰਗਜ ਅਤੇ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਦੇ ਵਿਦਿਆਰਥੀ ਆਕੂਸ਼ ਨੇ ਆਪਣੀਆ ਪੇਂਟਿੰਗਜ ਦੀ ਪ੍ਰਦਰਸ਼ਨੀ ਸ਼੍ਰੀਮਤੀ ਸ਼ਰੂਤੀ ਆਰਟ ਅਧਿਆਪਕਾ ਦੀ ਅਗਵਾਈ ਹੇਠ ਲਗਾਈ ਜੋ ਹਰ ਇੱਕ ਦੇ ਖਿੱਚ ਦਾ ਕੇਂਦਰ ਬਿੰਦੂ ਬਣੀ ਰਹੀ ਆਕੂਸ਼ ਅਤੇ ਉਸ ਵੱਲੋ ਬਣਾਏ ਪੋਰਟਰੇਟ ਦੀ ਡਾਇਰੈਕਟਰ ਸ੍ਰੀਮਤੀ ਕਮਲ ਸ਼ਰਮਾ ਵੱਲੋਂ ਸ਼ਲਾਘਾ ਕੀਤੀ ਗਈ। ਇਸ ਮੌਕੇ ਐਸ. ਸੀ. ਈ. ਆਰ. ਟੀ. ਦੇ ਡਾਇਰੈਕਟਰ ਸ੍ਰੀਮਤੀ ਕਮਲ ਸ਼ਰਮਾ ਅਤੇ ਸਹਾਇਕ ਡਾਇਰੈਕਟਰ ਐਸ. ਸੀ. ਈ. ਆਰ. ਟੀ, ਸਲੈਮ ਆਊਟ ਲਾਊਡ ਦੇ ਡਾਇਰੈਕਟਰ ਮੈਡਮ ਰਾਠੀ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਮੰਮਤਾ ਖੁਰਾਣਾ ਅਤੇ ਵੱਖ ਵੱਖ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫਸਰ ਵੀ ਹਾਜ਼ਰ ਸਨ । ਸਕੂਲ ਦੀ ਸਟੇਜ ਤੋਂ ਟੈਗੋਰ ਥੀਏਟਰ ਚੰਡੀਗੜ੍ਹ ਦੀ ਸਟੇਜ ਤੱਕ ਪਹੁੰਚਣ ਵਾਲੀਆਂ ਸਾਡੀਆਂ ਕੱਚੇ ਘਰਾਂ ਦੀਆਂ ਧੀਆਂ ਸਨਮ ਰੱਤੀ (ਸਹਸ ਡਿੱਖ) ਅਤੇ ਜਾਸੀਨ (ਸਸਸਸ ਪਿਥੋ) ਦੀ ਆਵਾਜ਼ ਬਣੀ ਪ੍ਰੋਜੈਕਟ ਆਵਾਜ਼, ਬੱਚਿਆਂ ਦੀਆਂ ਕਲਾਵਾਂ ਨੂੰ ਉਭਾਰਨ ਦੇ ਮਕਸਦ ਨਾਲ ਐਸ. ਸੀ. ਈ. ਆਰ. ਟੀ. ਅਤੇ ਸਲੇਮ ਆਊਟ ਲਾਊਡ ਦੁਆਰਾ ਚਲਾਏ ਜਾ ਰਹੇ ਪ੍ਰੋਜੈਕਟ ਆਵਾਜ਼ ਬਾਰੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਮਧੂ ਬਾਲਾ ਜੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਥੋ ਅਤੇ ਸ ਜਗਦੀਪ ਸਿੰਘ ਇੰਚਾਰਜ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਡਿੱਖ ਆਰਟ ਮੈਂਟਰ ਰਜਨੀਸ਼ ਬਾਂਸਲ, ਸੁਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਉਘੇ ਗੀਤਕਾਰ ਸ਼ੇਖਰ ਤਲਵੰਡੀ, ਕੰਮਪੋਜਰ ਜਸ਼ਨ ਅਲੀ ਅਤੇ ਹਸਰਤ ਅਲੀ, ਸ਼ੀਬੂ, ਸੁਭਮ ਡੋਲਕੀ ਮਾਸਟਰ ਦੁਆਰਾ ਤਿਆਰ ਇਹ ਗੀਤ, ਪੂਰੇ ਪੰਜਾਬ ਭਰ ਚੋਂ ਚੁਣੀਆਂ ਗਈਆਂ ਸੱਤ ਪੇਸ਼ਕਾਰੀਆਂ ਵਿੱਚ ਸਲੇਕਟ ਹੋਇਆ। ਇਹਨਾ ਬੱਚੀਆ ਨੂੰ ਸਟੇਟ ਪੱਧਰੀ ਸਟੇਜ ਤੱਕ ਪਹੁੰਚਣ ਵਿੱਚ ਸ੍ਰੀਮਤੀ ਨੇਹਾ ਅਤੇ ਸ਼੍ਰੀਮਤੀ ਦੀਕਸ਼ਾ ਰਾਣੀ ਅਧਿਆਪਕਾ ਦਾ ਬਹੁਤ ਸਹਿਯੋਗ ਰਿਹਾ। ਬਠਿੰਡਾ ਜ਼ਿਲ੍ਹੇ ਦਾ ਨਾਮ ਚਮਕਾਉਣ ਵਾਲੀਆਂ ਇਹਨਾਂ ਵਿਦਿਆਰਥੀਆ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸਕੈਂ )ਸ੍ਰੀਮਤੀ ਮੰਮਤਾ ਖੁਰਾਣਾ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀਮਤੀ ਮਨਿੰਦਰ ਕੌਰ, ਪ੍ਰਿੰਸੀਪਲ ਸ਼੍ਰੀਮਤੀ ਮਧੂ ਬਾਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਥੋ , ਪ੍ਰਿੰਸੀਪਲ ਸ਼੍ਰੀਮਤੀ ਜਸਜੀਤ ਕੌਰ,ਇੰਚਾਰਜ ਪ੍ਰਿੰਸੀਪਲ ਸ ਮਨਜੀਤ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ, ਮੁੱਖ ਅਧਿਆਪਕ ਰਾਜਵੰਤ ਕੌਰ,ਇੰਚਾਰਜ ਮੁੱਖ ਅਧਿਆਪਕ ਜਗਦੀਪ ਸਿੰਘ ਸਰਕਾਰੀ ਹਾਈ ਸਕੂਲ ਡਿੱਖ ਵੱਲੋਂ ਵਧੀਆ ਦਿੱਤੀਆਂ ਗਈਆਂ।

## ਤੰਬਾਕੂ ਵਿਰੋਧੀ ਜਾਗਰੂਕਤਾ ਰੈਲੀ ਕੱਢੀ

ਕੌਹਰੀਆਂ, 12 ਜੁਲਾਈ (ਅਵਤਾਰ ਸਿੰਘ ਜਟਾਨਾ ):ਸਕੂਲ ਸਿੱਖਿਆ ਵਿਭਾਗ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿੱਦਿਆਕ ਸੰਸਥਾਵਾਂ ਨੂੰ ਤੰਬਾਕੂ ਮੁਕਤ ਕਰਨ ਦੇ ਲਈ ਰੈਲੀਆਂ ਕੱਢਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਤਹਿਤ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੌਹਰੀਆਂ ਦੇ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਹਿਯੋਗ ਦੇ ਨਾਲ ਤੰਬਾਕੂ ਵਿਰੋਧੀ ਜਾਗਰੂਕਤਾ ਕਰਨ ਦੇ ਲਈ ਪਿੰਡ ਦੇ ਵਿਚ ਰੈਲੀ ਕੱਢੀ ਗਈ,ਜਿਸ ਦੇ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ ਅਤੇ ਲੋਕਾਂ ਨੂੰ ਜਾਗਰੂਕ ਕੀਤਾ। ਰੈਲੀ ਸਬੰਧੀ ਦੱਸਦਿਆਂ ਸਕੂਲ ਪ੍ਰਿੰਸੀਪਲ ਸ੍ਰੀ ਹਰਸੰਤ ਸਿੰਘ ਅਤੇ ਨੋਡਲ ਇੰਚਾਰਜ ਲਾਡਵਿੰਦਰ ਸਿੰਘ ਨੇ ਦੱਸਿਆ ਕਿ ਸਾਡਾ ਟੀਚਾ ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਤੋਂ ਮੁਕਤ ਕਰਨਾ ਹੈ ਅਤੇ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਹੈ। ਇਸ ਸਮੇਂ ਸਕੂਲ ਅਧਿਆਪਕ ਹਰੀ ਸਿੰਘ,ਪ੍ਰਦੀਪ ਸਿੰਘ ਪ੍ਰਗਟ ਸਿੰਘ,ਮੈਡਮ ਹਰਪ੍ਰੀਤ ਕੌਰ ਮਨਪ੍ਰੀਤ ਕੌਰ,ਨੀਰੂ ਬਾਲਾ, ਹਰਬੰਸ ਸਿੰਘ ਆਰਟ ਕਰਾਫਟ ਅਧਿਆਪਕ ਅਤੇ ਕੈਂਪਸ ਮੈਨੇਜਰ ਨਿਰਮਲ ਸਿੰਘ ਹਾਜ਼ਰ ਸਨ।

## ਪੰਚਾਇਤ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਇਨਵਰਟਰ ਭੇਟ



ਭਗਤਾ ਭਾਈ ਕਾ, 12 ਜੁਲਾਈ (ਸਵਰਨ ਸਿੰਘ ਭਗਤਾ):ਪਿੰਡ ਰਾਜਗੜ੍ਹ ਦੀ ਪੰਚਾਇਤ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਰਾਜਗੜ੍ਹ ਨੂੰ ਇਨਵਰਟਰ ਬੈਟਰੇ ਦਿੱਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਰਾਜਗੜ੍ਹ ਦੇ ਸਰਪੰਚ ਦੀਪਕ ਸ਼ਰਮਾਂ ਨੇ ਦੱਸਿਆ ਕਿ ਸਕੂਲ ਨਾਲ ਉਹਨਾਂ ਦਾ ਬਹੁਤ ਜ਼ਿਆਦਾ ਲਗਾਵ ਹੈ। ਉਹਨਾਂ ਦੱਸਿਆ ਕਿ ਸਮੇਂ ਸਮੇਂ ਤੇ ਅਸੀਂ ਪਿੰਡ ਦੇ ਦੋਨਾਂ ਸਕੂਲਾਂ ਵਿੱਚ ਆਉਂਦੇ ਰਹਿੰਦੇ ਹਾਂ ਤਾਂ ਜੋ ਸਟਾਫ ਨਾਲ ਸਲਾਹ-ਮਸ਼ਵਰਾ ਕਰਕੇ ਸਕੂਲੀ ਪ੍ਰਬੰਧਾਂ ਨੂੰ ਵਧੀਆ ਬਣਾਇਆ ਜਾ ਸਕੇ। ਜੂਨ ਦੀਆਂ ਛੁੱਟੀਆਂ ਤੋਂ ਪਹਿਲਾਂ ਅਸੀਂ ਵੇਖਿਆ ਕੇ ਬਿਜਲੀ ਚੱਲੀ ਜਾਣ ਤੋਂ ਬਾਅਦ ਬੱਚਿਆਂ ਨੂੰ ਪੜਾਉਣਾ ਜਿਥੇ ਸਟਾਫ ਲਈ ਅਸਾਨ ਨਹੀ, ਓਥੇ ਹੀ ਬੱਚਿਆਂ ਲਈ ਪੜਨਾ ਬਹੁਤ ਮੁਸਕਲ ਹੋ ਜਾਂਦਾ। ਇਸੇ ਲਈ ਸਕੂਲ ਦੇ ਸਟਾਫ ਅਤੇ ਸਕੂਲ ਦੀ ਮਨੈਜਮੈਂਟ ਕਮੇਟੀ ਨਾਲ ਸਲਾਹ ਕਰਕੇ ਸਕੂਲ ਲਈ ਇੰਨਵਰਟਰ ਦਾ ਪ੍ਰਬੰਧ ਕਰਨ ਦਾ ਵਿਚਾਰ ਬਣਿਆ ਸੀ। ਇਸ ਮੌਕੇ ਉਹਨਾ ਨਾਲ ਪੰਚ ਸੇਵਕ ਸਿੰਘ,ਪੰਚ ਗੋਰਾ ਸਿੰਘ, ਪੰਚ ਲਛਮਣ ਸਿੰਘ,ਸੁਖਦੀਪ ਸਿੰਘ ਸੁੰਦਰੀ,ਕੁਲਦੀਪ ਸਿੰਘ,ਗੁਰਪ੍ਰੀਤ ਗੋਪੀ,ਸੁਖਜਿੰਦਰ ਸੋਨੀ,ਰਾਮ ਵਾਲੀਆ,ਕੁਲਵਿੰਦਰ ਸਿੰਘ ਖਾਲਸਾ,ਹਰਮਨਦੀਪ ਸਿੰਘ ਆਦਿ ਹਾਜ਼ਰ ਸਨ।

## ਹਲਕਾ ਮੌੜ ਦੇ ਬੂਥ ਲੈਵਲ ਅਫਸਰਾਂ ਨੂੰ ਵੋਟਾਂ ਸੰਬੰਧੀ ਵਿਸ਼ੇਸ਼ ਸਿਖਲਾਈ ਦਿੱਤੀ



ਮੌੜ ਮੰਡੀ, 12 ਜੁਲਾਈ (ਭੋਲਾ ਸਿੰਘ ਮਾਨ): ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਦੇਸ਼ 'ਚ ਬੂਥ ਲੈਵਲ ਅਫਸਰਾਂ ਨੂੰ ਵੋਟਾਂ ਸੰਬੰਧੀ ਸਿਖਲਾਈ ਦਿੱਤੀ ਜਾ ਰਹੀ ਹੈ, ਜਿਸ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ (ਕੰਨਿਆ) ਸਕੂਲ ਮੌੜ ਮੰਡੀ ਵਿਖੇ ਐਸ.ਡੀ.ਐਮ. ਪ੍ਰੀਤ ਕੁਮਾਰ ਦੀ ਯੋਗ ਅਗਵਾਈ ਅਤੇ ਏ. ਈ. ਆਰ.ਓ.2 ਅਰਸ਼ਿਕ ਵਰਮਾਂ,ਸੁਪਰਡੈਂਟ ਅਮਰਜੀਤ ਸਿੰਘ ਦੀ ਹਾਜ਼ਰੀ ਵਿਚ 7 ਜੁਲਾਈ ਤੋਂ 10 ਜੁਲਾਈ ਤੱਕ ਵਿਧਾਨ ਸਭਾ ਹਲਕਾ 095 ਮੌੜ ਮੰਡੀ ਦੇ ਸਮੂਹ ਬੂਥ ਲੈਵਲ ਅਫਸਰਾਂ ਨੂੰ 50-50 ਦੇ ਗਰੁੱਪਾਂ ਵਿੱਚ ਸਿਖਲਾਈ ਦਿੱਤੀ ਜਾ ਚੁੱਕੀ ਹੈ। ਇਸ ਮੌਕੇ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਸ਼ਨਾਖਤੀ ਕਾਰਡ ਬੀ ਐੱਲ ਓਜ ਨੂੰ ਸੌਂਪੇ ਗਏ। ਸਿਖਲਾਈ ਦੌਰਾਨ ਭਾਰਤ ਚੋਣ ਕਮਿਸ਼ਨ ਵੱਲੋਂ ਸਿਖਲਾਈ ਪ੍ਰਾਪਤ ਮਾਸਟਰ ਟਰੇਨਰ ਭੁਪਿੰਦਰ ਸਿੰਘ ਮਾਨ,ਮਨਜਿੰਦਰ ਸਿੰਘ ਅਤੇ ਅਨੰਦ ਸਿੰਘ ਬਾਲਿਆਂਵਾਲੀ ਵੱਲੋਂ ਇਕੱਤਰ ਬੀ.ਐਲ. ਓ ਕਰਮਚਾਰੀਆਂ ਨੂੰ ਨਵੀਆਂ ਵੋਟਾਂ ਬਣਾਉਣ ਅਤੇ ਸੋਧ ਕਰਨ ਅਤੇ ਕੱਟਣ ਸਬੰਧੀ ਜਾਣਕਾਰੀ ਦਿੱਤੀ ਗਈ। ਜਿਸਦੇ ਨਾਲ ਹੀ ਮਾਸਟਰ ਟ੍ਰੇਨਰ ਗੁਰਸੇਵਕ ਲਾਲ ਅਤੇ ਅਨਦੀਪ ਸਿੰਘ ਨੇ ਸਬੰਧਤ ਐਪ ਬਾਰੇ ਜਾਣਕਾਰੀ ਦਿੰਦਿਆਂ ਹੋਰ ਤਕਨੀਕੀ ਜਾਣਕਾਰੀ ਨਾਲ ਬੀ ਐੱਲ ਓ ਸਾਹਿਬਾਨਾਂ ਨੂੰ ਆ ਰਹੀਆਂ ਸਮੱਸਿਆ ਨੂੰ ਅਤੇ ਉਨ੍ਹਾਂ ਦੇ ਹੱਲ 'ਤੇ ਚਾਨਣਾ ਪਾਇਆ। ਇਸ ਮੌਕੇ ਮਾਸਟਰ ਟ੍ਰੇਨਰ ਨੇ ਹਲਕਾ ਮੌੜ 095 ਦੇ ਬੀ.ਐਲ.ਓਜ ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਚਲਾਏ ਜਾ ਰਹੇ ਸੋਸ਼ਲ ਮੀਡੀਆ ਚੈਨਲਾਂ ਦੇ ਲਿੰਕ ਰਾਹੀਂ ਜੁਆਇਨ ਕਰਨ ਲਈ ਪਾਬੰਦ ਕੀਤਾ। ਇਸ ਮੌਕੇ ਹਲਕਾ ਮੌੜ ਦੇ ਚੋਣ ਅਮਲੇ ਨਾਲ ਸਬੰਧਤ ਸਟਾਫ ਮਿਸ ਹਰਮਨਪ੍ਰੀਤ ਕੌਰ,ਸਰਬਜੀਤ ਸਿੰਘ ਅਤੇ ਬਲਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਟਰੇਨਿੰਗ ਲੈਣ ਉਪਰੰਤ ਹਰ ਇੱਕ ਬੀ ਐੱਲ ਓ ਦਾ ਲਿਖਤੀ ਟੈਸਟ ਵੀ ਹੋਇਆ ਅਤੇ ਅੰਤ ਵਿੱਚ ਟਰੇਨਿੰਗ ਪ੍ਰਾਪਤ ਬੀ.ਐਲ.ਓਜ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

## ਸ਼ਰੂਤੀ ਅਗਰਵਾਲ ਨੇ ਚਮਕਾਇਆ ਸੀ.ਐਮ.ਐਸ ਗੁਰੂ ਕਾਸ਼ੀ ਪਬਲਿਕ ਸਕੂਲ ਦਾ ਨਾਮ



ਭਗਤਾ ਭਾਈ ਕਾ, 12 ਜੁਲਾਈ (ਸਵਰਨ ਸਿੰਘ ਭਗਤਾ) : ਸੀ.ਐਮ.ਐਸ ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈਕਾ ਤੋਂ ਪੜ੍ਹੇ ਹੋਏ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਕਾਮਯਾਬ ਹੋ ਕੇ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕਰ ਰਹੇ ਹਨ,ਜਿਸ ਦੀ ਤਾਜ਼ਾ ਮਿਸਾਲ ਸ਼ਰੂਤੀ ਅਗਰਵਾਲ ਪੁੱਤਰੀ ਮਹਾਂਦੇਵ ਜਿੰਦਲ ਭਗਤਾ ਭਾਈਕਾ ਦੀ ਹੈ ਜਿਸਨੇ ਭਾਰਤ ਸਰਕਾਰ ਦੇ ਅਦਾਰੇ ਦਾ 'ਇੰਸਟੀਚਿਊਟ ਆਫ ਚਾਰਟਡਅਕਾਊਂਟੈਂਟਸ ਆਫ ਇੰਡੀਆ' ਦੁਆਰਾ ਲਈ ਜਾਂਦੀ ਪ੍ਰੀਖਿਆ 'ਸੀ ਏ' ਫਾਈਨਲ ਪਹਿਲੀ ਵਾਰ ਵਿੱਚ ਹੀ ਸਫਲਤਾ ਸਹਿਤ ਪਾਸ ਕੀਤੀ ਹੈ। ਸਕੂਲ ਮੁਤਾਬਿਕ ਇਸ ਵਿਦਿਆਰਥਣ ਨੇ ਸੈਸ਼ਨ 2017-18 ਦੌਰਾਨ ਦਸਵੀਂ ਕਲਾਸ ਦੀ ਪ੍ਰੀਖਿਆ ਇਸੇ ਸਕੂਲ ਤੋਂ ਪਾਸ ਕੀਤੀ ਸੀ ਜਿਸਨੇ ਨਵੰਬਰ 2020 ਤੋਂ ਲੈ ਕੇ ਮਈ 2025 ਦੇ ਸਮੇਂ ਦੌਰਾਨ ਚਾਰਟਰਡ ਅਕਾਊਂਟੈਂਟਸ ਦੀ ਪੜ੍ਹਾਈ ਕੀਤੀ। ਉਕਤ ਹੋਣਹਾਰ ਬੱਚੀ ਦੀ ਕਾਮਯਾਬੀ ਤੇ ਸਕੂਲ ਦੇ ਚੇਅਰਮੈਨ ਖੁਸ਼ਵੰਤ ਸਿੰਘ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਅਤੇ ਪ੍ਰਿੰਸੀਪਲ ਰਮਨ ਕੁਮਾਰ ਵੱਲੋਂ ਪਰਿਵਾਰ ਨੂੰ ਵਧਾਈ ਦਿੱਤੀ ਗਈ। ਉਹਨਾਂ ਕਿਹਾ ਕਿ ਸਖਤ ਮਿਹਨਤ ਲਗਨ ਅਤੇ ਆਤਮ ਵਿਸ਼ਵਾਸ ਦੇ ਕਾਰਨ ਹੀ ਇਹ ਪੇਪਰ ਇਸ ਬੱਚੀ ਨੇ ਪਾਸ ਕੀਤਾ ਹੈ। ਇਹ ਬੱਚੀ ਹੋਰਨਾਂ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹੈ ਅਤੇ ਇਹ ਸਿਰਫ ਇਕੱਲੇ ਪਰਿਵਾਰ ਜਾਂ ਵਿਦਿਆਰਥੀ ਲਈ ਖ਼ੁਸ਼ੀ ਦੀ ਗੱਲ ਨਹੀਂ, ਸਗੋਂ ਪੂਰੇ ਸਕੂਲ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਉਹਨਾਂ ਨੇ ਸ਼ਰੂਤੀ ਅਗਰਵਾਲ ਨੂੰ ਭਵਿੱਖ ਵਿੱਚ ਹੋਰ ਕਾਮਯਾਬ ਹੋਣ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਸ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

## ਕਿਸਾਨ ਯੂਨੀਅਨ ਉਗਰਾਹਾਂ ਬਲਾਕ ਦਿੜ੍ਹਬਾ ਵੱਲੋਂ ਪਿੰਡ ਇਕਾਈਆਂ ਦੀ ਚੋਣ



ਦਿੜ੍ਹਬਾ ਮੰਡੀ, 12 ਜੁਲਾਈ (ਸੁਖਵਿੰਦਰ ਸਿੰਘ ਵਿਰਕ ):ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਵੱਲੋਂ ਨਵੇਂ ਸਿਰੇ ਤੋਂ ਪਿੰਡ ਇਕਾਈਆਂ ਦੀ ਚੋਣ (ਇਜਲਾਸ) ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਅਤੇ ਪ੍ਰੈਸ ਸਕੱਤਰ ਚਰਨਜੀਤ ਸਿੰਘ ਘਨੌੜ ਸੰਤਪੁਰਾ ਦੀ ਅਗਵਾਈ ਹੇਠ ਪਿੰਡਾ ਦੀਆ ਸਾਂਝੀਆਂ ਥਾਵਾਂ ਤੇ ਕਰਵਾਈ ਗਈ, ਪਿੰਡ ਇਕਾਈਆਂ ਦੀ ਚੋਣ ਤੋਂ ਪਹਿਲਾ ਅਨਾਊਂਸਮੈਂਟ ਕਰਵਾਈ ਗਈ ਮੀਟਿੰਗਾਂ ਵਿੱਚ ਬਹੁ ਗਿਣਤੀ ਪਿੰਡ ਵਾਸੀਆ ਨੇ ਭਾਗ ਲਿਆ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਬਲਾਕ ਆਗੂ ਹਰਜੀਤ ਸਿੰਘ ਮਹਿਲਾਂ,ਅਮਨਦੀਪ ਸਿੰਘ ਮਹਿਲਾਂ,ਹਰਬੰਸ ਸਿੰਘ ਦਿੜ੍ਹਬਾ,ਜਸਵੰਤ ਸਿੰਘ ਸਮੂੰਰਾਂ,ਮੇਜ਼ਰ ਸਿੰਘ ਕੌਹਰੀਆਂ ਅਤੇ ਮਿਸ਼ਰਾ ਸਿੰਘ ਨਿਹਾਲਗੜ੍ਹ ਸ਼ਾਮਲ ਸਨ, ਇਹਨਾਂ ਸਾਰੀਆਂ ਪਿੰਡ ਇਕਾਈਆਂ ਤੂਰਬੰਜਾਰਾ,ਕੌਹਰੀਆਂ ਅਤੇ ਖੇੜੀ ਨਾਗਾ ਦੀਆ ਮੀਟਿੰਗਾਂ ਪਿੰਡਾਂ ਦੀਆਂ ਸਾਂਝੀਆਂ ਥਾਵਾਂ 'ਤੇ ਕਰਵਾਈਆਂ ਗਈਆਂ,ਮੀਟਿੰਗ ਦੌਰਾਨ ਇਹਨਾਂ ਵਿਅਕਤੀਆਂ ਵੱਲੋਂ ਜੱਥੇਬੰਦੀ ਵਿੱਚ ਵਧੀਆ ਕੰਮ ਕੀਤਾ ਗਿਆ ਸੀ,ਉਹਨਾਂ ਨੂੰ ਸਰਬ ਸੰਮਤੀ ਨਾਲ ਪਿੰਡ ਇਕਾਈ ਦੇ ਅਹੁਦੇਦਾਰ ਚੁਣਿਆ ਗਿਆ,ਪਿੰਡ ਇਕਾਈ ਤੂਰਬੰਜਾਰਾ ਦੇ ਕਰਮ ਸਿੰਘ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ,ਪਿੰਡ ਇਕਾਈ ਕੌਹਰੀਆਂ ਦੇ ਰਘਵੀਰ ਸਿੰਘ ਕੌਹਰੀਆਂ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਅਤੇ ਪਿੰਡ ਇਕਾਈ ਖੇੜੀ ਨਾਗਾ ਦੇ ਭੋਲਾ ਸਿੰਘ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ,ਪਿੰਡ ਇਕਾਈ ਕੌਹਰੀਆਂ ਦੇ ਇਸਤਰੀ ਵਿੰਗ ਦੇ ਭਰਭੂਰ ਕੌਰ ਅਤੇ ਪਿੰਡ ਇਕਾਈ ਖੇੜੀ ਨਾਗਾ ਦੇ ਜਸਵਿੰਦਰ ਕੌਰ ਨੂੰ ਸਰਵ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ।

## ਡੇਂਗੂ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ

ਖਨੌਰੀ,12 ਜੁਲਾਈ (ਕਰਮਵੀਰ,ਓਮ ਪ੍ਰਕਾਸ਼): ਸਿਵਲ ਸਰਜਨ ਸੰਗਰੂਰ ਡਾਕਟਰ ਸ੍ਰੀ ਸੰਜੇ ਕਾਮਰਾ ਜੀ ਦੀਆਂ ਹਦਾਇਤਾਂ ਅਨੁਸਾਰ 'ਅਤੇ ਮੈਡੀਕਲ ਅਫਸਰ ਮੂਨਕ ਡਾਕਟਰ ਸ੍ਰੀ ਲਵਰਾਜ ਪਵਾਰ ਜੀ ਦੀ ਅਗਵਾਈ ਹੇਠਾਂ ਖਨੌਰੀ ਮੰਡੀ ਦੇ ਸਰਕਾਰੀ ਅਤੇ ਪ੍ਰਾਈਵੇਟ ਦਫ਼ਤਰਾਂ ਦੇ ਨਾਲ ਘਰ ਘਰ ਜਾ ਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਡੇਂਗੂ ਦਾ ਲਾਰਵਾ ਚੈਕ ਕੀਤਾ ਗਿਆ। ਲੋਕਾਂ ਨੂੰ ਆਪਣੇ ਆਲੇ ਦੁਆਲੇ ਪਾਣੀ ਨਾ ਖੜਾ ਹੋਣ ਬਾਰੇ ਜਾਗਰੂਕ ਕੀਤਾ ਗਿਆ। ਜਿਵੇਂ ਕਿ ਪਾਣੀ ਦੀਆਂ ਹੋਦੀਆਂ, ਕੂਲਰ,ਗਮਲੇ, ਟਾਇਰਾਂ ਆਦਿ ਨੂੰ ਹਫਤੇ ਵਿੱਚ ਖਾਲੀ ਕਰਕੇ ਸੁਕਾਉਣ ਬਾਰੇ ਦੱਸਿਆ ਗਿਆ। ਇਸ ਤਹਿਤ ਘਰ-ਘਰ ਜਾ ਕੇ ਸਿਹਤ ਵਿਭਾਗ ਦੀ ਟੀਮ ਅਤੇ ਨਗਰ ਪੰਚਾਇਤ ਦੀ ਟੀਮ ਵੱਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ। ਲੋਕਾਂ ਦੇ ਘਰ-ਘਰ ਜਾ ਕੇ ਪਾਣੀ ਦੇ ਸੋਮਿਆਂ ਨੂੰ ਚੈੱਕ ਕੀਤਾ ਗਿਆ। ਇਸ ਮੌਕੇ ਲੋਕਾਂ ਨੂੰ ਬਰਸਾਤੀ ਮੌਸਮ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸੀਨੀਅਰ ਇੰਸਪੈਕਟਰ ਸ਼੍ਰੀ ਸੁੱਖਦੇਵ ਸਿੰਘ, ਸੀਨੀਅਰ ਇੰਸਪੈਕਟਰ ਸ਼੍ਰੀ ਸੰਜੀਵ ਕੁਮਾਰ, ਸਿਹਤ ਵਿਭਾਗ ਕਰਮਚਾਰੀ ਜਗਸੀਰ ਸਿੰਘ , ਸ਼ਮਸੇਰ ਸਿੰਘ, ਮਨਜੀਤ ਸਿੰਘ, ਸੱਤਪਾਲ, ਜਸਵਿੰਦਰ ਸਿੰਘ,ਪਰਮਜੀਤ ਕੌਰ, ਬੇਅੰਤ ਕੌਰ ਏ ਐਨ ਐਮ ,ਸਹਤ ਵਿਭਾਗ ਕਰਮਚਾਰੀ ਜਗਸੀਰ ਸਿੰਘ , ਸ਼ਮਸੇਰ ਸਿੰਘ, ਮਨਜੀਤ ਸਿੰਘ, ਸੱਤਪਾਲ, ਜਸਵਿੰਦਰ ਸਿੰਘ,ਪਰਮਜੀਤ ਕੌਰ, ਬੇਅੰਤ ਕੌਰ ਏ ਐਨ ਐਮ , ਅਤੇ ਸਮੂਹ ਆਸਾ ਵਰਕਰ ਆਦਿ ਹਾਜ਼ਰ ਸਨ ।

## ਮਾਨ ਵੱਲੋਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਬਾਰੇ ਟਿੱਪਣੀ ਕਰਨਾ ਮੰਦਭਾਗਾ : ਗਗਨਦੀਪ ਸ਼ਰਮਾ

ਬਰੇਟਾ, 12 ਜੁਲਾਈ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀਆਂ ਟਿੱਪਣੀਆਂ ਬੇਹੱਦ ਨਿਰਾਸ਼ਾਜਨਕ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਮੰਡਲ ਬਰੇਟਾ ਦੇ ਪ੍ਰਧਾਨ ਗਗਨਦੀਪ ਸ਼ਰਮਾ ਨੇ ਕੀਤਾ। ਉਹਨਾਂ ਕਿਹਾ ਕਿ ਇੱਕ ਮੁੱਖ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਦੀ ਵਿਦੇਸ਼ ਨੀਤੀ 'ਤੇ ਸਵਾਲ ਚੁੱਕੇ ਗਏ ਹਨ ਕਿ ਇਹ ਐਵੇਂ ਹੀ ਤੁਰੇ ਫਿਰਦੇ ਹਨ ਅਤੇ ਗ੍ਰਹਿ ਮੰਤਰੀ ਨੂੰ ਤੜੀਪਾਰ ਕਹਿ ਕੇ ਸੰਬੋਧਨ ਕੀਤਾ ਹੈ, ਜੋ ਬਹੁਤ ਹੀ ਗੈਰ-ਜਿੰਮੇਵਾਰਾਨਾ ਟਿੱਪਣੀਆਂ ਹਨ। ਉਹਨਾਂ ਕਿਹਾ ਕਿ ਇਹ ਦੋਵੇਂ ਅਹੁਦੇ ਬਹੁਤ ਹੀ ਵੱਡੇ ਸੰਵਿਧਾਨਕ ਹਨ, ਜਿਹਨਾਂ ਖਿਲਾਫ ਇੱਕ ਮੁੱਖ ਮੰਤਰੀ ਵੱਲੋਂ ਮਾੜੀ ਟਿੱਪਣੀ ਕਰਨਾ ਬਹੁਤ ਮੰਦਭਾਗਾ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਨੂੰ ਆਪਣੇ ਅਹੁਦੇ ਦੀ ਗਰਿਮਾ ਦਾ ਖਿਆਲ ਰੱਖਣਾ ਚਾਹੀਦਾ ਹੈ।



# ਪਟਿਆਲਾ-ਆਸ/ਪਾਸ



# ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਧਰਮ ਬਚਾਓ ਯਾਤਰਾ'

☛ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਚਾਂਦਨੀ ਚੌਕ ਵਿਖੇ ਹੋਵੇਗੀ ਸਮਾਪਤੀ

☛ਦੂਜੇ ਧਰਮ ਦੀ ਰਾਖੀ ਲਈ ਗੁਰੂ ਸਾਹਿਬ ਨੇ ਦਿੱਤੀ ਸ਼ਹਾਦਤ: ਰੱਖੜਾ



ਪਟਿਆਲਾ, 12 ਜੁਲਾਈ (ਅਮਰਜੀਤ ਸਿੰਘ): ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁਤੀ ਲਾਸਾਨੀ ਸ਼ਹਾਦਤ ਅਤੇ ਧੰਨ-ਧੰਨ ਭਾਈ ਮਤੀ ਦਾਸ ਜੀ ਧੰਨ-ਧੰਨ ਭਾਈ ਸਤੀਦਾਸ ਜੀ ਧੰਨ-ਧੰਨ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ 'ਧਰਮ ਬਚਾਓ ਯਾਤਰਾ' ਜੋ ਕਿ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅਨੰਦਪੁਰ ਸਾਹਿਬ ਤੋਂ ਆਰੰਭ ਹੋ ਕੇ ਬੀਤੀ ਰਾਤ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਵਿਸ਼ਰਾਮ ਕੀਤਾ ਗਿਆ। ਉਪਰੰਤ ਸਵੇਰ ਨੂੰ ਪੰਜ ਪਿਆਰਿਆਂ ਦੀ ਅਗਵਾਈ 'ਚ ਇਹ ਮਹਾਨ ਨਗਰ ਕੀਰਤਨ ਪੜਾਅ ਦਰ ਪੜਾਅ ਅੱਗੇ ਵੱਲ ਰਵਾਨਾ ਹੋਇਆ। ਗੁਰਦੁਆਰਾ ਦੂਖਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਅਰਦਾਸ ਉਪਰੰਤ ਇਸ ਮਹਾਨ ਨਗਰ ਕੀਰਤਨ ਦੀ ਆਰੰਭਤਾ ਕਰਵਾਈ। ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੋ ਇਲਾਵਾ ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਇਹ ਨਗਰ ਕੀਰਤਨ ਪੰਜਾਬ ਤੋਂ ਇਲਾਵਾ ਵੱਖ-ਵੱਖ ਸਟੇਟਾਂ ਤੋਂ ਹੁੰਦਾ ਹੋਇਆ 14 ਜੁਲਾਈ ਦਿਨ ਸੋਮਵਾਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਚਾਂਦਨੀ ਚੌਕ ਵਿਖੇ ਸਮਾਪਤ ਹੋਵੇਗਾ। ਚੜ੍ਹਦੀਕਲਾ ਨਾਲ ਗੱਲਬਾਤ ਕਰਦੇ ਹੋਏ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਐਸਜੀਪੀਸੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਗੁਰੂ ਸਾਹਿਬ ਨੇ ਹਿੰਦੂ ਧਰਮ ਦੀ ਰਾਖੀ ਲਈ ਦਿੱਤੀ ਗਈ ਅਦੁੱਤੀ ਸ਼ਹਾਦਤ ਨੂੰ ਨਮਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਦੁਨੀਆਂ ਦੇ ਇਤਿਹਾਸ ਵਿੱਚ ਕੋਈ ਹੋਰ ਮਿਸਾਲ ਨਹੀਂ ਮਿਲਦੀ ਜਿੱਥੇ ਕਿਸੇ ਹੋਰ ਧਰਮ ਦੀ ਰਾਖੀ ਲਈ ਕਿਸੇ ਮਹਾਂਪੁਰਸ਼ ਨੇ ਕੁਰਬਾਨੀ ਦਿੱਤੀ ਹੋਵੇ। ਖੁਦ ਜਾ ਕੇ ਆਪਣੀ ਜ਼ਿੰਦਗੀ ਨੂੰ ਕਿਸੇ ਧਰਮ ਲਈ ਵਾਰਿਆ ਹੋਵੇ। ਅਜਿਹੇ ਮਹਾਨ ਗੁਰੂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਇਸ ਵਾਰ 350 ਸਾਲਾ ਸ਼ਤਾਬਦੀ ਮੌਕੇ ਇਸ ਧਰਮ ਬਚਾਓ ਯਾਤਰਾ ਰਾਹੀ ਘਰ-ਘਰ ਸਿੱਖੀ ਦਾ ਪ੍ਰਚਾਰ ਪਹੁੰਚਾਈਏ ਅਤੇ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਸਿੱਖੀ ਬਾਰੇ, ਸਿੱਖਾਂ ਦੇ ਇਤਿਹਾਸ ਬਾਰੇ ਜਾਣੂ ਕਰਵਾਈਏ। ਇਸ ਨਗਰ ਕੀਰਤਨ ਦੇ ਦਰਸ਼ਨ ਕਰਕੇ ਸੰਗਤਾਂ ਆਪਣੇ ਆਪ ਨੂੰ ਵੱਡ ਭਾਗਾਂ ਮਹਿਸੂਸ ਕਰ ਰਹੀਆਂ। ਇਸ ਮੌਕੇ 'ਤੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਗ੍ਰੰਥੀ ਗਿਆਨੀ ਪ੍ਰਿਤਪਾਲ ਸਿੰਘ, ਮੁੱਖ ਸੇਵਾਦਾਰ ਮਨਜੀਤ ਸਿੰਘ ਜ਼ੀਰਕਪੁਰ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਭਾਗ ਸਿੰਘ, ਅਡੀਸ਼ਨਲ ਮੈਨੇਜਰ ਜਸਵਿੰਦਰ ਸਿੰਘ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਸਾਬਕਾ ਹੈਡ ਗ੍ਰੰਥੀ ਸੁਖਦੇਵ ਸਿੰਘ, ਪ੍ਰਚਾਰਕ ਪਰਵਿੰਦਰ ਸਿੰਘ ਦਿਓਲ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬੀ ਚੱਡਾ ਤੋਂ ਸੰਗਤਾਂ ਹਾਜ਼ਰ ਸਨ।

# ਸਿਹਤ ਮੰਤਰੀ ਨੇ ਡਾਇਰੀਆ ਪ੍ਰਭਾਵਿਤ ਅਲੀਪੁਰ ਅਰਾਈਆਂ 'ਚ ਜਾ ਕੇ ਲਿਆ ਸਥਿਤੀ ਦਾ ਜਾਇਜ਼ਾ

ਲੋਕਾਂ ਦੇ ਪੀਣ ਲਈ ਟੈਂਕਰ ਰਾਹੀਂ ਕੀਤੀ ਜਾ ਰਹੀ ਹੈ ਪਾਣੀ ਦੀ ਸਪਲਾਈ : ਡਾ. ਬਲਬੀਰ ਸਿੰਘ



ਪਟਿਆਲਾ, 12 ਜੁਲਾਈ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਵੇਰੇ ਉਲਟੀਆਂ ਤੇ ਦਸਤ ਰੋਗ ਨਾਲ ਪ੍ਰਭਾਵਿਤ ਰਹੇ ਅਲੀਪੁਰ ਅਰਾਈਆਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਸਥਾਨਕ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੀਣ ਵਾਲੇ ਪਾਣੀ ਲਈ ਨਗਰ ਨਿਗਮ ਵੱਲੋਂ ਲਿਆਂਦੇ ਜਾ ਰਹੇ ਟੈਂਕਰਾਂ ਦੇ ਪਾਣੀ ਦੀ ਹੀ ਵਰਤੋਂ ਕਰਨ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਦੌਰਾਨ ਉਲਟੀਆਂ ਤੇ ਦਸਤ ਰੋਗ ਦੇ ਸਾਹਮਣੇ ਆਏ ਮਾਮਲੇ ਹਲਕੇ ਲੱਛਣਾਂ ਵਾਲੇ ਸਨ ਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਨ ਦੀ ਵੀ ਲੋੜ ਨਹੀਂ ਸੀ ਪਰ ਸਿਹਤ ਵਿਭਾਗ ਵੱਲੋਂ 24 ਘੰਟੇ ਇਨ੍ਹਾਂ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਲੋਕਾਂ ਦੇ ਘਰਾਂ ਦੇ ਪਾਣੀ ਦਾ ਕਲੋਰੀਨ ਟੈਸਟ ਵੀ ਕਰਵਾਇਆ ਜੋ ਕਿ ਠੀਕ ਪਾਇਆ ਗਿਆ। ਸਿਹਤ ਮੰਤਰੀ ਨੇ ਸਥਾਨਕ ਵਾਸੀਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਗਰ ਨਿਗਮ ਵੱਲੋਂ ਇੱਥੇ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ ਜੋ ਕਿ ਪੀਣ ਲਈ ਪੂਰੀ ਤਰ੍ਹਾਂ ਸੁਰੱਖਿਅਤ ਹੈ, ਇਸ ਲਈ ਲੋਕ ਪੀਣ ਲਈ ਨਗਰ ਨਿਗਮ ਵੱਲੋਂ ਟੈਂਕਰ ਰਾਹੀਂ ਸਪਲਾਈ ਕੀਤੇ ਜਾਂਦੇ ਪਾਣੀ ਦੀ ਵਰਤੋਂ ਕਰਨ ਜਦਕਿ ਕੱਪੜੇ ਧੋਣ ਜਾ ਫੇਰ ਹੋਰ ਕੰਮਾਂ ਲਈ ਦੂਸਰੇ ਪਾਣੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਪਿਛਲੇ ਸਾਲਾਂ ਦੌਰਾਨ ਹੌਟ ਸਪੌਟ ਰਹੇ ਸਾਰੇ ਖੇਤਰਾਂ ਦੇ ਪਾਣੀ ਦੇ ਨਮੂਨੇ ਲੈਕੇ ਟੈਸਟ ਕਰਵਾਏ ਜਾ ਰਹੇ ਹਨ ਤੇ ਪਾਣੀ ਵਿੱਚ ਕਲੋਰੀਨ ਵੀ ਪਾਈ ਜਾ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਮੋਨੀਟਰਿੰਗ ਕੀਤੀ ਜਾ ਰਹੀ ਹੈ ਤੇ ਨਗਰ ਨਿਗਮ ਵੱਲੋਂ ਸਾਰੀ ਸੀਵਰੇਜ਼ ਲਾਈਨ ਦੇ ਮੈਨਹੋਲਾਂ ਦਾ ਨਿਰੀਖਣ ਕਰਕੇ ਪਾਣੀ ਦੀ ਪਾਈਪ ਲਾਈਨ ਦੀ ਚੈਕਿੰਗ ਕਰਕੇ ਨੁਕਸ ਲੱਭਕੇ ਉਨ੍ਹਾਂ ਨੂੰ ਠੀਕ ਕਰਨ ਦੀ ਪ੍ਰਕ੍ਰਿਆ ਕੀਤੀ ਗਈ ਹੈ। ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਅਲੀਪੁਰ ਅਰਾਈਆਂ ਇਲਾਕੇ ਵਿੱਚ ਸਿਹਤ ਟੀਮਾਂ ਵੱਲੋਂ ਘਰ-ਘਰ ਸਰਵ ਕੀਤਾ ਜਾ ਰਿਹਾ ਹੈ ਤੇ ਪਿਛਲੇ 12 ਘੰਟਿਆਂ 'ਚ 1 ਨਵਾਂ ਮਰੀਜ ਆਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕੁਲ 138 ਕੇਸ ਅਲੀਪੁਰ ਅਰਾਈਆਂ ਵਿਖੇ ਆਏ ਹਨ ਤੇ ਕੇਵਲ ਤਿੰਨ ਮਰੀਜ਼ ਦਾਖਲ ਹਨ। ਇਸ ਮੌਕੇ ਏ.ਡੀ.ਸੀ. ਨਵਰੀਤ ਕੌਰ ਸੇਖੋਂ ਤੇ ਡਾ. ਸੁਮਿਤ ਸਿੰਘ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਡਾ. ਗੁਰਮੀਤ ਕੱਲਰਮਾਜਰੀ ਦੀ ਪੁਸਤਕ 'ਗਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਆਦਿ-ਧਰਮ' ਦਾ ਲੋਕਅਰਪਣ



ਪਟਿਆਲਾ, 12 ਜੁਲਾਈ (ਚ.ਨ.ਸ.): ਦੁਨੀਆਂ ਭਰ ਦੇ ਸਾਮਾਜਿਕ ਤੌਰ ਤੇ ਲਤਾੜੇ ਤੇ ਨਪੀੜੇ ਲੋਕਾਂ ਦੀ ਆਜ਼ਾਦੀ ਲਈ ਵਿਰਲੇ ਲੋਕ ਵੀ ਸਾਹਮਣੇ ਆਏ ਹਨ। ਇਹਨਾਂ ਨੇ ਹੀ ਬੇਜ਼ੁਬਾਨ ਲੋਕਾਂ ਨੂੰ ਜ਼ੁਬਾਨ ਤੇ ਸੋਝੀ ਦਿੱਤੀ ਹੈ। ਇਹ ਸੋਝੀ ਤ੍ਰੋਕਾਂ ਬਣ ਕੇ ਸਵਾਲਾਂ ਦੇ ਰੂਪ ਵਿੱਚ ਫੈਲੀ ਹੈ ਤੇ ਇਸੇ ਕਰਕੇ ਹੀ ਪਛੜਿਆਂ ਤੋਂ ਪਛੜਿਆਂ ਦਾ ਸਾਹਿਤ ਸਵਾਲ ਤੇ ਵਿਸ਼ਲੇਸ਼ਣ ਦੇ ਰੂਪ ਵਿੱਚ ਪ੍ਰਗਟ ਹੋਇਆ। ਇਹਨਾਂ ਲੋਕਾਂ ਦਾ ਭਾਵੇਂ ਰਾਜਨੀਤਿਕ ਤੇ ਅਕਾਦਮਿਕ ਗਲਿਆਰਿਆਂ ਵਿੱਚ ਕੋਈ ਇਤਿਹਾਸ ਨਹੀਂ ਬਣਿਆ ਪਰ ਲੋਕ ਮਨ ਨੇ ਇਨ੍ਹਾਂ ਨੂੰ ਆਦਰ ਦਿੰਦਿਆਂ ਤੇ ਨਹੀਂ ਦਿੱਤੀ ਸਗੋਂ ਆਪਣੇ ਚੇਤਨ, ਅਵਚੇਤਨ ਦਾ ਹਿੱਸਾ ਵੀ ਬਣਾਇਆ ਹੈ। 'ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ' ਅਜਿਹੇ ਹੀ ਤਬਦੀਲੀ ਦੇ ਆਸ਼ਿਕ ਤੇ ਯੋਧੇ ਸਨ ਜਿਨ੍ਹਾਂ ਨੇ ਪੰਜਾਬ ਵਿੱਚ ਆਦਿ-ਧਰਮ ਦੀ ਸਥਾਪਨਾ ਤੇ ਹੋਰ ਗਤੀਵਿਧੀਆਂ ਨਾਲ ਇੱਥੋਂ ਦੀ ਸਮਾਜਿਕ ਬਣਤਰ ਨੂੰ ਵੰਗਾਰਿਆ ਹੀ ਨਹੀਂ ਸਗੋਂ ਆਪਣੀ ਸੂਝ ਵਿੱਚ ਆਮ ਲੋਕਾਂ ਵਿੱਚ ਕੰਮ ਕਰਦਿਆਂ ਚੇਤਨਾ ਪੈਦਾ ਕੀਤੀ ਜਿਸ ਨਾਲ ਪੰਜਾਬ ਦੇ ਹਰ ਕੋਨੇ ਵਿੱਚ ਉਹਨਾਂ ਦਾ ਨਾਂ ਬੋਲਦਾ ਹੈ। ਇਸ ਸੰਵਾਦ ਨੇ ਇਨ੍ਹਾਂ ਲੋਕਾਂ ਵਿੱਚ ਜਿਉਣ ਦੀ ਤਾਂਘ ਵਧਾਈ ਤੇ ਉਹ ਆਪਣੀ ਖੁਸ਼ੀ ਲਈ ਖੁਸ਼ੀ-ਖੁਸ਼ੀ ਲੜੇ। ਡਾ. ਗੁਰਮੀਤ ਸਿੰਘ ਕੱਲਰਮਾਜਰੀ ਨੇ ਪੰਜਾਬੀ ਦਲਿਤ ਸਾਹਿਤ, ਸਮਾਜ, ਰਾਜਨੀਤੀ ਵਿੱਚ ਲਗਾਤਾਰ ਤਿੰਨ ਦਹਾਕੇ ਤੋਂ ਵੱਧ ਕਾਰਜ ਕੀਤਾ ਹੈ, ਜਿਸ ਦੀ ਲੜੀ ਵਿੱਚ 'ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ-ਧਰਮ' (ਮੌਲਿਕ ਲਿਖਤ) ਪੁਸਤਕ ਦੀ ਸੰਪਾਦਨਾ, ਸਿਰਜਣਾ ਤੇ ਆਲੋਚਨਾ ਕੀਤੀ ਹੈ ਜਿਸ ਦਾ ਲੋਕ ਅਰਪਣ ਪਿਛਲੇ ਦਿਨੀਂ ਡਾ. ਕੁਲਦੀਪ ਸਿੰਘ ਦੀਪ ਦੀ ਗ੍ਰਹਿ 'ਦੀਪ ਦੁਨੀਆਂ' ਵਿਖੇ ਕੀਤਾ ਗਿਆ। ਜਿਸ ਵਿੱਚ ਪ੍ਰੋਫੈਸਰ ਕਿਰਪਾਲ ਕਜ਼ਾਕ ਡਾ. ਗੁਰਮੀਤ ਕੱਲਰਮਾਜਰੀ, ਡਾ. ਕੁਲਦੀਪ ਸਿੰਘ ਦੀਪ, ਸ. ਬਲਵਿੰਦਰ ਸਿੰਘ ਭੱਟੀ, ਡਾ. ਸੰਤੋਖ ਸਿੰਘ ਸੁੱਖੀ, ਸ. ਜਗਪਾਲ ਚਹਿਲ ਡਾ. ਇਕਬਾਲ ਸੋਮੀਆ ਸ. ਸੁਖਜੀਵਨ ਸਿੰਘ ਸ. ਗੁਰਦੀਪ ਗਾਮੀਵਾਲਾ ਸ਼ਾਮਿਲ ਹੋਏ।

# ਕੇਂਦਰ ਸਰਕਾਰ ਕਿਸਾਨਾਂ ਦੀ ਫ਼ਸਲੀ ਮੁਆਵਜ਼ਾ ਰਾਸ਼ੀ 'ਚ ਵਾਧਾ ਕਰੇ : ਸੁਖਜੀਤ ਸਿੰਘ ਬਘੌਰਾ



ਘਨੌਰ, 12 ਜੁਲਾਈ (ਮਦਨ ਲਾਲ) : ਜ਼ਿਲ੍ਹਾ ਪਟਿਆਲਾ ਜੋ ਕਿ ਸ਼ੁਰੂ ਤੋਂ ਹੀ ਹੜ੍ਹਾਂ ਦੀ ਮਾਰ ਹੇਠ ਆਉਂਦਾ ਹੈ ਜੇਕਰ ਵੇਖਿਆ ਜਾਵੇ ਤਾਂ ਬੱਚੀ ਤਰ੍ਹਾਂ ਵੀ ਅਤੇ ਡੇਰਾ ਬੱਸੀ ਤੋਂ ਲੈ ਕੇ ਰਾਜਪੁਰਾ ਘਨੌਰ ਸਨੌਰ ਸਦਰਾਣਾ ਇਹ ਸਾਰੇ ਪਿੰਡ ਜਿਹੜੇ ਇਹਨਾਂ ਹਲਕਿਆਂ ਦੇ ਪਾਣੀ ਦੀ ਮਾਰ ਹੇਠ ਆਉਂਦੇ ਹਨ, ਕਿਉਂਕਿ ਘੱਗਰ ਦਾ ਜਿਹੜਾ ਵਿਹਾਰ ਵੀ ਹੈ ਉਹ ਇਸੇ ਰਸਤੇ ਲੰਘਦਾ ਹੈ ਇਸ ਘੱਗਰ ਦੇ ਹਲ ਵਾਸਤੇ ਕਿਸੇ ਸਰਕਾਰ ਨੇ ਕੋਈ ਹੱਲ ਨਹੀਂ ਕੱਢਿਆ ਜਿਸਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਭਾਰਤੀ ਕਿਸਾਨ ਉਥਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਕਿਹਾ ਜੋ ਫਸਲਾਂ ਖਰਾਬ ਹੁੰਦੀਆਂ ਹਨ। ਇਹਨਾਂ ਪਿੰਡਾਂ ਦੇ ਵਿੱਚ ਸਪੈਸ਼ਲ ਕੇਂਦਰ ਸਰਕਾਰ ਆਪਣੇ ਸਪੈਸ਼ਲ ਕੋਟੇ ਵਿੱਚੋਂ ਗਰਾਂਟ ਰੱਖੀ ਜਾਵੇ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਤੇਲ ਪਦਾਰਥ ਵਿੱਚ ਭਾਰੀ ਵਾਧਾ ਹੋਇਆ ਹੈ ਇਸ ਤੋਂ ਇਲਾਵਾ ਖਾਂਦਾ ਦੇ ਰੇਟਾਂ ਵਿੱਚ ਵੀ ਬਹੁਤ ਵਾਧਾ ਹੋਇਆ ਹੈ। ਇਸ ਹਲਕਾ ਬਨੂੜ ਘਨੌਰ ਸਨੌਰ ਰਾਜਪੁਰਾ ਸ਼ੁਤਰਾਣਾ ਦੇ ਦਰਜਨਾਂ ਪਿੰਡਾਂ ਵਿੱਚ ਇਸ ਪਾਣੀ ਦੀ ਮਾਰ ਪਿੰਡਾਂ ਨੂੰ ਝੱਲਣੀ ਪੈਂਦੀ ਹੈ। ਇਸ ਤੋਂ ਇਲਾਵਾ ਜੋ ਮੁਆਵਜ਼ਾ ਰਾਸ਼ੀ ਹੈ ਉਹ ਨਾਂ ਮਾਤਰ ਵਿਚ ਹੀ ਦਿੱਤੀ ਜਾਂਦੀ ਹੈ ਅਜਿਹੇ ਵਿਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਇਨ੍ਹਾਂ ਪਿੰਡਾਂ ਦੇ ਵਿੱਚ ਜੋ ਪਾਣੀ ਦੀ ਹੇਠ ਆਉਂਦੇ ਹਨ ਉਹਨਾਂ ਦਾ ਸਰਵੇ ਕਰਵਾਇਆ ਜਾਵੇ ਅਤੇ ਜੋ ਮੁਆਵਜ਼ਾ ਰਾਸ਼ੀ ਹੈ ਉਹ ਘੱਟ ਤੋਂ ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਕੇਂਦਰ ਸਰਕਾਰ ਆਪਣੇ ਅਖਤਿਆਰੀ ਕੋਟੇ ਵਿੱਚ ਦਿੱਤਾ ਜਾਵੇ।

## 12 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 12 ਜੁਲਾਈ (ਵਿਨੋਦ ਸ਼ਰਮਾ) : ਥਾਣਾ ਭਾਦਸੋਂ ਨੇ ਕਥਿਤ ਦੋਸ਼ੀ ਮੁਖਤਿਆਰ ਸਿੰਘ ਵਾਸੀ ਪਿੰਡ ਮੋਹਲਗੁਵਾਰਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਪੰਜਾਬ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬੱਸ ਅੱਡਾ ਚਾਸਵਾਲ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਸ਼ਰਾਬ ਵੇਚਣ ਲਈ ਮੁੱਦਿਆਰ ਨੂੰ ਜਾਂਦੇ ਦੋਧ ਦੀ ਕੱਟੀ ਪਟੜੀ ਪਰ ਬੈਠਾ ਹੈ, ਜੋ ਰੇਡ ਕਰਨ ਪਰ 12 ਬੋਤਲਾਂ ਸ਼ਰਾਬ ਠੇਕਾ ਮਾਲਟਾ ਹਰਿਆਣਾ ਦੀਆ ਬ੍ਰਾਮਦ ਹੋਈਆਂ।

## ਹਰਿਆਣਾ ਮਾਅਰਕਾ ਦੇਸੀ ਸ਼ਰਾਬ ਸਮੇਤ ਔਰਤ ਕਾਬੂ

ਸਮਾਣਾ, 12 ਜੁਲਾਈ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਇੱਕ ਔਰਤ ਨੂੰ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 24 ਬੋਤਲਾਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਔਰਤ ਦੀ ਪਛਾਣ ਰਣਵੀਰ ਕੌਰ ਪਤਨੀ ਹਰਬੰਸ ਸਿੰਘ ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ। ਸੀ.ਆਈ.ਏ. ਸਟਾਫ਼ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਏ.ਐਸ.ਆਈ. ਸਤਪਾਲ ਨੇ ਪੁਲਿਸ ਪਾਰਟੀ ਸਮੇਤ ਪਿੰਡ ਮੁਰਾਦਪੁਰਾ ਦੇ ਟੀ-ਪੁਆਇੰਟ 'ਤੇ ਗਸ਼ਤ ਦੌਰਾਨ ਇੱਕ ਔਰਤ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਅਤੇ ਜਾਂਚ ਕਰਨ 'ਤੇ ਉਸ ਕੋਲੋਂ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 24 ਬੋਤਲਾਂ ਬਰਾਮਦ ਹੋਈਆਂ, ਜਿਸ ਤੋਂ ਬਾਅਦ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ, ਮਾਣਯੋਗ ਅਦਾਲਤ ਦੇ ਆਦੇਸ਼ 'ਤੇ ਮੁਲਜ਼ਮ ਔਰਤ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

# ਪੀ.ਡੀ.ਏ. ਵੱਲੋਂ ਓਮੈਕਸ 'ਚ ਪੀਣ ਵਾਲੇ ਪਾਣੀ ਦੀ ਸੈਂਪਲਿੰਗ



ਪਟਿਆਲਾ, 12 ਜੁਲਾਈ (ਰੁਪਾਣਾ) : ਪਟਿਆਲਾ ਵਿਕਾਸ ਅਥਾਰਟੀ ਨੇ ਇੱਥੇ ਸਰਹਿੰਦ ਰੋਡ 'ਤੇ ਸਥਿਤ ਓਮੈਕਸ ਸਿਟੀ ਵਿਖੇ ਪੀਣ ਵਾਲੇ ਪਾਣੀ ਦੀ ਸੈਂਪਲਿੰਗ ਕਰਵਾਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਮੁਤਾਬਿਕ ਓਮੈਕਸ ਸਿਟੀ ਵਿਖੇ ਸਪਲਾਈ ਕੀਤੇ ਜਾ ਰਹੇ ਪਾਣੀ ਦੀ ਕਲੋਰੀਨੇਸ਼ਨ ਚੈਕ ਕੀਤੀ ਗਈ ਅਤੇ ਪਾਣੀ ਦੀ ਮੇਨਲਾਈਨ ਦੀ ਸਕਾਰਿੰਗ ਸਬੰਧੀ ਕੰਮ ਵੀ ਕਰਵਾਇਆ ਗਿਆ ਹੈ। ਇਸ ਮੌਕੇ ਐਸ.ਡੀ.ਐਮ ਪਟਿਆਲਾ, ਪੀ.ਡੀ.ਏ ਦੇ ਅਧਿਕਾਰੀ ਇੰਜੀ. ਮੁਨੀਸ਼ ਮਹਿਤਾ, ਇੰਜੀ. ਗੁਰਪ੍ਰੀਤ ਸਿੰਘ ਅਤੇ ਇੰਜੀ. ਅਮਨਦੀਪ ਸਿੰਘ ਤੇ ਓਮੈਕਸ ਸਿਟੀ ਦੇ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਭੁਪਾਲ ਸਿੰਘ ਵੀ ਮੌਜੂਦ ਸਨ। ਪੀ.ਡੀ.ਏ. ਦੇ ਮੰਡਲ ਇੰਜੀਨੀਅਰ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਵੀ ਇਸ ਤਰ੍ਹਾਂ ਓਮੈਕਸ ਸਿਟੀ ਵਿਖੇ ਪੀਣ ਵਾਲੇ ਲਾਈਨਾਂ ਦੀ ਸਕਾਰਿੰਗ ਸਬੰਧੀ ਕੰਮ ਕਰਵਾਇਆ ਜਾਵੇਗਾ ਅਤੇ ਪੀਣ ਵਾਲੇ ਪਾਣੀ ਦੀ ਟੈਸਟਿੰਗ ਦੁਬਾਰਾ ਕਰਵਾਈ ਜਾਵੇਗੀ।


# ਯਕਮੁਸ਼ਤ ਪ੍ਰਾਪਰਟੀ ਟੈਕਸ ਭਰਨ ਲਈ ਕੈਂਪ ਲਗਾਇਆ

☛ਇੱਕ ਦਿਨ 'ਚ ਢਾਈ ਲੱਖ ਤੋਂ ਵੱਧ ਟੈਕਸ ਇਕੱਤਰ ਕੀਤਾ



ਪਟਿਆਲਾ, 12 ਜੁਲਾਈ (ਰੁਪਾਣਾ) ਪੰਜਾਬ ਸਰਕਾਰ ਵੱਲੋਂ ਸ਼ਹਿਰੀ ਵਾਸੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਪ੍ਰਾਪਰਟੀ ਟੈਕਸ ਭਰਨ ਚ ਛੋਟ ਦਿੱਤੀ ਗਈ ਹੈ। ਇਸ ਸਬੰਧੀ ਸ਼ਿਵ ਮੰਦਰ ਸਫ਼ਾਬਾਦੀ ਗੇਟ ਵਿਖੇ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਦਿਸ਼ਾ ਨਿਰਦੇਸ਼ ਮੁਤਾਬਕ ਕੌਂਸਲਰ ਅਮਨਪ੍ਰੀਤ ਕੌਰ ਅਤੇ ਆਪ ਆਗੂ ਅੰਮ੍ਰਿਤਪਾਲ ਸਿੰਘ ਪਾਲੀ ਦੀ ਦੇਖ ਰੇਖ ਹੇਠ ਕੈਂਪ ਲਗਾਇਆ ਗਿਆ। ਅੱਜ ਇਸ ਕੈਂਪ ਮੌਕੇ ਵਿਸ਼ਾਲ ਸਿਆਲ ਸੁਪਰਡੈਂਟ, ਸਰਬਜੀਤ ਕੌਰ, ਰਵਿੰਦਰ ਸਿੰਘ, ਜਗਜੀਵਨਪਾਲ ਸਿੰਘ ਨੇ ਨਗਰ ਨਿਗਮ ਤੋਂ ਆ ਕੇ ਹਾਊਸ ਟੈਕਸ ਇਕੱਠਾ ਕੀਤਾ। ਅੱਜ ਇਕ ਦਿਨ ਦੇ ਕੈਂਪ 'ਚ ਨਗਰ ਨਿਗਮ ਹਾਊਸ ਟੈਕਸ ਸ਼ਾਖਾ ਦੇ ਅਧਿਕਾਰੀਆਂ ਨੇ ਆ ਕੇ ਢਾਈ ਲੱਖ ਤੋਂ ਵੱਧ ਟੈਕਸ ਇਕੱਤਰ ਕੀਤਾ। ਅੰਮ੍ਰਿਤਪਾਲ ਪਾਲੀ ਨੇ ਦੱਸਿਆ ਕਿ ਅੱਜ ਕਈ ਵਿਅਕਤੀਆ ਨੇ ਸਾਰਾ ਪ੍ਰਾਪਰਟੀ ਟੈਕਸ ਕਲੀਅਰ ਕਰਾਇਆ ਅਤੇ ਉਹ ਇਸ ਸਕੀਮ ਦਾ ਲਾਭ ਉਠਾਉਣ ਲਈ ਪੁੱਜੇ। ਉਨ੍ਹਾਂ ਕਿਹਾ ਕਿ ਲੋਕ ਹੁਣ ਤੱਕ ਨਗਰ ਨਿਗਮ ਚ ਹੀ ਆਪਣਾ ਇਹ ਟੈਕਸ ਭਰ ਕੇ ਲਾਭ ਉਠਾ ਰਹੇ ਹਨ, ਜਦਕਿ ਸਰਕਾਰ ਆਪ ਦੇ ਦੁਆਰ ਸਕੀਮ ਤਹਿਤ ਹੁਣ ਇਹ ਕੈਂਪ ਲਗਾ ਕੇ ਸਹੂਲਤ ਤੁਹਾਡੇ ਘਰ ਨਜ਼ਦੀਕ ਲਿਆਂਦੀ ਜਾ ਰਹੀ ਹੈ। ਵਨ ਟਾਈਮ ਸੇਟਲਮੈਂਟ ਸਕੀਮ ਤਹਿਤ ਆਪਣਾ ਪ੍ਰਾਪਰਟੀ ਟੈਕਸ ਭਰਿਆ ਗਿਆ ਹੈ। ਨਗਰ ਨਿਗਮ ਪਟਿਆਲਾ ਦੇ ਅਧਿਕਾਰਿਆਂ ਨੇ ਤੁਰੰਤ ਰਸੀਦ ਕੱਟ ਕੇ ਦਿੱਤੀ ਅਤੇ ਟੈਕਸ ਅਦਾ ਕੀਤਾ।

# ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਖ਼ੂਨਦਾਨ ਕੈਂਪ ਲਗਾਇਆ



ਸਮਾਣਾ, 12 ਜੁਲਾਈ (ਵਿਜੇ ਕੁਮਾਰ) : ਡਾ. ਮੋਨਿਕਾ, ਮੁਖੀ, ਬਲੱਡ ਬੈਂਕ, ਰਜਿੰਦਰਾ ਹਸਪਤਾਲ, ਪਟਿਆਲਾ ਥੈਲੇਸੀਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਦੇ ਨਿਰਦੇਸ਼ਾਂ 'ਤੇ ਪ੍ਰਧਾਨ ਵਿਜੇ ਪਾਹਵਾ ਦੀ ਅਗਵਾਈ ਹੇਠ ਪੇਰੈਂਟਸ ਐਸੋਸੀਏਸ਼ਨ ਦੇ ਸਹਿਯੋਗ ਨਾਲ, ਬਲੱਡ ਬੈਂਕ, ਰਜਿੰਦਰਾ ਹਸਪਤਾਲ ਵਿਖੇ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 60 ਲੋਕਾਂ ਨੇ ਖ਼ੂਨਦਾਨ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਬਲੱਡ ਬੈਂਕ ਵਿੱਚ ਖ਼ੂਨ ਦੀ ਘਾਟ ਹੈ ਅਤੇ ਪੀੜਤ ਲੜਕੀ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਥਿਤੀ ਨੂੰ ਦੇਖਦੇ ਹੋਏ ਅਤੇ ਬਲੱਡ ਬੈਂਕ ਵਿੱਚ ਕਮੀ ਨੂੰ ਪੂਰਾ ਕਰਨ ਲਈ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਖ਼ੂਨਦਾਨ ਕੀਤਾ। ਵਿਜੇ ਪਾਹਵਾ ਨੇ ਕਿਹਾ ਕਿ ਹਰ ਰੋਜ਼ ਵੀਹ ਤੋਂ ਤੀਹ ਬੱਚਿਆਂ ਲਈ ਬਲੱਡ ਯੂਨਿਟ ਦੀ ਲਗਾਤਾਰ ਲੋੜ ਹੁੰਦੀ ਹੈ। ਉਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਖ਼ੂਨਦਾਨ ਕੈਂਪ ਲਗਾਏ ਜਾਣ ਤਾਂ ਜੋ ਖ਼ੂਨ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ 'ਤੇ ਖ਼ੂਨਦਾਨ ਕਰਨ ਵਾਲੇ ਲੋਕਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਬਲੱਡ ਬੈਂਕ ਦੇ ਵਿਭਾਗ ਮੁਖੀ ਡਾਕਟਰ ਮੋਨਿਕਾ, ਡਾ. ਰਜਨੀ ਬੱਸੀ ਡਾ. ਵਿਨੈ, ਪੀਟੀਸੀਡਬਲਯੂ ਕੈਸ਼ੀਅਰ ਨਰੇਸ਼ ਕੁਮਾਰ, ਸਤੀਸ਼ ਕੁਮਾਰ ਅਤੇ ਭਾਰਤੀ ਸਿੰਘ ਅਸ਼ੋਕ ਭਾਟੀਆ ਜਸਪ੍ਰੀਤ ਕੌਰ ਨੇ ਸਾਰਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਬਲੱਡ ਬੈਂਕ ਦਾ ਸਟਾਫ ਵੀ ਇਸ ਮੌਕੇ 'ਤੇ ਮੌਜੂਦ ਸੀ।

# ਸ਼ਿਵ ਮੰਦਰ ਆਦਰਸ਼ ਸੇਵਾ ਸਮਿਤੀ ਦਾ ਪੁਨਰਗਠਨ



ਪਟਿਆਲਾ, 12 ਜੁਲਾਈ (ਚ.ਨ.ਸ.) : ਬੀਤੇ ਦਿਨੀਂ ਗਲੀ ਨੰ: 18 ਗੁਰੂ ਨਾਨਕ ਨਗਰ ਵਿਖੇ ਮੌਜੂਦ ਸ਼੍ਰੀ ਸ਼ਿਵ ਮੰਦਰ ਨਾਲ ਸੰਬੰਧਤ ਕਮੇਟੀ ਸ਼ਿਵ ਮੰਦਰ ਅਦਰਸ਼ ਸੇਵਾ ਸਮਿਤੀ ਦੇ ਪੂਨਰਗਠਨ ਸਬੰਧੀ ਵਿਸ਼ੇਸ਼ ਮੀਟਿੰਗ ਗੁਰਦਿਆਲ ਸਿੰਘ ਚੇਅਰਮੈਨ ਦੀ ਰਹਿਨੁਮਾਈ ਅਧੀਨ ਹੋਈ ਅਤੇ ਹੇਠ ਲਿਖੇ ਆਹੁਦੇਦਾਰਾਂ ਦੀ ਚੋਣ ਕੀਤੀ ਗਈ। ਸਰਵਸ਼੍ਰੀ ਗੁਰਦਿਆਲ ਸਿੰਘ ਚੇਅਰਮੈਨ, ਰਾਮ ਸਿੰਘ, ਉਪ ਚੇਅਰਮੈਨ, ਓਮ ਪ੍ਰਕਾਸ਼, ਪ੍ਰਧਾਨ, ਤੇਜਿੰਦਰ ਸਿੰਘ, ਸੀ. ਮੀਤ ਪ੍ਰਧਾਨ, ਮਨੋਹਰ ਲਾਲ, ਪਵਾਰ ਜਨਰਲ ਸਕੱਤਰ, ਰਾਮ ਲੁਬਾਇਆ ਉਪ ਪ੍ਰਧਾਨ, ਪਵਨ ਬਾਂਸਲ, ਸੰਯੁਕਤ ਸਕੱਤਰ ਅਤੇ ਧਰਮਪਾਲ ਮਿੱਤਲ ਸਲਾਹਕਾਰ, ਕ੍ਰਿਸ਼ਨਾ ਪਵਾਰ ਸਟੋਰ ਕੀਪਰ, ਸ਼ੰਮੀ ਕੁਮਾਰ, ਹਰਸ਼ ਵਰਧਨ, ਬਤੌਰ ਕਾ.ਕਾ. ਮੈਂਬਰ ਅਤੇ ਰਾਜੀਵ ਭਾਰਦਵਾਜ ਸਹਾਇਕ ਸਕੱਤਰ ਚੁਣੇ ਗਏ। ਇਸ ਮੌਕੇ ਤੇ ਸਮਿਤੀ ਵੱਲੋਂ ਸ਼੍ਰੀ ਰਾਜਿੰਦਰ ਕੁਮਾਰ ਅਨੰਦ ਦੀ ਪਤਨੀ ਸ਼੍ਰੀਮਤੀ ਸਵਰਨਾ ਦੀ ਮੌਤ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ। ਇਸ ਮੌਕੇ ਮਨੋਹਰ ਲਾਲ ਪਵਾਰ ਨੇ ਕਿਹਾ ਕਿ ਕਮੇਟੀ ਵਿੱਚ ਕਿਸੇ ਦਾ ਵੀ ਵੱਡਾ ਜਾਂ ਛੋਟਾ ਆਹੁਦਾ ਨਹੀਂ ਹੈ, ਸਾਰੇ ਬਰਾਬਰ ਹਨ। ਸਾਨੂੰ ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਾਨੂੰ ਘਰਾਂ ਵਿੱਚ ਬਿਨਾਂ ਨਾਗਾ ਘੱਟੋ ਘੱਟ ਦੋ ਪੰਨੇ ਸ਼੍ਰੀਮਦ ਭਾਗਵਦ ਗੀਤਾ ਜਾਂ ਸ਼੍ਰੀ ਰਮਾਇਣ ਜੀ ਦਾ ਪਾਠ ਕਰਨਾ ਚਾਹੀਦਾ। ਅਸੀਂ ਮਜ਼ਬੂਤੀ ਨਾਲ ਆਪਣੇ ਸਨਾਤਨ ਧਰਮ ਨਾਲ ਜੁੜੀਏ।

# ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਸਰਪੰਚਾਂ-ਪੰਚਾਂ ਦੀਆਂ ਅਸਾਮੀਆਂ ਲਈ ਉਪ-ਚੋਣਾਂ ਦਾ ਸ਼ਡਿਊਲ ਜਾਰੀ

☛ਜ਼ਿਲ੍ਹੇ ਦੇ 5 ਸਰਪੰਚਾਂ ਅਤੇ 136 ਪੰਚਾਂ ਦੀਆਂ ਹੋਣਗੀਆਂ ਚੋਣਾਂ

ਪਟਿਆਲਾ, 12 ਜੁਲਾਈ (ਚ.ਨ.ਸ.) : ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਅਮਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਹੈ ਕਿ ਰਾਜ ਚੋਣ ਕਮਿਸ਼ਨ ਵੱਲੋਂ ਪਟਿਆਲਾ ਜ਼ਿਲ੍ਹੇ 'ਚ ਖਾਲੀ ਸਰਪੰਚਾਂ ਤੇ ਪੰਚਾਂ ਦੀਆਂ ਅਸਾਮੀਆਂ ਭਰਨ ਲਈ ਉਪ ਚੋਣਾਂ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚ 5 ਸਰਪੰਚਾਂ ਤੇ 136 ਪੰਚਾਂ ਦੀਆਂ ਅਸਾਮੀਆਂ ਖਾਲੀ ਹਨ। ਉਨ੍ਹਾਂ ਦੱਸਿਆ ਕਿ ਸ਼ਡਿਊਲ ਅਨੁਸਾਰ ਨਾਮਜ਼ਦਗੀਆਂ 14.07.2025 (ਸੋਮਵਾਰ) ਤੋਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਬੰਧਤ ਰਿਟਰਨਿੰਗ ਅਫਸਰਾਂ ਦੇ ਦਫ਼ਤਰਾਂ ਵਿੱਚ ਦਾਖਲ ਕੀਤੀਆਂ ਜਾ ਸਕਣਗੀ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 17.7.2025 (ਵੀਰਵਾਰ) ਦੁਪਹਿਰ 3 ਵਜੇ ਤੱਕ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 18.07.2025 (ਸ਼ੁੱਕਰਵਾਰ) ਨੂੰ ਕੀਤੀ ਜਾਵੇਗੀ ਅਤੇ ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 19.07.2025 (ਸ਼ਾਮ 3 ਵਜੇ ਤੱਕ) ਹੋਵੇਗੀ। ਵੋਟਿੰਗ 27.07.2025 (ਐਤਵਾਰ) ਨੂੰ ਸਵੇਰੇ 8.00 ਵਜੇ ਤੋਂ ਸ਼ਾਮ 4.00 ਵਜੇ ਤੱਕ ਬੈਲਟ ਪੇਪਰਾਂ ਦੀ ਵਰਤੋਂ ਰਾਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਵੋਟਾਂ ਪੈਣ ਤੋਂ ਬਾਅਦ ਇਸ ਦੀ ਗਿਣਤੀ ਉਸੇ ਦਿਨ ਪੋਲਿੰਗ ਸਟੇਸ਼ਨ 'ਤੇ ਹੀ ਕੀਤੀ ਜਾਵੇਗੀ। ਸਰਪੰਚ ਦੇ ਅਹੁਦੇ ਲਈ ਚੋਣ ਲੜ ਰਹੇ ਉਮੀਦਵਾਰ ਲਈ ਸੂਚਿਤ ਖਰਚ ਸੀਮਾ 40,000/- ਰੁਪਏ ਹੈ, ਜਦੋਂ ਕਿ ਪੰਚ ਲਈ ਖਰਚ ਸੀਮਾ 30,000/- ਰੁਪਏ ਨਿਰਧਾਰਤ ਕੀਤੀ ਗਈ ਹੈ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 12 ਜੁਲਾਈ (ਵਿਨੋਦ ਸ਼ਰਮਾ) : ਮਹਿਲਾ ਨੂੰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਸਬੰਧੀ ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਬਲਜੀਤ ਕੌਰ ਪੁੱਤਰੀ ਪਾਲਾ ਰਾਮ ਵਾਸੀ ਪਿੰਡ ਮਿਹੋਣ ਨੇ ਕਥਿਤ ਦੋਸ਼ੀਆਂ ਗੁਰਸੈਬ ਸਿੰਘ ਪੁੱਤਰ ਰਿੰਕੂ ਰਾਮ, ਭੋਲੀ ਦੇਵੀ ਪਤਨੀ ਰਿੰਕੂ ਰਾਮ ਵਾਸੀ ਅਜਰਾਣਾ ਖੁਰਦ ਥਾਣਾ ਝਾਂਸਾ ਜਿਲਾ ਕਰੂਕਸ਼ੇਤਰ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਵਿਆਹ 23/2/23 ਨੂੰ ਕਥਿਤ ਦੋਸ਼ੀ ਗੁਰਸੈਬ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ। ਉਸ ਦੇ ਦਾਜ ਦਾ ਸਮਾਨ ਵੀ ਕਥਿਤ ਦੋਸ਼ੀਆਂ ਦੇ ਕਬਜੇ ਵਿੱਚ ਹੈ। ਪੁਲਿਸ ਨੇ ਧਾਰਾ 316(2),85 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸਿਹਤ ਮੰਤਰੀ ਵੱਲੋਂ ਐਸ.ਸੀ. ਭਾਈਚਾਰੇ ਦੇ 38 ਲਾਭਪਾਤਰੀਆਂ ਨੂੰ ਕਰੀਬ 40 ਲੱਖ ਦੀ ਕਰਜ਼ਾ ਮੁਆਫ਼ੀ ਦਾ ਲਾਭ ਪ੍ਰਦਾਨ



ਪਟਿਆਲਾ, 12 ਜੁਲਾਈ (ਚ.ਨ.ਸ.) : ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਡਾਕਟਰੀ ਇਲਾਜ ਨਗਦੀ ਰਹਿਤ (ਕੈਸ਼ਲੈੱਸ ਟਰੀਟਮੈਂਟ) ਕਰਵਾਉਣ ਦੀ ਸਹੂਲਤ 2 ਅਕਤੂਬਰ ਤੋਂ ਮਿਲਣੀ ਸ਼ੁਰੂ ਹੋ ਜਾਵੇਗੀ। ਇਹ ਪ੍ਰਗਟਾਵਾ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਐਸ.ਸੀ. ਭਾਈਚਾਰੇ ਦੇ 39 ਲਾਭਪਾਤਰੀਆਂ ਨੂੰ ਕਰੀਬ 40 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਪ੍ਰਦਾਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਕਰਜ਼ੇ ਮੁਆਫ਼ ਕਰਕੇ ਗਰੀਬ ਪਰਿਵਾਰਾਂ ਦੀ ਬਾਂਹ ਫੜਨ ਦਾ ਵੱਡਾ ਉਪਰਾਲਾ ਕੀਤਾ ਹੈ, ਜਿਸ ਨਾਲ ਇਹ ਲਾਭਪਾਤਰੀ ਪਰਿਵਾਰ ਹੁਣ ਆਪਣੇ ਭਵਿੱਖ ਨੂੰ ਨਵੀਂ ਦਿਸ਼ਾ ਦੇ ਸਕਣਗੇ ਅਤੇ ਆਰਥਿਕ ਤੌਰ 'ਤੇ ਖੁਦਮੁਖਤਾਰ ਬਣ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਕ ਹੋਰ ਇਤਿਹਾਸਕ ਫੈਸਲਾ ਲਿਆ ਗਿਆ ਹੈ, ਜਿਸ ਤਹਿਤ 2 ਅਕਤੂਬਰ ਤੋਂ ਪੰਜਾਬ ਦੇ ਹਰੇਕ ਬਾਸ਼ਿੰਦੇ ਨੂੰ ਸਿਹਤ ਕਾਰਡ ਦਿੱਤਾ ਜਾਵੇਗਾ ਜਿਸ ਨਾਲ ਉਹ ਆਪਣਾ 10 ਲੱਖ ਰੁਪਏ ਤੱਕ ਦਾ ਇਲਾਜ ਵੀ ਮੁਫ਼ਤ ਕਰਵਾ ਸਕਣਗੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਅੰਦਰ 400 ਲਾਭਪਾਤਰੀਆਂ ਨੂੰ 4 ਕਰੋੜ 83 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦਾ ਲਾਭ ਮਿਲਿਆ ਹੈ ਅਤੇ ਇਸ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ, ਜਿਸ ਨੇ ਇਸ ਭਾਈਚਾਰੇ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਐਸ.ਸੀ. ਭਾਈਚਾਰੇ ਨਾਲ ਸੰਬੰਧਤ ਪਰਿਵਾਰਾਂ ਵੱਲੋ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਤੋਂ ਲਏ ਗਏ ਕਰਜ਼ਿਆਂ ਨੂੰ ਮਾਫ ਕਰਕੇ ਇਕ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਇਸ ਮੌਕੇ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਕੁਲਵਿੰਦਰ ਕੌਰ, ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਪਟਿਆਲਾ ਵੱਲੋਂ ਜ਼ਿਲ੍ਹਾ ਮੈਨੇਜਰ ਮੰਜੂ ਬਾਲਾ ਵੀ ਹਾਜ਼ਰ ਸਨ। ਜ਼ਿਲ੍ਹਾ ਮੈਨੇਜਰ ਮੰਜੂ ਬਾਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 31 ਮਾਰਚ 2020 ਤੱਕ ਦੇ ਸਾਰੇ ਕਰਜ਼ਾ ਕੇਸਾਂ ਵਿੱਚ ਕਰਜ਼ਾ ਮੁਆਫੀ ਕਰ ਦਿੱਤੀ ਗਈ ਹੈ। ਇਸ ਮੌਕੇ ਕੌਂਸਲਰ ਜਸਬੀਰ ਗਾਂਧੀ, ਜੈ ਸ਼ੰਕਰ ਸ਼ਰਮਾ, ਸੁਰੇਸ਼ ਰਾਏ ਅਤੇ ਵੱਡੀ ਗਿਣਤੀ ਵਿਚ ਲਾਭਪਾਤਰੀ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡਾਂ ਦੀਆਂ ਔਰਤਾਂ ਵੱਲੋਂ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ : ਪਰਮਿੰਦਰ ਭਲਵਾਨ




ਸਮਾਣਾ,12 ਜੁਲਾਈ (ਸੁਖਜਿੰਦਰ ਸਿੰਘ ਕੁਲਾਰਾਂ) ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜਾਗਰੂਕਤਾ ਪ੍ਰੋਗਰਾਮ ਪਿੰਡ ਰਣਬੀਰਪੁਰਾ ਉਰਫ ਕੋਰਜੀਵਾਲਾ ਹਲਕਾ ਸਮਾਣਾ ਵਿਖੇ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਉਘੀ ਸਮਾਜ ਸੇਵਿਕਾ ਭੁਪਿੰਦਰ ਕੌਰ ਕਰੋਜੀਵਾਲਾ ਨੇ ਕੀਤੀ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਵੱਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ 'ਤੇ ਸਟੇਟ ਐਵਾਰਡੀ ਰੁਪਿੰਦਰ ਕੌਰ, ਯੂਥ ਆਗੂ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ, ਕਰਮਜੀਤ ਕੌਰ, ਗੁਰਲੀਨ ਕੌਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਪੱਧਰ ਤੇ ਔਰਤਾਂ ਅਤੇ ਲੜਕੀਆਂ ਦਾ ਲਾਮਬੰਦ ਹੋ ਕੇ ਨਸ਼ਿਆਂ ਵਿਰੁੱਧ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਸਮੂਚੀਆ ਰਾਜਨੀਤਕ ਪਾਰਟੀਆਂ, ਧਾਰਮਿਕ ਸੰਸਥਾਵਾਂ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ ਤੇ ਇਕਠੇ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜ੍ਹਨੀ ਪਵੇਗੀ ਤਾਂ ਹੀ ਅਸੀਂ ਨਸ਼ਿਆਂ ਨੂੰ ਪੰਜਾਬ ਵਿੱਚੋਂ ਜੜ੍ਹੋਂ ਖਤਮ ਕਰ ਸਕਾਂਗੇ।

# ਸਕੂਲ 'ਚ ਵਾਤਾਵਰਨ ਦਿਵਸ ਮਨਾਇਆ



ਨਾਭਾ, 12 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਅਤੇ ਇੱਕ ਪੇਡ ਮਾਂ ਕੇ ਨਾਮ ਮੁਹਿੰਮ ਤਹਿਤ ਅਧਾਰਿਤ ਸਕੂਲ ਵਿੱਚ ਵਾਤਾਵਰਨ ਦਿਵਸ ਮਨਾਇਆ ਗਿਆ, ਜਿਸ ਵਿੱਚ ਸਕੂਲ ਦੇ ਵੱਖ-ਵੱਖ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਕੂਲ ਦੇ ਵਾਤਾਵਰਨ ਅਤੇ ਆਪਣੇ ਘਰਾਂ ਦੇ ਆਲੇ ਦੁਆਲੇ ਪੌਦੇ ਲਗਾਏ ਗਏ, ਸਕੂਲ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਚੱਢਾ ਅਤੇ ਪ੍ਰਿੰਸੀਪਲ ਸਤਵਿੰਦਰ ਪ੍ਰੀਤ ਅਤੇ ਸਮੂਹ ਸਟਾਫ ਵੱਲੋਂ ਵੀ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਇਆ ਗਿਆ ਅਤੇ ਪ੍ਰਿੰਸੀਪਲ ਦੁਆਰਾ ਸਮੂਹ ਸਟਾਫ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪ੍ਰਦੂਸ਼ਣ ਤੋਂ ਮੁਕਤ ਵਾਤਾਵਰਨ ਸਬੰਧੀ ਚਾਨਣਾ ਪਾਇਆ ਅਤੇ ਸਕੂਲ, ਘਰਾਂ ਅਤੇ ਆਪਣੇ ਆਲੇ ਦੁਆਲੇ ਰੁੱਖਾਂ ਦੀ ਸੰਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।

## ਨਸ਼ਾ ਕਰਨ ਵਾਲੇ ਵਿਰੁੱਧ ਮਾਮਲਾ ਦਰਜ

ਪਟਿਆਲਾ, 12 ਜੁਲਾਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀ ਇੰਦਰਜੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਰਣਜੀਤ ਨਗਰ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਗੁਰਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਕੋਹਲੀ ਸਵੀਟਸ ਚੌਕ ਤ੍ਰਿਪੜੀ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਨਸ਼ੇ ਕਰਨ ਦਾ ਆਦੀ ਹੈ ਅਤੇ ਹੁਣ ਵੀ ਪੱਥਰ ਮਾਰਕੀਟ ਸਾਹਮਣੇ ਬਿੰਦਰਾ ਕਲੋਨੀ ਦੇ ਦਰੱਖਤ ਹੇਠਾ ਬੈਠਾ ਨਸ਼ਾ ਕਰ ਰਿਹਾ ਹੈ, ਜੋ ਰੇਡ ਕਰਨ 'ਤੇ ਲਾਇਟਰ, ਸਿਲਵਰ ਪੇਪਰ ਤੇ ਬੋਤਲ ਦਾ ਢੱਕਣ ਬ੍ਰਾਮਦ ਹੋਇਆ।



# ਪਟਿਆਲਾ-ਆਸ/ਪਾਸ



## ਡਾ. ਬਲਬੀਰ ਸਿੰਘ ਵੱਲੋਂ ਪਿੰਡ ਦੌਲਤਪੁਰ ਤੇ ਫਲੌਲੀ ਦਾ ਦੌਰਾ

### ਵੱਡੀ ਨਦੀ 'ਤੇ ਬਣ ਰਹੇ ਪੁਲ ਦੇ ਚੱਲ ਰਹੇ ਕੰਮ ਦਾ ਜਾਇਜ਼ਾ



ਪਟਿਆਲਾ, 12 ਜੁਲਾਈ (ਰੁਪਾਣਾ) : ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਿੰਡ ਦੌਲਤਪੁਰ ਅਤੇ ਫਲੌਲੀ ਦਾ ਦੌਰਾ ਕਰਕੇ ਵੱਡੀ ਨਦੀ 'ਤੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੌਲਤਪੁਰ ਵਿਖੇ ਵੱਡੀ ਨਦੀ 'ਤੇ ਨਵੇਂ ਬਣ ਰਹੇ ਪੁਲ ਦੇ ਕੰਮ ਦਾ ਨਿਰੀਖਣ ਕਰਦਿਆਂ ਕਿਹਾ ਕਿ ਇਸ ਪੁਲ ਨੂੰ ਮੁਕੰਮਲ ਕਰਨ ਦਾ ਸਮਾਂ ਅਕਤੂਬਰ ਤੱਕ ਦਾ ਹੈ, ਇਸ ਲਈ ਮੰਡੀ ਬੋਰਡ ਇਹ ਯਕੀਨੀ ਬਣਾਏ ਕਿ ਇਹ ਆਪਣੇ ਨਿਰਧਾਰਤ ਸਮੇਂ ਵਿੱਚ ਮੁਕੰਮਲ ਕੀਤਾ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ, ਏ.ਡੀ.ਸੀ. ਨਵਰੀਤ ਕੌਰ ਸੇਖੋਂ ਤੇ ਏ.ਸੀ.ਏ. ਪੀਡੀਏ ਜਸ਼ਨਪ੍ਰੀਤ ਕੌਰ ਗਿੱਲ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਪਿੰਡ ਦੌਲਤਪੁਰ ਵਿਖੇ ਬਣਾਏ ਆਰਜ਼ੀ ਰਸਤੇ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਥਾਨਕ ਵਸਨੀਕਾਂ ਤੇ ਉਦਯੋਗਿਕ ਇਕਾਈਆਂ ਦੀ ਸਹੂਲਤ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਬਰਸਾਤਾਂ ਦੇ ਮੌਸਮ ਵਿੱਚ ਆਰਜ਼ੀ ਰਸਤੇ 'ਤੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੌਲਤਪੁਰ ਤੋਂ ਅੱਗੇ ਐਸ.ਟੀ.ਪੀ. ਕੋਲ ਬਣੇ ਪੁਲ 'ਤੇ ਲੱਗੇ ਫਲੱਡ ਗੇਟਾਂ ਦਾ ਕੰਮ ਵੀ ਅਗਲੇ ਦੋ ਦਿਨਾਂ ਵਿੱਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਫਲੌਲੀ ਵਿਖੇ ਜੰਗਲਾਤ ਵਿਭਾਗ ਦੀ ਕਰੀਬ 80 ਏਕੜ ਜ਼ਮੀਨ ਜਿਸ 'ਤੇ ਪਹਾੜੀ ਕਿੱਕਰ ਲੱਗੀ ਹੋਈ ਹੈ, ਉਥੇ ਹੋਰ ਬੂਟੇ ਲਗਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਇਸ ਨਾਲ ਵੱਡੀ ਨਦੀ ਦੇ ਪਾਣੀ ਦੀ ਵਰਤੋਂ ਇਥੇ ਵਿਕਸਤ ਕੀਤੇ ਜਾਣ ਵਾਲੇ ਜੰਗਲ ਨੂੰ ਪਾਣੀ ਲਗਾਉਣ ਲਈ ਵੀ ਕੀਤੀ ਜਾ ਸਕੇਗੀ। ਉਨ੍ਹਾਂ ਕਿਹਾ ਕਿ ਨਾਲ ਹੀ ਇਥੇ ਹਰ 100 ਮੀਟਰ 'ਤੇ ਰੀਚਾਰਜਿੰਗ ਖੂਹ ਵੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਵੱਡੀ ਨਦੀ ਦੀ 13 ਹਜ਼ਾਰ ਕਿਊਸਿਕ ਪਾਣੀ ਦੀ ਸਮਰੱਥਾ ਹੈ, ਜਿਸ ਨੂੰ 20 ਹਜ਼ਾਰ ਕਿਊਸਿਕ ਤੱਕ ਕੀਤਾ ਜਾਵੇਗਾ। ਇਸ ਲਈ ਪਲਾਨ ਤਿਆਰ ਕਰ ਲਿਆ ਗਿਆ ਹੈ। ਇਸ ਉਪਰੰਤ ਉਨ੍ਹਾਂ ਨਗਰ ਨਿਗਮ ਕਮਿਸ਼ਨਰ ਪਰਮਵੀਰ ਸਿੰਘ ਨੂੰ ਫੋਕਲ ਪੁਆਇੰਟ ਦੀਆਂ ਸੜਕਾਂ ਨੂੰ ਬਣਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਸੜਕਾਂ ਬਣਾਉਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਸੜਕ ਬਣਨ ਤੋਂ ਬਾਅਦ ਸੜਕ 'ਤੇ ਪਾਣੀ ਨਾ ਖੜੇ। ਨਗਰ ਨਿਗਮ ਕਮਿਸ਼ਨਰ ਨੇ ਦੱਸਿਆ ਕਿ ਸੜਕਾਂ ਦੇ ਟੈਂਡਰ ਹੋ ਚੁੱਕੇ ਹਨ ਤੇ ਬਹੁਤ ਜਲਦ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਹੋ ਜਾਵੇਗਾ।

ਪੁਲਿਸ ਦਾ ਵਧੀਆ ਉਪਰਾਲਾ

## ਨਸ਼ੇ ਕਰਨ ਦੇ ਆਦੀ ਨੌਜਵਾਨ ਨੂੰ ਲਾਈਫ਼ ਲਾਈਨ ਸੈਂਟਰ ਵਿਖੇ ਭਰਤੀ ਕਰਵਾਇਆ



ਪਟਿਆਲਾ, 12 ਜੁਲਾਈ (ਰੁਪਾਣਾ) : ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਮੁਹਿੰਮ ਤਹਿਤ ਅਤੇ ਐਸ.ਐਸ.ਪੀ. ਦੇ ਦਿਸ਼ਾ-ਨਿਰਦੇਸ਼ਾਂ 'ਤੇ ਥਾਣਾ ਅਨਾਜ ਮੰਡੀ ਅਧੀਨ ਪੈਂਦੀ ਪੁਲਿਸ ਚੌਕੀ ਫੱਗਣਮਾਜਰਾ ਦੇ ਇੰਚਾਰਜ ਮਨਜਿੰਦਰ ਸਿੰਘ ਦੀ ਟੀਮ ਵੱਲੋਂ ਨੌਜਵਾਨ ਇੰਦਰਪਾਲ ਸਿੰਘ ਪੁੱਤਰ ਗੋਗੀ ਵਾਸੀ ਚਲੈਲਾ ਜੋ ਕਿ ਨਸ਼ੇ ਕਰਨ ਦਾ ਆਦੀ ਸੀ, ਨੂੰ ਲਾਈਫ ਲਾਈਨ ਸੈਂਟਰ ਫੱਗਣਮਾਜਰਾ ਵਿਖੇ ਭਰਤੀ ਕਰਵਾਇਆ। ਇਸ ਮੌਕੇ ਏ.ਐਸ.ਆਈ. ਮਨਜਿੰਦਰ ਸਿੰਘ ਨੇ ਕਿਹਾ ਕਿ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਨਾ ਬਖਸ਼ਿਆ ਜਾਵੇ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤੀ ਨਾਲ ਪੇਸ਼ ਆਇਆ ਜਾਵੇ। ਉਹਨਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਤੋਂ ਬਚਾਉਣਾ ਸਿਰਫ਼ ਪੁਲਿਸ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਮਾਪਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ, ਬੱਚਿਆਂ ਦੀਆਂ ਗਤੀਵਿਧੀ 'ਤੇ ਨਜ਼ਰ ਰੱਖ ਕੇ ਅਤੇ ਉਹਨਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਕੇ ਹੀ ਇਸ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ, ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਜੇਕਰ ਉਹਨਾਂ ਦਾ ਬੱਚਾ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕਾ ਹੈ, ਤਾਂ ਉਸ ਦੀ ਕੌਂਸਲਿੰਗ ਕੀਤੀ ਜਾਵੇ ਅਤੇ ਨਸ਼ਾ ਛੁਡਾਊ ਕੇਂਦਰ ਤੋਂ ਉਸ ਦੀ ਦਵਾਈ ਸ਼ੁਰੂ ਕਰਵਾਈ ਜਾਵੇ ਅਤੇ ਇਸ ਦੀ ਸੂਚਨਾ ਪੁਲਿਸ ਨੂੰ ਜ਼ਰੂਰ ਦਿੱਤੀ ਜਾਵੇ।

## ਹਰਚੰਦ ਸਿੰਘ ਬਰਸਟ ਨੇ ਸਬ ਯਾਰਡ ਮਹਿਮਦਪੁਰ ਵਿਖੇ ਮੰਡੀ ਦੇ ਚੱਲ ਰਹੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ

### ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਵੱਲੋਂ ਅਧਿਕਾਰੀਆਂ ਨੂੰ ਰਹਿੰਦੇ ਕੰਮਾਂ ਨੂੰ ਜਲਦ ਪੂਰਾ ਕਰਨ ਦੇ ਨਿਰਦੇਸ਼



ਪਟਿਆਲਾ, 12 ਜੁਲਾਈ (ਚ.ਨ.ਸ.) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ਵਿੱਚ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਮੰਡੀਆਂ ਦੇ ਵਿਕਾਸ ਕਾਰਜ ਜੋਰਾਂ ਨਾਲ ਚੱਲ ਰਹੇ ਹਨ। ਇਸੇ ਲੜੀ ਤਹਿਤ ਸਬਯਾਰਡ ਮਹਿਮਦਪੁਰ ਵਿਖੇ ਮੰਡੀ ਦੇ ਨਿਰਮਾਣ ਕਾਰਜ ਵੀ ਚੱਲ ਰਹੇ ਹਨ। ਜਿਨ੍ਹਾਂ ਦਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਵੱਲੋਂ ਸ਼ਨੀਵਾਰ ਨੂੰ ਜਾਇਜ਼ਾ ਲਿਆ ਗਿਆ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਪਿੰਡ ਮਹਿਮਦਪੁਰ ਵਿਖੇ ਸਬ ਯਾਰਡ ਮਹਿਮਦਪੁਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰਾਨ ਸ. ਬਰਸਟ ਨੇ ਮੰਡੀ ਦੇ ਚਲ ਰਹੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਤੋਂ ਮੰਡੀ ਦੇ ਨਿਰਮਾਣ ਕਾਰਜ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕੀਤੀ। ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਇਸ ਸਮੇਂ ਮੰਡੀ ਵਿੱਚ ਮਿੱਟੀ ਪਾਉਣ ਦਾ ਕੰਮ ਚਲ ਰਿਹਾ ਹੈ, ਜੋ ਕਿ ਜਲਦ ਹੀ ਪੂਰਾ ਹੋ ਜਾਵੇਗਾ। ਜਦਕਿ ਬਾਕੀ ਰਹਿੰਦੇ ਕੰਮ ਵੀ ਜਲਦ ਹੀ ਪੂਰੇ ਕਰ ਦਿੱਤੇ ਜਾਣਗੇ। ਇਸ ਮੌਕੇ ਚੇਅਰਮੈਨ ਵੱਲੋਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਇਨ੍ਹਾਂ ਨਿਰਮਾਣ ਕਾਰਜਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ, ਤਾਂ ਜੋ ਆਸ-ਪਾਸ ਦੇ ਲੋਕਾਂ ਨੂੰ ਇਸਦਾ ਲਾਭ ਮਿਲ ਸਕੇ। ਇੱਥੇ ਦੱਸਣਯੋਗ ਹੈ ਕਿ ਸ. ਬਰਸਟ ਦੇ ਕਹਿਣ ਤੇ ਪਿੰਡ ਮਹਿਮਦਪੁਰ ਦੀ ਪੰਚਾਇਤ ਵੱਲੋਂ ਪਿੰਡ ਵਿੱਚ ਮੰਡੀ ਵਿਕਸਿਤ ਕਰਨ ਲਈ ਮੰਡੀ ਬੋਰਡ ਨੂੰ ਜਮੀਨ ਦਾਨ ਕੀਤੀ ਗਈ ਸੀ। ਸ. ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਮਹਿਮਦਪੁਰ ਦੇ ਆਲੇ-ਦੁਆਲੇ ਕੋਈ ਵੀ ਇੰਡਸਟਰੀ ਜਾਂ ਫੈਕਟਰੀ ਨਹੀਂ ਹੈ। ਜਿਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਇੱਥੇ ਸਬ-ਯਾਰਡ ਵਜੋਂ ਮੰਡੀ ਵਿਕਸਤ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਹਿਮਦਪੁਰ ਮੰਡੀ ਪਟਿਆਲਾ ਸੰਗਰੂਰ ਰੋਡ ਤੇ ਸਥਿਤ ਹੋਣ ਕਰਕੇ ਇਸਦੇ 25 ਕਿਲੋਮੀਟਰ ਦੇ ਰੇਡੀਅਸ ਵਿੱਚ ਇਲਾਕੇ ਦੇ ਕਰੀਬ 40 ਹਜ਼ਾਰ ਕਿਸਾਨਾਂ ਨੂੰ ਫ਼ਲ ਅਤੇ ਸਬਜੀਆਂ ਬੀਜਣ ਵੱਲ ਪ੍ਰੇਰਿਤ ਕੀਤਾ ਜਾ ਸਕੇਗਾ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦਾ ਸੁਨਹਿਰਾ ਮੌਕਾ ਵੀ ਮਿਲੇਗਾ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਸ਼ੈੱਡਾਂ ਦਾ ਕੰਮ ਹੋ ਚੁੱਕਾ ਹੈ ਅਤੇ ਮਿੱਟੀ ਪਾਉਣ ਦਾ ਕੰਮ ਜਲਦ ਪੂਰਾ ਕਰ ਦਿੱਤਾ ਜਾਵੇਗਾ। ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਨਰਿੰਦਰ ਸਿੰਘ ਬਰਸਟ ਸਰਪੰਚ ਪਿੰਡ ਬਰਸਟ, ਮਨਪ੍ਰੀਤ ਸਿੰਘ ਸਰਪੰਚ ਪਿੰਡ ਵਜੀਦਪੁਰ, ਰਾਮ ਸਿੰਘ ਸਰਪੰਚ ਫਤਿਹਪੁਰ, ਚਮਕੌਰ ਸਿੰਘ ਸਾਬਕਾ ਸਰਪੰਚ ਪਿੰਡ ਚੂਹੜਪੁਰ, ਗੋਪੀ ਸਿੱਧੂ, ਕੁਲਵੰਤ ਸਿੰਘ ਪੰਚਾਇਤ ਮੈਂਬਰ ਬਰਸਟ, ਜੋਗਿੰਦਰ ਸਿੰਘ, ਗੁਰਜੀਤ ਸਿੰਘ ਸਮੇਤ ਪਿੰਡ ਵਾਸੀ ਹਾਜ਼ਰ ਰਹੇ। ਇਸਦੇ ਨਾਲ ਹੀ ਪੰਜਾਬ ਮੰਡੀ ਬੋਰਡ ਦੇ ਅਧਿਕਾਰੀ ਅੰਮ੍ਰਿਤਪਾਲ ਸਿੰਘ ਕਾਰਜਕਾਰੀ ਇੰਜੀਨਿਅਰ, ਸਤਨਾਮ ਸਿੰਘ ਐਸ.ਡੀ.ਓ., ਅਸ਼ਵਨੀ ਕੁਮਾਰ ਜੇ.ਈ., ਪੰਕਜ ਮਹਿਰਾ ਜੇ.ਈ. ਸਮੇਤ ਹੋਰ ਅਧਿਕਾਰੀ ਵੀ ਮੌਜੂਦ ਰਹੇ।

## ਪਹਿਲੀ ਭਾਰਤੀ ਬੱਚੀ ਦਾ ਨਾਮ ਜਰਮਨ ਦੀ ਗੋਲਡ ਬੁੱਕ 'ਚ ਦਰਜ

➢ ਗੁਰਦਾਨ ਸਿੰਘ ਬਾਜਵਾ ਅਤੇ ਜੈਸਿਕਾ ਬਾਜਵਾ ਨੇ ਵਿਦੇਸ਼ੀ ਧਰਤੀ 'ਤੇ ਪੰਜਾਬ ਦਾ ਨਾਮ ਰੌਸ਼ਨ ਕਰਕੇ ਜਿੱਤੇ ਮੈਡਲ



ਦੇਵੀਗੜ੍ਹ, 12 ਜੁਲਾਈ (ਗੁਰਜੀਤ ਸਿੰਘ ਢੋਟ): ਪਟਿਆਲਾ ਦੇ ਵਿਦਿਆ ਨਗਰ ਸਾਹਮਣੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਰਦਾਰ ਪ੍ਰੇਮ ਸਿੰਘ ਸੰਧੂ ਦੇ ਪਰਿਵਾਰ ਵਿਚ ਉਦੋਂ ਖ਼ੁਸ਼ੀ ਦੀ ਲਹਿਰ ਦੌੜ ਗਈ ਜਦੋਂ ਉਨ੍ਹਾਂ ਦੇ ਦੋਹਤੇ ਗੁਰਦਾਨ ਸਿੰਘ ਬਾਜਵਾ ਉਮਰ 11 ਸਾਲ ਅਤੇ ਦੋਹਤੀ ਜੈਸਿਕਾ ਬਾਜਵਾ ਉਮਰ 16 ਸਾਲ ਜੋ ਕਿ ਜਰਮਨ ਦੇ ਸ਼ਹਿਰ ਹੇਨੋਵਰ ਦੇ ਰਹਿਣ ਵਾਲੇ ਹਨ ਨੇ ਵਰਲਡ ਲੈਵਲ ਦੇ ਕਿੱਕ ਬਾਕਸਿੰਗ ਵਿਚ ਦੋ ਵਾਰ ਗੋਲਡ ਮੈਡਲ ਜਿੱਤ ਕੇ ਪੰਜਾਬ ਅਤੇ ਜਰਮਨ ਦਾ ਨਾਮ ਰੌਸ਼ਨ ਕੀਤਾ ਹੈ। ਇਸ ਕਰਕੇ ਜਰਮਨ ਸਰਕਾਰ ਨੇ ਦੋਹਾਂ ਬੱਚਿਆਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਹੈ। ਦੱਸਣਯੋਗ ਹੈ ਕਿ ਜੈਸਿਕਾ ਬਾਜਵਾ ਇੰਡੀਆ ਦੀ ਪਹਿਲੀ ਲੜਕੀ ਹੈ, ਜਿਸ ਨੇ ਆਪਣੀ ਮਿਹਨਤ ਨਾਲ ਆਪਣਾ ਨਾਮ ਜਰਮਨ ਦੀ ਗੋਲਡ ਬੁੱਕ ਵਿੱਚ ਦਰਜ ਕਰਵਾਇਆ ਹੈ। ਪੰਜਾਬ ਨੂੰ ਇਸ ਹੋਣਹਾਰ ਬੱਚੀ 'ਤੇ ਮਾਣ ਹੈ ਕਿ ਇਹ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਮਿਹਨਤ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਅਤੇ ਦੇਸ਼ ਦਾ ਨਾਮ ਰੌਸ਼ਨ ਕਰੇਗੀ।

## ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ ਡਰਾਇੰਗ ਤੇ ਪੇਂਟਿੰਗ ਦੀ ਸੱਤ ਰੋਜ਼ਾ ਵਰਕਸ਼ਾਪ ਦਾ ਸਫਲਤਾਪੂਰਵਕ ਸਮਾਪੰਨ



ਪਟਿਆਲਾ, 12 ਜੁਲਾਈ (ਚ.ਨ.ਸ.) : ਸਥਾਨਕ ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ ਚੀਫ ਲਾਇਬ੍ਰੇਰੀਅਨ, ਡਾ. ਪੂਜਾ ਭੰਡਾਰੀ ਦੀ ਅਗਵਾਈ ਹੇਠ ਚੱਲ ਰਹੀ ਸੱਤ ਰੋਜ਼ਾ ਡਰਾਇੰਗ ਅਤੇ ਪੇਂਟਿੰਗ ਦੀ ਵਰਕਸ਼ਾਪ ਦਾ ਸਫਲਤਾਪੂਰਵਕ ਸਮਾਪਨ ਹੋਇਆ। ਇਸ ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਸ੍ਰ. ਅੰਗਦ ਸਿੰਘ ਸੋਹੀ, ਜਨਰਲ ਮੈਨੇਜਰ ਇੰਡਸਟਰੀਜ਼ ਅਤੇ ਕਾਮਰਸ, ਪਟਿਆਲਾ ਅਤੇ ਵਿਸ਼ੇਸ਼ ਮਹਿਮਾਨ ਪਹਿਲ ਸੁਸਾਇਟੀ ਦੇ ਪ੍ਰਧਾਨ ਡਾ. ਤਾਨੀਆ ਮੰਡੇਰ, ਐਡਵੋਕੇਟ ਹਰਕੀਰਤ ਸਿੰਘ, ਪਟਿਆਲਾ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਜੈ ਕੁਮਾਰ ਗੋਇਲ, ਮੀਤ ਪ੍ਰਧਾਨ ਅਸ਼ੋਕ ਕੁਮਾਰ ਗਰਗ ਅਤੇ ਪ੍ਰੋਫੈਸਰ ਨਵਨੀਤ ਕੌਰ ਜੇਜੀ ਸਨ। ਵਰਕਸ਼ਾਪ ਦੇ ਕਨਵੀਨਰ ਰੁਪਿੰਦਰ ਸਿੰਘ ਲਾਇਬ੍ਰੇਰੀਅਨ, ਅਮਰਵੀਰ ਸਿੰਘ ਮਾਨ ਲਾਇਬ੍ਰੇਰੀਅਨ ਅਤੇ ਨਰਪਿੰਦਰ ਸਿੰਘ ਲਾਇਬ੍ਰੇਰੀਅਨ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਵਰਕਸ਼ਾਪ ਵਿੱਚ ਭਾਗ ਲੈ ਰਹੇ 55 ਵਿਦਿਆਰਥੀਆਂ ਅਤੇ ਉਹਨਾਂ ਦੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ। ਮੁੱਖ ਮਹਿਮਾਨ ਸ੍ਰ. ਅੰਗਦ ਸਿੰਘ ਸੋਹੀ, ਡਾ. ਤਾਨੀਆ ਮੰਡੇਰ, ਐਡਵੋਕੇਟ ਹਰਕੀਰਤ ਸਿੰਘ, ਵਿਜੈ ਕੁਮਾਰ ਗੋਇਲ, ਅਸ਼ੋਕ ਕੁਮਾਰ ਗਰਗ, ਪ੍ਰੋ. ਨਵਨੀਤ ਕੌਰ ਜੇਜੀ, ਸ੍ਰ. ਰੁਪਿੰਦਰ ਸਿੰਘ, ਸ਼੍ਰੀ. ਅਮਰਵੀਰ ਸਿੰਘ ਮਾਨ, ਸ਼੍ਰੀ. ਨਰਪਿੰਦਰ ਸਿੰਘ ਦੁਆਰਾ ਸਮੂਹ ਭਾਗੀਦਾਰ ਵਿਦਿਆਰਥੀਆਂ ਨੂੰ ਸਰਟੀਫਿਕੇਟ, ਮੈਡਲ ਅਤੇ ਮੋਮੈਂਟੋ ਦੇ ਕੇ ਉਹਨਾਂ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਵਿੱਚੋਂ ਅਮਾਇਰਾ ਰਾਜਪੂਤ, ਯਸ਼ਿਕਾ, ਸੁਦਾਖਰ, ਸੰਗਤ ਸਿੰਘ, ਦੀਪਾਕਸ਼ੀ ਸ਼ਰਮਾ ਪਹਿਲੇ ਸਥਾਨ ਤੇ ਰਹੇ, ਰੂਹੀ ਚੋਪੜਾ, ਪਰਵਜੀਤ ਸਿੰਘ, ਆਂਚਲ ਗੁਪਤਾ ਦੂਜੇ ਸਥਾਨ ਤੇ ਰਹੇ ਅਤੇ ਦੀਪਾਲੀ, ਲਵੰਨਿਆ ਅਤੇ ਹਰਸਲੀਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

## ਵਿਧਾਇਕ ਗੁਰਲਾਲ ਘਨੌਰ ਵੱਲੋਂ ਸਬੰਧਤ ਵਿਭਾਗ ਨੂੰ ਸਿੰਚਾਈ ਲਈ ਜਲਦੀ ਨਹਿਰੀ ਪਾਣੀ ਉਪਲੱਬਧ ਕਰਾਉਣ ਦੀਆਂ ਹਦਾਇਤਾਂ



ਘਨੌਰ, 12 ਜੁਲਾਈ (ਮਦਨ ਲਾਲ): ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੂਬੇ ਦੇ ਕਿਸਾਨਾਂ ਨੂੰ ਖੇਤੀ ਸਿੰਚਾਈ ਲਈ ਨਹਿਰੀ ਪਾਣੀ ਉਪਲੱਬਧ ਕਰਵਾਉਣ ਦੀ ਯੋਜਨਾ ਤਹਿਤ ਹਲਕਾ ਘਨੌਰ ਵਿੱਚ ਚੱਲ ਰਹੇ ਪ੍ਰੋਜੈਕਟ ਦਾ ਵਿਭਾਗੀ ਐਕਸੀਅਨ ਗੁਰਸ਼ਰਨ ਸਿੰਘ ਵਿੱਰਕ ਅਤੇ ਜ਼ਿਲ੍ਹਾ ਜੈਲਦਾਰ ਗੁਰਸ਼ਰਨ ਸਿੰਘ ਨੇ ਆਪਣੀ ਟੀਮ ਐਸ ਡੀ ਓ, ਜੇਈ ਆਦਿ ਨਾਲ ਦੌਰਾ ਕਰਕੇ ਕੰਮਾਂ ਦਾ ਜਾਇਜ਼ਾ ਲਿਆ। ਉਹਨਾਂ ਕੋਹਲੇ ਮਾਜਰਾ ਸਮੇਤ ਕਈ ਪਿੰਡਾਂ ਵਿੱਚ ਚੱਲ ਰਹੇ ਨਵੀਨੀਕਰਨ ਕਾਰਜਾਂ ਦੀ ਸਮੀਖਿਆ ਕੀਤੀ ਅਤੇ ਸਬੰਧਤ ਅਧਿਕਾਰੀਆਂ ਨੂੰ ਕੰਮ ਤੇਜ਼ ਕਰਨ ਦੇ ਆਦੇਸ਼ ਦਿੱਤੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਭਾਗ ਦੇ ਐਕਸੀਅਨ ਗੁਰਸ਼ਰਨ ਸਿੰਘ ਵਿੱਰਕ ਨੇ ਦੱਸਿਆ ਕਿ ਘਨੌਰ ਹਲਕੇ ਦੇ 40 ਪਿੰਡਾਂ ਨੂੰ ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ ਉਪਲੱਬਧ ਕਰਵਾਉਣ ਦੇ ਪ੍ਰੋਜੈਕਟ ਤਹਿਤ ਪਾਇਪ ਲਾਈਨਾਂ, ਸੂਏ, ਕੱਸੀਆਂ ਅਤੇ ਨਵੀਆਂ ਪੁਲੀਆ ਝਾਲਾ (ਮੈਨਰਾ) ਦਾ ਨਵੀਨੀਕਰਨ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਮਐਲਏ ਗੁਰਲਾਲ ਘਨੌਰ ਦੀ ਅਗਵਾਈ ਹੇਠ ਇਹ ਯਤਨ ਕਿਸਾਨਾਂ ਲਈ ਵੱਡਾ ਰਾਹਤਦਾਇਕ ਸਾਬਤ ਹੋਵੇਗਾ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਬੇਹਿਸਾਬ ਖਪਤ ਨੂੰ ਰੋਕਣ ਅਤੇ ਖੇਤਾਂ ਦੀ ਉਪਜਾਉਸ਼ਕਤਾ ਵਿੱਚ ਵਾਧਾ ਕਰਨ ਵਿੱਚ ਮਦਦ ਮਿਲੇਗੀ। ਐਕਸੀਅਨ ਵਿੱਰਕ ਨੇ ਕਿਹਾ ਕਿ ਪੰਜਾਬ ਸਰਕਾਰ ਧਰਤੀ ਹੇਠਲੇ ਪਾਣੀ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਨੂੰ ਨਹਿਰੀ ਪਾਣੀ ਵੱਲ ਮੋੜ ਰਹੀ ਹੈ। ਇਸ ਮੌਕੇ ਐਮ ਐਲ ਏ ਗੁਰਲਾਲ ਘਨੌਰ ਦੇ ਪੀ ਏ ਗੁਰਤਾਜ ਸਿੰਘ ਸੰਧੂ ਸ਼ਾਹਪੁਰ ਅਫਗਾਨਾ ਨੇ ਕਿਹਾ ਕਿ ਹਲਕਾ ਵਿਧਾਇਕ ਗੁਰਲਾਲ ਘਨੌਰ ਵੱਲੋਂ ਹਰੇਕ ਪਿੰਡ ਦੇ ਕਿਸਾਨਾਂ ਤੱਕ ਸਿੰਚਾਈ ਲਈ ਨਹਿਰੀ ਪਾਣੀ ਯਕੀਨੀ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਸ ਪ੍ਰਾਜੈਕਟ ਰਾਹੀਂ ਘਨੌਰ ਦੇ ਚਾਲੀ ਪਿੰਡਾ ਨੂੰ ਖੇਤੀਬਾੜੀ ਲਈ ਨਹਿਰੀ ਪਾਣੀ ਜਲਦੀ ਪੁੱਜਦਾ ਕਰਨ ਲਈ ਵਿਧਾਇਕ ਗੁਰਲਾਲ ਘਨੌਰ ਵੱਲੋਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਉਕਤ ਪ੍ਰੋਜੈਕਟ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ। ਜਦਕਿ ਹਲਕਾ ਘਨੌਰ ਦੇ ਸ਼ੰਭੂ ਬਲਾਕ ਦੇ ਪਿੰਡਾਂ ਨੂੰ ਬਨੂੰੜ ਕਨਾਲ ਰਾਹੀ ਭੂਰੀਮਾਜਰਾ, ਸ਼ੰਭੂ, ਖੈਰਪੁਰ, ਹਸਨਪੁਰ ਮੈਨਰ ਤੋਂ ਰਜਵਾਹਾ ਚਤਰਨਗਰ, ਨੌਗਾਵਾ, ਸਲੇਮਪੁਰ ਅਤੇ ਮੇਨ ਸੂਏ ਰਾਹੀ ਬੀਪੁਰ, ਜਖੇਪਲ, ਬਠੌਣੀਆ, ਮੰਡਿਆਣਾ, ਸੁਹਰੋ ਆਦਿ ਪਿੰਡਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਜਾ ਚੁੱਕਾ ਹੈ। ਗੁਰਤਾਜ ਸਿੰਘ ਸੰਧੂ ਨੇ ਕਿਹਾ ਕਿ ਇਹ ਸਾਰਾ ਕੰਮ ਵਿਧਾਇਕ ਗੁਰਲਾਲ ਘਨੌਰ ਦੀ ਅਗਵਾਈ ਹੇਠ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਇਸ ਮੌਕੇ ਵਿਭਾਗ ਦੇ ਐਸਡੀਓ, ਜੇ ਈ ਅਤੇ ਸਬੰਧਤ ਵਿਭਾਗ ਦੇ ਪਟਵਾਰੀ ਆਦਿ ਮੌਜੂਦ ਸਨ।

## ਡਾ. ਮੱਟੂ ਨੇ ਸੁਣੀਆਂ ਲੋਕਾਂ ਦੀਆਂ ਦੁੱਖ-ਤਕਲੀਫਾਂ



ਸ਼ੁਤਰਾਣਾ, 12 ਜੁਲਾਈ (ਰੁਪਾਣਾ/ ਰਿਸ਼ੀਪਾਲ ਗੁਪਤਾ): ਪਟਿਆਲਾ ਦੇ ਹਲਕਾ ਸ਼ੁਤਰਾਣਾ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਅਸੁਵਿਧਾਵਾਂ ਜਾਣਨ ਲਈ ਅਸੀਂ ਪਿੰਡ-ਪਿੰਡ ਬੱਚੇ ਬੱਚੇ ਤੱਕ ਪਹੁੰਚ ਕਰ ਰਹੇ ਹਾਂ, ਤਾਂ ਜੋ ਇਸ ਖੇਤਰ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਕੇ ਭਵਿੱਖ ਵਿੱਚ ਇਨ੍ਹਾਂ ਦਾ ਹੱਲ ਕਰਵਾਇਆ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸ਼ੁਤਰਾਣਾ ਦੇ ਸਰਗਰਮ ਨੌਜਵਾਨ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਪਿੰਡ ਸਾਗਰਾ ਵਿਖੇ ਲੋਕ ਮਿਲਣੀ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਸ਼ੁਤਰਾਣਾ ਮੌਜੂਦਾ ਸਮੇਂ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਇਲਾਕੇ ਦੀਆਂ ਸੜਕਾਂ ਦਾ ਬਹੁਤ ਬੁਰਾ ਹਾਲ ਹੈ, ਪਿੰਡਾਂ ਨੂੰ ਜਾਂਦੀਆਂ ਲਿੰਕ ਸੜਕਾਂ ਵਿੱਚ ਬਹੁਤ ਵੱਡੇ ਵੱਡੇ ਟੋਏ ਪੈ ਚੁੱਕੇ ਹਨ, ਬਾਰਿਸ਼ ਦੇ ਦਿਨਾਂ ਵਿੱਚ ਇੰਨਾਂ ਟੋਇਆਂ ਵਿੱਚ ਪਾਣੀ ਭਰ ਜਾਂਦਾ ਹੈ। ਹਨੇਰੇ ਸਵੇਰੇ ਲੋਕਾਂ ਨੂੰ ਆਪਣੇ ਘਰ ਤੱਕ ਜਾਣ ਲਈ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਦਲਾਅ ਵਾਲੀ ਸਰਕਾਰ ਦੇ ਸਾਢੇ ਤਿੰਨ ਸਾਲ ਬੀਤ ਜਾਣ ਬਾਅਦ ਵੀ ਅਜੇ ਸਰਕਾਰ ਦਾ ਇਸ ਪਾਸੇ ਜਰਾ ਵੀ ਧਿਆਨ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮਹਿਲਾਵਾਂ ਮਹੀਨਾਵਾਰੀ ਮਿਲਣ ਵਾਲੇ 1 ਹਜਾਰ ਰੁਪਏ ਮਾਣ ਭੱਤੇ ਦੀ ਸਰਕਾਰ ਵੱਲ ਖੜੇ ਸਾਡੇ ਤਿੰਨ ਸਾਲਾਂ ਦੇ ਬਕਾਏ ਦੀ ਉਡੀਕ ਕਰ ਰਹੀਆਂ ਹਨ। ਬਿਮਾਰੀਆਂ ਨਾਲ ਘਿਰੇ ਲੋਕ ਹਲਕੇ ਵਿੱਚ ਡਾਕਟਰਾਂ ਦੀ ਉਡੀਕ ਕਰ ਰਹੇ ਹਨ, ਜਿਸਨੂੰ ਦੂਰ ਦੂਰ ਤੱਕ ਅਜੇ ਕੋਈ ਬੂਰ ਪੈਂਦਾ ਨਹੀਂ ਦਿਖਾਈ ਦੇ ਰਿਹਾ।

## ਪੰਜਾਬੀ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ ਅੱਜ

ਪਟਿਆਲਾ, 12 ਜੁਲਾਈ (ਚ.ਨ.ਸ.) : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 13 ਜੁਲਾਈ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ ।ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਅਤੇ ਵਿਸ਼ਵ ਪੰਜਾਬੀ ਕੇਂਦਰ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਕਰਨਗੇ ਅਤੇ ਮੁਖ ਮਹਿਮਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ ਹੋਣਗੇ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਾਬਕਾ ਡਾਇਰੈਕਟਰ (ਪ੍ਰਬੰਧਕੀ) ਆਰ.ਪੀ.ਪਾਂਡਵ, ਪੰਜਾਬੀ ਰਿਸਾਲੇ 'ਅਣੂ' (ਲੁਧਿਆਣਾ) ਦੇ ਸੰਪਾਦਕ ਸੁਰਿੰਦਰ ਕੈਲੇ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰਸਿੱਧ ਨਾਟਕਕਾਰ ਸਤਿੰਦਰ ਸਿੰਘ ਨੰਦਾ, ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾ. ਐਨ.ਡੀ.ਕੌਸ਼ਲ ਅਤੇ ਸੰਤੋਖ ਸਿੰਘ ਫੋਰਮੈਨ ਹੋਣਗੇ।

## ਹੈਰੋਇਨ ਦਾ ਸੇਵਨ ਕਰਦਿਆਂ ਨੌਜਵਾਨ ਕਾਬੂ

ਸਮਾਣਾ, 12 ਜੁਲਾਈ (ਵਿਜੇ ਕੁਮਾਰ) : ਘੱਗਾ ਪੁਲਿਸ ਨੇ ਹੈਰੋਇਨ ਦਾ ਸੇਵਨ ਕਰਦਿਆਂ ਇਕ ਨੌਜਵਾਨ ਨੂੰ ਲਾਈਟਰ ਅਤੇ ਸਿਲਵਰ ਪੇਪਰ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਨੌਜਵਾਨ ਦੀ ਪਹਿਚਾਣ ਸੰਦੀਪ ਸਿੰਘ ਨਿਵਾਸੀ ਪਿੰਡ ਬਕਰਾਹਾ ਵਜੋਂ ਹੋਈ। ਘੱਗਾ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਬ ਇੰਸਪੈਕਟਰ ਗੁਰਦੇਵ ਸਿੰਘ ਨੂੰ ਪੁਲਸ ਪਾਰਟੀ ਸਣੇ ਗਸਤ ਦੌਰਾਨ ਸੂਚਨਾ ਮਿਲੀ ਕਿ ਉਕਤ ਨੌਜਵਾਨ ਹੈਰੋਇਨ ਸੇਵਨ ਕਰਨ ਦਾ ਆਦੀ ਹੈ ਅਤੇ ਪੱਥਰ ਮਾਰਕੀਟ ਦੇ ਸਾਹਮਣੇ ਇੰਦਰਾ ਕਲੋਨੀ 'ਚ ਇੱਕ ਦਰਖਤ ਦੇ ਪਿੱਛੇ ਛੁੱਪ ਕੇ ਚਿੱਟੇ ਦਾ ਸੇਵਨ ਕਰ ਰਿਹਾ ਹੈ। ਪੁਲਿਸ ਪਾਰਟੀ ਨੇ ਰੇਡ ਦੌਰਾਨ ਇੱਕ ਲਾਈਟਰ ਅਤੇ ਸਿਲਵਰ ਪੇਪਰ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਨੌਜਵਾਨ ਨੂੰ ਨਸ਼ਾ ਛੁੜਾਊ ਕੇਂਦਰ ਪਟਿਆਲਾ ਭੇਜ ਦਿੱਤਾ ਗਿਆ।

## ਨੰਬਰਦਾਰ ਐਸੋਸੀਏਸ਼ਨ ਗਾਲਿਬ ਇਕਾਈ ਸਮਾਣਾ ਦੀ ਮੀਟਿੰਗ



ਸਮਾਣਾ, 12 ਜੁਲਾਈ (ਹਰਜਿੰਦਰ ਸਿੰਘ): ਪੰਜਾਬ ਨੰਬਰਦਾਰ ਐਸੋਸੀਏਸ਼ਨ ਗਾਲਿਬ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬਲਵਿੰਦਰ ਸਿੰਘ ਟੋਡਰਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਨੰਬਰਦਾਰ ਸਹਿਬਾਨ ਨੂੰ ਆ ਰਹੀਆਂ ਮੁਸਕਲਾਂ ਵਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਵੀ ਕੀਤਾ ਗਿਆ। ਇਸ ਮੌਕੇ ਮਤਾ ਪਾਸ ਕੀਤਾ ਗਿਆ ਕਿ ਪੰਜਾਬ ਸਰਕਾਰ ਨੂੰ ਅਨੇਕਾਂ ਵਾਰ ਮੰਗਾਂ ਤੋਂ ਜਾਣੂੰ ਕਰਵਾਇਆ ਪਰ ਮੁੱਖ ਮੰਤਰੀ ਪੰਜਾਬ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕੀ। ਇਸ ਦੌਰਾਨ ਸਮੂਹ ਨੰਬਰਦਾਰ ਸਹਿਬਾਨ ਵਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਨੰਬਰਦਾਰ ਸਹਿਬਾਨ ਦੀਆਂ ਮੰਗਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਜਲਦ ਹੱਲ ਕਰੇ, ਤਾਂ ਜੋ ਨੰਬਰਦਾਰ ਸਹਿਬਾਨ ਅੰਦਰ ਪੰਜਾਬ ਸਰਕਾਰ ਪ੍ਰਤੀ ਜੋ ਨਿਰਾਸ਼ਾ ਹੈਂ ਉਹ ਦੂਰ ਹੋ ਸਕੇ। ਇਸ ਮੌਕੇ ਯੂਨੀਅਨ ਵਲੋਂ ਨੰਬਰਦਾਰ ਗੁਰਮੀਤ ਸਿੰਘ ਰੇਤਗੜ੍ਹ ਦੇ ਮਾਤਾ ਸਰਦਾਰਨੀ ਚਰਨ ਕੌਰ ਦੇ ਦੇਹਾਂਤ ਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਨੰਬਰਦਾਰ ਹਰਜੀਤ ਸਿੰਘ ਕਮਾਸਪੁਰ, ਬੇਅੰਤ ਸਿੰਘ ਚੀਮਾ ਸਮਾਣਾ, ਗੁਰਮੇਲ ਸਿੰਘ ਕਮਾਲਪੁਰ ਤਲਵਿੰਦਰ ਸਿੰਘ ਕੁਲਾਰਾਂ ਅਵਤਾਰ ਸਿੰਘ ਦੋਦੜਾ, ਗੁਰਪ੍ਰੀਤ ਸਿੰਘ ਘੰਗਰੋਲੀ, ਗੁਰਪਿਆਰ ਸਿੰਘ ਕੋਟਲੀ, ਜਗਸੀਰ ਸਿੰਘ ਫਤਿਹਗੜ੍ਹ ਛੰਨਾਂ ਸੁਰਿੰਦਰ ਸਿੰਘ ਵੜੈਚਾਂ ਅਤੇ ਗੁਰਿੰਦਰ ਸਿੰਘ ਆਦਿ ਨੰਬਰਦਾਰ ਹਾਜ਼ਰ ਸਨ।

## ਬਲਦੇਵ ਸਿੰਘ ਸੋਹਲ ਨਮਿਤ ਅੰਤਿਮ ਅਰਦਾਸ 15 ਨੂੰ



ਪਟਿਆਲਾ, 12 ਜੁਲਾਈ (ਗੁਰਦੀਪ ਢਿੱਲੋਂ) : ਬਲਦੇਵ ਸਿੰਘ ਸੋਹਲ ਸਪੁੱਤਰ ਹਰਚੰਦ ਸਿੰਘ ਲੌਟ ਜੋ ਪਿਛਲੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਉਨ੍ਹਾਂ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 15 ਜੁਲਾਈ ਦਿਨ ਮੰਗਲਵਾਰ ਨੂੰ ਸ੍ਰੀ ਗੁਰਦੁਆਰਾ ਸਾਹਿਬ ਲੌਟ ਵਿਖੇ 12 ਤੋਂ 1 ਵਜੇ ਤਕ ਹੋਵੇਗੀ, ਜਿੱਥੇ ਉਨ੍ਹਾਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸ਼ਖਸੀਅਤਾਂ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ। ਜ਼ਿਕਰਯੋਗ ਹੈ ਕਿ ਬਲਦੇਵ ਸਿੰਘ ਸੋਹਲ ਬਹੁਤ ਮਿੱਠ ਬੋਲੜੇ ਅਤੇ ਸਾਊ ਤਬੀਅਤ ਦੇ ਇਨਸਾਨ ਸਨ। ਉਨ੍ਹਾਂ ਦਾ ਸਮਾਜ ਵਿਚ ਬੇਹੱਦ ਸਤਿਕਾਰ ਸੀ। ਉਨ੍ਹਾਂ ਦੇ ਅਚਾਨਕ ਤੁਰ ਜਾਣ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਸਦੀਵੀ ਵਿਛੋੜੇ 'ਤੇ ਤਰਵਿੰਦਰ ਸਿੰਘ ਗੁਰੂ ਨਾਨਕ ਪਗੜੀ ਸਟੋਰ ਦੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਲਦੇਵ ਸਿੰਘ ਸੋਹਲ ਜਿਹੇ ਇਨਸਾਨਾਂ ਦਾ ਦੁਨੀਆਂ ਤੋਂ ਬੇਮੌਸਮਾ ਰੁਖਸਤ ਹੋਣਾ ਸਮਾਜ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

## ਗੁਰੂ ਪੂਰਨਿਮਾ ਉਤਸਵ ਸ਼ਰਧਾ ਭਾਵਨਾ ਨਾਲ ਮਨਾਇਆ



ਸਮਾਣਾ 12 ਜੁਲਾਈ (ਵਿਜੇ ਕੁਮਾਰ) : ਜਗਦੰਬਾ ਆਸ਼ਰਮ ਸਮਾਣਾ ਵੱਲੋਂ ਗੁਰੂ ਪੂਰਨਿਮਾ ਦੇ ਸ਼ੁਭ ਮੌਕੇ 'ਤੇ ਗੁਰੂ ਭਗਤੀ ਨੂੰ ਸਮਰਪਿਤ ਗੁਰੂ ਪੂਰਨਿਮਾ ਉਤਸਵ ਪੂਜਨੀਕ ਗੁਰਦੇਵ ਸਵਾਮੀ ਬ੍ਰਹਮ ਦੇਵ ਮਹਾਰਾਜ ਜੀ ਅਤੇ ਉਨ੍ਹਾਂ ਦੇ ਪਰਮ ਸੇਵਕ ਸੁਆਮੀ ਨਿਤਿਆ ਨੰਦ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਬੜੇ ਉਤਸ਼ਾਹ ਨਾਲ ਸ੍ਰੀ ਅਗਰਵਾਲ ਧਰਮਸ਼ਾਲਾ 'ਚ ਮਨਾਇਆ ਗਿਆ। ਸੈਂਕੜੇ ਸ਼ਰਧਾਲੂਆਂ ਨੇ ਪੂਜਾ ਅਰਚਨਾ ਅਤੇ ਤਿਲਕ ਕਰਨ ਉਪਰੰਤ ਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਪੂਰਨਿਮਾ ਉਤਸਵ ਨੂੰ ਸਮਰਪਿਤ ਸਮਾਗਮ ਵਿਚ ਸ਼ਾਮਲ ਹੋਣ ਲਈ ਸਵਾਮੀ ਬ੍ਰਹਮ ਦੇਵ ਜੀ ਗੰਗਾ ਨਗਰ ਵਾਲੇ ਸਮਾਣਾ ਪਹੁੰਚੇ ਹੋਏ ਸਨ। ਆਯੋਜਿਤ ਸਮਾਗਮ ਦੌਰਾਨ ਸਵਾਮੀ ਬ੍ਰਹਮ ਦੇਵ ਜੀ ਨੇ ਇਸ ਨੂੰ ਭਵਿੱਖ ਗੁਰੂ ਦੇ ਰੂਪ ਵਿਚ ਗਿਆਨ ਦੀ ਪੂਜਾ ਦੱਸਿਆ ਅਤੇ ਕਿਹਾ ਕਿ ਗੁਰੂ ਗਿਆਨ ਅਤੇ ਅਨੁਸ਼ਾਸਨ ਵੱਲੋਂ ਵਿਅਕਤੀ ਦੇ ਚਰਿੱਤਰ ਅਤੇ ਵਿਅਕਤੀਤਵ ਦਾ ਸੰਪੂਰਨ ਵਿਕਾਸ ਕਰਕੇ ਉਸ ਦੇ ਜੀਵਨ ਦੇ ਰਾਹ ਨੂੰ ਅਸਾਨ ਬਣਾ ਦਿੰਦਾ ਹੈ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਕਪੂਰ ਚੰਦ ਬਾਂਸਲ, ਉਦਯੋਗਪਤੀ ਰਮੇਸ਼ ਗਰਗ, ਸੰਸਥਾ ਪ੍ਰਧਾਨ ਰਜਿੰਦਰ ਜੱਜੀ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਸੁਰਿੰਦਰ ਕੁਮਾਰ ਗੁਪਤਾ, ਕਪਿਲ ਪਾਠਕ, ਰਾਜੀਵ ਪਾਠਕ, ਵਿਨੋਦ ਬਾਂਸਲ, ਸ਼ਸ਼ੀ ਭੂਸ਼ਣ ਸਿੰਗਲਾ, ਸ਼ਿਵਮ ਕਲਾਸਿਕ, ਸੰਜੀਵ ਸਿੰਗਲਾ (ਕਾਲਾ), ਵਿਸ਼ਾਲ ਗਰਗ, ਵਿਨੋਦ ਮਿੱਤਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾ ਨੇ ਸਵਾਮੀ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਉਪਰੰਤ ਅਟੁੱਟ ਭੰਡਾਰਾ ਵੀ ਚਲਾਇਆ ਗਿਆ।

## ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਦੀ ਮੀਟਿੰਗ



ਪਟਿਆਲਾ, 12 ਜੁਲਾਈ (ਚ.ਨ.ਸ.) : ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਹੈੱਡ ਆਫ਼ਿਸ ਯੂਨਿਟ ਪਟਿਆਲਾ ਦੀ ਮੀਟਿੰਗ ਅੱਜ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਭਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੇ ਮੈਂਬਰ ਕਰਤਾਰ ਸਿੰਘ ਭੱਟੀ ਅਤੇ ਸ: ਭਿੰਦਰ ਸਿੰਘ ਚਹਿਲ ਪ੍ਰਧਾਨ ਦੇ ਭਾਣਜੇ ਗੁਰਜੀਤ ਸਿੰਘ ਦੀ ਹੋਈ ਮੌਤ ਕਾਰਨ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਇੰਜ. ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ, ਇੰਜ ਹਰਜੀਤ ਸਿੰਘ ਸਕੱਤਰ, ਮੋਹਨ ਰਾਜ, ਮਲਕੀਅਤ ਸਿੰਘ ਨਰਵਾਣ ਸਰਪਰਸਤ, ਬੀਬੀ ਹਰਸ਼ਰਨਜੀਤ ਕੌਰ ਮੁੱਖ ਸਲਾਹਕਾਰ ਅਤੇ ਇੰਜ: ਹਰਕੇਸ਼ ਲਾਲ ਨੇ ਆਪਣੇ ਵਿਚਾਰ ਦਿੱਤੇ। ਇੰਜ: ਜਗਤਾਰ ਸਿੰਘ ਖਜ਼ਾਨਚੀ ਨੇ ਜਥੇਬੰਦੀ ਦੀ ਵਿੱਤੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਬੁਲਾਰਿਆਂ ਦੇ ਵਿਚਾਰ ਸੁਨਣ ਉਪਰੰਤ ਪਾਵਰਕੌਮ ਮੈਨੇਜਮੈਂਟ ਵੱਲੋਂ ਨਿਰਧਾਰਤ ਮਿਤੀ 30.06.2025 ਤੱਕ ਸਾਰੇ ਪੈਨਸ਼ਨਰਾਂ ਨੂੰ ਮਿੱਥੇ ਸ਼ਡਿਊਲ ਅਨੁਸਾਰ ਪੇ-ਰਵੀਜਨ ਦੇ ਬਕਾਇਆ ਦੀ ਅਦਾਇਗੀ ਨਾ ਕਰਨ ਅਤੇ ਪਾਵਰਕੌਮ ਵੱਲੋਂ ਲਿਖਤੀ ਹਦਾਇਤਾਂ ਦੇ ਬਾਵਜੂਦ ਏਰੀਅਰਜ ਰੀਲੀਜ ਕਰਨ ਵਿੱਚ ਢਿੱਲੀ ਕਾਰਗੁਜ਼ਾਰੀ ਦੀ ਸਖ਼ਤ ਨਿਖੇਧੀ ਕੀਤੀ ਗਈ ਕਿਉਂਕਿ ਪੈਨਸ਼ਨਰਾਂ ਵਿੱਚ ਬੇਚੈਨੀ ਪੈਦਾ ਹੋ ਰਹੀ ਹੈ। 20 ਸਾਲ ਦੀ ਸਰਵਿਸ ਉਪਰੰਤ ਰਿਟਾਇਰ ਹੋਏ ਕਰਮਚਾਰੀਆਂ ਨੂੰ 25 ਸਾਲ ਦੇ ਨਿਯਮਾ ਅਨੁਸਾਰ ਸੇਵਾ ਲਾਭ ਜਾਰੀ ਕੀਤੇ ਜਾਣ। 85 ਸਾਲ ਤੋਂ ਵੱਧ ਦੀ ਉਮਰ ਵਾਲੇ ਪੈਨਸ਼ਨਰ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਫੈਮਿਲੀ ਪੈਨਸ਼ਨਰਾਂ ਨੂੰ ਪੇ-ਰਿਵੀਜਨ ਦਾ ਬਣਦਾ ਬਕਾਇਆ ਕਿਸ਼ਤਾਂ ਦੀ ਬਜਾਏ ਯੱਕਮੁਕਤ ਦਿੱਤਾ ਜਾਵੇ। 1.01.2016 ਤੋਂ ਪਹਿਲਾਂ ਸੇਵਾਮੁਕਤ ਹੋਏ ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਫੈਕਟਰ ਨਾਲ ਸੁਧਾਈ ਕੀਤੀ ਜਾਵੇ। ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਪਾਵਰਕੌਮ ਮੈਨੇਜਮੈਂਟ ਨੂੰ ਅਪੀਲ ਕੀਤੀ ਗਈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ। ਮੀਟਿੰਗ ਵਿੱਚ ਗੱਜਣ ਸਿੰਘ ਮੀਡੀਆ ਸਲਾਹਕਾਰ, ਮਲਕੀਤ ਸਿੰਘ ਮੀਤ ਪ੍ਰਧਾਨ, ਇੰਜ ਕਰਤਾਰ ਸਿੰਘ ਸਲਾਹਕਾਰ, ਇੰਜ ਭਾਨ ਸਿੰਘ ਤੇ ਭੁਪਿੰਦਰ ਸਿੰਘ ਸਹਾਇਕ ਸਕੱਤਰ, ਭੁਪਿੰਦਰ ਸਿੰਘ ਮੀਤ ਪ੍ਰਧਾਨ, ਸਤਵੰਤ ਸਿੰਘ, ਅਮਰੀਕ ਸਿੰਘ, ਸਤਪਾਲ ਗੋਇਲ, ਹਰਬੰਸ ਸਿੰਘ, ਮਹਿੰਦਰ ਸਿੰਘ, ਪ੍ਰਕਾਸ਼ ਸਿੰਘ, ਇੰਜ ਗੌਰੀ ਸ਼ੰਕਰ, ਗੁਰਦੀਪ ਸਿੰਘ ਕਾਲਾ ਝਾੜ, ਇੰਜ ਮੁਲਖ ਰਾਜ ਅਤੇ ਭਾਰੀ ਗਿਣਤੀ ਵਿੱਚ ਜਥੇਬੰਦੀ ਦੇ ਆਗੂ ਤੇ ਮੈਂਬਰ ਹਾਜ਼ਰ ਸਨ।

## ਵਿਦਿਆਰਥੀਆਂ 'ਚੋਂ ਹਾਊਸ ਕੌਂਸਲ ਚੁਣ ਕੇ ਸੌਂਪੀਆਂ ਜ਼ਿੰਮੇਵਾਰੀਆਂ




ਸਮਾਣਾ, 12 ਜੁਲਾਈ (ਵਿਜੇ ਕੁਮਾਰ) ਮਿਲੇਨੀਅਮ ਵਰਲਡ ਸਕੂਲ ਵਿੱਚ ਅਕਾਦਮਿਕ ਸੈਸ਼ਨ ਲਈ ਨਵੇਂ ਹਾਊਸ ਕੌਂਸਲ ਚੁਣੇ ਗਏ। ਜਿਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪ ਕੇ ਸਹੁੰ ਚੁਕਾਈ। ਸਮਾਰੋਹ ਦੀ ਸ਼ੁਰੂਆਤ ਇੱਕ ਨਿੱਘਾ ਸਵਾਗਤ ਅਤੇ ਪ੍ਰੇਰਨਾਦਾਇਕ ਭਾਸ਼ਣ ਨਾਲ ਹੋਈ, ਜਿਸ ਤੋਂ ਬਾਅਦ ਸਕੂਲ ਕੌਂਸਲ ਦਾ ਰਸਮੀ ਐਲਾਨ ਕੀਤਾ ਗਿਆ। ਨਵੇਂ ਨਿਯੁਕਤ ਵਿਦਿਆਰਥੀ ਆਗੂਆਂ ਵਿੱਚ ਹੈੱਡ ਬੁਆਏ, ਹੈੱਡ ਗਰਲ, ਵਾਈਸ ਹੈੱਡ ਬੁਆਏ, ਵਾਈਸ ਹੈੱਡ ਗਰਲ, ਸਪੋਰਟਸ ਕੈਪਟਨ, ਓਵਰਆਲ ਡਿਸਿਪਲਾਈਨ ਇੰਚਾਰਜ ਸ਼ਾਮਲ ਹੋਏ। ਇਸ ਸਮਾਗਮ ਵਿੱਚ ਸਾਰੇ ਸਕੂਲ ਹਾਊਸਾਂ ਲਈ ਹਾਊਸ ਕੌਂਸਲਾਂ ਦਾ ਗਠਨ ਵੀ ਹੋਇਆ, ਜਿਸ ਵਿੱਚ ਹਰੇਕ ਹਾਊਸ ਨੇ ਚੋਣ ਕੀਤੀ। ਹਾਊਸ ਕੈਪਟਨ, ਵਾਈਸ ਕੈਪਟਨ, ਹਾਊਸ ਸਪੋਰਟਸ ਕੈਪਟਨ, ਹਾਊਸ ਡਿਸਿਪਲਾਈਨ ਇੰਚਾਰਜ ਸਕੂਲ ਕੌਂਸਲਰ ਅਤੇ ਹਾਊਸ ਕੌਂਸਲਰਾਂ ਨੇ ਨਵੇਂ ਚੁਣੇ ਗਏ ਕੌਂਸਲ ਮੈਂਬਰਾਂ ਨੂੰ ਬੈਜ ਅਤੇ ਸੈਸ਼ ਨਾਲ ਸਜਾਇਆ, ਜੋ ਉਨ੍ਹਾਂ ਦੀ ਅਧਿਕਾਰਤ ਨਿਯੁਕਤੀ ਅਤੇ ਜ਼ਿੰਮੇਵਾਰੀਆਂ ਨੂੰ ਦਰਸਾਉਂਦੇ ਹਨ। ਅਕਾਦਮਿਕ ਉੱਤਮਤਾ ਅਤੇ ਸਖ਼ਤ ਮਿਹਨਤ ਦੇ ਪ੍ਰਤੀਕ ਵਜੋਂ, ਸਕਾਲਰ ਵਿਦਿਆਰਥੀਆਂ ਨੂੰ ਬੈਜ ਦੇ ਕੇ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਉਨ੍ਹਾਂ ਦੇ ਸਮਰਪਣ ਅਤੇ ਅਕਾਦਮਿਕ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਨੂੰ ਮਾਨਤਾ ਦਿੱਤੀ। ਨਵੇਂ ਚੁਣੇ ਗਏ ਆਗੂਆਂ ਨੇ ਇਮਾਨਦਾਰੀ, ਵਫ਼ਾਦਾਰੀ ਅਤੇ ਅਨੁਸ਼ਾਸਨ ਨਾਲ ਸਕੂਲ ਦੀ ਸੇਵਾ ਕਰਨ ਦਾ ਪ੍ਰਣ ਲਿਆ। ਵਿਦਿਆਰਥੀਆਂ ਨੇ ਭਾਸ਼ਣ ਵੀ ਦਿੱਤੇ, ਸਕੂਲ ਦੇ ਦ੍ਰਿਸ਼ਟੀਕੋਣ ਨੂੰ ਬਰਕਰਾਰ ਰੱਖਣ ਅਤੇ ਉਦਾਹਰਣ ਦੇ ਕੇ ਅਗਵਾਈ ਕਰਨ ਲਈ ਆਪਣੀ ਸ਼ੁਕਰਗੁਜ਼ਾਰੀ ਅਤੇ ਵਚਨਬੱਧਤਾ ਪ੍ਰਗਟ ਕੀਤੀ। ਸਕੂਲ ਦੇ ਚੇਅਰਮੈਨ ਡਾ. ਕੇ.ਕੇ. ਜੌਹਰੀ ਨੇ ਨਵੇਂ ਨਿਯੁਕਤ ਆਗੂਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਲੀਡਰਸ਼ਿਪ ਕਿਸੇ ਸਿਰਲੇਖ ਜਾਂ ਅਹੁਦੇ ਬਾਰੇ ਨਹੀਂ ਹੈ। ਪ੍ਰਿੰਸੀਪਲ ਸ਼੍ਰੀਮਤੀ ਸ਼ਾਲਿਨੀ ਕਾਜਲਾ ਨੇ ਕੌਂਸਲ ਦੇ ਮੈਂਬਰਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਵੱਡੀ ਸ਼ਕਤੀ ਨਾਲ ਵੱਡੀ ਜ਼ਿੰਮੇਵਾਰੀ ਆਉਂਦੀ ਹੈ। ਹਮੇਸ਼ਾ ਇਮਾਨਦਾਰੀ, ਅਨੁਸ਼ਾਸਨ ਅਤੇ ਹਮਦਰਦੀ ਨਾਲ ਅਗਵਾਈ ਕਰੋ। ਤੁਸੀਂ ਸਾਡੇ ਸਕੂਲ ਦੇ ਮੁੱਲਾਂ ਦੇ ਮਸ਼ਾਲਧਾਰੀ ਹੋ।

## ਮਾਤਾ ਜਸਪਾਲ ਕੌਰ ਦੀ ਅੰਤਿਮ ਅਰਦਾਸ 'ਚ ਸ਼ਾਮਿਲ ਹੋਈਆਂ ਇਲਾਕੇ ਦੀਆਂ ਸ਼ਖਸੀਅਤਾਂ



ਨਾਭਾ, 12 ਜਲਾਈ (ਬਲਜਿੰਦਰ ਮਾਨ) : ਨਾਭਾ ਨੇੜੇ ਪਿੰਡ ਰੋਹਟੀ ਛੰਨਾ ਦੇ ਗੁਰਦੁਆਰਾ ਸੰਗਤਸਰ ਵਿਖੇ ਅੱਜ ਮਾਤਾ ਜਸਪਾਲ ਕੌਰ ਦੀ ਅੰਤਿਮ ਅਰਦਾਸ ਵਿੱਚ ਸਮੁੱਚੀ ਪਾਰਟੀਆਂ ਦੇ ਸਿਰ ਕੱਢ ਆਗੂਆਂ ਨੇ ਹਾਜ਼ਰੀ ਲਵਾਈ। ਇਸ ਮੌਕੇ ਗਿਆਨੀ ਬਲਵੀਰ ਸਿੰਘ ਭਵਾਨੀਗੜ੍ਹ ਵਾਲਿਆਂ ਨੇ ਮਾਤਾ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਹਰੀਜਸ ਨਾਲ ਜੋੜਿਆ। ਇਸ ਮੌਕੇ ਰਾਹੁਲ, ਸਪੁੱਤਰ ਡਾਕਟਰ ਬਲਬੀਰ ਸਿੰਘ ਕੈਬਿਨਟ ਮੰਤਰੀ ਪੰਜਾਬ ਸਰਕਾਰ, ਚੇਅਰਮੈਨ ਮੇਘ ਚੰਦ ਸ਼ੇਰ ਮਾਜਰਾ, ਚੇਅਰਮੈਨ ਜੱਸੀ ਸੋਹੀਆਂ ਵਾਲਾ, ਸੀਨੀਅਰ ਪੱਤਰਕਾਰ ਬਲਜਿੰਦਰ ਮਾਨ, ਮਨਪ੍ਰੀਤ ਧਰੌਂਕੀ ਪ੍ਰਧਾਨ ਟਰੱਕ ਯੂਨੀਅਨ, ਜਗਦੀਪ ਸਰਪੰਚ ਧੰਗੇੜਾ, ਹਨਦੀਪ ਸਿੰਘ ਸਰਪੰਚ ਰੋਹਟੀ ਗੁਰਸੇਵਕ ਸਿੰਘ ਝਿੱਲ ਬਲਾਕ ਪ੍ਰਧਾਨ, ਹੇਮ ਰਾਜ ਚਮਕੌਰ ਅੱਛੇਵਾਲ, ਮਨਜਿੰਦਰ ਲੰਬੜਦਾਰ, ਗੁਰਚਰਨ ਸਿੰਘ ਤੀਰਥ ਸਿੰਘ, ਯੁਵਰਾਜ ਸਿੰਘ, ਪਰਮਜੀਤ ਸਿੰਘ ਆਪ ਸੀਨੀਅਰ ਆਗੂ, ਜਸਪਾਲ ਸਿੰਘ, ਸੁਖਪ੍ਰੀਤ ਸਿੰਘ, ਭਗਵੰਤ ਸਿੰਘ, ਛੰਨਾਂ, ਇਲਾਕੇ ਸਤਿਕਾਰਯੋਗ ਸ਼ਖਸੀਅਤਾਂ ਸ਼ਾਮਿਲ ਸਨ।